Golden State Realty
JASSI GILL
Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

HELPING YOU BUY AND SELL HOMES
FROM SAN JOSE TO SALINAS
Jeet Singh Sangha
REALTOR & REAL ESTATE ADVISOR
CALL FOR FREE CONSULTATION:
408-840-3112
COLDWELL BANKER REALTY
CalRe:02014485
Speaks English, Hindi & Punjabi
JeetSangha.com
SERVING: SAN JOSE, MORGAN HILL, GILROY, HOLLISTER & SALINAS

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587


Twenty-Fourth Year of Publication
ਕੈਲੀਫੋਰਨੀਆ ਐਡੀਸ਼ਨ
Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 24, Issue 40; October 7, 2023
20451 N. Plum Grove Rd., Palatine, IL 60074
Ph:847-359-0746, Fax:847-705-9388

# ਹੁਣ ਪੰਜਾਬ ਸਿਰ ਚੜ੍ਹੇ ਕਰਜ਼ੇ ਦਾ ਹਿਸਾਬ-ਕਿਤਾਬ ਹੋਣ ਲੱਗਾ





**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੀ ਸਰਕਾਰ ਦੌਰਾਨ ਪੰਜਾਬ ਸਿਰ ਚਾੜ੍ਹੇ 50 ਹਜ਼ਾਰ ਕਰੋੜ ਦੇ ਕਰਜ਼ੇ ਉਤੇ ਭਖੀ ਸਿਆਸਤ ਵਿਚਾਲੇ ਮੁੱਖ ਮੰਤਰੀ ਭਗਵੰਤ ਮਾਨ ਨੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੂੰ ਸਾਰਾ ਹਿਸਾਬ-ਕਿਤਾਬ ਭੇਜ ਦਿੱਤਾ ਹੈ। ਇਸ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਰਾਜਪਾਲ ਨੂੰ ਨਸੀਹਤ ਵੀ ਦਿੱਤੀ ਹੈ ਕਿ ਉਹ ਗੱਲ-ਗੱਲ ਉਤੇ ਸਰਕਾਰ ਨੂੰ ਘੇਰਨ ਦੀ ਥਾਂ ਕੇਂਦਰ ਸਰਕਾਰ ਤੋਂ ਸੂਬੇ ਦੇ ਬਕਾਏ ਬਾਰੇ ਵੀ ਗੱਲ ਕਰਨ। ਇਹ ਵੀ ਸਵਾਲ ਕੀਤਾ ਹੈ ਕਿ ਰਾਜਪਾਲ, ਪੰਜਾਬ ਨੂੰ ਕਰਜ਼ੇ ਨਾਲ ਹਾਲੋਂ-ਬੇਹਾਲ ਕਰਨ ਵਾਲੀਆਂ ਪਿਛਲੀਆਂ ਸਰਕਾਰ ਬਾਰੇ ਕਿਉਂ ਨਹੀਂ ਬੋਲ ਰਹੇ।

ਆਪਣੇ ਹਿਸਾਬ ਵਿਚ ਭਗਵੰਤ ਮਾਨ ਨੇ ਸਪਸ਼ਟ ਕੀਤਾ ਹੈ ਕਿ ਆਪ ਸਰਕਾਰ ਨੂੰ ਹੁਣ ਤੱਕ ਲਏ ਕਰਜ਼ੇ ਦਾ ਅੱਧੇ ਤੋਂ ਵੱਧ ਹਿੱਸਾ ਤਾਂ ਪਿਛਲੀਆਂ ਸਰਕਾਰਾਂ ਵੱਲੋਂ ਸੂਬੇ ਸਿਰ ਚਾੜ੍ਹੇ ਕਰਜ਼ੇ ਦਾ ਵਿਆਜ ਤਾਰਨ ਉਤੇ ਹੀ ਖਰਚ ਕਰਨਾ ਪਿਆ ਹੈ। ਹਿਸਾਬ ਵਿਚ ਮੁੱਖ ਮੰਤਰੀ ਨੇ ਦੱਸਿਆ ਹੈ ਕਿ ਪਹਿਲੀ ਅਪਰੈਲ 2022 ਤੋਂ 31 ਅਗਸਤ 2023 ਤੱਕ 47106 ਕਰੋੜ ਰੁਪਏ ਦਾ ਹੋਰ ਕਰਜ਼ਾ ਲਿਆ ਗਿਆ ਹੈ। ਸਰਕਾਰ ਦਾ ਦਾਅਵਾ ਹੈ ਕਿ ਡੇਢ ਵਰ੍ਹੇ ਦੌਰਾਨ ਚੁੱਕੇ 47106 ਕਰੋੜ ਦੇ ਕਰਜ਼ੇ ਵਿਚੋਂ 57 ਫ਼ੀਸਦੀ ਰਕਮ ਤਾਂ ਪਿਛਲੀਆਂ ਹਕੂਮਤਾਂ ਵੱਲੋਂ ਚੁੱਕੇ ਕਰਜ਼ੇ ਦੇ ਵਿਆਜ ਵਜੋਂ ਤਾਰੀ ਗਈ ਹੈ ਜੋ 27,106 ਕਰੋੜ ਰੁਪਏ ਬਣਦਾ ਹੈ। ਇਸ ਕਰਜ਼ੇ 'ਚੋਂ 10,208 ਕਰੋੜ ਰੁਪਏ ਪੂੰਜੀਗਤ ਖਰਚੇ 'ਤੇ ਲਾਏ ਗਏ ਹਨ ਤੇ ਇਵੇਂ ਪੰਜਾਬ ਰਾਜ ਸਹਿਕਾਰੀ ਖੇਤੀ ਵਿਕਾਸ ਬੈਂਕ ਅਤੇ ਪਨਸਪ ਦੇ 1148 ਕਰੋੜ ਦੇ ਕਰਜ਼ੇ ਨੂੰ ਵੀ ਸਹਿਣ ਕੀਤਾ ਗਿਆ ਹੈ। ਪਿਛਲੀਆਂ ਸਰਕਾਰਾਂ ਦੇ ਬਿਜਲੀ ਸਬਸਿਡੀ ਵਜੋਂ 2556 ਕਰੋੜ ਦੇ ਬਕਾਏ ਨੂੰ ਵੀ ਤਾਰਿਆ ਗਿਆ ਹੈ। ਗੰਨਾ ਕਾਸ਼ਤਕਾਰਾਂ ਦੇ 1008 ਕਰੋੜ, ਕੇਂਦਰੀ ਸਪਾਂਸਰਡ ਸਕੀਮਾਂ ਦੇ 1750 ਕਰੋੜ ਅਤੇ ਪੇਂਡੂ ਵਿਕਾਸ ਫੰਡ ਦੇ 798 ਕਰੋੜ ਰੁਪਏ ਤਾਰੇ ਗਏ ਹਨ। ਭਗਵੰਤ ਮਾਨ ਨੇ ਇਹ ਹਿਸਾਬ ਦਿੰਦਿਆਂ ਰਾਜਪਾਲ ਨੂੰ ਆਖਿਆ ਹੈ ਕਿ ਉਹ ਪੰਜਾਬ ਪੇਂਡੂ ਵਿਕਾਸ ਫੰਡ ਦੀ 5637 ਕਰੋੜ ਰੁਪਏ ਦੀ ਬਕਾਇਆ ਰਾਸ਼ੀ ਸੂਬੇ ਨੂੰ ਅਦਾ ਕਰਨ ਅਤੇ ਅਗਲੇ ਪੰਜ ਸਾਲਾਂ ਲਈ ਸੂਬੇ ਦੇ ਕਰਜ਼ੇ ਦੀ ਮੁੜ ਅਦਾਇਗੀ 'ਤੇ ਰੋਕ ਲਗਾਉਣ ਦੀ ਮੰਗ ਵੀ ਕੇਂਦਰ ਕੋਲ ਚੁੱਕਣ।

ਰਾਜਪਾਲ ਨੂੰ ਲਿਖੀ ਚਿੱਠੀ ਦੇ ਅਖੀਰ ਵਿਚ ਮੁੱਖ ਮੰਤਰੀ ਭਗਵੰਤ ਮਾਨ ਨੇ ਸਾਫ ਆਖਿਆ ਹੈ ਕਿ ਇਨ੍ਹਾਂ ਅੰਕੜਿਆਂ ਤੋਂ ਤੁਹਾਨੂੰ ਪਤਾ ਚੱਲ ਗਿਆ ਹੋਵੇਗਾ ਕਿ ਸਾਡੀ ਸਰਕਾਰ ਕਰਜ਼ ਦੀ ਚੁਣੌਤੀਆਂ ਨਾਲ ਕਿਸ ਕਦਰ ਸਾਹਮਣਾ ਕਰ ਰਹੀ ਹੈ। ਯਾਦ ਰਹੇ ਕਿ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਪਿਛਲੇ ਕੁਝ ਦਿਨਾਂ ਤੋਂ ਆਪ ਸਰਕਾਰ ਵੱਲੋਂ ਪੰਜਾਬ ਸਿਰ ਚਾੜ੍ਹੇ ਕਰਜ਼ੇ ਉਤੇ ਲਗਾਤਾਰ ਸਵਾਲ ਚੁੱਕ ਰਹੇ ਸਨ। ਰਾਜਪਾਲ ਨੇ ਕਰਜ਼ੇ ਬਾਰੇ ਹਿਸਾਬ ਉਸ ਵੇਲੇ ਮੰਗਿਆ ਸੀ, ਜਦੋਂ ਮੁੱਖ ਮੰਤਰੀ ਭਗਵੰਤ ਮਾਨ ਨੇ ਉਨ੍ਹਾਂ (ਰਾਜਪਾਲ) ਨੂੰ ਅਪੀਲ ਕੀਤੀ ਸੀ ਕਿ ਉਹ ਕੇਂਦਰ ਕੋਲ ਪੰਜਾਬ ਦੇ ਬਕਾਏ ਬਾਰੇ ਗੱਲ ਕਰਨ। ਰਾਜਪਾਲ ਨੇ ਕੇਂਦਰ ਕੋਲ ਪਹੁੰਚ ਕਰਨ ਦੀ ਥਾਂ 'ਆਪ' ਸਰਕਾਰ ਨੂੰ ਹੀ ਸਵਾਲਾਂ ਦੀ ਝੜੀ ਲਾ ਦਿੱਤੀ ਤੇ ਪੁੱਛ ਲਿਆ ਕਿ ਉਨ੍ਹਾਂ ਦੀ ਸਰਕਾਰ ਨੇ 50 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਹੋਰ ਚਾੜ੍ਹ ਦਿੱਤਾ ਹੈ, ਇਸ ਬਾਰੇ ਵੀ ਹਿਸਾਬ ਦੇਣ। ਜਿਸ ਪਿੱਛੋਂ ਵਿਰੋਧੀ ਧਿਰਾਂ ਨੇ ਮਾਨ ਸਰਕਾਰ ਨੂੰ ਘੇਰ ਲਿਆ ਸੀ, ਜਦਕਿ ਮੌਜੂਦਾ ਸਰਕਾਰ ਨੇ ਪੰਜਾਬ 'ਤੇ ਚੜ੍ਹੇ ਕਰਜ਼ੇ ਲਈ ਪਿਛਲੀਆਂ ਸਰਕਾਰਾਂ ਨੂੰ ਜ਼ਿੰਮੇਵਾਰ ਦੱਸਿਆ ਸੀ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਵੀ ਰਾਜਪਾਲ ਤੋਂ ਮੰਗ ਕਰ ਲਈ ਕਿ ਪੰਜਾਬ ਸਰਕਾਰ ਵੱਲੋਂ ਲਏ ਗਏ 50 ਹਜ਼ਾਰ ਕਰੋੜ ਦੇ ਕਰਜ਼ੇ ਦਾ ਸਪੈਸ਼ਲ ਆਡਿਟ ਹੋਣਾ ਚਾਹੀਦਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਸੀ ਕਿ ਪੰਜਾਬ ਸਿਰ ਕਰਜ਼ਾ ਵਿਰਾਸਤ

*(ਬਾਕੀ ਸਫਾ 6 'ਤੇ)*

## ਆਮਦਨ ਵਧਾਉਣ ਬਾਰੇ ਵੀ ਦੱਸਿਆ

**ਚੰਡੀਗੜ੍ਹ:** ਰਾਜਪਾਲ ਨੂੰ ਲਿਖੀ ਚਿੱਠੀ ਵਿਚ ਮੁੱਖ ਮੰਤਰੀ ਭਗਵੰਤ ਮਾਨ ਨੇ ਕਰਜ਼ੇ ਦਾ ਹਿਸਾਬ ਤਾਂ ਦਿੱਤਾ ਹੀ, ਨਾਲ ਹੀ ਆਪਣੀ ਸਰਕਾਰ ਦੌਰਾਨ ਵਧੇ ਆਮਦਨ ਦੇ ਸਰੋਤਾਂ ਬਾਰੇ ਵੀ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਸਰਕਾਰ ਦੀਆਂ ਕੋਸ਼ਿਸ਼ਾਂ ਦੇ ਨਤੀਜੇ ਵਜੋਂ 2022- 2023 ਵਿਚ ਪਿਛਲੇ ਵਿੱਤੀ ਸਾਲ ਦੇ ਮੁਕਾਬਲੇ ਆਮਦਨ ਵਿਚ 16.6 ਫੀਸਦੀ ਦਾ ਵਾਧਾ ਹੋਇਆ ਹੈ। 2021-22 ਇਹ 15,542 ਕਰੋੜ ਸੀ ਜੋ ਕਿ ਵਧ ਕੇ 18,128 ਕਰੋੜ ਹੋ ਗਈ ਹੈ। ਐਕਸਾਇਜ਼ 2021-22 ਦੇ ਮੁਕਾਬਲੇ 2022-23 ਵਿਚ 37 ਫੀਸਦੀ ਵਧਿਆ ਹੈ। ਪਹਿਲਾਂ ਇਹ 6,157 ਕਰੋੜ ਸੀ ਜੋ ਹੁਣ 8,437 ਕਰੋੜ ਹੈ। ਗੱਡੀਆਂ ਦੇ ਟੈਕਸ ਵਿਚ 13 ਫੀਸਦੀ ਦਾ ਵਾਧਾ ਹੋਇਆ ਹੈ। 2021-22 ਦੇ ਮੁਕਾਬਲੇ 2022-23 ਵਿਚ 2,359 ਤੋਂ ਵਧ ਕੇ 2,674 ਹੋ ਗਿਆ ਹੈ। ਜਦਕਿ ਸਟੈਂਪ ਅਤੇ ਰਜਿਸਟ੍ਰੇਸ਼ਨ ਵਿਚ 28 ਫੀਸਦੀ ਦਾ ਵਾਧਾ ਹੋਇਆ ਹੈ।

# ਖੰਡਾ ਦੀ ਮੌਤ ਬਾਰੇ ਉੱਚ ਪੱਧਰੀ ਜਾਂਚ ਦੀ ਮੰਗ ਉੱਠੀ



**ਲੰਡਨ:** ਲੰਡਨ ਵਿਚ ਭਾਰਤੀ ਹਾਈ ਕਮਿਸ਼ਨ 'ਤੇ ਹਮਲੇ ਦਾ ਮੁੱਖ ਸਾਜ਼ਿਸ਼ਘਾੜਾ ਅਵਤਾਰ ਸਿੰਘ ਖੰਡਾ ਜਿਸ ਦੀ ਇਸ ਸਾਲ ਮੌਤ ਹੋ ਗਈ ਸੀ, ਦੇ ਪਰਿਵਾਰ ਨੇ ਮੌਤ ਦੀ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ ਹੈ। ਪਰਿਵਾਰ ਦੇ ਨਾਲ-ਨਾਲ ਸਿੱਖ ਫੈਡਰੇਸ਼ਨ ਯੂ.ਕੇ. ਵੱਲੋਂ ਇਹ ਅਪੀਲ ਉਸ ਸਮੇਂ ਆਈ ਜਦੋਂ ਖਾਲਿਸਤਾਨ ਸਮਰਥਕਾਂ ਨੇ ਲੰਡਨ ਵਿਚ ਭਾਰਤੀ ਹਾਈ ਕਮਿਸ਼ਨ ਦੇ ਬਾਹਰ ਭਾਰਤ ਵਿਰੋਧੀ ਪ੍ਰਦਰਸ਼ਨ ਕੀਤਾ।

ਮੀਡੀਆ ਮੁਤਾਬਕ ਜਾਂਚ ਦੀ ਮੰਗ ਬੈਰਿਸਟਰ ਮਾਈਕਲ ਪੋਲਕ ਕਰ ਰਹੇ ਹਨ ਜਿਨ੍ਹਾਂ ਨੇ ਦੋਸ਼ ਲਾਇਆ ਕਿ ਬਰਤਾਨਵੀ ਪੁਲਿਸ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਖੰਡਾ ਖਤਰੇ ਵਿਚ ਸੀ। ਪੋਲਕ ਨੇ ਕਿਹਾ ਕਿ ਉਹ ਨਿਸ਼ਚਿਤ ਤੌਰ ਉਤੇ ਇਹ ਨਹੀਂ ਕਹਿ ਸਕਦੇ ਕਿ ਖੰਡਾ ਦੀ ਮੌਤ ਪਿੱਛੇ ਭਾਰਤ ਦਾ ਹੱਥ ਸੀ ਪਰ ਹਾਲਾਤ ਜਾਂਚ ਦੀ ਮੰਗ ਕਰ ਰਹੇ ਹਨ। ਖੰਡਾ ਦੀ ਇਸ ਸਾਲ 15 ਜੂਨ ਨੂੰ ਅਚਾਨਕ ਤਬੀਅਤ ਖਰਾਬ ਹੋਣ ਕਾਰਨ ਬਰਮਿੰਘਮ ਦੇ ਹਸਪਤਾਲ ਵਿਚ ਦਾਖਲ ਹੋਣ ਤੋਂ ਬਾਅਦ ਮੌਤ ਹੋ ਗਈ ਸੀ। ਮੌਤ ਦਾ ਅਧਿਕਾਰਤ ਕਾਰਨ ਖੂਨ ਦਾ ਕੈਂਸਰ ਦੱਸਿਆ ਗਿਆ ਸੀ। ਖੰਡਾ ਦੇ ਪਰਿਵਾਰ ਨੇ ਕਿਹਾ ਕਿ ਉਨ੍ਹਾਂ ਅਜਿਹਾ ਕੋਈ ਮੈਡੀਕਲ ਰਿਕਾਰਡ ਜਾਂ ਰਿਪੋਰਟ ਨਹੀਂ ਦਿੱਤੀ ਗਈ ਜਿਸ ਤੋਂ ਪਤਾ ਲੱਗੇ ਕਿ ਉਸ ਦੀ ਮੌਤ ਕੈਂਸਰ ਨਾਲ ਹੋਈ ਹੈ।


Medicare COVERED CALIFORNIA
Life & Health Insurance
ਹੈਲਥ ਕੇਅਰ
Call: 510-459-7537
Bhupinder Singh Dev
bdev_99@yahoo.com
Lic# 0F86916
MEHAR INSURANCE


Raja SWEETS & CATERING
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Faloeda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS
17 years of experience
Services
-We do Same day IRP Plates
-Truck Permits
-New company
-Truck ELD
-Trucking compliance
Rajinder Singh
159 D'Arcy Pkwy, Lathrop, CA 95330
Phone: 209 636 0880

# ਸੁਸ਼ੀਲ ਦੁਸਾਂਝ ਅਤੇ ਸੁਖਦੇਵ ਸਾਹਿਲ ਨਾਲ ਰੂਬਰੂ

**ਫਰਿਜ਼ਨੋ:** ਲੰਘੇ ਐਤਵਾਰ ਇੰਡੋ-ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ ਵਲੋਂ, ਪੰਜਾਬ ਤੋਂ ਕੈਲੇਫੋਰਨੀਆ ਦੀ ਫੇਰੀ 'ਤੇ ਆਏ ਪੱਤਰਕਾਰ, ਸ਼ਾਇਰ ਅਤੇ ਰਸਾਲੇ 'ਹੁਣ' ਦੇ ਮੁਖ ਸੰਪਾਦਕ ਸੁਸ਼ੀਲ ਦੁਸਾਂਝ ਨਾਲ ਰੂਬਰੂ ਕੀਤਾ ਗਿਆ। ਸੁਸ਼ੀਲ ਦੁਸਾਂਝ 23 ਸਤੰਬਰ ਨੂੰ ਇੰਡੋ-ਅਮੈਰੀਕਨ ਦੇਸ਼ ਭਗਤ ਫਾਊਂਡੇਸ਼ਨ ਬੇ-ਏਰੀਆ ਵਲੋਂ ਮਿਲਪੀਟਸ ਸ਼ਹਿਰ ਵਿਚ ਕਰਵਾਏ ਗਏ ਗਦਰੀ ਬਾਬਿਆਂ ਦੇ ਮੇਲੇ ਵਿਚ ਮੁੱਖ ਬੁਲਾਰੇ ਵਜੋਂ ਸ਼ਾਮਲ ਹੋਣ ਲਈ ਆਏ ਸਨ। ਫੋਰਮ ਦੇ ਪ੍ਰਧਾਨ ਨਵਦੀਪ ਸਿੰਘ ਧਾਲੀਵਾਲ ਦੇ ਘਰ ਹੋਏ ਇਸ ਸਮਾਗਮ ਵਿਚ ਫੋਰਮ ਦੇ ਸਾਰੇ ਮੈਂਬਰ ਅਤੇ ਫਰਿਜ਼ਨੋ ਇਲਾਕੇ ਦੇ ਹੋਰ ਬਹੁਤ ਸਾਰੇ ਦੋਸਤ ਪਰਿਵਾਰਾਂ ਸਮੇਤ ਸ਼ਾਮਲ ਹੋਏ। ਸੁਸ਼ੀਲ ਦੁਸਾਂਝ ਦੇ ਨਾਲ ਉਨ੍ਹਾਂ ਦੇ ਪਰਮ ਮਿੱਤਰ ਅਤੇ ਸੁਰੀਲੇ ਗਾਇਕ ਸੁਖਦੇਵ ਸਾਹਿਲ ਵੀ ਇਸ ਮਹਿਫਲ ਵਿਚ ਸ਼ਾਮਲ ਹੋਏ।








ਫੋਰਮ ਦੇ ਸਕੱਤਰ ਹਰਜਿੰਦਰ ਢੇਸੀ ਨੇ ਸੁਸ਼ੀਲ ਦੁਸਾਂਝ ਨਾਲ ਆਏ ਸਰੋਤਿਆਂ ਦੀ ਸੰਖੇਪ ਜਾਣ-ਪਹਿਚਾਣ ਕਰਵਾਉਣ ਤੋਂ ਬਾਅਦ ਉਨ੍ਹਾਂ ਨੂੰ ਆਪਣੇ ਵਿਚਾਰ ਸਾਂਝੇ ਕਰਨ ਦਾ ਸੱਦਾ ਦਿੱਤਾ। ਸੁਸ਼ੀਲ ਦੁਸਾਂਝ ਨੇ ਆਪਣੀ ਭਾਵਪੂਰਤ ਤਕਰੀਰ ਵਿਚ ਪੰਜਾਬ ਦੇ ਮੌਜੂਦਾ ਹਾਲਤਾਂ ਅਤੇ ਭਾਰਤ ਦੀ ਰਾਜਨੀਤਕ ਤਸਵੀਰ ਪੇਸ਼ ਕੀਤੀ। ਉਨ੍ਹਾਂ ਨੇ ਕਿਸਾਨ ਮੋਰਚੇ ਵਿਚ ਹੋਈ ਲੋਕਾਂ ਦੇ ਏਕੇ ਦੀ ਇਤਿਹਾਸਕ ਜਿੱਤ ਦਾ ਜ਼ਿਕਰ ਕਰਦਿਆਂ ਇਹ ਭਰੋਸਾ ਪ੍ਰਗਟਾਇਆ ਕਿ ਭਾਵੇਂ ਸਰਮਾਏਦਾਰੀ ਭ੍ਰਿਸ਼ਟ ਸਰਕਾਰਾਂ ਦਾ ਸਹਾਰਾ ਲੈ ਕੇ ਆਪਣਾ ਅਗਲਾ ਦਾਅ ਖੇਡਣ ਲਈ ਤਿਆਰ ਬੈਠੀ ਹੈ ਪਰ ਕਿਸਾਨ ਮੋਰਚੇ ਦੀ ਉਹ ਇਤਿਹਾਸਕ ਜਿੱਤ ਆਉਣ ਵਾਲੀਆਂ ਲੋਕ ਲਹਿਰਾਂ ਲਈ ਪਿੱਠਭੂਮੀ ਦਾ ਕੰਮ ਕਰੇਗੀ। ਉਨ੍ਹਾਂ ਨੇ ਸੰਸਾਰ ਭਰ ਦੀ ਸਰਮਾਏਦਾਰੀ ਦੀ ਸਾਂਝ ਭਿਆਲੀ ਵੱਲ ਇਸ਼ਾਰਾ ਕਰਦਿਆਂ ਦੁਨੀਆਂ ਭਰ ਦੀਆਂ ਲੋਕ ਲਹਿਰਾਂ ਨੂੰ ਵੀ ਇਕਮੁਠ ਹੋਣ ਦੀ ਲੋੜ ਵੱਲ ਧਿਆਨ ਦਿਵਾਇਆ। ਉਨ੍ਹਾਂ ਨੇ ਆਪਣੀ ਮਸ਼ਹੂਰ ਕਵਿਤਾ 'ਬਿਲਗੇਟਸ' ਵੀ ਸਰੋਤਿਆਂ ਨਾਲ ਸਾਂਝੀ ਕੀਤੀ।

ਇਸ ਇਕੱਤਰਤਾ ਵਿਚ ਫਰਿਜ਼ਨੋ ਇਲਾਕੇ ਦੇ ਬਹੁਤ ਸਾਰੇ ਸ਼ਾਇਰ ਤੇ ਲੇਖਕ ਵੀ ਮੌਜੂਦ ਸਨ, ਜਿਨ੍ਹਾਂ ਦੀ ਹਾਜ਼ਰੀ ਨਾਲ ਇਹ ਪ੍ਰੋਗਰਾਮ ਵਧੀਆ ਕਵੀ ਦਰਬਾਰ ਵੀ ਹੋ ਨਿੱਬੜਿਆ। ਸੁਸ਼ੀਲ ਦੁਸਾਂਝ ਦੀ ਕਵਿਤਾ ਤੋਂ ਬਾਅਦ ਪਵਿਤਰ ਕੌਰ ਮਾਟੀ, ਸੰਤੋਖ ਸਿੰਘ ਮਿਨਹਾਸ, ਰਣਜੀਤ ਗਿੱਲ, ਸਾਧੂ ਸਿੰਘ ਸੰਘਾ, ਸੁਖੀ ਧਾਲੀਵਾਲ, ਹਰਜਿੰਦਰ ਢੇਸੀ ਅਤੇ ਹਰਜਿੰਦਰ ਕੰਗ ਨੇ ਵੀ ਆਪਣੀਆਂ ਕਵਿਤਾਵਾਂ ਨਾਲ ਹਾਜ਼ਰੀ ਲਵਾਈ। ਪ੍ਰੋਫੈਸਰ ਦਰਸ਼ਨ ਸਿੰਘ, ਅਵਤਾਰ ਗੋਦਾਰਾ, ਡਾ. ਮਲਕੀਤ ਸਿੰਘ ਕਿੰਗਰਾ ਅਤੇ ਸੁਰਿੰਦਰ ਸਿੰਘ ਮੰਢਾਲੀ ਨੇ ਵੀ ਵਿਚਾਰ ਪੇਸ਼ ਕੀਤੇ। ਕਵੀ ਦਰਬਾਰ ਤੋਂ ਬਾਅਦ ਸੁਖਦੇਵ ਸਾਹਿਲ ਨੇ ਆਪਣੀ ਸੁਰੀਲੀ ਆਵਾਜ਼ ਵਿਚ ਮਨਮੋਹਕ ਗੀਤ ਪੇਸ਼ ਕਰ ਕੇ ਮਹਿਫਲ ਨੂੰ ਸਿਖਰ'ਤੇ ਪਹੁੰਚਾ ਦਿੱਤਾ। ਖਾਸਕਰ ਉਨ੍ਹਾਂ ਵਲੋਂ ਗਾਇਆ ਸੂਫੀਆਨਾ ਗੀਤ 'ਤਕਲੇ ਦੇ ਵਲ ਕੱਢ ਲੈ', ਲੋਕਾਂ ਨੇ ਬਹੁਤ ਪਸੰਦ ਕੀਤਾ। ਇਸ ਮਹਿਫਲ ਵਿਚ ਇਕੱਤਰ ਅਦੀਬਾਂ ਵਿਚ 'ਹੁਣ' ਰਸਾਲੇ ਲਈ ਵੀ ਕਾਫੀ ਉਤਸ਼ਾਹ ਸੀ ਅਤੇ ਕਈਆਂ ਨੇ ਆਉਣ ਵਾਲੇ ਸਾਲਾਂ ਲਈ ਇਸਦਾ ਚੰਦਾ ਭਰ ਕੇ ਆਪਣਾ ਵਿਸ਼ਵਾਸ ਪ੍ਰਗਟਾਇਆ। ਜ਼ਿਕਰਯੋਗ ਹੈ ਕਿ ਸੁਸ਼ੀਲ ਦੁਸਾਂਝ ਹੁਣੇ-ਹੁਣੇ ਕੇਂਦਰੀ ਪੰਜਾਬੀ ਲਿਖਾਰੀ ਸਭਾ ਦੇ ਜਨਰਲ ਸਕੱਤਰ ਵੀ ਚੁਣੇ ਗਏ ਹਨ, ਪ੍ਰਸਿੱਧ ਸ਼ਾਇਰ ਦਰਸ਼ਨ ਬੁੱਟਰ ਇਸ ਸਭਾ ਦੇ ਪ੍ਰਧਾਨ ਹਨ। ਸੁਸ਼ੀਲ ਦੋਸਾਂਝ ਦੇ ਸੱਦੇ 'ਤੇ ਕੁਝ ਦੋਸਤਾਂ ਨੇ ਕੇਂਦਰੀ ਲਿਖਾਰੀ ਸਭਾ ਲਈ ਮਾਇਕ ਸਹਾਇਤਾ ਵੀ ਦਿੱਤੀ।

# ਕੈਲਗਰੀ ਵਿਚ ਨੁੱਕੜ ਨਾਟਕ ਦੀ ਸ਼ੈਲੀ ਵਿਚ ਨਾਟਕ ਦੀ ਪੇਸ਼ਕਾਰੀ

**ਕੈਲਗਰੀ (ਹਰਚਰਨ ਪ੍ਰਹਾਰ):** ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ ਪਿਛਲੇ ਵੀਕੈਂਡ 'ਤੇ ਗੁਰਸ਼ਰਨ ਭਾਜੀ ਦੇ ਜਨਮ ਦਿਨ ਅਤੇ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਨੂੰ ਸਮਰਪਿਤ ਨਾਟਕ ਮੇਲਾ ਕਰਵਾਇਆ ਗਿਆ।




ਇਸ ਨਾਟਕ ਮੇਲੇ ਵਿਚ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਤੋਂ ਹਰਕੇਸ਼ ਚੌਧਰੀ ਦੀ ਨਿਰਦੇਸ਼ਨਾ ਹੇਠ ਤਿਆਰ ਕੀਤਾ ਗਿਆ ਨਾਟਕ, 'ਸੁਪਨਿਆਂ ਦੀ ਧਰਤੀ ਹੋਈ ਅਲੂਣੀ' ਪੇਸ਼ ਕੀਤਾ ਗਿਆ। ਕੈਨੇਡਾ ਦੀ ਰੁਝੇਵਿਆਂ ਭਰੀ ਜ਼ਿੰਦਗੀ 'ਚੋਂ 250 ਦੇ ਕਰੀਬ ਦਰਸ਼ਕਾਂ ਨੇ 'ਨੁੱਕੜ ਨਾਟਕ' ਦੀ ਸ਼ੈਲੀ ਵਿਚ 'ਪ੍ਰੋਗਰੈਸਵਿ ਕਲਾ ਮੰਚ ਕੈਲਗਰੀ' ਦੀ ਪਲੇਠੀ ਪੇਸ਼ਕਾਰੀ ਨੂੰ ਭਰਵਾਂ ਹੁੰਗਾਰਾ ਦਿੱਤਾ। ਇਹ ਨਾਟਕ ਕੈਲਗਰੀ ਨਾਰਥ ਈਸਟ ਦੇ ਕਾਰਨਰ ਸਟੋਨ ਇਲਾਕੇ ਦੀਆਂ ਖੁੱਲ੍ਹੀਆਂ ਗਰਾਊਂਡਾਂ ਵਿਚ ਖੇਡਿਆ ਗਿਆ। ਜਿੱਥੇ ਦਰਸ਼ਕ ਪਰਿਵਾਰਾਂ ਸਮੇਤ ਪਹੁੰਚੇ। ਬਹੁਤ ਸਾਰੇ ਦਰਸ਼ਕਾਂ ਨੇ ਨਾਟਕ ਦਾ ਆਨੰਦ ਘਾਹ 'ਤੇ ਬੈਠ ਕੇ ਮਾਣਿਆ ਅਤੇ ਬਹੁਤ ਸਾਰੇ ਘਰਾਂ ਤੋਂ ਆਪਣੀਆਂ ਫੋਲਡਿੰਗ ਚੇਅਰਾਂ ਨਾਲ਼ ਲੈ ਕੇ ਗਏ ਸਨ।



ਇਸ ਸਫ਼ਲ ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਐਸੋਸੀਏਸ਼ਨ ਦੇ ਜਨਰਲ ਸਕੱਤਰ ਮਾਸਟਰ ਭਜਨ ਸਿੰਘ ਨੇ ਦੱਸਿਆ ਕਿ 30 ਸਾਲ ਪਹਿਲਾਂ ਬਣੀ ਇਹ ਸੰਸਥਾ ਲੋਕਾਂ ਦੇ ਸਹਿਯੋਗ ਨਾਲ 14 ਸਾਲਾ ਤੋਂ ਨਾਟਕਾਂ ਰਾਹੀਂ ਸ਼ਹੀਦ ਭਗਤ ਸਿੰਘ ਅਤੇ ਗੁਰਸ਼ਰਨ ਭਾਜੀ ਤੋਂ ਪ੍ਰੇਰਨਾ ਲੈ ਕੇ ਉਨ੍ਹਾਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਯਤਨਸ਼ੀਲ ਹੈ। ਇਸ ਐਸੋਸੀਏਸ਼ਨ ਵਲੋਂ ਸਾਲ ਵਿਚ 3-4 ਨਾਟਕ ਤੇ ਕਈ ਹੋਰ ਸਮਾਜਿਕ ਸਰੋਕਾਰਾਂ ਨੂੰ ਸਮਰਪਿਤ ਪ੍ਰੋਗਰਾਮ ਤੇ ਸੈਮੀਨਾਰ ਕਰਵਾਏ ਜਾਂਦੇ ਹਨ। ਇਸ ਤੋਂ ਇਲਾਵਾ ਸਾਲ ਵਿਚ 3-4 ਵਾਰ ਲੋਕਾਂ ਵਿਚ ਪੁਸਤਕਾਂ ਪੜ੍ਹਨ ਦੀ ਪ੍ਰੇਰਨਾ ਦੇਣ ਲਈ 'ਸ਼ਹੀਦ ਭਗਤ ਸਿੰਘ ਬੁੱਕ ਸੈਂਟਰ' ਵਲੋਂ ਪੁਸਤਕ ਮੇਲੇ ਵੀ ਲਗਾਏ ਜਾਂਦੇ ਹਨ। ਇਸ ਸਾਲ ਆਖਰੀ ਪੁਸਤਕ ਮੇਲਾ ਐਤਵਾਰ 15 ਅਕਤੂਬਰ ਨੂੰ ਗਰੀਨ ਪਲਾਜ਼ਾ ਵਿਖੇ ਲਗਾਇਆ ਜਾਵੇਗਾ। ਜਿਸ ਦਾ ਉਦਘਾਟਨ ਉਥੇ ਜਰਨਲਿਸਟ ਰਿਸ਼ੀ ਨਾਗਰ ਵਲੋਂ ਕੀਤਾ ਜਾਵੇਗਾ।

ਇਸ ਨਾਟਕ ਵਿਚ ਕਮਲਪ੍ਰੀਤ ਪੰਧੇਰ, ਕਮਲ ਸਿੱਧੂ, ਹਰਪ੍ਰੀਤ ਕੌਰ, ਸੰਦੀਪ ਗਿੱਲ, ਸਫਲ ਮਾਲਵਾ, ਜੱਸ ਲੰਮੇ, ਸੁਖਮਨੀ ਸਿੱਧੂ, ਸਨੀ ਆਦਿ ਕਲਾਕਾਰਾਂ ਨੇ ਭਾਗ ਲਿਆ। ਦੁਨੀਆਂ ਭਰ ਵਿਚ ਨਸ਼ਿਆਂ ਦੀ ਵਧ ਰਹੀ ਸਮੱਸਿਆ ਅਤੇ ਪ੍ਰਵਾਸੀ ਭਾਰਤੀਆਂ ਤੇ ਅੰਤਰ ਰਾਸ਼ਟਰੀ ਵਿਦਿਆਰਥੀਆਂ ਦੀਆਂ ਸਮਾਜਿਕ ਤੇ ਆਰਥਿਕ ਸਮੱਸਿਆਵਾਂ ਨੂੰ ਇਸ ਨਾਟਕ ਵਿਚ ਬਾਖ਼ੂਬੀ ਉਜਾਗਰ ਕੀਤਾ ਗਿਆ।

ਪ੍ਰਬੰਧਕੀ ਟੀਮ ਵਲੋਂ ਸਭ ਦਰਸ਼ਕਾਂ ਦਾ ਧੰਨਵਾਦ ਕਰਦਿਆਂ ਕਮਲਪ੍ਰੀਤ ਨੇ ਕਿਹਾ ਕਿ ਤੁਹਾਡੇ ਇਸ ਭਰਵੇਂ ਹੁੰਗਾਰੇ ਨੇ ਸਾਡੀ ਟੀਮ ਦਾ ਹੌਸਲਾ ਵਧਾਇਆ ਹੈ। ਅਸੀਂ ਤੁਹਾਡੇ ਸਾਰਿਆਂ ਦੇ ਸਹਿਯੋਗ ਨਾਲ ਇਸ ਯਤਨ ਨੂੰ ਭਵਿੱਖ ਵਿਚ ਵੀ ਜਾਰੀ ਰਖਾਂਗੇ।

# ਬੋਨੀਗਲਿਨ ਫ਼ਾਰਮ ਪਾਰਕ ਸੀਨੀਅਰਜ਼ ਕਲੱਬ ਨੇ ਮਨਾਇਆ ਸ਼ਹੀਦ ਭਗਤ ਸਿੰਘ ਦਾ ਜਨਮ-ਦਿਹਾੜਾ

**ਕੈਲੇਡਨ, (ਡਾ. ਝੰਡ) :** ਲੰਘੇ ਸ਼ਨਿਚਰਵਾਰ ਬੋਨੀਗਲਿਨ ਫ਼ਾਰਮ ਪਾਰਕ ਸੀਨੀਅਰਜ਼ ਕਲੱਬ ਨੇ ਸ਼ਹੀਦੇ-ਆਜ਼ਮ ਸ. ਭਗਤ ਸਿੰਘ ਦਾ 116ਵਾਂ ਜਨਮ-ਦਿਨ ਪੂਰੇ ਉਤਸ਼ਾਹ ਅਤੇ ਜੋਸ਼ ਨਾਲ ਮਨਾਇਆ। ਸਭ ਤੋਂ ਪਹਿਲਾਂ ਗੁਰਦੇਵ ਸਿੰਘ ਰੱਖੜਾ ਵੱਲੋਂ ਸ਼ਹੀਦਾਂ ਬਾਰੇ ਦੇਸ਼-ਭਗਤੀ ਦੇ ਦੋ ਗੀਤ ਪੇਸ਼ ਕੀਤੇ ਗਏ। ਉਪਰੰਤ, ਮੰਚ-ਸੰਚਾਲਨ ਦੀ ਜ਼ਿੰਮੇਵਾਰੀ ਸੰਭਾਲਦਿਆਂ ਮਲੂਕ ਸਿੰਘ ਕਾਹਲੋਂ ਵੱਲੋਂ ਕਲੱਬ ਦੇ ਪ੍ਰਧਾਨ ਤਰਲੋਚਨ ਸਿੰਘ ਗਰੇਵਾਲ, ਸ਼ਹੀਦ ਭਗਤ ਸਿੰਘ ਦੇ ਪਰਿਵਾਰਕ ਮੈਂਬਰਾਂ ਅੰਮ੍ਰਿਤ ਢਿੱਲੋਂ ਤੇ ਬੀਬੀ ਇੰਦਰਜੀਤ ਢਿੱਲੋਂ, ਐੱਮ.ਪੀ.ਪੀ. ਅਮਰਜੋਤ ਸੰਧੂ, ਕਲੱਬ ਦੇ ਖ਼ਜ਼ਾਨਚੀ ਗੁਰਦੇਵ ਸਿੰਘ ਸੇਖੋਂ ਅਤੇ ਸਾਊਥ ਸੀਨੀਅਰਜ਼ ਕਲੱਬ ਦੇ ਪ੍ਰਧਾਨ ਜਸਵੰਤ ਸਿੰਘ ਗਰੇਵਾਲ ਨੂੰ ਪ੍ਰਧਾਨਗੀ-ਮੰਡਲ ਵਿਚ ਬਿਰਾਜਣ ਲਈ ਬੇਨਤੀ ਕੀਤੀ ਗਈ।



ਸਮਾਗ਼ਮ ਦੇ ਅਰੰਭ ਵਿਚ ਕਲੱਬ ਦੇ ਪ੍ਰਧਾਨ ਤਰਲੋਚਨ ਸਿੰਘ ਗਰੇਵਾਲ ਨੇ ਸੰਖੇਪ ਤੇ ਭਾਵਪੂਰਤ ਸ਼ਬਦਾਂ ਵਿਚ ਦੱਸਿਆ ਕਿ ਕਿਵੇਂ ਸਦੀਆਂ ਤੋਂ ਇਨਕਲਾਬ ਹੁੰਦੇ ਰਹੇ ਹਨ ਅਤੇ ਕਿਵੇਂ ਸਿੱਖ ਰਹਿਬਰਾਂ ਅਤੇ ਸ. ਭਗਤ ਸਿੰਘ ਨੇ ਇਸ ਪ੍ਰਥਾ ਨੂੰ ਚਾਰ ਚੰਨ ਲਾਏ ਤੇ ਸੰਸਾਰ ਪੱਧਰ 'ਤੇ ਅਮਰ ਇਨਕਲਾਬੀ ਇਤਿਹਾਸ ਸਿਰਜ ਦਿੱਤਾ। ਉਸ ਤੋਂ ਬਾਅਦ ਐੱਮ.ਪੀ.ਪੀ. ਅਮਰਜੋਤ ਸੰਧੂ ਨੇ ਸ਼ਹੀਦ ਭਗਤ ਸਿੰਘ ਬਾਰੇ ਆਪਣੇ ਵਿਚਾਰ ਸਾਂਝੇ ਕਰਦਿਆਂ ਹੋਇਆਂ ਓਂਟਾਰੀਓ ਦੀ ਸੂਬਾ ਸਰਕਾਰ ਵੱਲੋਂ ਸੀਨੀਅਰਜ਼ ਲਈ ਕੀਤੇ ਜਾ ਰਹੇ ਕੰਮਾਂ ਬਾਰੇ ਦੱਸਿਆ। ਉਪਰੰਤ, ਅੰਮ੍ਰਿਤ ਢਿੱਲੋਂ ਅਤੇ ਇੰਦਰਜੀਤ ਢਿੱਲੋਂ ਵੱਲੋਂ ਸ਼ਹੀਦ ਭਗਤ ਸਿੰਘ ਦੇ ਪਰਿਵਾਰ ਅਤੇ ਉਨ੍ਹਾਂ ਦੀ ਵਿਚਾਰਧਾਰਾ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ ਜਿਸ ਨੂੰ ਸਰੋਤਿਆਂ ਨੇ ਮੰਤਰ-ਮੁਗਧ ਹੋ ਕੇ ਸੁਣਿਆ। ਬੁਲਾਰਿਆਂ 'ਚ ਸ਼ਾਮਲ ਕਾਮਰੇਡ ਜਗਜੀਤ ਸਿੰਘ ਜੋਗਾ ਨੇ ਸ਼ਹੀਦ ਬਗਤ ਸਿੰਘ ਦੀ ਵਿਚਾਰਧਾਰਾ ਨੂੰ ਅਜੋਕੇ ਪ੍ਰਸੰਗ ਨਾਲ ਜੋੜ ਕੇ ਭਾਵਪੂਰਤ ਗੱਲਾਂ ਕੀਤੀਆਂ।


ਇਸ ਦੌਰਾਨ ਐੱਮ.ਪੀ. ਰੂਬੀ ਸਹੋਤਾ, ਲਿਬਰਲ ਪਾਰਟੀ ਲੀਡਰ ਦਮਿਤਰੋ, ਕੌਂਸਲਰ ਦੇਵ ਸ਼ਾਨ, ਮਾਸਟਰ ਭੁਪਿੰਦਰ ਸਿੰਘ, ਤਰਕਸ਼ੀਲ ਸੋਸਾਇਟੀ ਆਫ਼ ਕੈਨੇਡਾ ਦੇ ਜਨਰਲ ਸਕੱਤਰ ਬਲਦੇਵ ਸਿੰਘ ਰਹਿਪਾ ਅਤੇ ਹੁਨਰ ਕਾਹਲੋਂ ਵੱਲੋਂ ਵੀ ਵਿਚਾਰ ਪੇਸ਼ ਕੀਤੇ ਗਏ। ਪਰਮਜੀਤ ਸਿੰਘ ਢਿੱਲੋਂ ਨੇ ਖ਼ੂਬਸੂਰਤ ਗੀਤ ਰਾਹੀਂ ਹਾਜ਼ਰੀ ਲਵਾਈ। ਇਸ ਸਮਾਗ਼ਮ ਵਿਚ ਬੀਬੀਆਂ ਅਤੇ ਨੌਜੁਆਨ ਵੱਡੀ ਗਿਣਤੀ ਵਿਚ ਸ਼ਾਮਲ ਹੋਏ। ਸਾਰੇ ਪ੍ਰੋਗਰਾਮ ਦੌਰਾਨ ਖਾਣ-ਪੀਣ ਅਤੇ ਚਾਹ-ਪਾਣੀ ਦਾ ਪ੍ਰਬੰਧ ਰਵਿੰਦਰ ਸਿੰਘ ਜੋਗਾ ਵੱਲੋਂ ਕੀਤਾ ਗਿਆ। ਅਖ਼ੀਰ ਵਿਚ ਮਲੂਕ ਸਿੰਘ ਕਾਹਲੋਂ ਨੇ ਆਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਭਗਤ ਸਿੰਘ ਇਕ ਵਿਸ਼ੇਸ਼ ਵਿਅਕਤੀ ਦਾ ਨਾਂ ਨਹੀਂ ਹੈ, ਸਗੋਂ ਉਹ ਤਾਂ ਇਕ ਵਿਚਾਰਧਾਰਾ ਹੈ ਅਤੇ ਵਿਚਾਰਧਾਰਾ ਵੀ ਉਹ ਜੋ ਹੁਣ ਵੀ ਓਸੇ ਤਰ੍ਹਾਂ ਹੀ ਜੀਵੰਤ ਹੈ। ਭਗਤ ਸਿੰਘ ਦੂਰ-ਅੰਦੇਸ਼ ਨੌਜੁਆਨ ਸੀ। ਲਗਭਗ 100 ਸਾਲ ਪਹਿਲਾਂ ਉਸ ਦੀਆਂ ਕਹੀਆਂ ਹੋਈਆਂ ਗੱਲਾਂ ਅਤੇ ਵਿਚਾਰ ਅੱਜ ਵੀ ਸਾਰਥਕ ਸਾਬਤ ਹੋ ਰਹੇ ਹਨ। ਉਸ ਦੀ ਵਿਚਾਰਧਾਰਾ ਅਮਰ ਹੈ ਅਤੇ ਇਹ ਅਮਰ ਰਹੇਗੀ।

ਸਮਾਗ਼ਮ ਵਿਚ ਬਲਤੇਜ ਸਿੰਘ ਬਰਾੜ, ਅਮਰਜੀਤ ਸਿੰਘ ਸਾਂਪਲੇ, ਸੁਰਜੀਤ ਸਿੰਘ ਵਿਰਕ ਸੀਨੀਅਰ ਤੇ ਜੂਨੀਅਰ, ਹਰਭਜਨ ਸਿੰਘ ਐੱਸ.ਡੀ.ਓ., ਮੋਹਨ ਸਿੰਘ, ਜੰਗ ਬਹਾਦਰ ਵਾਸੂਦੇਵ, ਰੌਸ਼ਨ ਲਾਲ ਭਗਤਾ ਭਾਈ, ਬਲਦੇਵ ਸਿੰਘ ਢੇਸੀ, ਕਰਮਜੀਤ ਸਿੰਘ ਗਿੱਲ, ਗੁਰਦੀਪ ਸਿੰਘ ਗਿੱਲ, ਸਰਪੰਚ ਅਜਾਇਬ ਸਿੰਘ, ਤਰਲੋਚਨ ਸਿੰਘ, ਸੁਰਜੀਤ ਸਿੰਘ ਖਹਿਰਾ, ਜਰਨੈਲ ਸੰਘ ਰੰਧਾਵਾ, ਬਲਜੀਤ ਸਿੰਘ ਗਿੱਲ, ਹਰਲਿਵਲੀਨ ਕਾਹਲੋਂ, ਮੱਘਰ ਸਿੰਘ ਵਿਰਕ, ਧਰਮ ਸਿੰਘ ਭੰਗੂ, ਭਜਨ ਸਿੰਘ ਸੇਖੋਂ, ਹਰਯਾਦਨ ਸਿੰਘ ਰੱਖੜਾ, ਚਮਕੌਰ ਸਿੰਘ ਸੋਹਲ, ਗੁਰਮੁਖ ਸਿੰਘ ਬਰਾੜ, ਜੋਗਿੰਦਰ ਸਿੰਘ ਸਿੱਧੂ, ਗੁਲਜ਼ਾਰ ਸਿੰਘ ਦਿਓਲ, ਗੁਰਮੀਤ ਸਿੰਘ, ਅਮਰੀਕ ਸਿੰਘ ਬਾਜਵਾ, ਸਰਬਜੀਤ ਸਿੰਘ ਗਰੇਵਾਲ ਅਤੇ ਕਈ ਹੋਰ ਅਹਿਮ ਸ਼ਖ਼ਸੀਅਤਾਂ ਸ਼ਾਮਲ ਸਨ।

# ਅਮਰੀਕਾ-ਸੀਨੀਅਰ ਗੇਮਾਂ ਵਿਚ ਡਾ. ਦਰਸ਼ਨ ਸਿੰਘ ਭੁੱਲਰ ਨੇ ਜਿੱਤਿਆ ਗੋਲਡ ਮੈਡਲ

ਜਾਰਜੀਆ: ਵਾਰਨਰ ਰੌਬਿਨਸ ਜਾਰਜੀਆ ਵਿਖੇ ਜਾਰਜੀਆ ਗੋਲਡਨ ਓਲੰਪਿਕ ਸੀਨੀਅਰ ਖੇਡਾਂ ਕਰਵਾਈਆਂ ਗਈਆਂ। ਇਨ੍ਹਾਂ ਖੇਡਾਂ ਵਿਚ ਹਿੱਸਾ ਲੈਣ ਲਈ ਅਮਰੀਕਾ ਦੇ ਸੈਂਕੜੇ ਸੀਨੀਅਰ ਖਿਡਾਰੀ ਪਹੁੰਚੇ ਹੋਏ ਸਨ। ਇਨ੍ਹਾਂ ਖੇਡਾਂ ਵਿਚ ਜਾਰਜੀਆ ਨਿਵਾਸੀ ਪੰਜਾਬੀ ਸੀਨੀਅਰ ਖਿਡਾਰੀ ਦਰਸ਼ਨ ਸਿੰਘ ਭੁੱਲਰ ਨੇ ਵੀ ਕਿਸਮਤ ਅਜ਼ਮਾਈ ਅਤੇ 65-69 ਸਾਲ ਉਮਰ ਵਰਗ ਵਿਚ 50 ਮੀਟਰ ਦੌੜ ਵਿਚ ਗੋਲਡ ਮੈਡਲ, 200 ਮੀਟਰ ਦੌੜ ਵਿਚ ਚਾਂਦੀ ਦਾ ਤਗ਼ਮਾ ਅਤੇ 400 ਮੀਟਰ ਦੌੜ ਵਿਚ ਕਾਂਸੀ ਦਾ ਤਗ਼ਮਾ ਜਿੱਤਿਆ। ਜ਼ਿਕਰਯੋਗ ਹੈ ਕਿ ਦਰਸ਼ਨ ਸਿੰਘ ਭੁੱਲਰ ਪੰਜਾਬ ਦੇ ਸੰਗਰੂਰ ਖੇਤਰ ਨਾਲ ਸਬੰਧ ਰੱਖਦੇ ਹਨ ਅਤੇ ਸੇਵਾਮੁਕਤ ਪ੍ਰਿੰਸੀਪਲ ਹਨ। ਡਾ. ਭੁੱਲਰ ਨੇ 2018 ਵਿਚ ਵੀ ਸੀਨੀਅਰ ਗੇਮਾਂ ਵਿਚ ਹਿੱਸਾ ਲਿਆ ਸੀ।

***-ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ***






**UMA TRAVELS**

**2535 West Devon Ave., Chicago, IL 60659**

**For Delhi-Bombay Ahmedabad, Hydrabad-Madras**
**Call For Special Sale Fares**

**Call: 773-338-5603**


# Matrimonials

## ਲੜਕੀ ਦੀ ਲੋੜ ਹੈ

Gursikh family seeks a suitable match for their Amritdhari son, 36 years, 52-113 , vegetarian, Software Manager in San Francisco, CA, USA, owns a house in San Francisco Bay-area, innocent divorcee (short marriage of 4 months). The girl should be well qualified, amritdhari, vegetarian and keski/ dastar wearing (or willing to wear). Preference to girl living in USA or Canada. Caste no bar. Please send your biodata & recent picture to singhmat001@gmail.com or Call: +1-510-281-7065 or +91-98993-79442 (WhatsApp).

40-43

---

Wanted suitable girl for Ivy League MBA Jatt Sikh divorced 40 years old 5'10" man settled in the Bay Area (California). Homeowner and working as a Sr Product Manager in big tech. Moved from Chandigarh (India) to the US 12 years ago. Looking in the US only. Caste no bar. dhillonravi1983@gmail.com or 408-859-5613.

36-39

---

U.S. Citizen, Jatt Sikh, Brar, Fresno, California Resident, Divorced Boy, 33 yrs, 6'-3" tall, Handsome, Pilot in American Airlines. Please email biodata and picture at: flykhush15@gmail.com or Contact: (559) 824-9028

36-39

---

USA based Arora Gursikh family looking for a suitable match for their turbaned, divorced son, 36, 5'9", M.Tech Engineering. He does not drink, smoke. Works for a reputed company in health care sector. He earns six figure salary. Owns house in US, commercial, residential property in India. Caste no bar. Contact us at: email: utakecare2@yahoo.com or call 1-618-402-4269

35-38

---

Well educated Jatt Sikh Bay area family is seeking a match for their July 2000 US born 5' 10" Son. He has earned a Bachelor in Computer Science from UCLA and Masters in CS BioMedical Imaging from UCSF. He does not drink. He wears a turban and keeps his hair. He is employed with a six figure salary. Beyond education, girl must be with a family-oriented mindset and should have good moral family values. Please contact Ph: 5108616491 or email pgrrealty@gmail.com

34-37

## ਲੜਕੇ ਦੀ ਲੋੜ ਹੈ

Jatt Sikh family seeks suitable match for their daughter who has her MD and is currently working in the Bay Area (California) as a Doctor. 38 yrs old (never married). 5'-5". The boy should be settled in the Bay Area (California) with a University degree and professionally employed. Please contact 408-763-3949

39-42

---

Hindu/Sikh Nai family looking for a suitable match for their U.S. citizen daughter, 26 years, 5'6". She has completed Bachelors of Science and currently in her final dentistry year pursuing DMD degree. The whole family is settled here and are U.S. citizens. Please contact us at: 516-510-9744

39-42

---

Jat Sikh well educated and well settled family seeking suitable match for their September, 2001 US born 5'-4" daughter. Turban wearing keshadari boy and compatible humble family is preference but others will be considered. She has earned an AA degree in management and Supervision. She is currently employed as a Federal employee in the Bay Area (California). Contact ph:510-861-6491 or pgrrealty@gmail.com

36-39

---

Sikh family belongs to Ludhiana Punjab, looking for a US or Canadian Citizen match for their daughter, 35, 5'9'' divorcee and has one child living with. She has completed her nursing associate in India, currently not working as she is preparing for RN/IELTS. Whatsapp us: 262-960-7366. Serious inquiries only.

34-37

---

Jatt Sikh girl, 28 years, 5'4" Graduated in Bachelor of Science in Medical Technology. Studying to become Medical Doctor in the USA. Looking for well settled American citizen match. Please contact: +1 (510) 240-2236 or e-mail itsjas1990@gmail.com

32-35

# ਅਰਦਾਸ ਨਾਲ ਸ਼ੁਰੂ ਹੋਈ ਅਮਰੀਕੀ ਪ੍ਰਤੀਨਿਧ ਸਭਾ ਦੀ ਕਾਰਵਾਈ



**ਵਾਸ਼ਿੰਗਟਨ:** ਅਮਰੀਕਾ 'ਚ ਨਿਊ ਜਰਸੀ ਦੇ ਇਕ ਸਿੱਖ ਗ੍ਰੰਥੀ ਨੇ ਪ੍ਰਤੀਨਿਧ ਸਭਾ ਦੀ ਕਾਰਵਾਈ ਸ਼ੁਰੂ ਕਰਨ ਲਈ ਅਰਦਾਸ ਕੀਤੀ ਜੋ ਇਤਿਹਾਸ ਵਿਚ ਪਹਿਲੀ ਵਾਰ ਹੋਇਆ ਹੈ। ਨਿਊ ਜਰਸੀ 'ਚ ਪਾਈਨ ਹਿੱਲ ਗੁਰਦੁਆਰੇ ਦੇ ਗ੍ਰੰਥੀ ਗਿਆਨੀ ਜਸਵਿੰਦਰ ਸਿੰਘ ਨੇ ਸਦਨ 'ਚ ਅਰਦਾਸ ਕਰਕੇ ਦਿਨ ਦੀ ਕਾਰਵਾਈ ਦੀ ਸ਼ੁਰੂਆਤ ਕਰਵਾਈ। ਆਮ ਤੌਰ 'ਤੇ ਇਹ ਕਾਰਵਾਈ ਸ਼ੁਰੂ ਹੋਣ ਤੋਂ ਪਹਿਲਾਂ ਇਕ ਪਾਦਰੀ ਪ੍ਰਾਰਥਨਾ ਕਰਦਾ ਹੈ। ਸਦਨ ਦੇ ਸਪੀਕਰ ਕੇਵਿਨ ਮੈੱਕਾਰਥੀ ਨੇ ਐਲਾਨ ਕੀਤਾ ਕਿ ਜਸਵਿੰਦਰ ਸਿੰਘ ਕਾਰਵਾਈ ਦੀ ਸ਼ੁਰੂਆਤ ਕਰਨਗੇ।

ਅਰਦਾਸ ਤੋਂ ਤੁਰਤ ਬਾਅਦ ਕਾਂਗਰਸ ਮੈਂਬਰ ਡੋਨਾਲਡ ਨੋਰਕਰਾਸ ਨੇ ਇਸ ਨੂੰ ਇਤਿਹਾਸਕ ਮੌਕਾ ਦੱਸਿਆ। ਜਸਵਿੰਦਰ ਸਿੰਘ ਅਮਰੀਕਾ ਦੀ ਪ੍ਰਤੀਨਿਧ ਸਭਾ (ਸੰਸਦ ਦਾ ਹੇਠਲਾ ਸਦਨ) 'ਚ ਅਰਦਾਸ ਕਰਨ ਵਾਲੇ ਪਹਿਲੇ ਸਿੱਖ ਗ੍ਰੰਥੀ ਹਨ।

ਨੋਰਕਰਾਸ ਨੇ ਕਿਹਾ, 'ਅੱਜ ਰਚਿਆ ਗਿਆ ਇਤਿਹਾਸ ਇਹ ਯਾਦ ਦਿਵਾਉਂਦਾ ਹੈ ਕਿ ਅਮਰੀਕਾ ਧਰਮ ਦੀ ਆਜ਼ਾਦੀ ਦਾ ਸਵਾਗਤ ਕਰਦਾ ਹੈ ਅਤੇ ਉਸ ਨੂੰ ਅਹਿਮੀਅਤ ਦਿੰਦਾ ਹੈ ਤੇ ਉਸ ਲਈ ਹਮੇਸ਼ਾ ਪ੍ਰਤੀਬੱਧ ਰਹੇਗਾ। ਗਿਆਨੀ ਜਸਵਿੰਦਰ ਸਿੰਘ ਨੇ ਸਾਊਥ ਜਰਸੀ ਦਾ ਮਾਣ ਵਧਾਇਆ ਹੈ ਅਤੇ ਉਨ੍ਹਾਂ ਨਾਲ ਇਸ ਪਲ ਦਾ ਹਿੱਸਾ ਬਣਨਾ ਮਾਣ ਵਾਲੀ ਗੱਲ ਹੈ।'

# ਕੋਟਕਪੂਰਾ ਗੋਲੀਕਾਂਡ: ਸੁਖਬੀਰ, ਸੈਣੀ ਤੇ ਉਮਰਾਨੰਗਲ ਨੂੰ ਹਾਈ ਕੋਰਟ ਤੋਂ ਰਾਹਤ







**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਦੇ ਸਾਬਕਾ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਸਾਬਕਾ ਡੀ.ਜੀ.ਪੀ. ਸੁਮੇਧ ਸਿੰਘ ਸੈਣੀ, ਪੁਲਿਸ ਅਧਿਕਾਰੀ ਪਰਮਰਾਜ ਸਿੰਘ ਉਮਰਾਨੰਗਲ ਅਤੇ ਤਿੰਨ ਹੋਰਾਂ ਨੂੰ ਕੋਟਕਪੂਰਾ ਤੇ ਬਹਬਿਲ ਕਲਾਂ 'ਚ ਸ਼ਾਂਤੀਪੂਰਨ ਪ੍ਰਦਰਸ਼ਨਕਾਰੀਆਂ 'ਤੇ ਹੋਈ ਗੋਲੀਬਾਰੀ ਨਾਲ ਸਬੰਧਤ ਕੇਸ 'ਚ ਗ੍ਰਿਫਤਾਰੀ ਤੋਂ ਪੇਸ਼ਗੀ ਜ਼ਮਾਨਤ ਦੇ ਦਿੱਤੀ ਹੈ। ਜਸਟਿਸ ਅਨੂਪ ਚਿਤਕਾਰਾ ਨੇ ਫੈਸਲਾ ਸੁਣਾਇਆ ਕਿ ਇਹ ਪ੍ਰੀ-ਟ੍ਰਾਇਲ ਕੈਦ ਦਾ ਮਾਮਲਾ ਨਹੀਂ ਹੈ।

ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸਮੇਤ ਸਾਰੇ ਮੁਲਜ਼ਮਾਂ ਖ਼ਿਲਾਫ਼ ਸੀ.ਆਰ.ਪੀ.ਸੀ. ਦੀ ਧਾਰਾ 173 ਤਹਿਤ ਪੁਲਿਸ ਵੱਲੋਂ ਆਖਰੀ ਜਾਂਚ ਰਿਪੋਰਟ ਦਾਖਲ ਕੀਤੇ ਜਾਣ ਮਗਰੋਂ ਫਰੀਦਕੋਟ ਦੇ ਜੁਡੀਸ਼ਲ ਮੈਜਿਸਟਰੇਟ (ਪਹਿਲੀ ਸ਼੍ਰੇਣੀ) ਵੱਲੋਂ ਨੋਟਿਸ ਜਾਰੀ ਕੀਤੇ ਜਾਣ ਤੋਂ ਬਾਅਦ ਪਟੀਸ਼ਨਰਾਂ ਨੇ ਹਾਈ ਕੋਰਟ ਦਾ ਰੁਖ ਕੀਤਾ ਸੀ। ਜਸਟਿਸ ਚਿਤਕਾਰਾ ਨੇ ਕਿਹਾ ਕਿ ਪਟੀਸ਼ਨਰਾਂ ਖ਼ਿਲਾਫ਼ ਪਹਿਲੀ ਨਜ਼ਰੇ ਕੇਸ ਦਰਜ ਹੋਣ ਦੇ ਬਾਵਜੂਦ ਵਿਸ਼ੇਸ਼ ਜਾਂਚ ਟੀਮ (ਸਿਟ) ਨੇ ਉਨ੍ਹਾਂ ਨੂੰ ਗ੍ਰਿਫਤਾਰ ਨਾ ਕਰਨ ਦਾ ਰਾਹ ਚੁਣਿਆ ਅਤੇ ਮੁਲਜ਼ਮਾਂ ਨੂੰ ਹਿਰਾਸਤ 'ਚ ਲਏ ਬਿਨਾ ਪੁਲਿਸ ਰਿਪੋਰਟ ਦਰਜ ਕੀਤੀ।

ਪਟੀਸ਼ਨਰਾਂ ਨੇ ਗ੍ਰਿਫਤਾਰੀ ਦਾ ਖਦਸ਼ਾ ਜ਼ਾਹਿਰ ਕਰਦਿਆਂ ਸੈਸ਼ਨ ਕੋਰਟ ਕੋਲ ਅਗਾਊਂ ਜ਼ਮਾਨਤ ਲਈ ਅਰਜ਼ੀ ਦਾਇਰ ਕੀਤੀ ਸੀ ਜਿਸ ਨੂੰ ਬਾਅਦ ਵਿਚ ਖਾਰਜ ਕਰ ਦਿੱਤਾ ਗਿਆ। ਅਦਾਲਤ ਨੇ ਕਿਹਾ, 'ਜੇਕਰ ਰਾਜ ਮੁਕੱਦਮਾ ਪੈਂਡਿੰਗ ਰਹਿਣ ਦੌਰਾਨ ਪਟੀਸ਼ਨਰਾਂ ਨੂੰ ਗ੍ਰਿਫਤਾਰ ਕਰਨਾ ਚਾਹੁੰਦਾ ਤਾਂ ਉਸ ਨੂੰ ਅਜਿਹਾ ਕਰਨ ਤੋਂ ਕੋਈ ਨਹੀਂ ਰੋਕ ਸਕਦਾ ਸੀ ਕਿਉਂਕਿ ਉਸ ਸਮੇਂ ਤੱਕ ਪਟੀਸ਼ਨਰਾਂ ਕੋਲ ਕਿਸੇ ਅੰਤਰਿਮ ਹੁਕਮ ਸਮੇਤ ਕੋਈ ਢੁਕਵਾਂ ਹੁਕਮ ਨਹੀਂ ਸੀ।' ਅਦਾਲਤ ਨੇ ਕਿਹਾ ਕਿ ਸਿਟ ਪਹਿਲਾਂ ਹੀ ਜਾਂਚ ਰਿਪੋਰਟ ਮੁਕੰਮਲ ਕਰ ਚੁੱਕੀ ਹੈ ਇਸ ਲਈ ਪਟੀਸ਼ਨਰਾਂ ਤੋਂ ਪੁੱਛ ਪੜਤਾਲ ਦੀ ਲੋੜ ਨਹੀਂ ਹੈ। ਪਟੀਸ਼ਨਰਾਂ ਨੂੰ ਜਾਂਚ ਵਿੱਚ ਸਹਿਯੋਗ ਕਰਨ ਅਤੇ ਆਪਣਾ ਅਸਰ ਰਸੂਖ ਵਰਤ ਕੇ ਗਵਾਹਾਂ ਜਾਂ ਕੇਸ ਨਾਲ ਸਬੰਧਤ ਤੱਥਾਂ ਨੂੰ ਪ੍ਰਭਾਵਿਤ ਨਾ ਕਰਨ ਦੀ ਸ਼ਰਤ 'ਤੇ ਅਗਾਊਂ ਜ਼ਮਾਨਤ ਦੇ ਦਿੱਤੀ ਹੈ।

## ਟਰੂਡੋ ਦੇ ਦੋਸ਼ਾਂ ਦਾ ਜਵਾਬ ਦੇਵੇ ਸਰਕਾਰ: ਗਿਆਨੀ ਹਰਪ੍ਰੀਤ ਸਿੰਘ

**ਜਲੰਧਰ:** ਜਸਟਿਨ ਟਰੂਡੋ ਵੱਲੋਂ ਹਰਦੀਪ ਸਿੰਘ ਨਿੱਝਰ ਦੇ ਕਤਲ ਸਬੰਧੀ ਭਾਰਤੀ ਏਜੰਸੀਆਂ ਦਾ ਜ਼ਿਕਰ ਕਰਨ ਮਗਰੋਂ ਸੰਸਾਰ ਭਰ ਵਿਚ ਇਸ ਮਸਲੇ ਨੂੰ ਲੈ ਕੇ ਬਣੇ ਹਾਲਾਤ ਉਤੇ ਸਿੱਖ ਨਜ਼ਰੀਏ ਤੋਂ ਵਿਚਾਰ ਚਰਚਾ ਕਰਨ ਲਈ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ



ਹਰਪ੍ਰੀਤ ਸਿੰਘ ਦੀ ਅਗਵਾਈ ਵਿਚ ਇਕੱਤਰਤਾ ਇੱਥੋਂ ਦੇ ਗੁਰਦੁਆਰਾ ਨੌਵੀਂ ਪਾਤਸ਼ਾਹੀ ਜੀ.ਟੀ.ਬੀ. ਨਗਰ ਵਿਚ ਹੋਈ। ਇਸ ਮੌਕੇ ਜਥੇਦਾਰ ਨੇ ਕਿਹਾ ਕਿ ਭਾਈ ਨਿੱਝਰ ਦੇ ਕਤਲ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੀ ਭਾਰਤ ਸਰਕਾਰ ਤੇ ਭਾਰਤੀ ਮੀਡੀਆ ਨੇ ਸਚਾਈ ਦੱਸਣ ਦੀ ਥਾਂ ਭਾਈ ਨਿੱਝਰ ਸਣੇ ਸਮੁੱਚੀ ਸਿੱਖ ਕੌਮ ਨੂੰ ਹੀ ਅਤਿਵਾਦੀ-ਵੱਖਵਾਦੀ ਗਰਦਾਨ ਕੇ ਸਿੱਖ ਕੌਮ ਖ਼ਿਲਾਫ਼ ਨਫਰਤ ਅਤੇ ਡਰ ਦਾ ਮਾਹੌਲ ਸਿਰਜਿਆ। ਇਸ ਬਿਰਤਾਂਤ ਵਿਚ ਭਾਰਤੀ ਮੀਡੀਆ ਦੇ ਨਾਲ-ਨਾਲ ਪੰਜਾਬੀ ਮੀਡੀਆ ਨੇ ਵੀ ਸਰਕਾਰ ਦਾ ਹੀ ਪੱਖ ਰੱਖਿਆ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਵੱਲੋਂ ਵੱਖਵਾਦੀ ਵਿਚਾਰ ਰੱਖਣ ਵਾਲੇ ਵਿਦੇਸ਼ੀ ਸਿੱਖਾਂ ਦੀ ਜਾਇਦਾਦ ਜ਼ਬਤ ਕਰਨ ਅਤੇ ਓ.ਸੀ.ਆਈ. ਕਾਰਡ ਰੱਦ ਕਰਨ ਦੀਆਂ ਕੋਝੀਆਂ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ। ਦੂਜੇ ਪਾਸੇ ਸਿੱਖ ਕਤਲੇਆਮ ਦੇ ਦੋਸ਼ੀਆਂ ਤੇ ਅਪਰਾਧਿਕ ਮਾਮਲਿਆਂ ਦੇ ਮੁਲਜ਼ਮਾਂ ਦੀ ਪੁਸ਼ਤਪਨਾਹੀ ਕੀਤੀ ਜਾ ਰਹੀ ਹੈ।

# ਹੇਮਕੁੰਟ ਸਾਹਿਬ ਵਿਖੇ ਸਵਾ ਦੋ ਲੱਖ ਤੋਂ ਵੱਧ ਸ਼ਰਧਾਲੂ ਨਤਮਸਤਕ

**ਅੰਮ੍ਰਿਤਸਰ:** ਉੱਤਰਾਖੰਡ ਸਥਿਤ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਸਾਲਾਨਾ ਯਾਤਰਾ ਅਕਤੂਬਰ ਮਹੀਨੇ ਵਿਚ ਖਤਮ ਹੋਣ ਜਾ ਰਹੀ ਅਤੇ 11 ਅਕਤੂਬਰ ਨੂੰ ਸੰਗਤਾਂ ਵਾਸਤੇ ਗੁਰਦੁਆਰੇ ਦੇ ਕਿਵਾੜ ਬੰਦ ਕਰ ਦਿੱਤੇ ਜਾਣਗੇ। ਇਹ ਯਾਤਰਾ ਇਸ ਸਾਲ 20 ਮਈ ਨੂੰ ਸ਼ੁਰੂ ਹੋਈ ਸੀ ਅਤੇ ਹੁਣ ਤੱਕ ਲਗਭਗ ਸਵਾ ਦੋ ਲੱਖ ਯਾਤਰੂ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨ ਕਰ ਚੁੱਕੇ ਹਨ। ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਦੱਸਿਆ ਕਿ ਪ੍ਰਬੰਧਕ ਕਮੇਟੀ ਨੇ ਸਾਲਾਨਾ ਯਾਤਰਾ ਦੀ ਸਮਾਪਤੀ 11 ਅਕਤੂਬਰ ਨੂੰ ਕਰਨ ਦਾ ਫੈਸਲਾ ਕੀਤਾ ਹੈ। ਇਹ ਫੈਸਲਾ ਸਰਕਾਰ ਅਤੇ ਪ੍ਰਸ਼ਾਸਨ ਦੇ ਅਧਿਕਾਰੀਆਂ ਨਾਲ ਹੋਈ ਮੀਟਿੰਗ ਤੋਂ ਬਾਅਦ ਕੀਤਾ ਗਿਆ। ਉਨ੍ਹਾਂ ਨੇ ਅਪੀਲ ਕੀਤੀ ਹੈ ਕਿ ਜਿਹੜੇ ਸ਼ਰਧਾਲੂ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨ ਕਰਨਾ ਚਾਹੁੰਦੇ ਹਨ, ਉਹ



ਸਮਾਪਤੀ ਦੀ ਮਿਤੀ ਨੂੰ ਧਿਆਨ ਵਿਚ ਰੱਖ ਕੇ ਯਾਤਰਾ ਦਾ ਪ੍ਰੋਗਰਾਮ ਬਣਾ ਸਕਦੇ ਹਨ। ਉਨ੍ਹਾਂ ਕਿਹਾ ਕਿ ਇਸ ਵੇਲੇ ਉੱਤਰਾਖੰਡ ਵਿਚ ਮੌਸਮ ਸਾਫ ਹੈ ਅਤੇ ਅਤੇ ਯਾਤਰਾ ਵਧੀਆ ਢੰਗ ਨਾਲ ਚੱਲ ਰਹੀ। ਸ੍ਰੀ ਹੇਮਕੁੰਟ ਸਾਹਿਬ ਦੇ ਆਲੇ ਦੁਆਲੇ ਵੱਖ-ਵੱਖ ਤਰ੍ਹਾਂ ਦੇ ਫੁੱਲ ਵੀ ਖਿੜ੍ਹੇ ਹੋਏ ਹਨ। ਮੌਸਮ ਸਾਫ ਤੇ ਸੁਹਾਵਣਾ ਹੈ ਪਰ ਠੰਢ ਵਿਚ ਵਾਧਾ ਹੋਇਆ ਹੈ।

ਗੁਰਦੁਆਰਾ ਸ੍ਰੀ ਗੋਬਿੰਦ ਘਾਟ ਦੇ ਮੈਨੇਜਰ ਭਾਈ ਸੇਵਾ ਸਿੰਘ ਨੇ ਦੱਸਿਆ ਕਿ ਅੱਜ ਕੱਲ੍ਹ ਸਰਧਾਲੂਆਂ ਦੀ ਗਿਣਤੀ ਵਿਚ ਮੁੜ ਵਾਧਾ ਹੋਇਆ ਅਤੇ ਰੋਜ਼ਾਨਾ ਔਸਤਨ 700 ਤੋਂ 800 ਸਰਧਾਲੂ ਆ ਰਹੇ ਹਨ। ਜਦਕਿ ਪਿਛਲੇ ਦਿਨੀਂ ਬਰਸਾਤਾਂ ਅਤੇ ਪੰਜਾਬ ਵਿਚ ਹੜ੍ਹਾਂ ਦੌਰਾਨ ਯਾਤਰੂਆਂ ਗਿਣਤੀ 'ਚ ਕਮੀ ਆਈ ਸੀ। ਉਨ੍ਹਾਂ ਖੁਲਾਸਾ ਕੀਤਾ ਕਿ ਗੈਰ-ਸਰਕਾਰੀ ਅੰਕੜਿਆਂ ਦੇ ਮੁਤਾਬਕ ਹੁਣ ਤੱਕ ਲਗਭਗ ਸਵਾ ਦੋ ਲੱਖ ਯਾਤਰੂ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨ ਕਰ ਚੁੱਕੇ ਹਨ ਜਦੋਂ ਕਿ ਪਿਛਲੇ ਵਰ੍ਹੇ ਯਾਤਰਾ ਦੌਰਾਨ ਲਗਭਗ ਢਾਈ ਲੱਖ ਯਾਤਰੂਆਂ ਨੇ ਗੁਰਦੁਆਰਾ ਹੇਮਕੁੰਟ ਸਾਹਿਬ ਦੇ ਦਰਸ਼ਨ ਕੀਤੇ ਸਨ। ਉਨ੍ਹਾਂ ਦੱਸਿਆ ਕਿ 11 ਅਕਤੂਬਰ ਨੂੰ ਦੁਪਹਿਰ ਦੀ ਅਰਦਾਸ ਤੋਂ ਬਾਅਦ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ ਸੰਗਤ ਵਾਸਤੇ ਇਸ ਸਾਲ ਦੀ ਯਾਤਰਾ ਲਈ ਬੰਦ ਕਰ ਦਿੱਤੇ ਜਾਣਗੇ।

# ਵੋਟਾਂ ਖਾਤਰ ਖਾਲਿਸਤਾਨ ਦਾ ਮੁੱਦਾ ਉਭਾਰ ਰਹੇ ਨੇ ਮੋਦੀ: ਡਾ. ਗਾਂਧੀ

**ਟਿਆਲਾ:** ਸਾਬਕਾ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਭਾਰਤ ਵਿਚ ਖਤਮ ਹੋ ਚੁੱਕੇ 'ਖਾਲਿਸਤਾਨ' ਦੇ ਮੁੱਦੇ ਨੂੰ ਉਭਾਰ ਕੇ ਦੇਸ਼ ਵਿਚ ਘੱਟ ਗਿਣਤੀ ਸਿੱਖਾਂ ਨੂੰ ਨਿਸ਼ਾਨਾ ਬਣਾ ਰਹੇ ਹਨ ਤਾਂ ਕਿ ਵੋਟਾਂ ਬਟੋਰੀਆਂ ਜਾ ਸਕਣ ਪਰ ਉਹ ਆਪਣੇ ਇਰਾਦੇ ਵਿਚ ਕਾਮਯਾਬ ਨਹੀਂ ਹੋਣਗੇ। ਸ੍ਰੀ ਗਾਂਧੀ ਨੇ ਕਿਹਾ ਕਿ ਕੈਨੇਡਾ ਦਾ ਮਾਮਲਾ ਸ੍ਰੀ ਮੋਦੀ ਨੇ ਭੜਕਾ ਕੇ ਵੱਡਾ ਬਣਾ ਦਿੱਤਾ ਹੈ ਕਿਉਂਕਿ ਇਸ ਨਾਲ ਉਨ੍ਹਾਂ ਦੀ ਸਿਆਸਤ ਚਮਕਦੀ ਹੈ।

ਉਨ੍ਹਾਂ ਇੱਥੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਾਂਗਰਸੀਆਂ ਵੱਲੋਂ ਪਟਿਆਲਾ ਤੋਂ ਟਿਕਟ ਦੇਣ ਦੀ ਚਰਚਾ ਨੂੰ ਵਿਰਾਮ ਲਾਉਂਦਿਆਂ ਕਿਹਾ ਕਿ ਉਹ ਹੁਣ ਸੰਸਦੀ ਚੋਣਾਂ ਨਹੀਂ ਲੜਨਗੇ। ਡਾ. ਗਾਂਧੀ ਨੇ ਕਿਹਾ



ਕਿ ਗੁਰਪਤਵੰਤ ਸਿੰਘ ਪੰਨੂ ਦਾ ਕੈਨੇਡਾ 'ਚੋਂ ਹਿੰਦੂਆਂ ਨੂੰ ਭਜਾਉਣ ਦਾ ਬਿਆਨ ਵੀ ਮੀਡੀਆ ਦੇ ਇਕ ਹਿੱਸੇ ਵੱਲੋਂ ਬੁਰੀ ਤਰ੍ਹਾਂ ਇਸੇ ਕਰ ਕੇ ਪ੍ਰਚਾਰਿਆ ਗਿਆ ਤਾਂ ਕਿ ਉਹ ਹਿੰਦੂਆਂ ਨੂੰ ਸਿੱਖਾਂ ਵਿਰੁੱਧ ਭੜਕਾ ਕੇ ਭਾਜਪਾ ਨਾਲ ਜੋੜਿਆ ਜਾ ਸਕੇ ਪਰ ਹੁਣ ਲੋਕ ਭਾਜਪਾ ਦੀ ਸਿਆਸਤ ਸਮਝ ਚੁੱਕੇ ਹੈ। ਹੁਣ ਕਈ ਮੁਲਕ ਆਸਟਰੇਲੀਆ, ਬਰਤਾਨੀਆ, ਅਮਰੀਕਾ ਆਦਿ ਨੇ ਕੈਨੇਡਾ ਦੇ ਪੱਖ ਵਿਚ ਖੜ੍ਹਨ ਦਾ ਫੈਸਲਾ ਕੀਤਾ ਹੈ ਜਿਸ ਕਰ ਕੇ ਨਰਿੰਦਰ ਮੋਦੀ ਦੀ ਸਿਆਸਤ ਕੌਮਾਂਤਰੀ ਪੱਧਰ 'ਤੇ ਭਾਰਤ ਨੂੰ ਨੁਕਸਾਨ ਪਹੁੰਚਾਏਗੀ।

## ਹਿੰਦੂ, ਬੁੱਧ, ਸਿੱਖ ਤੇ ਜੈਨ ਅਮਰੀਕੀ ਕੌਕਸ ਦੀ ਸ਼ੁਰੂਆਤ

**ਵਾਸ਼ਿੰਗਟਨ:** ਅਮਰੀਕਾ ਦੇ 24 ਤੋਂ ਵੱਧ ਸੰਸਦ ਮੈਂਬਰ ਦੋ-ਪੱਖੀ ਕਾਂਗਰੈਸਨਲ ਹਿੰਦੂ, ਬੁੱਧ, ਸਿੱਖ ਅਤੇ ਜੈਨ ਅਮਰੀਕੀ ਕੌਕਸ 'ਚ ਸ਼ਾਮਲ ਹੋ ਗਏ ਹਨ। ਕੌਕਸ ਦੇ ਬਾਨੀ ਤੇ ਭਾਰਤੀ-ਅਮਰੀਕੀ ਸੰਸਦ ਮੈਂਬਰ ਸ੍ਰੀ ਥਾਣੇਦਾਰ ਨੇ ਇਹ ਜਾਣਕਾਰੀ ਦਿੱਤੀ।

ਸ੍ਰੀ ਥਾਣੇਦਾਰ ਨੇ ਅਮਰੀਕੀ ਕਾਂਗਰਸ ਵਿਚ ਕੌਕਸ ਦੀ ਰਸਮੀ ਸ਼ੁਰੂਆਤ ਕੀਤੀ ਜਿਸ ਦਾ ਮਕਸਦ ਧਾਰਮਿਕ ਭੇਦ-ਭਾਵ ਨਾਲ ਨਜਿੱਠਣਾ ਅਤੇ ਹਿੰਦੂ, ਬੁੱਧ, ਸਿੱਖ ਤੇ ਜੈਨ ਧਰਮ ਦੇ ਲੋਕਾਂ ਲਈ ਧਾਰਮਿਕ ਆਜ਼ਾਦੀ ਨੂੰ ਉਤਸ਼ਾਹਿਤ ਕਰਨਾ ਹੈ। ਕਾਂਗਰੈਸਨਲ ਕੌਕਸ ਅਮਰੀਕੀ ਸੰਸਦ ਮੈਂਬਰਾਂ ਦਾ ਇਕ ਸਮੂਹ ਹੁੰਦਾ ਹੈ ਜੋ ਸਾਂਝੇ ਕਾਨੂੰਨੀ ਮਕਸਦਾਂ ਨੂੰ ਪੂਰਾ ਕਰਨ ਲਈ ਮੀਟਿੰਗ ਕਰਦਾ ਹੈ। ਥਾਣੇਦਾਰ ਨੇ ਇੱਥੇ ਇਕ ਪੱਤਰਕਾਰ ਸੰਮੇਲਨ 'ਚ ਕਿਹਾ, "ਅਸੀਂ ਅਜਿਹੇ ਅੰਦੋਲਨ ਨੂੰ ਅੱਗੇ ਵਧਾਉਣ ਲਈ ਇਕੱਠੇ ਹੋ ਰਹੇ ਹਾਂ ਜੋ ਆਪਸੀ ਸਮਝ ਤੇ ਸਕਾਰਾਤਮਕ ਨੀਤੀਗਤ ਕੰਮਾਂ ਲਈ ਕੋਸ਼ਿਸ਼ ਕਰਦਾ ਹੈ।"

# ਬਹਿਬਲ ਗੋਲੀ ਕਾਂਡ: ਪੀੜਤਾਂ ਵੱਲੋਂ ਮਰਨ ਵਰਤ ਸ਼ੁਰੂ ਕਰਨ ਦਾ ਐਲਾਨ

**ਫਰੀਦਕੋਟ:** ਅੱਠ ਸਾਲ ਪਹਿਲਾਂ ਫਰੀਦਕੋਟ ਦੇ ਪਿੰਡ ਬਹਿਬਲ ਕਲਾਂ ਵਿਚ ਹੋਏ ਗੋਲੀ ਕਾਂਡ ਦੇ ਪੀੜਤਾਂ ਨੇ ਸਰਕਾਰ 'ਤੇ ਇਨਸਾਫ ਨਾ ਦੇਣ ਦੇ ਦੋਸ਼ ਲਾਉਂਦਿਆਂ 12 ਅਕਤੂਬਰ ਤੋਂ ਅਣਮਿੱਥੇ ਸਮੇਂ ਲਈ ਮਰਨ ਵਰਤ 'ਤੇ ਬੈਠਣ ਦਾ ਐਲਾਨ ਕੀਤਾ ਹੈ। ਬਹਿਬਲ ਗੋਲੀ ਕਾਂਡ ਤੇ ਪੀੜਤਾਂ ਨੂੰ ਇਨਸਾਫ ਦਿਵਾਉਣ ਦੇ ਅੰਦੋਲਨ ਦੀ ਅਗਵਾਈ ਕਰ ਰਹੇ ਸੁਖਰਾਜ ਸਿੰਘ ਨਿਆਮੀਵਾਲਾ ਨੇ ਕਿਹਾ ਕਿ ਸਾਰੀਆਂ ਪਾਰਟੀਆਂ ਬਹਿਬਲ ਗੋਲੀ ਕਾਂਡ 'ਤੇ ਸਿਆਸਤ ਕਰ ਰਹੀਆਂ ਹਨ ਅਤੇ ਕੋਈ ਵੀ ਪਾਰਟੀ ਇਨਸਾਫ ਦੇਣ ਵਿੱਚ ਸਫਲ ਨਹੀਂ ਹੋਈ।

ਇਸ ਕਰਕੇ ਹੁਣ ਉਨ੍ਹਾਂ ਆਰ-ਪਾਰ ਦੀ ਲੜਾਈ ਲੜਨ ਦਾ ਫੈਸਲਾ ਕੀਤਾ ਹੈ। ਜ਼ਿਕਰਯੋਗ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਬਾਅਦ ਵਾਪਰੇ ਬਹਿਬਲ ਗੋਲੀ ਕਾਂਡ ਵਿਚ




ਸੁਖਰਾਜ ਸਿੰਘ ਨਿਆਮੀਵਾਲਾ ਦੇ ਪਿਤਾ ਕ੍ਰਿਸ਼ਨ ਭਗਵਾਨ ਅਤੇ ਇਕ ਹੋਰ ਸਿੱਖ ਨੌਜਵਾਨ ਗੁਰਜੀਤ ਸਿੰਘ ਦੀ ਪੁਲਿਸ ਦੀਆਂ ਗੋਲੀਆਂ ਨਾਲ ਮੌਤ ਹੋ ਗਈ ਸੀ। ਇਸ ਕੇਸ ਵਿਚ ਹੁਣ ਤੱਕ ਚਾਰ ਵਿਸ਼ੇਸ਼ ਜਾਂਚ ਟੀਮਾਂ ਬਣ ਚੁੱਕੀਆਂ ਹਨ ਅਤੇ ਜਾਂਚ ਟੀਮ ਵੱਲੋਂ ਇਸ ਕੇਸ ਵਿਚ ਹੁਣ ਤੱਕ ਸੱਤ ਚਲਾਨ ਫਰੀਦਕੋਟ ਦੀ ਅਦਾਲਤ ਵਿਚ ਪੇਸ਼ ਕੀਤੇ ਜਾ ਚੁੱਕੇ ਹਨ। ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਇਸ ਕੇਸ ਵਿਚ ਅਜੇ ਤੱਕ ਮੁਲਜ਼ਮਾਂ ਖ਼ਿਲਾਫ਼ ਦੋਸ਼ ਆਇਦ ਨਹੀਂ ਹੋ ਸਕੇ। ਸੁਖਰਾਜ ਸਿੰਘ ਨਿਆਮੀਵਾਲਾ ਨੇ ਦੋਸ਼ ਲਾਇਆ ਕਿ ਇਸ ਕੇਸ ਵਿਚ ਪ੍ਰਭਾਵਸ਼ਾਲੀ ਮੁਲਜ਼ਮ ਹੋਣ ਕਾਰਨ ਕੋਈ ਵੀ ਸਰਕਾਰ ਪੀੜਤਾਂ ਨੂੰ ਇਨਸਾਫ ਨਹੀਂ ਦੇ ਰਹੀ ਅਤੇ ਸਾਰੇ ਮੁੱਦੇ 'ਤੇ ਰਾਜਨੀਤੀ ਕੀਤੀ ਜਾ ਰਹੀ। ਇਸ ਤੋਂ ਪਹਿਲਾਂ ਪਿਛਲੇ ਦੋ ਸਾਲਾਂ ਤੋਂ ਗੋਲੀਕਾਂਡ ਵਾਲੀ ਥਾਂ 'ਤੇ ਇਨਸਾਫ ਮੋਰਚਾ ਲੱਗਾ ਹੋਇਆ ਹੈ। ਦੱਸਣਯੋਗ ਹੈ ਕਿ 12 ਅਕਤੂਬਰ 2014 ਨੂੰ ਬੇਅਦਬੀ ਕਾਂਡ ਹੋਇਆ ਸੀ ਅਤੇ ਇਸ ਤੋਂ ਬਾਅਦ ਬਹਿਬਲ ਗੋਲੀ ਕਾਂਡ ਵਾਪਰ ਗਿਆ ਸੀ।

# ਸੁਖਪਾਲ ਸਿੰਘ ਖਹਿਰਾ ਦੀ ਗ੍ਰਿਫਤਾਰੀ ਉਤੇ ਸਿਆਸਤ ਭਖੀ

**ਚੰਡੀਗੜ੍ਹ:** ਹਲਕਾ ਭੁਲੱਥ ਤੋਂ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ ਡਰੱਗ ਨਾਲ ਜੁੜੇ ਇਕ ਮਾਮਲੇ ਵਿਚ ਜਲਾਲਾਬਾਦ ਪੁਲਿਸ ਵੱਲੋਂ ਚੰਡੀਗੜ੍ਹ ਸਥਿਤ ਉਨ੍ਹਾਂ ਦੀ ਰਿਹਾਇਸ਼ 'ਤੇ ਛਾਪਾ ਮਾਰ ਕੇ ਗ੍ਰਿਫਤਾਰ ਕਰਨ ਪਿੱਛੋਂ ਪੰਜਾਬ ਦੀ ਸਿਆਸਤ ਭਖ ਗਈ ਹੈ। ਇਸ ਕਾਰਵਾਈ ਪਿੱਛੋਂ ਕਾਂਗਰਸ ਤੋਂ ਇਲਾਵਾ ਅਕਾਲੀ ਦਲ ਅਤੇ ਭਾਜਪਾ ਸਣੇ ਵਿਰੋਧੀ ਧਿਰਾਂ ਖਹਿਰਾ ਦੀ ਹਮਾਇਤ ਵਿਚ ਨਿੱਤਰ ਆਈਆਂ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਤੇ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਸੂਬਾ ਸਰਕਾਰ ਸਿਆਸੀ ਬਦਲਾਖੋਰੀ ਨਾਲ ਕੰਮ ਕਰ ਰਹੀ ਤੇ ਸ਼੍ਰੋਮਣੀ ਅਕਾਲੀ ਦਲ ਸੁਖਪਾਲ ਖਹਿਰਾ ਦੀ ਗ੍ਰਿਫਤਾਰੀ ਦਾ ਵਿਰੋਧ ਕਰਦਾ ਹੈ। ਡਾ. ਚੀਮਾ ਨੇ ਕਿਹਾ ਕਿ ਪਹਿਲਾਂ ਇਹ ਬਦਲਾਖੋਰੀ ਦੀ ਰਾਜਨੀਤੀ ਕਾਂਗਰਸ ਸਰਕਾਰ ਵੱਲੋਂ ਕੀਤੀ ਗਈ ਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਇਸੇ ਤਹਿਤ ਜੇਲ੍ਹ ਭੇਜਿਆ ਤੇ ਹੁਣ ਕਾਂਗਰਸੀ ਵਿਧਾਇਕ ਸੁਖਪਾਲ ਖਹਿਰਾ ਨੂੰ ਮੌਜੂਦਾ ਸਰਕਾਰ ਵੱਲੋਂ ਪੁਰਾਣੇ ਮਾਮਲੇ 'ਚ ਗ੍ਰਿਫਤਾਰ ਕੀਤਾ ਗਿਆ ਹੈ।

ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਸੀਨੀਅਰ ਆਗੂ ਤੇ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਕਾਂਗਰਸੀ ਆਗੂ ਸੁਖਪਾਲ ਸਿੰਘ ਖਹਿਰਾ ਦੀ ਗ੍ਰਿਫਤਾਰੀ ਦੀ ਨਿਖੇਧੀ ਕਰਦਿਆਂ ਕਿਹਾ ਕਿ ਪੰਜਾਬ ਪੁਲਿਸ ਨੇ ਲੋਕਾਂ ਵੱਲੋਂ ਚੁਣੇ ਹੋਏ ਨੁਮਾਇੰਦੇ ਨੂੰ ਜਿਸ ਤਰ੍ਹਾਂ ਅਪਮਾਨਿਤ ਕਰਕੇ ਗ੍ਰਿਫਤਾਰ ਕੀਤਾ ਹੈ, ਉਸ ਤੋਂ ਮੁੱਖ ਮੰਤਰੀ ਭਗਵੰਤ ਮਾਨ ਦੀ ਕਥਿਤ ਤੰਗ ਸੋਚ ਝਲਕਦੀ ਹੈ। ਉਨ੍ਹਾਂ ਆਖਿਆ ਕਿ ਮਾਨ ਸਰਕਾਰ ਵੱਲੋਂ ਵਿਰੋਧੀ ਧਿਰਾਂ ਖ਼ਿਲਾਫ਼ ਬਦਲਾਖੋਰੀ ਦੀ ਨੀਤੀ ਤਹਿਤ ਅਪਣਾਏ ਜਾ ਰਹੇ ਅਜਿਹੇ ਹੱਥਕੰਡੇ ਨਿੰਦਣਯੋਗ ਹਨ। ਉਨ੍ਹਾਂ ਕਿਹਾ ਕਿ ਸੁਖਪਾਲ ਖਹਿਰਾ ਨੂੰ ਗ੍ਰਿਫਤਾਰ ਕਰਨ ਤੋਂ ਪਹਿਲਾਂ ਮਾਨ ਸਰਕਾਰ ਵੱਲੋਂ ਕਾਨੂੰਨੀ ਪ੍ਰਕਿਰਿਆ ਤਹਿਤ ਜਾਂਚ 'ਚ ਸ਼ਾਮਲ ਹੋਣ ਲਈ ਉਨ੍ਹਾਂ ਨੂੰ ਨੋਟਿਸ ਦੇਣਾ ਚਾਹੀਦਾ ਸੀ।

ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦੀ ਅਗਵਾਈ ਹੇਠ ਵਫਦ ਨੇ ਖਹਿਰਾ ਦੀ ਗ੍ਰਿਫਤਾਰੀ ਦੇ ਮੁੱਦੇ ਨੂੰ ਲੈ ਕੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੂੰ ਮਿਲ ਕੇ ਉਨ੍ਹਾਂ ਤੋਂ ਮਾਮਲੇ ਵਿਚ ਦਖਲ ਮੰਗਿਆ ਹੈ। ਇਸ ਤੋਂ ਪਹਿਲਾਂ ਕਾਂਗਰਸੀ ਆਗੂਆਂ ਨੇ ਖਹਿਰਾ ਦੀ ਗ੍ਰਿਫਤਾਰੀ ਦੇ ਮਾਮਲੇ ਨੂੰ ਲੈ ਕੇ ਇਕ ਮੀਟਿੰਗ ਵੀ ਕੀਤੀ ਜਿਸ ਵਿਚ ਭਵਿੱਖ ਦੀ ਰਣਨੀਤੀ ਬਾਰੇ ਚਰਚਾ ਵੀ ਹੋਈ। ਕਾਂਗਰਸ ਪ੍ਰਧਾਨ ਵੜਿੰਗ ਨੇ ਸੀਨੀਅਰ ਕਾਂਗਰਸੀ ਆਗੂ ਅਤੇ ਆਲ ਇੰਡੀਆ ਕਿਸਾਨ ਕਾਂਗਰਸ ਦੇ ਚੇਅਰਮੈਨ ਸੁਖਪਾਲ ਸਿੰਘ ਖਹਿਰਾ ਦੀ ਗ੍ਰਿਫਤਾਰੀ ਨੂੰ ਲੈ ਕੇ 'ਆਪ' ਸਰਕਾਰ ਨੂੰ ਨਿਸ਼ਾਨੇ 'ਤੇ ਲਿਆ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਨੇ ਖਹਿਰਾ ਨੂੰ ਇਕ ਪੁਰਾਣੇ ਕੇਸ ਵਿਚ ਗ੍ਰਿਫਤਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਸਿਆਸੀ ਬਦਲਾਖੋਰੀ ਦੀ ਰਾਜਨੀਤੀ ਕੀਤੀ ਜਾ ਰਹੀ ਹੈ ਪਰ ਕਾਂਗਰਸੀ ਆਗੂ ਇਸ ਸਿਆਸੀ ਪਰੇਸ਼ਾਨੀ ਨਾਲ ਹੌਸਲਾ ਨਹੀਂ ਹਾਰਨਗੇ। ਉਨ੍ਹਾਂ ਮੁਤਾਬਕ ਸੁਪਰੀਮ ਕੋਰਟ ਪਹਿਲਾਂ ਹੀ ਐਨ.ਡੀ.ਪੀ.ਐਸ. ਕੇਸ ਨੂੰ ਰੱਦ ਕਰ ਚੁੱਕੀ ਹੈ ਜਿਸ ਤਹਿਤ ਖਹਿਰਾ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਵੜਿੰਗ ਨੇ ਆਖਿਆ ਕਿ ਜਿਹੜੇ ਕਾਂਗਰਸੀ ਆਗੂ 'ਆਪ' ਸਰਕਾਰ ਦੇ ਦਾਗ਼ੀ ਨੇਤਾਵਾਂ ਖ਼ਿਲਾਫ਼ ਦਲੇਰੀ ਨਾਲ ਬੋਲਦੇ ਹਨ, ਉਨ੍ਹਾਂ ਦੀ ਆਵਾਜ਼ ਨੂੰ ਦਬਾਉਣ ਲਈ ਅਜਿਹੇ ਹੱਥਕੰਡੇ ਵਰਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦਾ ਵਰਤਾਰਾ ਪੁਲਿਸ ਦੇ ਕਿਰਦਾਰ 'ਤੇ ਵੀ ਸੁਆਲ ਖੜ੍ਹੇ ਕਰਦਾ ਹੈ ਅਤੇ ਲੋਕਾਂ ਦਾ ਕਾਨੂੰਨ ਵਿਚ ਭਰੋਸਾ ਥਿੜਕ ਰਿਹਾ ਹੈ।



### ਪੰਜਾਬ ਵਿਚ ਇਸ ਵੇਲੇ ਧੱਕੇਸ਼ਾਹੀ ਦਾ ਰਾਜ: ਖਹਿਰਾ

**ਚੰਡੀਗੜ੍ਹ:** ਸੁਖਪਾਲ ਖਹਿਰਾ ਨੇ ਕਿਹਾ ਕਿ ਪੁਲਿਸ ਮੁਤਾਬਕ ਡਰੱਗ ਮਾਮਲੇ ਵਿਚ 'ਸਿਟ' ਵੱਲੋਂ ਰਿਪੋਰਟ ਬਣਾਈ ਗਈ ਹੈ ਕਿ ਸਾਲ 2015 ਵਿਚ ਜਲਾਲਾਬਾਦ ਵਿਚ ਐਨ.ਡੀ.ਪੀ.ਐਸ. ਐਕਟ ਤਹਿਤ ਦਰਜ ਕੇਸ ਵਿਚ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਾਲ 2015 ਵਿਚ ਪਹਿਲਾਂ ਅਕਾਲੀ ਦਲ ਦੀ ਤਤਕਾਲੀ ਸਰਕਾਰ ਸਮੇਂ ਉਨ੍ਹਾਂ ਨੂੰ ਝੂਠੇ ਕੇਸ ਵਿਚ ਫਸਾਉਣ ਦੀ ਕੋਸ਼ਿਸ਼ ਕੀਤੀ ਗਈ ਅਤੇ ਹੁਣ ਫਿਰ ਉਨ੍ਹਾਂ ਵਿਰੁੱਧ ਰਿਕਾਰਡ ਬਣਾ ਲਿਆ ਗਿਆ ਹੈ। ਸ੍ਰੀ ਖਹਿਰਾ ਨੇ ਦੋਸ਼ ਲਾਇਆ ਕਿ ਪੰਜਾਬ 'ਚ ਇਸ ਵੇਲੇ ਧੱਕੇਸ਼ਾਹੀ ਦਾ ਰਾਜ ਹੈ ਕਿਉਂਕਿ ਪੁਲਿਸ ਦਾ ਫਰਜ਼ ਬਣਦਾ ਸੀ ਕਿ ਪਹਿਲਾਂ ਉਨ੍ਹਾਂ ਨੂੰ ਨੋਟਿਸ ਭੇਜਦੇ ਅਤੇ ਉਹ ਜਾ ਕੇ ਆਪਣਾ ਪੱਖ ਪੇਸ਼ ਕਰਦੇ।

### 'ਆਪ' ਵੱਲੋਂ ਨਸ਼ਾ ਤਸਕਰੀ ਦੇ ਪੁਖਤਾ ਸਬੂਤਾਂ ਦਾ ਦਾਅਵਾ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਨੇ ਦਾਅਵਾ ਕੀਤਾ ਕਿ ਪੰਜਾਬ ਪੁਲਿਸ ਦੀ 'ਸਿਟ' (ਐਸ.ਆਈ.ਟੀ.) ਨੂੰ ਜਾਂਚ ਦੌਰਾਨ ਸੁਖਪਾਲ ਖਹਿਰਾ ਦੀ ਨਸ਼ਾ ਤਸਕਰੀ ਦੇ ਮਾਮਲੇ 'ਚ ਸ਼ਮੂਲੀਅਤ ਦੇ ਪੁਖਤਾ ਸਬੂਤ ਮਿਲੇ ਹਨ। 'ਆਪ' ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ 'ਆਪ' ਸਰਕਾਰ ਸੂਬੇ 'ਚੋਂ ਨਸ਼ਾ ਖਤਮ ਕਰਨ ਲਈ ਦਿਨ-ਰਾਤ ਗੰਭੀਰਤਾ ਨਾਲ ਕੰਮ ਕਰ ਰਹੀ ਹੈ। ਸਰਕਾਰ ਦੀ ਡਰੱਗ ਮਾਫੀਆ ਖ਼ਿਲਾਫ਼ 'ਜ਼ੀਰੋ ਟਾਲਰੈਂਸ' ਦੀ ਨੀਤੀ ਹੈ। ਨਸ਼ਾ ਤਸਕਰੀ ਵਿਚ ਸ਼ਾਮਲ ਕੋਈ ਵੀ ਵਿਅਕਤੀ ਭਾਵੇਂ ਕਿੰਨਾ ਵੀ ਪ੍ਰਭਾਵਸ਼ਾਲੀ ਕਿਉਂ ਨਾ ਹੋਵੇ, ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ, ''ਸੁਖਪਾਲ ਖਹਿਰਾ ਦੀ ਗ੍ਰਿਫਤਾਰੀ ਕਿਸੇ ਸਿਆਸੀ ਬਦਲਾਖੋਰੀ ਕਾਰਨ ਨਹੀਂ ਹੋਈ।

### ਬਦਲਾਖੋਰੀ ਛੱਡ ਕੇ ਨਸ਼ੇ ਠੱਲ੍ਹੇ ਮੁੱਖ ਮੰਤਰੀ: ਰਾਜਾ ਵੜਿੰਗ

**ਬਠਿੰਡਾ:** ਪੰਜਾਬ ਕਾਂਗਰਸ ਦੀ ਲੀਡਰਸ਼ਿਪ ਨੇ ਕਾਂਗਰਸ ਹਾਈ ਕਮਾਂਡ ਨੂੰ ਅਗਾਮੀ ਲੋਕ ਸਭਾ ਚੋਣਾਂ ਵਿਚ 'ਆਪ' ਨਾਲ ਚੋਣ ਸਮਝੌਤਾ ਨਾ ਕਰਨ ਦੀ ਸਲਾਹ ਦਿੱਤੀ ਹੈ। ਇਹ ਖੁਲਾਸਾ ਕਾਂਗਰਸ ਦੇ ਸੀਨੀਅਰ ਆਗੂਆਂ ਨੇ ਇੱਥੇ ਨਸ਼ਿਆਂ ਖ਼ਿਲਾਫ਼ ਦਿੱਤੇ ਜ਼ਿਲ੍ਹਾ ਪੱਧਰੀ ਧਰਨੇ ਦੌਰਾਨ ਕੀਤਾ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ (ਰਾਜਾ ਵੜਿੰਗ) ਨੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਦੀ ਗ੍ਰਿਫਤਾਰੀ ਦੇ ਹਵਾਲੇ ਨਾਲ ਪੰਜਾਬ ਦੀ ਹਾਕਮ ਧਿਰ ਵੱਲੋਂ ਬਦਲਾਖੋਰੀ ਦੀ ਸਿਆਸਤ ਕਰਨ ਦਾ ਦੋਸ਼ ਲਾਇਆ ਹੈ। ਉਨ੍ਹਾਂ ਮੁੱਖ ਮੰਤਰੀ ਨੂੰ ਸਲਾਹ ਦਿੱਤੀ ਹੈ ਕਿ ਉਹ ਬਦਲੇਖੋਰੀ ਦਾ ਰਾਹ ਛੱਡ ਕੇ, ਨਸ਼ਿਆਂ ਖ਼ਿਲਾਫ਼ ਆਪਣੀ ਬਣਦੀ ਡਿਊਟੀ ਨਿਭਾਉਣ।

## ਸੰਸਦ ਮੈਂਬਰ ਸਾਹਨੀ ਨੇ 15 ਹੋਣਹਾਰ ਪੰਜਾਬੀ ਵਿਦਿਆਰਥੀ ਗੋਦ ਲਏ


**ਨਵੀਂ ਦਿੱਲੀ:** ਰਾਜ ਸਭਾ ਮੈਂਬਰ ਅਤੇ 'ਸੰਨ ਫਾਊਂਡੇਸ਼ਨ' ਦੇ ਚੇਅਰਮੈਨ ਵਿਕਰਮਜੀਤ ਸਿੰਘ ਸਾਹਨੀ ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜਨਮ ਦਿਨ ਮੌਕੇ ਸ਼ਹੀਦ ਭਗਤ ਸਿੰਘ ਸਕਾਲਰਸ਼ਿਪ ਸਕੀਮ ਤਹਿਤ 15 ਹੋਣਹਾਰ ਪੰਜਾਬੀ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸਿੱਖਿਆ ਅਤੇ ਕਰੀਅਰ ਲਈ ਗੋਦ ਲਿਆ। ਇਨ੍ਹਾਂ ਵਿਦਿਆਰਥੀਆਂ 'ਚ ਗੁਰਸਿਮਰਨ ਕੌਰ ਸ੍ਰੀ ਗੁਰੂ ਰਾਮ ਦਾਸ ਮੈਡੀਕਲ ਕਾਲਜ, ਅੰਮ੍ਰਿਤਸਰ ਵਿਚ ਐਮ.ਬੀ.ਬੀ.ਐਸ/ਐਮ.ਡੀ. ਤੇ ਕਨਿਸ ਗੋਇਲ ਸਰਕਾਰੀ ਮੈਡੀਕਲ ਕਾਲਜ ਪਟਿਆਲਾ ਤੋਂ ਐਮ.ਬੀ.ਬੀ.ਐਸ. ਕਰ ਰਹੀ ਹੈ। ਇਕ ਵਪਾਰਕ ਪਾਇਲਟ, ਦੱਖਣੀ ਅਫਰੀਕਾ 'ਚ ਸਿਖਲਾਈ ਲੈ ਰਿਹਾ ਹੈ ਤੇ ਚਾਰ ਵਿਦਿਆਰਥੀ ਅਮਨਜੋਤ ਕੌਰ, ਦਲਜੀਤ ਕੌਰ, ਰਾਜਵੀਰ ਸਿੰਘ ਅਤੇ ਨਵੀਨ ਕੁਮਾਰ, ਇੰਜੀਨੀਅਰਿੰਗ ਕਰ ਰਹੇ ਹਨ। ਜਦਕਿ ਜਯਾ ਵਰਮਾ ਅਤੇ ਨਿਤੀਸ਼ ਕੁਮਾਰ ਆਰਕੀਟੈਕਚਰ ਦੀ ਪੜ੍ਹਾਈ ਕਰ ਰਹੇ ਹਨ। ਹਾਲ ਹੀ 'ਚ ਸਟੇਟ ਚੈਂਪੀਅਨਸ਼ਿਪ 'ਚ ਸੋਨ ਤਗਮਾ ਜੇਤੂ ਡਿਸਕਸ ਥ੍ਰੋਅਰ ਭਰਤਪ੍ਰੀਤ ਸਿੰਘ ਸਮੇਤ ਦੋ ਖਿਡਾਰੀਆਂ ਨੂੰ ਵੀ ਵਜ਼ੀਫ਼ਾ ਦਿੱਤਾ ਗਿਆ ਹੈ। ਇਨ੍ਹਾਂ 'ਚ ਦੋ ਲੜਕੀਆਂ ਜੋ ਇਕੱਠੇ ਨਰਸਿੰਗ ਕਰ ਰਹੀਆਂ ਹਨ ਅਤੇ ਦੋ ਉੱਭਰਦੀਆਂ ਗਾਇਕਾ ਅਟਵਾਲ ਭੈਣਾਂ ਵੀ ਸ਼ਾਮਲ ਹਨ।

## ਅਮਰੀਕੀ ਸਫ਼ਾਰਤਖਾਨੇ ਨੇ ਇਸ ਸਾਲ 10 ਲੱਖ ਵੀਜ਼ੇ ਦੇਣ ਦਾ ਟੀਚਾ ਪੂਰਾ ਕੀਤਾ

**ਨਵੀਂ ਦਿੱਲੀ:** ਭਾਰਤ ਵਿਚ ਅਮਰੀਕੀ ਮਿਸ਼ਨ ਨੇ ਇਸ ਸਾਲ 10 ਲੱਖ ਗੈਰ ਪਰਵਾਸੀ ਵੀਜ਼ੇ ਦੇਣ ਦਾ ਆਪਣਾ ਟੀਚਾ ਪੂਰਾ ਕਰ ਲਿਆ। ਰਾਜਦੂਤ ਐਰਿਕ ਗਾਰਸੇਟੀ ਨੇ ਨਿੱਜੀ ਤੌਰ ਉਤੇ ਇਕ ਜੋੜੇ ਨੂੰ 10 ਲੱਖਵਾਂ ਵੀਜ਼ਾ ਸੌਂਪਿਆ ਹੈ, ਜੋ ਅਮਰੀਕਾ 'ਚ ਆਪਣੇ ਬੇਟੇ ਦੇ ਗ੍ਰੈਜੂਏਸ਼ਨ ਸਮਾਗਮ ਵਿਚ ਸ਼ਾਮਲ ਹੋਵੇਗਾ। ਲੇਡੀ ਹਾਰਡਿੰਗ ਕਾਲਜ ਦੀ ਸੀਨੀਅਰ ਸਲਾਹਕਾਰ ਡਾ. ਰੰਜੂ ਸਿੰਘ ਅਮਰੀਕੀ ਦੂਤਘਰ ਤੋਂ ਇਸ ਸਾਲ ਦਾ 10 ਲੱਖਵਾਂ ਵੀਜ਼ਾ ਮਿਲਣ ਬਾਰੇ ਈਮੇਲ ਪ੍ਰਾਪਤ ਕਰਕੇ ਬਹੁਤ ਖੁਸ਼ ਹੋਈ। ਉਸ ਦੇ ਪਤੀ ਪੁਨੀਤ ਦਰਗਨ ਨੂੰ ਅਗਲਾ ਵੀਜ਼ਾ ਦਿੱਤਾ ਗਿਆ। ਇਹ ਜੋੜਾ ਮਈ 2024 ਵਿਚ ਅਮਰੀਕਾ ਦੀ ਯਾਤਰਾ ਕਰੇਗਾ।

## ਗੋਲਡੀ ਬਰਾੜ ਨੇ ਕੈਲੀਫੋਰਨੀਆ ਵਿਚ ਮੰਗੀ ਪਨਾਹ

**ਨਵੀਂ ਦਿੱਲੀ:** ਭਾਰਤੀ ਖੁਫੀਆ ਏਜੰਸੀਆਂ ਨੇ ਦਾਅਵਾ ਕੀਤਾ ਹੈ ਕਿ ਕੈਨੇਡਾ ਅਧਾਰਿਤ ਗੈਂਗਸਟਰ ਗੋਲਡੀ ਬਰਾੜ ਨੇ ਗ੍ਰਿਫਤਾਰੀ ਤੋਂ ਬਚਣ ਲਈ ਕਾਨੂੰਨੀ ਚੈਨਲਾਂ ਜਰੀਏ ਕੈਲੀਫੋਰਨੀਆ ਵਿਚ ਸ਼ਰਨ (ਪਨਾਹ) ਮੰਗੀ ਹੈ। ਨਵੀਂ ਮਿਸਲ ਮੁਤਾਬਕ ਬਰਾੜ 15 ਅਗਸਤ 2017 ਨੂੰ ਕੈਨੇਡਾ ਪੁੱਜਾ ਸੀ ਤੇ ਮਗਰੋਂ ਅਮਰੀਕਾ ਭੱਜਣ ਵਿਚ ਸਫਲ ਰਿਹਾ। ਉਦੋਂ ਤੋਂ ਉਹ ਕੈਨੇਡਾ ਵਿਚ ਨਵੀਂ ਲੁਕਣਗਾਹ ਸਥਾਪਿਤ ਕਰਨ ਲਈ ਸਰਗਰਮੀ ਨਾਲ ਕੰਮ ਕਰ ਰਿਹਾ ਹੈ।



ਖੁਫੀਆ ਵਿਭਾਗ ਵੱਲੋਂ ਤਿਆਰ ਮਿਸਲ ਮੁਤਾਬਕ ਬਰਾੜ ਦੀ ਨਵੀਂ ਲੁਕਣਗਾਹ ਕੈਲੀਫੋਰਨੀਆ ਦੇ ਫਰੈਜ਼ਨੋ ਸ਼ਹਿਰ ਵਿਚ ਹੋਣ ਦੀ ਉਮੀਦ ਹੈ। ਇਸ ਮਿਸਲ ਵਿਚ ਹੋਰਨਾਂ ਖਾਲਿਸਤਾਨੀਆਂ ਤੇ ਉਨ੍ਹਾਂ ਦੇ ਸਹਾਇਕਾਂ ਬਾਰੇ ਵੀ ਜਾਣਕਾਰੀ ਮੌਜੂਦ ਹੈ। ਮਿਸਲ ਵਜੋਂ ਇਸ ਵਿਚ ਲਖਬੀਰ ਲੰਡਾ ਦੀ ਪਾਕਿਸਤਾਨ ਅਧਾਰਿਤ ਹਰਵਿੰਦਰ ਸਿੰਘ ਦੇ ਨੇੜਲੇ ਸਾਥੀ ਵਜੋਂ ਪਛਾਣ ਕੀਤੀ ਗਈ ਹੈ। ਦਸਤਾਵੇਜ਼ ਲੰਡਾ ਦੇ ਅਪਰਾਧਿਕ ਇਤਿਹਾਸ ਬਾਰੇ ਵਿਆਪਕ ਜਾਣਕਾਰੀ ਮੁਹੱਈਆ ਕਰਵਾਉਂਦੇ ਹਨ। ਮਿਸਲ ਵਿਚ ਸਤਿੰਦਰਪਾਲ ਸਿੰਘ (66) ਦਾ ਵੀ ਜ਼ਿਕਰ ਹੈ, ਜਿਸ ਦੇ ਮਰਹੂਮ ਖਾਲਿਸਤਾਨੀ ਵੱਖਵਾਦੀ ਆਗੂ ਹਰਦੀਪ ਸਿੰਘ ਨਾਲ ਗੂੜ੍ਹੇ ਰਿਸ਼ਤੇ ਸਨ।

ਮਿਸਲ ਵਿਚ ਸਨੋਵਰ ਢਿੱਲੋਂ, ਸੁਲਿੰਦਰ ਸਿੰਘ, ਮਲਕੀਅਤ ਸਿੰਘ ਫੌਜੀ, ਗੁਰਪ੍ਰੀਤ ਸਿੰਘ, ਭਗਤ ਸਿੰਘ ਬਰਾੜ, ਗੁਰਜੀਤ ਸਿੰਘ ਚੀਮਾ, ਹਰਪ੍ਰੀਤ ਸਿੰਘ, ਗੋਲਡੀ ਬਰਾੜ, ਟਹਿਲ ਸਿੰਘ, ਲੰਡਾ (ਲਖਬੀਰ ਸਿੰਘ), ਮਨਵੀਰ ਸਿੰਘ ਦੂਹਰਾ, ਮੋਨਿੰਦਰ ਸਿੰਘ ਬੁਆਲ, ਗੁਰਜਿੰਦਰ ਸਿੰਘ ਪੰਨੂ, ਰਮਨਦੀਪ ਸਿੰਘ, ਮਨਦੀਪ ਧਾਲੀਵਾਲ, ਸੰਦੀਪ ਸਿੰਘ, ਪਰਵਕਾਰ ਸਿੰਘ ਦੁਲਾਈ, ਮਨਵੀਰ ਸਿੰਘ, ਅਰਸ਼ਦੀਪ ਸਿੰਘ ਡੱਲਾ ਤੇ ਹਰਦੀਪ ਸਿੰਘ ਨਿੱਝਰ ਦੇ ਨਾਂ ਵੀ ਸ਼ਾਮਲ ਹਨ।

## ਅਕਾਲੀ ਆਗੂ ਸੁਰਜੀਤ ਸਿੰਘ ਅਣਖੀ ਦੀ ਗੋਲੀਆਂ ਮਾਰ ਕੇ ਹੱਤਿਆ

**ਹੁਸ਼ਿਆਰਪੁਰ:** ਪਿੰਡ ਮੇਘੋਵਾਲ ਗੰਜਿਆਂ 'ਚ ਅਕਾਲੀ ਆਗੂ ਤੇ ਸਾਬਕਾ ਸਰਪੰਚ ਸੁਰਜੀਤ ਸਿੰਘ ਅਣਖੀ ਦੀ ਅਣਪਛਾਤੇ ਵਿਅਕਤੀਆਂ ਵੱਲੋਂ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਜਾਣਕਾਰੀ ਮੁਤਾਬਕ ਮੋਟਰਸਾਈਕਲ ਸਵਾਰ ਦੋ ਅਣਪਛਾਤੇ ਵਿਅਕਤੀਆਂ ਨੇ ਗੋਲੀਆਂ ਚਲਾਈਆਂ। ਇਹ ਵਾਰਦਾਤ ਉਦੋਂ ਹੋਈ ਜਦੋਂ ਉਹ ਕਰਿਆਨੇ ਦੀ ਇਕ ਦੁਕਾਨ ਦੇ ਬਾਹਰ ਬੈਠੇ ਸਨ। ਘਟਨਾ ਦੌਰਾਨ ਸੁਰਜੀਤ ਸਿੰਘ ਦੇ ਤਿੰਨ ਗੋਲੀਆਂ ਲੱਗੀਆਂ ਅਤੇ ਸ਼ਹਿਰ ਦੇ ਇਕ ਨਿੱਜੀ ਹਸਪਤਾਲ 'ਚ ਲਿਜਾਣ 'ਤੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਉਨ੍ਹਾਂ ਦੀ ਪਤਨੀ ਪਿੰਡ ਦੀ ਮੌਜੂਦਾ ਸਰਪੰਚ ਹਨ। ਡੀ.ਐਸ.ਪੀ (ਦਿਹਾਤੀ) ਤਲਵਿੰਦਰ ਸਿੰਘ ਨੇ ਦੱਸਿਆ ਕਿ ਥਾਣਾ ਬੁੱਲ੍ਹੋਵਾਲ ਵਿਚ ਅਣਪਛਾਤਿਆਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ।

# ਸਿੱਧੂ ਮੂਸੇਵਾਲਾ ਨੂੰ ਆਰ.ਪੀ.ਜੀ. ਨਾਲ ਮਾਰਨ ਦੀ ਸੀ ਯੋਜਨਾ

**ਨਵੀਂ ਦਿੱਲੀ:** ਦਿੱਲੀ ਪੁਲਿਸ ਨੇ ਖੁਲਾਸਾ ਕੀਤਾ ਹੈ ਕਿ ਮੁਹਾਲੀ ਵਿਚ ਪਿਛਲੇ ਸਾਲ ਜਿਸ ਆਰ.ਪੀ.ਜੀ. (ਰਾਕੇਟ ਪ੍ਰੋਪੈਲਡ ਗ੍ਰਨੇਡ) ਨਾਲ ਪੰਜਾਬ ਪੁਲਿਸ ਦੇ ਇੰਟੈਲੀਜੈਂਸ ਹੈੱਡਕੁਆਰਟਰ ਨੂੰ ਨਿਸ਼ਾਨਾ ਬਣਾਇਆ ਗਿਆ ਸੀ, ਉਹ ਅਸਲ ਵਿਚ ਗਾਇਕ-ਰੈਪਰ ਸਿੱਧੂ ਮੂਸੇਵਾਲਾ ਨੂੰ ਮਾਰਨ ਲਈ ਲਿਆਂਦਾ ਗਿਆ ਸੀ। ਦਿੱਲੀ ਪੁਲਿਸ ਦੇ ਚੋਟੀ ਦੇ ਸੂਤਰਾਂ ਨੇ ਕਿਹਾ ਕਿ ਮਗਰੋਂ ਵਾਰਦਾਤ ਕਰਨ ਵਾਲਿਆਂ ਨੇ ਯੋਜਨਾ ਬਦਲ ਦਿੱਤੀ। ਉਨ੍ਹਾਂ ਨੂੰ ਡਰ ਸੀ ਕਿ ਜੇ ਹਮਲਾ ਕਿਸੇ ਇਕੱਠ ਜਾਂ ਮੀਟਿੰਗ ਦੌਰਾਨ ਕੀਤਾ ਗਿਆ ਤਾਂ ਜ਼ਿਆਦਾ ਲੋਕ ਮਰ ਸਕਦੇ ਹਨ।



ਸੂਤਰਾਂ ਨੇ ਦੱਸਿਆ ਕਿ 'ਆਰ.ਪੀ.ਜੀ. ਖਾਲਿਸਤਾਨੀ ਅਤਿਵਾਦੀ ਹਰਵਿੰਦਰ ਸਿੰਘ ਸੰਧੂ ਉਰਫ ਰਿੰਦਾ ਨੇ ਸਪਲਾਈ ਕੀਤਾ ਸੀ ਜਿਸ ਨਾਲ ਪਹਿਲਾਂ ਮੂਸੇਵਾਲਾ ਨੂੰ ਮਾਰਨ ਦੀ ਸਾਜ਼ਿਸ਼ ਘੜੀ ਗਈ ਸੀ। ਇਹ ਹਮਲਾ ਕਿਸੇ ਰੈਲੀ ਜਾਂ ਸਮਾਗਮ ਵਿਚ ਕੀਤਾ ਜਾਣਾ ਸੀ। ਹਾਲਾਂਕਿ ਮਗਰੋਂ ਗੈਂਗਸਟਰਾਂ-ਅਤਿਵਾਦੀਆਂ ਦੀ ਯੋਜਨਾ ਬਦਲ ਗਈ ਤੇ ਉਨ੍ਹਾਂ ਇਸ ਦੀ ਵਰਤੋਂ ਅਕਤੂਬਰ 2022 ਵਿਚ ਮੁਹਾਲੀ ਸਥਿਤ ਦਫਤਰ ਉਤੇ ਹਮਲਾ ਕਰਨ ਲਈ ਕੀਤੀ। ਇਹ ਖੁਲਾਸਾ ਗੈਂਗਸਟਰ ਲਾਰੈਂਸ ਬਿਸ਼ਨੋਈ ਕੋਲੋਂ ਕੀਤੀ ਗਈ ਪੁੱਛਗਿੱਛ ਦੌਰਾਨ ਹੋਇਆ ਹੈ।

ਪੁਲਿਸ ਸੂਤਰਾਂ ਮੁਤਾਬਕ ਆਰ.ਪੀ.ਜੀ. ਗੈਰਕਾਨੂੰਨੀ ਢੰਗ ਨਾਲ ਤਸਕਰੀ ਕਰ ਕੇ ਪਾਕਿਸਤਾਨ ਤੋਂ ਭਾਰਤ ਲਿਆਂਦਾ ਗਿਆ ਸੀ, ਤੇ ਇਸ ਵਿਚ ਆਈ.ਐਸ.ਆਈ. ਦਾ ਹੱਥ ਸੀ। ਰਿਪੋਰਟਾਂ ਮੁਤਾਬਕ ਰਿੰਦਾ ਨੇ ਇਸ ਵਾਰਦਾਤ ਲਈ ਬਿਸ਼ਨੋਈ ਗੈਂਗ ਦੇ ਮੈਂਬਰਾਂ ਨੂੰ ਚੁਣਿਆ ਸੀ। ਕੈਨੇਡਾ ਵਿਚ ਰਹਿ ਰਿਹਾ ਭਗੌੜਾ ਲਖਬੀਰ ਸਿੰਘ ਲੰਡਾ ਵੀ ਰਿੰਦਾ ਨਾਲ ਰਲਿਆ ਹੋਇਆ ਸੀ। ਇਨ੍ਹਾਂ ਮਿਲ ਕੇ ਵਾਰਦਾਤ ਕਰਨ ਵਾਲਿਆਂ ਨਾਲ ਸੰਪਰਕ ਕੀਤਾ। ਰਿੰਦਾ ਦਾ ਨਾਂ ਪਹਿਲਾਂ ਨਵਾਂਸ਼ਹਿਰ ਵਿਚ ਸੀ.ਆਈ.ਏ. ਦੇ ਦਫਤਰ ਉਤੇ ਹੋਏ ਗ੍ਰਨੇਡ ਹਮਲੇ ਨਾਲ ਵੀ ਜੁੜਿਆ ਸੀ। ਹੋਰ ਕਈ ਮਾਮਲਿਆਂ ਵਿਚ ਵੀ ਉਸ ਦਾ ਨਾਂ ਸਾਹਮਣੇ ਆਇਆ ਹੈ। ਜਾਂਚ ਮੁਤਾਬਕ ਮੁਹਾਲੀ ਵਿਚ 9 ਮਈ, 2022 ਨੂੰ ਹੋਇਆ ਆਰ.ਪੀ.ਜੀ. ਹਮਲਾ ਬੱਬਰ ਖਾਲਸਾ ਇੰਟਰਨੈਸ਼ਨਲ, ਆਈ.ਐਸ.ਆਈ. ਤੇ ਸਥਾਨਕ ਗੈਂਗਸਟਰਾਂ ਦੀ ਸਾਜ਼ਿਸ਼ ਸੀ।

### ਸਚਿਨ ਥਾਪਨ ਦਾ ਅੱਠ ਰੋਜ਼ਾ ਪੁਲਿਸ ਰਿਮਾਂਡ

**ਮਾਨਸਾ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਦੇ ਮੁੱਖ ਮੁਲਜ਼ਮ ਸਚਿਨ ਬਿਸ਼ਨੋਈ ਉਰਫ਼ ਸਚਿਨ ਥਾਪਨ ਨੂੰ ਬਾਕੂ, ਅਜ਼ਰਬਾਇਜਾਨ ਤੋਂ ਭਾਰਤ ਹਵਾਲੇ ਕੀਤੇ ਜਾਣ ਤੋਂ ਲਗਭਗ ਦੋ ਮਹੀਨੇ ਬਾਅਦ ਮਾਨਸਾ ਪੁਲਿਸ ਦਿੱਲੀ ਤੋਂ ਮਾਨਸਾ ਟਰਾਂਜ਼ਿਟ ਰਿਮਾਂਡ 'ਤੇ ਲੈ ਕੇ ਆਈ। ਬਠਿੰਡਾ ਰੇਂਜ ਦੇ ਏ.ਡੀ.ਜੀ.ਪੀ. ਸੁਰਿੰਦਰਪਾਲ ਸਿੰਘ ਪਰਮਾਰ ਨੇ ਇਸ ਦੀ ਪੁਸ਼ਟੀ ਕੀਤੀ ਹੈ। ਮਾਨਸਾ ਦੇ ਸਿਵਲ ਹਸਪਤਾਲ ਤੋਂ ਉਸ ਦਾ ਡਾਕਟਰੀ ਮੁਆਇਨਾ ਕਰਾਉਣ ਤੋਂ ਬਾਅਦ ਉਸ ਨੂੰ ਅਦਾਲਤ ਨੇ 8 ਦਿਨ (6 ਅਕਤੂਬਰ ਤੱਕ) ਦੇ ਰਿਮਾਂਡ 'ਤੇ ਭੇਜ ਦਿੱਤਾ ਹੈ। ਅਜ਼ਰਬਾਇਜਾਨ 'ਚ ਕਾਨੂੰਨੀ ਲੜਾਈ ਲੜਨ ਤੋਂ ਬਾਅਦ ਉਸ ਨੂੰ ਪਹਿਲੀ ਅਗਸਤ ਨੂੰ ਭਾਰਤ ਹਵਾਲੇ ਕੀਤਾ ਗਿਆ ਸੀ। ਮਾਨਸਾ ਪੁਲਿਸ ਦੇ ਅਧਿਕਾਰੀ ਨੇ ਕਿਹਾ ਕਿ ਸਚਿਨ ਸਾਥੀਆਂ ਨਾਲ ਰਲ ਕੇ ਕਥਿਤ ਮੂਸੇਵਾਲਾ ਦੇ ਕਤਲ ਦੀ ਸਾਜ਼ਿਸ਼ ਰਚੀ ਸੀ।

**Punjab Times**

**Established in 2000**
**24nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**


The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਢਾਹਾਂ ਸਾਹਿਤ ਇਨਾਮ: ਤਿੰਨ ਕਹਾਣੀਕਾਰਾਂ ਦੇ ਨਾਵਾਂ ਦਾ ਐਲਾਨ

## ਦੀਪਤੀ ਬਬੂਟਾ, ਜਮੀਲ ਅਹਿਮਦ ਪਾਲ ਅਤੇ ਬਲੀਜੀਤ ਅੰਤਿਮ ਸੂਚੀ ਵਿਚ



ਦੀਪਤੀ ਬਬੂਟਾ, 'ਭੁੱਖ ਇਉਂ ਸਾਹ ਲੈਂਦੀ ਹੈ' — ਜਮੀਲ ਅਹਿਮਦ ਪਾਲ, 'ਮੈਂਡਲ ਦਾ ਕਨੂੰਨ' — ਬਲੀਜੀਤ, 'ਉੱਚੀਆਂ ਆਵਾਜ਼ਾਂ'

ਵੈਨਕੂਵਰ: ਪਿਛਲੇ ਦਸ ਸਾਲਾਂ ਤੋਂ ਪੰਜਾਬੀ ਸਾਹਿਤ ਦੇ ਪ੍ਰਚਾਰ ਅਤੇ ਪ੍ਰਸਾਰ ਨੂੰ ਸਮਰਪਿਤ 45000 ਕੈਨੇਡੀਅਨ ਡਾਲਰ ਦੇ ਕੌਮਾਂਤਰੀ ਪ੍ਰਸਿੱਧੀ ਵਾਲੇ ਢਾਹਾਂ ਸਾਹਿਤ ਪੁਰਸਕਾਰ ਲਈ ਚੁਣੇ ਗਏ ਕਹਾਣੀਕਾਰਾਂ ਦੇ ਨਾਵਾਂ ਦਾ ਐਲਾਨ ਕਰ ਦਿੱਤਾ ਗਿਆ ਹੈ।

ਢਾਹਾਂ ਸਾਹਿਤ ਇਨਾਮ ਦੇ ਸੰਸਥਾਪਕ ਬਰਜਿੰਦਰ ਸਿੰਘ ਢਾਹਾਂ ਨੇ ਦੱਸਿਆ ਕਿ ਸਾਲ 2023 ਦੀਆਂ ਤਿੰਨ ਜੇਤੂ ਪੁਸਤਕਾਂ ਵਿਚ ਦੀਪਤੀ ਬਬੂਟਾ (ਮੁਹਾਲੀ) ਦਾ ਕਹਾਣੀ ਸੰਗ੍ਰਹਿ 'ਭੁੱਖ ਇਉਂ ਸਾਹ ਲੈਂਦੀ ਹੈ', ਜਮੀਲ ਅਹਿਮਦ ਪਾਲ (ਲਾਹੌਰ) ਦਾ ਕਹਾਣੀ ਸੰਗ੍ਰਹਿ 'ਮੈਂਡਲ ਦਾ ਕਾਨੂੰਨ', ਬਲੀਜੀਤ (ਮੁਹਾਲੀ) ਦਾ ਕਹਾਣੀ ਸੰਗ੍ਰਹਿ 'ਉੱਚੀਆਂ ਆਵਾਜ਼ਾਂ' ਸ਼ਾਮਿਲ ਹਨ। ਇਨ੍ਹਾਂ ਵਿਚੋਂ ਇਕ ਪੁਸਤਕ ਨੂੰ 25 ਹਜ਼ਾਰ ਕੈਨੇਡੀਅਨ ਡਾਲਰ ਅਤੇ ਦੋ ਨੂੰ 10-10 ਹਜ਼ਾਰ ਕੈਨੇਡੀਅਨ ਡਾਲਰ ਦਾ ਪੁਰਸਕਾਰ ਦੇਣ ਦਾ ਐਲਾਨ 16 ਨਵੰਬਰ 2023, ਦਿਨ ਵੀਰਵਾਰ ਨੂੰ ਨੌਰਥਵਿਊ ਗੋਲਫ ਐਂਡ ਕੰਟਰੀ ਕਲੱਬ, ਸਰੀ, ਕਨੈਡਾ ਵਿਖੇ ਹੋ ਰਹੇ ਸਨਮਾਨ ਸਮਾਗਮ ਵਿਚ ਕੀਤਾ ਜਾਵੇਗਾ।

ਸ੍ਰੀ ਢਾਹਾਂ ਨੇ ਕਿਹਾ ਕਿ 2023 ਦੇ ਢਾਹਾਂ ਸਾਹਿਤ ਇਨਾਮ ਜੇਤੂ ਪੰਜਾਬੀ ਸਾਹਿਤ ਜਗਤ ਦੇ ਵਧੀਆ ਲੇਖਕ ਹਸਤੀਆਂ ਹਨ। ਉਨ੍ਹਾਂ ਦੀਆਂ ਕਹਾਣੀਆਂ ਦੇ ਭਾਵ ਸਾਡੇ ਮਨਾਂ ਨੂੰ ਖਿੱਚ ਪਾਉਣ ਵਾਲੇ ਹਨ ਅਤੇ ਇਹ ਪੁਸਤਕਾਂ ਪੰਜਾਬੀ ਸਾਹਿਤ ਨੂੰ ਵਿਲੱਖਣ ਸੰਦੇਸ਼ ਦੇਣ ਵਾਲੀਆਂ ਹਨ। ਪੰਜਾਬੀ ਜ਼ੁਬਾਨ ਦੀ ਅਮੀਰ ਵਿਰਾਸਤ ਨੂੰ ਜੋੜਨ ਵਾਲੇ ਢਾਹਾਂ ਸਾਹਿਤ ਇਨਾਮ ਦਾ ਉਦੇਸ਼ ਸਰਹੱਦਾਂ ਤੋਂ ਉਪਰ ਉਠ ਕੇ ਪੰਜਾਬੀ ਸਾਹਿਤ ਰਚਨਾ ਨੂੰ ਉਤਸ਼ਾਹਿਤ ਕਰਨਾ, ਵਿਸ਼ਵ ਭਰ ਦੇ ਪੰਜਾਬੀ ਭਾਈਚਾਰਿਆਂ ਨੂੰ ਜੋੜਨਾ, ਮਾਂ-ਬੋਲੀ ਅਤੇ ਪੰਜਾਬੀ ਭਾਸ਼ਾ-ਸਾਹਿਤ ਦਾ ਪਸਾਰ ਕਰਨਾ ਹੈ। ਇਹ ਪੁਰਸਕਾਰ ਲੇਖਕਾਂ ਨੂੰ ਆਲੋਚਨਾਤਮਕ ਪਛਾਣ ਅਤੇ ਪ੍ਰਸਿੱਧੀ ਦਿੰਦਾ ਹੈ ਜਿਸ ਨਾਲ ਉਨ੍ਹਾਂ ਲਈ ਕੌਮਾਂਤਰੀ ਪੱਧਰ 'ਤੇ ਬਹੁ-ਭਾਸ਼ੀ ਪਾਠਕਾਂ ਤੱਕ ਪਹੁੰਚਣ ਦਾ ਰਸਤਾ ਵੀ ਮਿਲਦਾ ਹੈ।

ਉਨ੍ਹਾਂ ਦੱਸਿਆ ਕਿ ਢਾਹਾਂ ਸਾਹਿਤ ਇਨਾਮ ਵੈਨਕੂਵਰ, ਬ੍ਰਿਟਿਸ਼ ਕੋਲੰਬੀਆ ਵਿਚ ਸਥਾਪਿਤ ਕੀਤਾ ਗਿਆ ਸੀ ਜਿੱਥੇ ਪੰਜਾਬੀ ਲੋਕਾਂ, ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਦਾ ਅਮੀਰ ਇਤਿਹਾਸ ਹੈ। ਪੰਜਾਬੀ ਹੁਣ ਕੈਨੇਡਾ ਵਿਚ ਤੀਜੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ ਅਤੇ ਦੇਸ਼ ਦੇ ਬਹੁ-ਸੱਭਿਆਚਾਰਕ ਤਾਣੇ-ਬਾਣੇ ਵਿਚ ਮਜ਼ਬੂਤ ਧਾਗਾ ਹੈ। ਇਸ ਸਾਲ 2023 ਦੇ ਸਨਮਾਨ ਸਮਾਗਮਾਂ ਵਿਚ ਪੰਜਾਬੀ ਸਿੱਖ ਕਲਾਕਾਰ, ਗਾਇਕ, ਲੇਖਕ ਅਤੇ ਬੁਲਾਰਾ ਕੀਰਤ ਕੌਰ ਨਾਲ ਮੀਡੀਆ ਸ਼ਖਸੀਅਤ ਤਰੰਨੁਮ ਥਿੰਦ ਵੀ ਸ਼ਾਮਲ ਹੋਣਗੇ।

ਜ਼ਿਕਰਯੋਗ ਹੈ ਕਿ ਢਾਹਾਂ ਸਾਹਿਤ ਇਨਾਮ ਵੈਨਕੂਵਰ ਵਿਚ ਕੈਨੇਡਾ ਇੰਡੀਆ ਐਜੂਕੇਸ਼ਨ ਸੁਸਾਇਟੀ ਦੁਆਰਾ ਦਿੱਤਾ ਜਾਂਦਾ ਹੈ ਜੋ ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਦੇ ਏਸ਼ੀਅਨ ਸਟੱਡੀਜ਼ ਵਿਭਾਗ ਦੇ ਸਹਿਯੋਗ ਨਾਲ ਬਣਾਇਆ ਗਿਆ ਸੀ। ਇਸ ਪੁਰਸਕਾਰ ਵਿਚ ਸ੍ਰੀ ਬਰਜਿੰਦਰ ਸਿੰਘ ਢਾਹਾਂ, ਉਨ੍ਹਾਂ ਪਤਨੀ ਰੀਟਾ ਢਾਹਾਂ ਦਾ ਮੁੱਖ ਯੋਗਦਾਨ ਹੈ। 2013 ਵਿਚ ਸਥਾਪਤ ਢਾਹਾਂ ਸਾਹਿਤ ਇਨਾਮ ਪੰਜਾਬੀ ਭਾਸ਼ਾ ਵਿਚ ਗਲਪ ਪੁਸਤਕਾਂ ਲਈ ਸਭ ਤੋਂ ਵੱਡਾ, ਅੰਤਰਰਾਸ਼ਟਰੀ ਸਾਹਿਤਕ ਇਨਾਮ ਹੈ।

## ਭਾਰਤ ਨੇ ਕੈਨੇਡਾ ਨੂੰ ਆਪਣੇ 41 ਡਿਪਲੋਮੈਟ ਵਾਪਸ ਸੱਦਣ ਲਈ ਕਿਹਾ

**ਨਵੀਂ ਦਿੱਲੀ:** ਭਾਰਤ ਨੇ ਕੈਨੇਡਾ ਨੂੰ ਕਿਹਾ ਹੈ ਕਿ ਉਹ 10 ਅਕਤੂਬਰ ਤੱਕ ਆਪਣੇ 41 ਡਿਪਲੋਮੈਟਾਂ ਨੂੰ ਵਾਪਸ ਬੁਲਾ ਲਵੇ।

ਰਿਪੋਰਟਾਂ ਵਿਚ ਕਿਹਾ ਗਿਆ ਹੈ ਕਿ ਭਾਰਤ ਨੇ ਕੈਨੇਡਾ ਨੂੰ ਦੱਸ ਦਿੱਤਾ ਹੈ ਕਿ ਜੇ ਡਿਪਲੋਮੈਟਾਂ ਨੂੰ ਤੈਅ ਸਮੇਂ ਤੱਕ ਵਾਪਸ ਨਾ ਸੱਦਿਆਂ ਤਾਂ ਉਨ੍ਹਾਂ ਦੀਆਂ ਡਿਪਲੋਮੈਟਿਕ ਰਿਆਇਤਾਂ ਖਤਮ ਕਰ ਦਿੱਤੀਆਂ ਜਾਣਗੀਆਂ। ਭਾਰਤ ਵਿਚ 60 ਤੋਂ ਵੱਧ ਕੈਨੇਡੀਅਨ ਡਿਪਲੋਮੈਟ ਤਾਇਨਾਤ ਹਨ।

ਯਾਦ ਰਹੇ ਕਿ ਪਿਛਲੇ ਮਹੀਨੇ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਸੰਸਦ ਵਿਚ ਦੋਸ਼ ਲਾਇਆ ਗਿਆ ਸੀ ਕਿ ਖਾਲਿਸਤਾਨ ਪੱਖੀ ਹਰਦੀਪ ਸਿੰਘ ਨਿੱਝਰ ਦੇ ਕਤਲ ਵਿਚ ਭਾਰਤੀ ਖੁਫੀਆ ਏਜੰਟ ਸ਼ਾਮਲ ਹੋ ਸਕਦੇ ਹਨ ਜਿਸ ਮਗਰੋਂ ਦੋਵਾਂ ਦੇਸਾਂ ਦੇ ਕੂਟਨੀਤਕ ਸਬੰਧਾਂ ਵਿਚ ਕੁੜੱਤਣ ਵਧ ਗਈ। ਇਹ ਸਿਲਸਿਲਾ ਅਜੇ ਵੀ ਖਤਮ ਨਹੀਂ ਹੋਇਆ ਹੈ

## ਬਰਤਾਨੀਆ 'ਚ ਸਿੱਖ ਮਰੀਜ਼ ਨਾਲ ਨਸਲਵਾਦ ਦਾ ਮਾਮਲਾ ਉਜਾਗਰ

**ਲੰਡਨ:** ਬਰਤਾਨੀਆ ਵਿਚ 'ਸੰਸਥਾਗਤ ਨਸਲਵਾਦ' ਦੀ ਇਕ ਹੈਰਾਨੀਜਨਕ ਘਟਨਾ ਦਾ ਖੁਲਾਸਾ ਹੋਇਆ ਹੈ। ਰਿਪੋਰਟ ਮੁਤਾਬਕ ਨਰਸਾਂ ਨੇ ਇਕ ਸਿੱਖ ਮਰੀਜ਼ ਦੀ ਦਾੜ੍ਹੀ ਨੂੰ ਪਲਾਸਟਿਕ ਦੇ ਦਸਤਾਨਿਆਂ ਨਾਲ ਬੰਨ੍ਹਿਆ, ਉਸ ਨੂੰ ਆਪਣੇ ਹੀ ਪਿਸ਼ਾਬ 'ਚ ਪਿਆ ਰਹਿਣ ਦਿੱਤਾ ਤੇ ਅਜਿਹਾ ਭੋਜਨ ਖਾਣ ਲਈ ਦਿੱਤਾ ਜੋ ਉਹ ਧਾਰਮਿਕ ਕਾਰਨਾਂ ਕਰ ਕੇ ਨਹੀਂ ਖਾ ਸਕਦਾ ਸੀ।

ਮੀਡੀਆ ਰਿਪੋਰਟ ਮੁਤਾਬਕ ਮਰੀਜ਼ ਵੱਲੋਂ ਇਸ ਪੱਖਪਾਤ ਬਾਰੇ ਇਕ ਨੋਟ ਰਾਹੀਂ ਸ਼ਿਕਾਇਤ ਕਰਨ ਦੇ ਬਾਵਜੂਦ, ਨਰਸਾਂ ਨੂੰ ਕੰਮ ਜਾਰੀ ਰੱਖਣ ਦਿੱਤਾ ਗਿਆ।' 'ਦਿ ਇੰਡੇਪੈਂਡੇਂਟ' ਦੀ ਰਿਪੋਰਟ ਵਿਚ ਬਰਤਾਨੀਆ ਦੇ ਰੈਗੂਲੇਟਰ 'ਨਰਸਿੰਗ ਐਂਡ ਮਿਡਵਾਈਫਰੀ ਕੌਂਸਲ' (ਐੱਨ.ਐਮ.ਸੀ.) ਦੇ ਇਕ ਡੋਜੀਅਰ ਦਾ ਹਵਾਲਾ ਦਿੱਤਾ ਗਿਆ, ਜਿਸ ਨੂੰ ਅਖਬਾਰ ਕੋਲ ਕਿਸੇ ਨੇ ਲੀਕ ਕੀਤਾ ਹੈ। ਇਸ ਡੋਜੀਅਰ ਵਿਚ ਨਰਸਿੰਗ ਸਟਾਫ ਤੇ ਮਰੀਜ਼ਾਂ ਨਾਲ ਜੁੜੀਆਂ ਨਸਲਵਾਦ ਦੀਆਂ ਕਈ ਘਟਨਾਵਾਂ ਦਾ ਜਿਕਰ ਹੈ। ਕੌਂਸਲ ਨੇ ਅਖਬਾਰ ਦੀ ਰਿਪੋਰਟ ਤੋਂ ਬਾਅਦ ਜਾਂਚ ਸ਼ੁਰੂ ਕਰ ਦਿੱਤੀ ਹੈ। ਐਨ.ਐਮ.ਸੀ. 'ਚੋਂ ਇਹ ਮਾਮਲਾ ਸਾਹਮਣੇ ਲਿਆਉਣ ਵਾਲੇ ਇਕ ਸੀਨੀਅਰ ਕਰਮੀ ਨੇ ਦਾਅਵਾ ਕੀਤਾ ਹੈ ਕਿ ਰੈਗੂਲੇਟਰ ਪਿਛਲੇ 15 ਸਾਲਾਂ ਤੋਂ 'ਸੰਸਥਾਗਤ ਨਸਲਵਾਦ' ਖਿਲਾਫ ਕਦਮ ਚੁੱਕਣ ਵਿਚ ਅਸਫਲ ਰਿਹਾ ਹੈ ਤੇ ਇਸ ਕਾਰਨ ਐਨ.ਐਮ.ਸੀ. ਸਟਾਫ ਨੂੰ ਖੁੱਲ੍ਹ ਮਿਲੀ ਹੈ।

ਸਿੱਖ ਮਰੀਜ਼ ਨਾਲ ਸਬੰਧਤ ਮਾਮਲੇ ਵਿਚ ਵਿਅਕਤੀ ਜਾਂ ਹਸਪਤਾਲ ਬਾਰੇ ਹੋਰ ਕੁਝ ਨਹੀਂ ਦੱਸਿਆ ਗਿਆ। ਮਾਮਲਾ ਸਾਹਮਣੇ ਲਿਆਉਣ ਵਾਲੇ ਨੇ ਐੱਨ.ਐਮ.ਸੀ. ਨੂੰ ਅਪੀਲ ਕੀਤੀ ਹੈ ਕਿ ਉਹ ਨਸਲਵਾਦ ਦੇ ਮਾਮਲਿਆਂ ਵਿਚ ਚੁੱਕੇ ਆਪਣੇ ਕਦਮਾਂ ਉਤੇ ਗੌਰ ਕਰੇ।

## ਹੁਣ ਪੰਜਾਬ ਸਿਰ ਚੜ੍ਹੇ ਕਰਜ਼ੇ ਦਾ ਹਿਸਾਬ-ਕਿਤਾਬ ਹੋਣ ਲੱਗਾ

***(ਪਹਿਲੇ ਸਫੇ ਦੀ ਬਾਕੀ)***

ਵਿਚ ਮਿਲਿਆ ਹੈ ਅਤੇ 'ਰਾਜ ਨਹੀਂ ਸੇਵਾ' (ਅਕਾਲੀ-ਭਾਜਪਾ ਸਰਕਾਰ) ਵਾਲਿਆਂ ਨੇ ਇਹ ਕਰਜ਼ਾ ਦਿੱਤਾ ਹੈ।

ਭਗਵੰਤ ਮਾਨ ਦਾ ਰਾਜਪਾਲ ਨੂੰ ਦਿੱਤਾ ਹਿਸਾਬ-ਕਿਤਾਬ ਸਾਫ ਕਰਦਾ ਹੈ ਕਿ ਕਰਜ਼ੇ ਦੇ ਜਾਲ ਵਿਚੋਂ ਨਿਕਲਣਾ ਇਕੱਲੇ ਪੰਜਾਬ ਦੇ ਵੱਸ ਦੀ ਗੱਲ ਨਹੀਂ ਹੈ। ਇਥੋਂ ਤੱਕ ਕਿ ਪੰਜਾਬ ਸਰਕਾਰ ਦੀ ਆਮਦਨ ਤੋਂ ਪਿਛਲੇ ਕਰਜ਼ੇ ਦੇ ਵਿਆਜ ਦਾ ਭਾਰ ਵੀ ਨਹੀਂ ਚੁੱਕਿਆ ਜਾ ਰਿਹਾ ਹੈ। ਉਪਰੋਂ ਕੇਂਦਰ ਸਰਕਾਰ ਕੁਝ ਰਾਹਤ ਦੀ ਥਾਂ ਆਨੇ-ਬਹਾਨੇ ਪੰਜਾਬ ਦੇ ਫੰਡ ਰੋਕ ਕੇ ਸੂਬੇ ਨੂੰ ਘੇਰਨ ਵਿਚ ਜੁਟੀ ਹੋਈ ਹੈ।

ਅੰਕੜੇ ਦੱਸਦੇ ਹਨ ਕਿ ਸਾਂਝੇ ਪੰਜਾਬ ਉਤੇ ਸਾਲ 1952 ਵਿਚ ਕਰੀਬ 78.31 ਕਰੋੜ ਰੁਪਏ ਦਾ ਕਰਜ਼ਾ ਸੀ ਜੋ ਸਾਲ 1964 ਵਿਚ ਵਧ ਕੇ 350 ਕਰੋੜ ਰੁਪਏ ਹੋ ਗਿਆ ਸੀ। ਪੰਜਾਬੀ ਸੂਬਾ ਬਣਨ ਮਗਰੋਂ ਜਦੋਂ ਪੰਜਾਬ ਵਿਚ 80ਵਿਆਂ ਦੌਰਾਨ ਕਰੀਬ ਡੇਢ ਦਹਾਕਾ ਕਾਲਾ ਦੌਰ ਰਿਹਾ ਤਾਂ ਉਸ ਸਮੇਂ ਦੌਰਾਨ ਪੰਜਾਬ ਵਿਚ ਆਮਦਨ ਨੂੰ ਵੱਡਾ ਖੋਰਾ ਲੱਗਿਆ ਅਤੇ ਸਰਕਾਰ ਨੂੰ ਕਰੀਬ 38 ਹਜ਼ਾਰ ਕਰੋੜ ਦਾ ਕਰਜ਼ਾ ਚੁੱਕਣਾ ਪਿਆ। ਉਸ ਮਗਰੋਂ ਸਾਲ 2007-08 ਵਿਚ ਪੰਜਾਬ ਸਿਰ ਕਰਜ਼ਾ 55,982 ਕਰੋੜ, 2017-18 ਵਿਚ ਇਹ ਕਰਜ਼ਾ ਵਧ ਕੇ 1.82 ਲੱਖ ਕਰੋੜ ਹੋ ਗਿਆ ਸੀ। 'ਆਪ' ਹਕੂਮਤ ਦੇ ਆਉਣ ਸਮੇਂ ਇਹ ਕਰਜ਼ਾ 2.82 ਲੱਖ ਕਰੋੜ ਹੋ ਗਿਆ। ਹੁਣ ਤੱਕ ਇਹ ਕਰਜ਼ਾ ਸਵਾ ਤਿੰਨ ਲੱਖ ਕਰੋੜ ਨੇੜੇ ਪਹੁੰਚ ਗਿਆ ਹੈ। ਪੰਜਾਬ ਹੁਣ ਤੱਕ ਇਹੀ ਤਰਕ ਦਿੰਦਾ ਆਇਆ ਹੈ ਕਿ ਇਹ ਕਰਜ਼ਾ ਸੂਬੇ ਨੂੰ ਕਾਲੇ ਦੌਰ ਦੀ ਦੇਣ ਹੈ। ਇਸ ਲਈ ਕੇਂਦਰ ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਸੂਬੇ ਦੀ ਬਾਂਹ ਫੜੇ। ਹਾਲਾਂਕਿ ਕੇਂਦਰ ਵਿਚਲੀਆਂ ਸਰਕਾਰ ਹੁਣ ਤੱਕ ਅਤਿਵਾਦ ਖਿਲਾਫ ਲੜਾਈ ਲੜਨ ਵਾਲੇ ਇਸ ਸੂਬੇ ਨੂੰ ਕੋਈ ਰਾਹਤ ਦੇਣ ਦੀ ਥਾਂ ਵਿੱਤੀ ਪੱਖੋਂ ਘੇਰਨ ਵਿਚ ਹੀ ਜੁਟੀਆਂ ਰਹੀਆਂ ਹਨ। ਪਿਛਲੇ ਕੁਝ ਸਮੇਂ ਤੋਂ ਕੇਂਦਰੀ ਨੁਮਾਇੰਦੇ (ਰਾਜਪਾਲ) ਵੱਲੋਂ ਸੂਬੇ ਦੀ ਮਦਦ ਲਈ ਕੇਂਦਰ ਕੋਲ ਪਹੁੰਚ ਕਰਨ ਦੀ ਥਾਂ ਮੌਜੂਦ ਸਰਕਾਰ ਨੂੰ ਹੀ ਘੇਰਨ ਦੀਆਂ ਕੋਸ਼ਿਸ਼ਾਂ ਹਾਲਾਤ ਦੇ ਹੋਰ ਵਿਗੜਨ ਵੱਲ ਸਾਫ ਇਸ਼ਾਰਾ ਕਰ ਰਹੀਆਂ ਹਨ।

## ਪੰਜਾਬ ਸਰਕਾਰ ਵੱਲੋਂ 24 ਪੰਚਾਇਤਾਂ ਨੂੰ 'ਉੱਤਮ ਪਿੰਡ' ਦਾ ਐਵਾਰਡ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਸੂਬੇ ਦੇ 24 ਅਜਿਹੇ ਪਿੰਡਾਂ ਨੂੰ 'ਉੱਤਮ ਪਿੰਡ' ਦੇ ਸੂਬਾ ਪੱਧਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਹੈ, ਜਿਨ੍ਹਾਂ ਵੱਲੋਂ ਪਿੰਡਾਂ ਦੀ ਸਾਫ-ਸਫਾਈ, ਤਰਲ ਤੇ ਠੋਸ ਰਹਿੰਦ-ਖੂੰਹਦ ਦਾ ਸੁਚੱਜਾ ਪ੍ਰਬੰਧਨ ਅਤੇ ਬੁਨਿਆਦੀ ਸਵੱਛ ਸਹੂਲਤਾਂ ਪੱਖੋਂ ਉੱਤਮ ਕੰਮ ਕੀਤੇ ਗਏ ਹਨ। ਇੱਥੇ 'ਸਵੱਛ ਭਾਰਤ ਦਿਵਸ' ਮੌਕੇ ਸੂਬਾ ਪੱਧਰੀ ਸਮਾਗਮ ਵਿਚ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਬ੍ਰਮ ਸ਼ੰਕਰ ਜਿੰਪਾ ਵੱਲੋਂ ਪੰਚਾਇਤਾਂ ਦਾ ਸਨਮਾਨ ਕੀਤਾ ਗਿਆ। ਇਸੇ ਤਰ੍ਹਾਂ ਸਾਫ-ਸਫਾਈ ਰੱਖਣ, ਆਲੇ-ਦੁਆਲੇ ਨੂੰ ਖੂਬਸੂਰਤ ਬਣਾਉਣ ਅਤੇ ਸਵੱਛਤਾ ਦੀ ਮਹੱਤਤਾ ਬਾਰੇ ਜਾਗਰੂਕਤਾ ਫੈਲਾਉਣ ਲਈ ਪਿੰਡਾਂ ਦੇ 23 ਸਕੂਲਾਂ ਨੂੰ 'ਉੱਤਮ ਸਕੂਲ' ਅਤੇ 23 ਸਫਾਈ ਸੇਵਕਾਂ ਨੂੰ 'ਉੱਤਮ ਸਫਾਈ ਸੇਵਕ' ਪੁਰਸਕਾਰ ਦਿੱਤਾ ਗਿਆ ਹੈ। ਸ੍ਰੀ ਜਿੰਪਾ ਨੇ ਸੁਝਾਅ ਦਿੱਤਾ ਕਿ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਨੂੰ ਪੇਂਡੂ ਖੇਤਰਾਂ ਵਿਚ ਗੈਰ-ਸਰਕਾਰੀ ਸੰਗਠਨਾਂ (ਐਨ.ਜੀ.ਓਜ਼.), ਯੂਥ ਕਲੱਬਾਂ ਅਤੇ ਸਵੈ-ਸੇਵੀ ਸੰਸਥਾਵਾਂ ਨੂੰ ਲਾਮਬੰਦ ਕਰਨਾ ਚਾਹੀਦਾ ਹੈ।

## ਨਸ਼ਾ ਤਸਕਰੀ ਤੇ ਭ੍ਰਿਸ਼ਟਾਚਾਰ ਖਿਲਾਫ ਸਾਰੀਆਂ ਸਿਆਸੀ ਪਾਰਟੀਆਂ ਇਕਜੁੱਟ ਹੋਣ: ਕੇਜਰੀਵਾਲ

**ਪਟਿਆਲਾ:** 'ਮਿਸ਼ਨ ਸਿਹਤਮੰਦ ਪੰਜਾਬ' ਉੱਤੇ ਆਧਾਰਤ ਸਰਕਾਰੀ ਸਮਾਗਮ ਨੂੰ ਸਮਰਪਿਤ ਸੂਬਾਈ ਰੈਲੀ ਵਿਚ ਜੁੜੇ ਠਾਠਾਂ ਮਾਰਦੇ ਇਕੱਠ ਨੂੰ ਦੇਖ ਕੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਬਾਗੋ ਬਾਗ ਹੋ ਗਏ। ਉਨ੍ਹਾਂ ਦਾ ਤਰਕ ਸੀ ਕਿ ਲੋਕਾਂ ਦਾ ਇਸ ਕਦਰ ਸਰਕਾਰੀ ਸਮਾਗਮਾਂ ਵਿਚ ਵੀ ਹੁੰਮ-ਹੁਮਾ ਕੇ ਪੁੱਜਣਾ ਪੰਜਾਬ ਸਰਕਾਰ ਦੀਆਂ ਨੀਤੀਆਂ ਪ੍ਰਤੀ ਲੋਕ ਮਨਾਂ 'ਚ ਖੁਸ਼ੀ ਦੀ ਲਹਿਰ ਦਾ ਪ੍ਰਗਟਾਵਾ ਹੈ। ਉਨ੍ਹਾਂ ਕਿਹਾ ਕਿ ਸਿਆਸੀ ਧਿਰਾਂ ਨੂੰ ਚਾਹੀਦਾ ਹੈ ਕਿ ਉਹ ਭ੍ਰਿਸ਼ਟਾਚਾਰੀਆਂ ਅਤੇ ਨਸ਼ਾ ਤਸਕਰਾਂ ਜਾਂ ਉਨ੍ਹਾਂ ਦੇ ਹਮਾਇਤੀਆਂ ਨੂੰ ਆਪੋ-ਆਪਣੀਆਂ ਪਾਰਟੀਆਂ ਵਿਚੋਂ ਬਾਹਰ ਦਾ ਰਸਤਾ ਦਿਖਾਉਣ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਭ੍ਰਿਸ਼ਟਾਚਾਰੀਆਂ ਦੇ ਸੰਘ ਵਿਚ ਹੱਥ ਪਾ ਕੇ ਵੀ ਲੁੱਟ ਦਾ ਪੈਸਾ ਕੱਢ ਲਿਆਵੇਗੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਹਰਜੀਤ ਸਿੰਘ ਸਾਹੀ | ਰਘਬੀਰ ਸਿੰਘ ਘੁੰਨ | ਗੁਰਵੀਰ ਸਿੰਘ ਗਿੱਲ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਸਰਵਣ ਸਿੰਘ ਟਿਵਾਣਾ | ਦਰਸ਼ਨ ਸਿੰਘ ਦਰੜ | ਜਸਕਰਨ ਸਿੰਘ ਧਾਲੀਵਾਲ |
| ਜਸਬੀਰ ਕੌਰ ਢਿੱਲੋਂ | ਜੈਦੇਵ ਸਿੰਘ ਭੱਠਲ | ਡਾ. ਗੁਰਚਰਨ ਸਿੰਘ ਗਰੇਵਾਲ | ਅਮਰੀਕ ਸਿੰਘ (ਅਮਰ ਕਾਰਪੇਟ) |
| ਡਾ. ਇਨਕਲਾਬੀ ਥਾਂਦੀ | ਪਰਮਿੰਦਰ ਸਿੰਘ ਵਾਲੀਆ | ਰਾਜਿੰਦਰ ਸਿੰਘ ਬੈਂਸ | ਅੰਮ੍ਰਿਤਪਾਲ ਸਿੰਘ ਸੰਘਾ |
| ਦਰਸ਼ਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਮਨਦੀਪ ਸਿੰਘ ਭੂਰਾ | ਭੁਪਿੰਦਰ ਸਿੰਘ ਧਾਲੀਵਾਲ |
| ਹਰਦਿਆਲ ਸਿੰਘ ਦਿਓਲ | ਡਾ. ਤੇਜਿੰਦਰ ਸਿੰਘ ਮੰਡੇਰ | ਗੁਲਜ਼ਾਰ ਸਿੰਘ ਮੁਲਤਾਨੀ | ਅਮੋਲਕ ਸਿੰਘ ਗਾਖਲ |
| ਡਾ. ਗੁਰਦਿਆਲ ਸਿੰਘ ਬਸਰਾਨ | ਜਗਦੀਸ਼ਰ ਸਿੰਘ ਕਲੇਰ | ਅਵਤਾਰ ਸਿੰਘ ਸਪਰਿੰਗਫੀਲਡ | ਜਸਵਿੰਦਰ ਸਿੰਘ (ਜੱਸੀ) ਗਿੱਲ |

# ਨਿੱਝਰ ਦੀ ਹੱਤਿਆ ਨੂੰ ਸੰਗਠਿਤ ਤਰੀਕੇ ਨਾਲ ਅੰਜਾਮ ਦਿੱਤਾ ਗਿਆ: ਰਿਪੋਰਟ

**ਸਰੀ:** ਅਮਰੀਕੀ ਰੋਜ਼ਨਾਮਚੇ 'ਦਿ ਵਾਸ਼ਿੰਗਟਨ ਪੋਸਟ' ਨੇ ਇਕ ਵੀਡੀਓ ਦੀ ਸਮੀਖਿਆ ਤੇ ਗਵਾਹਾਂ ਦੇ ਹਵਾਲੇ ਨਾਲ ਆਪਣੀ ਇਕ ਰਿਪੋਰਟ ਵਿਚ ਦਾਅਵਾ ਕੀਤਾ ਹੈ ਕਿ ਕੈਨੇਡਾ ਆਧਾਰਿਤ ਖਾਲਿਸਤਾਨ ਪੱਖੀ ਵੱਖਵਾਦੀ ਆਗੂ ਹਰਦੀਪ ਸਿੰਘ ਨਿੱਝਰ ਦੀ ਜੂਨ ਮਹੀਨੇ ਬ੍ਰਿਟਿਸ਼ ਕੋਲੰਬੀਆ ਦੇ ਗੁਰਦੁਆਰੇ ਦੇ ਬਾਹਰ ਹੋਈ ਹੱਤਿਆ ਵਿਚ ਘੱਟੋ-ਘੱਟ ਛੇ ਵਿਅਕਤੀ ਤੇ ਦੋ ਵਾਹਨ ਸ਼ਾਮਲ ਸਨ। ਰੋਜ਼ਨਾਮਚੇ ਨੇ ਕਿਹਾ ਕਿ ਇਸ ਪੂਰੀ ਘਟਨਾ ਨੂੰ ਜਿਵੇਂ ਕਿ ਪਹਿਲਾਂ ਰਿਪੋਰਟ ਕੀਤਾ ਗਿਆ ਸੀ, ਤੋਂ ਵਧੇਰੇ ਸੰਗਠਿਤ ਤਰੀਕੇ ਨਾਲ ਅੰਜਾਮ ਦਿੱਤਾ ਗਿਆ।

ਰਿਪੋਰਟ ਮੁਤਾਬਕ ਸਥਾਨਕ ਸਿੱਖ ਭਾਈਚਾਰੇ ਦੇ ਮੈਂਬਰਾਂ ਨੇ ਦਾਅਵਾ ਕੀਤਾ ਕਿ ਅਧਿਕਾਰੀਆਂ ਨੇ 18 ਜੂਨ ਨੂੰ ਸਰੀ ਦੇ ਗੁਰੂ ਨਾਨਕ ਸਿੱਖ ਗੁਰਦੁਆਰੇ ਦੇ ਬਾਹਰ ਹੋਈ ਹੱਤਿਆ ਦੀ ਜਾਂਚ ਨੂੰ ਲੈ ਕੇ ਬਹੁਤੀ ਜਾਣਕਾਰੀ ਨਹੀਂ ਦਿੱਤੀ। ਉਨ੍ਹਾਂ ਕਿਹਾ ਕਿ ਪੁਲਿਸ ਹੱਤਿਆ ਵਾਲੇ ਦਿਨ ਬਹੁਤ ਦੇਰੀ ਨਾਲ ਮੌਕੇ 'ਤੇ ਪੁੱਜੀ ਸੀ। ਵੱਖ-ਵੱਖ ਏਜੰਸੀਆਂ ਵਿਚ ਅਸਹਿਮਤੀ ਕਰਕੇ ਜਾਂਚ ਹੋਰ ਲਮਕ ਗਈ। ਗੁਰਦੁਆਰੇ ਨੇੜਲੇ ਕਈ ਕਾਰੋਬਾਰੀਆਂ ਤੇ ਸਥਾਨਕ ਲੋਕਾਂ ਨੇ ਦੱਸਿਆ ਕਿ ਤਫਤੀਸ਼ਕਾਰਾਂ ਨੇ ਨਾ ਤਾਂ ਉਨ੍ਹਾਂ ਨੂੰ ਕੋਈ ਸਵਾਲ ਪੁੱਛੇ ਤੇ ਨਾ ਹੀ ਸੀ.ਸੀ.ਟੀ.ਵੀ. ਕੈਮਰਿਆਂ ਦੀ ਵੀਡੀਓ ਫੁਟੇਜ ਬਾਰੇ ਪੁੱਛਿਆ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਲੰਘੇ ਦਿਨੀਂ ਕੈਨੇਡਿਆਈ ਸੰਸਦ ਵਿਚ ਦਾਅਵਾ ਕੀਤਾ ਸੀ ਕਿ ਨਿੱਝਰ ਦੀ ਹੱਤਿਆ ਪਿੱਛੇ ਭਾਰਤ ਸਰਕਾਰ ਦੇ ਏਜੰਟਾਂ ਦਾ ਹੱਥ ਸੀ। ਇਨ੍ਹਾਂ ਦੋਸ਼ਾਂ ਦਾ ਆਧਾਰ ਫਾਈਵ ਆਈਜ਼ ਅਲਾਇੰਸ ਵੱਲੋਂ ਸਾਂਝੀ ਕੀਤੀ ਖੁਫੀਆ ਜਾਣਕਾਰੀ ਸੀ।



ਨਿੱਝਰ, ਜੋ ਗੁਰਦੁਆਰੇ ਦਾ ਪ੍ਰਧਾਨ ਵੀ ਸੀ, ਦੇ ਪਰਿਵਾਰ ਮੁਤਾਬਕ ਉਸ ਨੂੰ ਪਹਿਲਾਂ ਵੀ ਜਾਨੋਂ ਮਾਰਨ ਦੀਆਂ ਧਮਕੀਆਂ ਮਿਲੀਆਂ ਸਨ। ਨਿੱਝਰ ਦੇ ਕਤਲ ਦੀ ਵਾਰਦਾਤ ਗੁਰਦੁਆਰੇ ਦੇ ਸੀ.ਸੀ.ਟੀ.ਵੀ. ਕੈਮਰੇ ਵਿਚ ਰਿਕਾਰਡ ਹੋ ਗਈ ਸੀ ਤੇ ਰੋਜ਼ਨਾਮਚੇ ਦੀ ਰਿਪੋਰਟ ਮੁਤਾਬਕ ਇਸ ਦੀ ਵੀਡੀਓ ਤਫਤੀਸ਼ਕਾਰਾਂ ਨਾਲ ਸਾਂਝੀ ਕੀਤੀ ਗਈ ਸੀ। ਡੇਢ ਮਿੰਟ ਦੀ ਇਸ ਵੀਡੀਓ ਵਿਚ ਗੁਰਦੁਆਰੇ ਦੇ ਬਾਹਰ ਪਾਰਕਿੰਗ ਸਪੇਸ ਵਿਚ ਸਲੇਟੀ ਰੰਗ ਦਾ ਪਿਕਅੱਪ ਟਰੱਕ ਆ ਕੇ ਰੁਕਦਾ ਹੈ। ਇਸ ਦੌਰਾਨ ਉਥੇ ਸਫੇਦ ਰੰਗ ਦੀ ਸਿਡਾਨ ਆਉਂਦੀ ਹੈ ਤੇ ਟਰੱਕ ਦੇ ਬਿਲਕੁਲ ਕੋਲ ਆ ਕੇ ਖੜਦੀ ਹੈ। ਇਸ ਦੌਰਾਨ ਟਰੱਕ ਰਫਤਾਰ ਫੜਦਾ ਹੈ ਤਾਂ ਸਿਡਾਨ ਵੀ ਉਸ ਦੇ ਨਾਲ ਹੋ ਤੁਰਦੀ ਹੈ। ਟਰੱਕ ਜਿਵੇਂ ਹੀ ਪਾਰਕਿੰਗ ਲਾਟ 'ਚੋਂ ਨਿਕਲਣ ਲੱਗਦਾ ਹੈ ਤਾਂ ਸਿਡਾਨ ਅੱਗੇ ਹੋ ਕੇ ਉਸ ਦਾ ਰਾਹ ਰੋਕ ਲੈਂਦੀ ਹੈ। ਇਸ ਦੌਰਾਨ ਦੋ ਵਿਅਕਤੀ, ਜਿਨ੍ਹਾਂ ਹੁੱਡੀਆਂ ਵਾਲੀਆਂ ਸਵੈੱਟਸ਼ਰਟਾਂ ਪਾਈਆਂ ਹੋਈਆਂ ਸਨ ਤੇ ਜੋ ਉਥੇ ਕਵਰਡ ਵੇਟਿੰਗ ਏਰੀਆ ਵਿਚ ਖੜ੍ਹੇ ਸਨ, ਟਰੱਕ ਵੱਲ ਵਧਦੇ ਹਨ। ਦੋਵਾਂ ਵੱਲੋਂ ਡਰਾਈਵਰ ਦੀ ਸੀਟ ਵੱਲ ਗੋਲੀਆਂ ਚਲਾਈਆਂ ਜਾਂਦੀਆਂ ਹਨ। ਮਗਰੋਂ ਸਿਡਾਨ ਉਥੋਂ ਰਫੂਚੱਕਰ ਹੋ ਜਾਂਦੀ ਹੈ। ਇਹ ਦੋਵੇਂ ਵਿਅਕਤੀ ਵੀ ਉਸੇ ਦਿਸ਼ਾ ਵਿਚ ਭੱਜਦੇ ਹਨ। ਜਾਂਚਕਾਰਾਂ ਨੇ ਅਜੇ ਤੱਕ ਇਹ ਜਨਤਕ ਨਹੀਂ ਕੀਤਾ ਕਿ ਸਫੇਦ ਸਿਡਾਨ ਨੂੰ ਕੌਣ ਚਲਾ ਰਿਹਾ ਸੀ ਤੇ ਇਕ ਹੋਰ ਕਾਰ ਵਿਚ ਸਵਾਰ ਦੋ ਹੋਰ ਵਿਅਕਤੀਆਂ ਦਾ ਵੀ ਜ਼ਿਕਰ ਨਹੀਂ ਕੀਤਾ।

## ਸਾਜ਼ਿਸ਼ਘਾੜਿਆਂ ਨੂੰ ਕਟਹਿਰੇ 'ਚ ਖੜ੍ਹਾ ਕੀਤਾ ਜਾਵੇ: ਅਮਰੀਕਾ

**ਵਾਸ਼ਿੰਗਟਨ:** ਅਮਰੀਕਾ ਨੇ ਕਿਹਾ ਕਿ ਸਿੱਖ ਵੱਖਵਾਦੀ ਆਗੂ ਹਰਦੀਪ ਸਿੰਘ ਨਿੱਝਰ ਹੱਤਿਆ ਮਾਮਲੇ ਵਿਚ ਕੈਨੇਡਾ ਵੱਲੋਂ ਕੀਤੀ ਜਾ ਰਹੀ ਤਫਤੀਸ਼ ਅੱਗੇ ਵਧੇ ਤੇ ਸਾਜ਼ਿਸ਼ਘਾੜਿਆਂ ਨੂੰ ਨਿਆਂ ਦੇ ਕਟਹਿਰੇ ਵਿਚ ਖੜ੍ਹਾ ਕੀਤਾ ਜਾਵੇ। ਵਿਦੇਸ਼ ਮੰਤਰਾਲੇ ਦੇ ਤਰਜਮਾਨ ਮੈਥਿਊ ਮਿੱਲਰ ਨੇ ਪੱਤਰਕਾਰਾਂ ਨੂੰ ਦੱਸਿਆ, ''ਅਸੀਂ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਲਾਏ ਦੋਸ਼ਾਂ ਤੋਂ ਵੱਡੇ ਫਿਕਰਮੰਦ ਹਾਂ। ਅਸੀਂ ਆਪਣੇ ਕੈਨੇਡੀਅਨ ਭਾਈਵਾਲਾਂ ਦੇ ਸੰਪਰਕ ਵਿਚ ਹਾਂ। ਸਾਡਾ ਮੰਨਣਾ ਹੈ ਕਿ ਕੈਨੇਡਾ ਦੀ ਜਾਂਚ ਦਾ ਅੱਗੇ ਵਧਣਾ ਤੇ ਸਾਜ਼ਿਸ਼ਘਾੜਿਆਂ ਨੂੰ ਨਿਆਂ ਦੇ ਕਟਹਿਰੇ 'ਚ ਖੜ੍ਹਾਉਣਾ ਅਹਿਮ ਹੈ। ਅਸੀਂ ਜਨਤਕ ਤੇ ਨਿੱਜੀ, ਦੋਵਾਂ ਤਰੀਕਿਆਂ ਨਾਲ ਭਾਰਤ ਸਰਕਾਰ ਨੂੰ ਅਪੀਲ ਕਰ ਚੁੱਕੇ ਹਾਂ ਕਿ ਉਹ ਕੈਨੇਡੀਅਨ ਤਫਤੀਸ਼ ਵਿਚ ਸਹਿਯੋਗ ਕਰੇ।''


## ਭਾਰਤ ਤੇ ਕੈਨੇਡਾ ਵਿਚਾਲੇ ਗੱਲਬਾਤ ਜ਼ਰੂਰੀ: ਜੈਸ਼ੰਕਰ

**ਵਾਸ਼ਿੰਗਟਨ:** ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਕਿਹਾ ਕਿ ਇਕ ਖਾਲਿਸਤਾਨੀ ਵੱਖਵਾਦੀ ਦੀ ਹੱਤਿਆ 'ਤੇ ਆਪਣੇ ਵਖਰੇਵਿਆਂ ਨੂੰ ਦੂਰ ਕਰਨ ਲਈ ਭਾਰਤ ਤੇ ਕੈਨੇਡਾ ਨੂੰ ਇਕ-ਦੂਜੇ ਨਾਲ ਗੱਲ ਕਰਨੀ ਚਾਹੀਦੀ ਹੈ, ਪਰ ਵੱਡਾ ਮੁੱਦਾ ਕੈਨੇਡੀਅਨ ਸਰਕਾਰ ਵੱਲੋਂ ਅਤਿਵਾਦ, ਕੱਟੜਵਾਦ ਅਤੇ ਹਿੰਸਾ ਨੂੰ 'ਹੱਦੋਂ ਵੱਧ ਖੁੱਲ੍ਹ ਦੇਣਾ ਹੈ', ਜਿਸ 'ਤੇ ਗੌਰ ਕਰ ਕੇ ਹੱਲ ਕੱਢਣ ਦੀ ਲੋੜ ਹੈ। ਭਾਰਤੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜੈਸ਼ੰਕਰ ਨੇ ਕਿਹਾ ਕਿ ਭਾਰਤ, ਕੈਨੇਡਾ ਦੇ ਦੋਸ਼ਾਂ ਨਾਲ ਸਬੰਧਤ ਸੂਚਨਾ ਉਤੇ ਗੌਰ ਕਰਨ ਤਿਆਰ ਹੈ, ਜਿਸ ਤਹਿਤ ਹੱਤਿਆ 'ਚ 'ਭਾਰਤੀ ਏਜੰਟਾਂ ਦੀ ਸ਼ਮੂਲੀਅਤ' ਦੇ ਦੋਸ਼ ਲਾਏ ਗਏ ਹਨ।

## ਫੌਜੀ ਬਲਾਂ ਨੂੰ ਆਧੁਨਿਕ ਸਾਜ਼ੋ-ਸਾਮਾਨ ਨਾਲ ਲੈਸ ਕਰਨ ਦੀ ਲੋੜ: ਰਾਜਨਾਥ

**ਨਵੀਂ ਦਿੱਲੀ:** ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਤਿੰਨੇ ਸੈਨਾਵਾਂ ਵੱਲੋਂ ਵਿੱਤੀ ਸਰੋਤਾਂ ਦੀ ਢੁਕਵੀਂ ਵਰਤੋਂ ਕਰਨ ਦੀ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਭਾਰਤ ਨੂੰ 2047 ਤੱਕ ਇਕ ਵਿਕਸਿਤ ਮੁਲਕ ਬਣਾਉਣ ਲਈ ਫੌਜੀ ਬਲਾਂ ਨੂੰ ਆਧੁਨਿਕ ਸਾਜ਼ੋ-ਸਾਮਾਨ ਨਾਲ ਲੈਸ ਕਰਨ ਦੀ ਲੋੜ ਹੈ। ਉਨ੍ਹਾਂ ਦਿੱਲੀ ਛਾਉਣੀ ਵਿਚ ਰੱਖਿਆ ਲੇਖਾ ਵਿਭਾਗ (ਡੀ.ਏ.ਡੀ.) ਦੇ 276ਵੇਂ ਸਾਲਾਨਾ ਸਮਾਗਮ ਦੌਰਾਨ ਕਈ ਡਿਜੀਟਲ ਪਹਿਲਾਂ ਦੀ ਸ਼ੁਰੂਆਤ ਕਰਨ ਮਗਰੋਂ ਇਹ ਟਿੱਪਣੀ ਕੀਤੀ।

ਡੀ.ਏ.ਡੀ. ਨੂੰ 'ਰੱਖਿਆ ਵਿੱਤ ਦਾ ਰੱਖਿਅਕ' ਦੱਸਦਿਆਂ ਉਨ੍ਹਾਂ ਅੰਦਰੂਨੀ ਚੌਕਸੀ ਪ੍ਰਬੰਧ ਨੂੰ ਮਜ਼ਬੂਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਤਾਂ ਜੋ ਕਿਸੇ ਵੀ ਸ਼ੱਕੀ ਗਤੀਵਿਧੀ ਦਾ ਤੁਰਤ ਪਤਾ ਲਗਾ ਕੇ ਉਸ ਦੀ ਸਮੀਖਿਆ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਨਾਲ ਨਾ ਸਿਰਫ ਸਮੱਸਿਆ ਦੇ ਜਲਦੀ ਨਿਬੇੜੇ 'ਚ ਮਦਦ ਮਿਲੇਗੀ ਬਲਕਿ ਵਿਭਾਗ ਪ੍ਰਤੀ ਲੋਕਾਂ ਦਾ ਭਰੋਸਾ ਵੀ ਵਧੇਗਾ। ਉਨ੍ਹਾਂ ਕਿਹਾ, 'ਜੇਕਰ ਅਸੀਂ ਇਕ ਵਿਕਸਿਤ ਮੁਲਕ ਬਣਾਉਣਾ ਚਾਹੁੰਦੇ ਹਾਂ ਤਾਂ ਸਾਨੂੰ ਆਧੁਨਿਕ ਹਥਿਆਰਾਂ ਤੇ ਉਪਕਰਨਾਂ ਨਾਲ ਮਜ਼ਬੂਤ ਹਥਿਆਰਬੰਦ ਬਲਾਂ ਦੀ ਲੋੜ ਹੋਵੇਗੀ। ਇਸ ਲਈ ਸਾਡੇ ਕੋਲ ਉਪਲਬਧ ਵਿੱਤੀ ਸਰੋਤਾਂ ਦੀ ਢੁਕਵੇਂ ਢੰਗ ਨਾਲ ਵਰਤੋਂ ਜ਼ਰੂਰੀ ਹੈ।'



## ਉੱਘੇ ਖੇਤੀ ਵਿਗਿਆਨੀ ਐਮ.ਐਸ. ਸਵਾਮੀਨਾਥਨ ਦਾ ਦੇਹਾਂਤ

**ਚੇਨੱਈ:** ਭੁੱਖਮਰੀ ਖਿਲਾਫ਼ ਉਮਰ ਭਰ ਸੰਘਰਸ਼ ਕਰਨ ਅਤੇ ਦੇਸ਼ 'ਚ ਹਰੇ ਇਨਕਲਾਬ ਦੇ ਮੋਢੀ ਉੱਘੇ ਖੇਤੀ ਵਿਗਿਆਨੀ ਐੱਮ ਐੱਸ ਸਵਾਮੀਨਾਥਨ (98) ਦਾ ਦੇਹਾਂਤ ਹੋ ਗਿਆ। ਉਨ੍ਹਾਂ ਦੇ ਪਰਿਵਾਰ 'ਚ ਤਿੰਨ ਧੀਆਂ ਹਨ ਜਿਨ੍ਹਾਂ 'ਚੋਂ ਇਕ ਡਾਕਟਰ ਸੌਮਿਆ ਸਵਾਮੀਨਾਥਨ ਵਿਸ਼ਵ ਸਿਹਤ ਸੰਗਠਨ ਦੀ ਮੁੱਖ ਵਿਗਿਆਨੀ ਰਹੀ ਹੈ। ਭੋਜਨ ਅਤੇ ਪੋਸ਼ਣ ਸੁਰੱਖਿਆ ਦੀ ਵਕਾਲਤ ਕਰਨ ਵਾਲੇ ਸਵਾਮੀਨਾਥਨ ਨੇ 1960ਵਿਆਂ ਦੌਰਾਨ ਅਜਿਹਾ ਇਤਿਹਾਸਕ ਕੰਮ ਕੀਤਾ ਜਿਸ ਨਾਲ ਅਕਾਲ ਦਾ ਕੋਈ ਜ਼ਿਆਦਾ ਅਸਰ ਨਹੀਂ ਪਿਆ। ਉਹ ਵੱਡੀ ਉਮਰ ਨਾਲ ਜੁੜੀਆਂ ਬਿਮਾਰੀਆਂ ਤੋਂ ਪੀੜਤ। ਉਨ੍ਹਾਂ ਦੇ ਦੇਹਾਂਤ 'ਤੇ ਰਾਸ਼ਟਰਪਤੀ ਦਰੋਪਦੀ ਮੁਰਮੂ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਹੋਰਾਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਮੁਰਮੂ ਨੇ ਕਿਹਾ ਕਿ ਸਵਾਮੀਨਾਥਨ ਆਪਣੇ ਪਿੱਛੇ ਅਮੀਰ ਵਿਰਸਾ ਛੱਡ ਗਏ ਹਨ ਜੋ ਦੁਨੀਆ ਨੂੰ ਮਨੁੱਖਤਾ ਲਈ ਇਕ ਸੁਰੱਖਿਅਤ ਅਤੇ ਭੁੱਖ-ਮੁਕਤ ਭਵਿੱਖ ਵੱਲ ਲਿਜਾਣ 'ਚ ਮਾਰਗ ਦਰਸ਼ਕ ਵਜੋਂ ਕੰਮ ਕਰੇਗਾ। ਉਪ ਰਾਸ਼ਟਰਪਤੀ ਜਗਦੀਪ ਧਨਖੜ ਨੇ ਕਿਹਾ ਕਿ ਸਵਾਮੀਨਾਥਨ ਵੱਲੋਂ ਲੱਖਾਂ ਕਿਸਾਨਾਂ ਦੀ ਖੁਸ਼ਹਾਲੀ ਲਈ ਪਾਏ ਯੋਗਦਾਨ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਸਵਾਮੀਨਾਥਨ ਦੇ ਇਤਿਹਾਸਕ ਕੰਮ ਨੇ ਲੱਖਾਂ ਲੋਕਾਂ ਦੀ ਜ਼ਿੰਦਗੀ ਬਦਲ ਦਿੱਤੀ ਅਤੇ ਦੇਸ਼ ਦੀ ਖੁਰਾਕ ਸੁਰੱਖਿਆ ਯਕੀਨੀ ਬਣਾਈ। ਭਾਰਤੀ ਖੇਤੀ ਖੋਜ ਇੰਸਟੀਚਿਊਟ ਦੇ ਡਾਇਰੈਕਟਰ ਏ.ਕੇ. ਸਿੰਘ ਨੇ ਕਿਹਾ ਕਿ ਸਵਾਮੀਨਾਥਨ ਦੇ ਦੇਹਾਂਤ ਨਾਲ ਖੇਤੀ ਖੋਜ, ਸਿੱਖਿਆ ਅਤੇ ਵਿਸਥਾਰ 'ਚ ਕਾਢਾਂ ਦੇ ਇਕ ਯੁੱਗ ਦਾ ਅੰਤ ਹੋ ਗਿਆ ਹੈ।



## ਅਸਾਮ 'ਚ ਅਫਸਪਾ ਵਧਿਆ

**ਗੁਹਾਟੀ:** ਅਸਾਮ ਪੁਲਿਸ ਅਨੁਸਾਰ ਸੂਬੇ ਦੇ 4 ਜ਼ਿਲ੍ਹਿਆਂ 'ਚ ਹਥਿਆਰਬੰਦ ਸੈਨਾਵਾਂ ਨੂੰ ਵਿਸ਼ੇਸ਼ ਤਾਕਤਾਂ ਦੇਣ ਵਾਲਾ ਐਕਟ (ਅਫਸਪਾ) 6 ਹੋਰ ਮਹੀਨਿਆਂ ਲਈ ਵਧਾ ਦਿੱਤਾ ਹੈ। ਅਸਾਮ ਪੁਲਿਸ ਦਿਵਸ ਸਮਾਗਮ ਦੌਰਾਨ ਡੀ.ਜੀ.ਪੀ. ਗਿਆਨੇਂਦਰ ਪ੍ਰਤਾਪ ਸਿੰਘ ਨੇ ਕਿਹਾ ਕਿ 4 ਹੋਰ ਜ਼ਿਲ੍ਹਿਆਂ ਨੂੰ 'ਗੜਬੜੀ ਵਾਲੇ ਇਲਾਕੇ' ਦੀ ਸੂਚੀ 'ਚੋਂ ਕੱਢ ਦਿੱਤਾ ਹੈ। ਡਿਬਰੂਗੜ੍ਹ, ਤਿਨਸੁਕੀਆ, ਸ਼ਿਵਸਾਗਰ ਅਤੇ ਚਰਾਈਦਿਓ ਜ਼ਿਲ੍ਹਿਆਂ 'ਚ ਹੀ ਅਫਸਪਾ ਲਾਗੂ ਰਹੇਗਾ। ਉਨ੍ਹਾਂ ਕਿਹਾ ਕਿ ਜੋਰਹਾਟ, ਗੋਲਾਘਾਟ, ਕਾਰਬੀ ਐਂਗਲੌਂਗ ਅਤੇ ਦੀਮਾ ਹਸਾਓ ਜ਼ਿਲ੍ਹਿਆਂ ਤੋਂ ਅਫਸਪਾ ਵਾਪਸ ਲੈ ਲਿਆ ਗਿਆ ਹੈ। ਅਸਾਮ ਸਰਕਾਰ ਨੇ ਇਨ੍ਹਾਂ ਅੱਠ ਜ਼ਿਲ੍ਹਿਆਂ 'ਚ ਪਹਿਲੀ ਅਪਰੈਲ ਨੂੰ ਅਫਸਪਾ ਵਧਾਉਣ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਸੀ।

## ਭਾਰਤ ਤੇ ਬੰਗਲਾਦੇਸ਼ ਵੱਲੋਂ ਮੁਕਤ ਵਪਾਰ ਸਮਝੌਤੇ ਲਈ ਸੰਵਾਦ ਸ਼ੁਰੂ

**ਨਵੀਂ ਦਿੱਲੀ:** ਭਾਰਤ ਤੇ ਬੰਗਲਾਦੇਸ਼ ਨੇ ਆਰਥਿਕ ਸਬੰਧਾਂ ਦੇ ਪ੍ਰਚਾਰ ਪਾਸਾਰ ਲਈ ਦੋਵਾਂ ਮੁਲਕਾਂ ਦਰਮਿਆਨ ਮੁਕਤ ਵਪਾਰ ਸਮਝੌਤੇ ਬਾਰੇ ਗੱਲਬਾਤ ਦਾ ਅਮਲ ਸ਼ੁਰੂ ਕਰ ਦਿੱਤਾ ਹੈ। ਸਰਕਾਰੀ ਬਿਆਨ ਮੁਤਾਬਕ ਭਾਰਤ ਤੇ ਬੰਗਲਾਦੇਸ਼ ਦਰਮਿਆਨ ਵਪਾਰ ਬਾਰੇ ਸਾਂਝੇ ਵਰਕਿੰਗ ਗਰੁੱਪ ਦੀ ਢਾਕਾ ਵਿਚ ਪਿਛਲੇ ਹਫਤੇ ਹੋਈ ਅਧਿਕਾਰੀ ਪੱਧਰ ਦੀ ਬੈਠਕ ਦੌਰਾਨ ਇਸ ਮਸਲੇ 'ਤੇ ਚਰਚਾ ਹੋਈ।

ਵਣਜ ਮੰਤਰਾਲੇ ਨੇ ਇਕ ਬਿਆਨ ਵਿਚ ਕਿਹਾ, ''ਬੈਠਕ ਦੌਰਾਨ ਬੰਦਰਗਾਹਾਂ 'ਤੇ ਪਾਬੰਦੀਆਂ ਹਟਾਉਣ, ਵਿਆਪਕ ਆਰਥਿਕ ਭਾਈਵਾਲੀ ਸਮਝੌਤੇ(ਸੀ.ਈ.ਪੀ.ਏ.) ਨੂੰ ਅਮਲ ਵਿਚ ਲਿਆਉਣ ਲਈ ਜ਼ਮੀਨੀ ਪੱਧਰ 'ਤੇ ਕੰਮ, ਮਾਪਦੰਡਾਂ ਨੂੰ ਲੈ ਕੇ ਇਕਸੁਰਤਾ ਤੇ ਪਰਸਪਰ ਪਛਾਣ, ਬੰਗਲਾਦੇਸ਼ ਨੂੰ ਜ਼ਰੂਰੀ ਵਸਤਾਂ ਦੀ ਸਪਲਾਈ ਆਦਿ ਦੁਵੱਲੇ ਮਸਲਿਆਂ 'ਤੇ ਚਰਚਾ ਕੀਤੀ ਗਈ।''



ਸੀ.ਈ.ਪੀ.ਏ. ਇਕ ਤਰ੍ਹਾਂ ਦਾ ਮੁਕਤ ਵਪਾਰ ਸਮਝੌਤਾ ਹੈ, ਜਿਸ ਤਹਿਤ ਦੋ ਕਾਰੋਬਾਰੀ ਭਾਈਵਾਲ ਉਨ੍ਹਾਂ ਵਸਤਾਂ 'ਤੇ ਕਸਟਮ ਡਿਊਟੀ ਘਟਾਉਂਦੇ ਜਾਂ ਫਿਰ ਖਤਮ ਕਰ ਦਿੰਦੇ ਹਨ, ਜਿਨ੍ਹਾਂ ਦਾ ਉਹ ਇਕ ਦੂਜੇ ਨਾਲ ਕਾਰੋਬਾਰ ਕਰਦੇ ਹਨ। ਇਸ ਤੋਂ ਇਲਾਵਾ ਉਹ ਸੇਵਾਵਾਂ ਤੇ ਨਿਵੇਸ਼ ਨਾਲ ਜੁੜੇ ਕਾਰੋਬਾਰ ਦੇ ਪ੍ਰਚਾਰ ਪਾਸਾਰ ਲਈ ਨੇਮਾਂ ਵਿਚ ਵੀ ਛੋਟ ਦਿੰਦੇ ਹਨ।

## ਕਰਾਚੀ 'ਚ ਹਾਫਿਜ਼ ਸਈਦ ਦੇ ਕਰੀਬੀ ਦੀ ਗੋਲੀਆਂ ਮਾਰ ਕੇ ਹੱਤਿਆ

**ਨਵੀਂ ਦਿੱਲੀ:** ਅਤਿਵਾਦੀ ਜਥੇਬੰਦੀ ਲਸ਼ਕਰ-ਏ-ਤੋਇਬਾ ਦੇ ਹਾਫਿਜ਼ ਸਈਦ ਦੇ ਇਕ ਕਰੀਬੀ ਨੂੰ ਕਰਾਚੀ ਵਿਚ ਅਣਪਛਾਤਿਆਂ ਨੇ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ ਹੈ। ਮ੍ਰਿਤਕ ਦੀ ਸ਼ਨਾਖਤ ਮੁਫਤੀ ਕੈਸਰ ਫਾਰੂਕ ਵਜੋਂ ਹੋਈ ਹੈ। ਸਈਦ ਨੂੰ ਮੁੰਬਈ ਹਮਲਿਆਂ ਦਾ ਮੁੱਖ ਸਾਜ਼ਿਸ਼ਕਰਤਾ ਮੰਨਿਆ ਜਾਂਦਾ ਹੈ। ਇਸੇ ਮਹੀਨੇ ਕਰਾਚੀ ਵਿਚ ਹੀ ਮੌਲਾਨਾ ਜ਼ਿਆ ਉਰ ਰਹਿਮਾਨ ਦੀ ਵੀ ਮੋਟਰਸਾਈਕਲ ਸਵਾਰਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਸੂਤਰਾਂ ਮੁਤਾਬਕ ਪਾਕਿਸਤਾਨੀ ਏਜੰਸੀਆਂ ਪੂਰੀ ਕੋਸ਼ਿਸ਼ ਕਰ ਰਹੀਆਂ ਹਨ ਕਿ ਜ਼ਿਆ ਉਰ ਰਹਿਮਾਨ ਤੇ ਕੈਸਰ ਦਾ ਸਈਦ ਅਤੇ ਲਸ਼ਕਰ ਨਾਲ ਕੋਈ ਸਬੰਧ ਸਾਬਤ ਨਾ ਹੋਣ ਦਿੱਤਾ ਜਾਵੇ ਤੇ ਉਨ੍ਹਾਂ ਨੂੰ ਧਾਰਮਿਕ ਸ਼ਖਸੀਅਤਾਂ ਵਜੋਂ ਹੀ ਦਰਸਾਇਆ ਜਾਵੇ। ਇਸ ਤੋਂ ਪਹਿਲਾਂ ਆਈ.ਐਸ.ਆਈ. ਨਾਲ ਸਬੰਧਤ ਖਾਲਿਸਤਾਨ ਕਮਾਂਡੋ ਫੋਰਸ ਦੇ ਮੁਖੀ ਪਰਮਜੀਤ ਸਿੰਘ ਪੰਜਵੜ ਦੀ ਵੀ ਪਾਕਿਸਤਾਨ ਵਿਚ ਹੱਤਿਆ ਕਰ ਦਿੱਤੀ ਗਈ ਸੀ।

## ਨਿੱਜੀ ਪ੍ਰਗਟਾਵੇ ਦਾ ਸੰਵਿਧਾਨਕ ਸਨਮਾਨ ਸਾਡੀ ਤਰਜੀਹ: ਜਸਟਿਨ ਟਰੂਡੋ

**ਵੈਨਕੂਵਰ:** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਚਾਨਕ ਬਰੈਂਪਟਨ ਦੇ ਸਿਟੀ ਸੈਂਟਰ ਪਹੁੰਚੇ, ਜਿਥੇ ਉਹ ਵੱਖ-ਵੱਖ ਲੋਕਾਂ ਨੂੰ ਮਿਲੇ ਤੇ ਉਨ੍ਹਾਂ ਦੇ ਵਿਚਾਰ ਸੁਣ ਕੇ ਆਪਣੀ ਸਰਕਾਰ ਦੀ ਪ੍ਰਤੀਬੱਧਤਾ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਕੈਨੇਡਾ ਦੇ ਸੰਵਿਧਾਨ ਵਿਚ ਹਰੇਕ ਨੂੰ ਸ਼ਾਂਤਮਈ ਢੰਗ ਨਾਲ ਨਿੱਜੀ ਵਿਚਾਰ ਪ੍ਰਗਟਾਉਣ ਦਾ ਹੱਕ ਹੈ, ਜਿਸ ਦਾ ਸਨਮਾਨ ਕਰਨਾ ਸਾਡੀ ਪਹਿਲ ਰਹੀ ਹੈ ਅਤੇ ਇਸ ਤਰਜੀਹ ਨੂੰ ਹਮੇਸ਼ਾ ਬਰਕਰਾਰ ਰੱਖਿਆ ਜਾਵੇਗਾ।

ਪ੍ਰਧਾਨ ਮੰਤਰੀ ਨੇ ਕਿਹਾ, ''ਕੈਨੇਡਾ 'ਚ ਦੁਨੀਆ ਦੇ ਹਰ ਦੇਸ਼ ਤੋਂ ਆਏ ਲੋਕ ਵੱਸਦੇ ਹਨ ਤੇ ਹਰੇਕ ਦੇ ਜ਼ਿੰਦਗੀ ਬਾਰੇ ਨਿੱਜੀ ਵਿਸ਼ਵਾਸ ਹਨ, ਜਿਸ ਦਾ ਇਕਸਾਰ ਸਤਿਕਾਰ ਕਰਨਾ ਸਰਕਾਰ ਦਾ ਫਰਜ਼ ਹੈ।'' ਉਨ੍ਹਾਂ ਦ੍ਰਿੜਤਾ ਨਾਲ ਕਿਹਾ, ''ਸਰਕਾਰ ਵਿਅਕਤੀਗਤ ਵਿਤਕਰੇ ਨੂੰ ਕਿਸੇ ਹਾਲਤ 'ਚ ਵੀ ਬਰਦਾਸ਼ਤ ਨਹੀਂ ਕਰ ਸਕਦੀ ਤੇ ਅਜਿਹਾ ਕਰਨ ਵਾਲਿਆਂ ਲਈ ਦੇਸ਼ ਦੇ ਸੰਵਿਧਾਨ 'ਚ ਸਖਤ ਕਨੂੰਨ ਹਨ। ਦੌਰੇ ਦਾ ਬਹੁਤਾ ਸਮਾਂ ਉਨ੍ਹਾਂ ਨੇ ਲੋਕਾਂ ਨੂੰ ਮਿਲਣ 'ਚ ਗੁਜ਼ਾਰਿਆ।



ਟਰੂਡੋ ਨੇ ਦੁਹਰਾਇਆ ਕਿ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਮਾਮਲੇ ਵਿਚ ਜਾਂਚਕਰਤਾਵਾਂ ਦੇ ਹੱਥ ਵਿਦੇਸ਼ੀ ਦਖਲ ਦੇ ਪੁਖਤਾ ਸਬੂਤ ਲੱਗਣ ਮਗਰੋਂ ਹੀ ਉਨ੍ਹਾਂ ਨੂੰ ਇਹ ਗੱਲ ਦੁਨੀਆ ਸਾਹਮਣੇ ਲਿਆਉਣ ਲਈ ਮਜਬੂਰ ਹੋਣਾ ਪਿਆ ਤਾਂ ਕਿ ਇਸ ਤਰ੍ਹਾਂ ਦੇ ਮਾੜੇ ਰੁਝਾਨ ਨੂੰ ਇਥੇ ਹੀ ਨੱਥ ਪਾਈ ਜਾ ਸਕੇ।

ਪੰਜਾਬੀਆਂ ਦੀ ਵੱਡੀ ਵੱਸੋਂ ਵਾਲੇ ਬਰੈਂਪਟਨ 'ਚ ਪ੍ਰਧਾਨ ਮੰਤਰੀ ਦੀ ਆਮਦ ਬਾਰੇ ਪਤਾ ਲੱਗਣ 'ਤੇ ਵੱਡੀ ਗਿਣਤੀ ਲੋਕ ਉਥੇ ਪਹੁੰਚਣੇ ਸ਼ੁਰੂ ਹੋ ਗਏ ਸਨ।

## ਅਮਰੀਕਾ ਨੂੰ ਵਿਵਾਦ ਜਲਦੀ ਹੱਲ ਹੋਣ ਦੀ ਆਸ

**ਵਾਸ਼ਿੰਗਟਨ:** ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਕੈਨੇਡਾ ਤੇ ਭਾਰਤ ਮਸਲੇ ਨੂੰ ਜਲਦੀ ਹੱਲ ਕਰ ਲੈਣਗੇ। ਉਨ੍ਹਾਂ ਨਾਲ ਹੀ ਕਿਹਾ ਕਿ ਉਹ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਲਾਏ ਦੋਸ਼ਾਂ ਬਾਰੇ ਫਿਕਰਮੰਦ ਹਨ। ਬਲਿੰਕਨ ਨੇ ਕਿਹਾ ਕਿ ਇਸ ਮਾਮਲੇ ਬਾਰੇ ਕੈਨੇਡਾ ਨਾਲ ਨੇੜਿਓਂ ਰਾਬਤਾ ਕੀਤਾ ਜਾ ਰਿਹਾ ਹੈ, ਪਰ ਨਾਲ ਹੀ ਉਹ ਭਾਰਤ ਸਰਕਾਰ ਦੇ ਵੀ ਸੰਪਰਕ ਵਿਚ ਹਨ, ਤੇ ਉਨ੍ਹਾਂ ਨੂੰ ਜਾਂਚ ਵਿਚ ਕੈਨੇਡਾ ਨਾਲ ਮਿਲ ਕੇ ਕੰਮ ਕਰਨ ਦੀ ਅਪੀਲ ਕੀਤੀ ਹੈ। ਅਮਰੀਕੀ ਵਿਦੇਸ਼ ਮੰਤਰੀ ਨੇ ਕਿਹਾ, 'ਜਿਹੜੇ ਜ਼ਿੰਮੇਵਾਰ ਹਨ, ਉਨ੍ਹਾਂ ਦੀ ਜ਼ਿੰਮੇਵਾਰੀ ਤੈਅ ਕਰਨੀ ਜ਼ਰੂਰੀ ਹੈ, ਤੇ ਅਸੀਂ ਆਸ ਕਰਦੇ ਹਾਂ ਕਿ ਭਾਰਤ ਤੇ ਕੈਨੇਡਾ ਵਿਚ ਸਾਡੇ ਮਿੱਤਰ ਇਸ ਮਸਲੇ ਦੇ ਹੱਲ ਲਈ ਮਿਲ ਕੇ ਕੰਮ ਕਰਨਗੇ।

# ਭਾਰਤ ਵਿਚ ਬੜੀ ਤੇਜ਼ੀ ਨਾਲ ਵਧ ਰਹੀ ਹੈ ਬਜ਼ੁਰਗਾਂ ਦੀ ਆਬਾਦੀ

**ਨਵੀਂ ਦਿੱਲੀ:** ਭਾਰਤ ਵਿਚ ਬਜ਼ੁਰਗਾਂ ਦੀ ਆਬਾਦੀ ਬੜੀ ਤੇਜ਼ੀ ਨਾਲ ਵਧ ਰਹੀ ਹੈ ਅਤੇ ਇਸ ਸਦੀ ਦੇ ਮੱਧ ਤੱਕ ਇਹ ਬੱਚਿਆਂ ਦੀ ਆਬਾਦੀ ਨੂੰ ਪਾਰ ਕਰ ਸਕਦੀ ਹੈ। ਇਹ ਜਾਣਕਾਰੀ ਸੰਯੁਕਤ ਰਾਸ਼ਟਰ ਆਬਾਦੀ ਫੰਡ (ਯੂ.ਐਨ.ਐਫ.ਪੀ.ਏ.) ਦੀ ਨਵੀਂ ਰਿਪੋਰਟ ਵਿਚ ਸਾਹਮਣੇ ਆਈ ਹੈ। ਰਿਪੋਰਟ ਵਿਚ ਕਿਹਾ ਹੈ ਕਿ ਆਉਣ ਵਾਲੇ ਦਹਾਕਿਆਂ ਵਿਚ ਨੌਜਵਾਨ ਭਾਰਤ ਤੇਜ਼ੀ ਨਾਲ ਬੁਢਾਪੇ ਵਾਲੇ ਸਮਾਜ ਵਿਚ ਬਦਲ ਜਾਵੇਗਾ। ਭਾਰਤ ਦੁਨੀਆ ਵਿਚ ਅੱਲੜਾਂ ਅਤੇ ਨੌਜਵਾਨਾਂ ਦੀ ਸਭ ਤੋਂ ਵੱਡੀ ਆਬਾਦੀ ਵਾਲਾ ਦੇਸ਼ ਹੈ। ਯੂ.ਐਨ.ਐਫ.ਪੀ.ਏ. ਦੀ 'ਇੰਡੀਆ ਏਜਿੰਗ ਰਿਪੋਰਟ 2023' ਅਨੁਸਾਰ ਕੌਮੀ ਪੱਧਰ 'ਤੇ ਬਜ਼ੁਰਗਾਂ (60 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲੋਕਾਂ) ਦੀ ਹਿੱਸੇਦਾਰੀ 2021 ਵਿਚ 10.1 ਪ੍ਰਤੀਸ਼ਤ ਸੀ, ਜੋ 2036 ਵਿਚ 15 ਪ੍ਰਤੀਸ਼ਤ ਅਤੇ 2050 ਵਿਚ 20.8 ਪ੍ਰਤੀਸ਼ਤ ਤੱਕ ਵਧਣ ਦਾ ਅਨੁਮਾਨ ਹੈ। ਰਿਪੋਰਟ ਵਿਚ ਕਿਹਾ ਹੈ, 'ਸਦੀ ਦੇ ਅੰਤ ਤੱਕ ਦੇਸ਼ ਦੀ ਕੁੱਲ ਆਬਾਦੀ ਵਿਚ ਬਜ਼ੁਰਗਾਂ ਦੀ ਗਿਣਤੀ 36 ਫੀਸਦੀ ਤੋਂ ਵੱਧ ਹੋ ਜਾਵੇਗੀ।'



ਇਹ ਅੰਕੜੇ ਭਾਰਤ ਸਰਕਾਰ ਦੀ 'ਭਾਰਤ ਵਿਚ ਨੌਜਵਾਨ' ਰਿਪੋਰਟ ਦੇ ਅੰਕੜਿਆਂ ਨਾਲ ਵੀ ਮੇਲ ਖਾਂਦੇ ਹਨ। ਇਸ ਰਿਪੋਰਟ ਅਨੁਸਾਰ 1991 ਵਿਚ 60 ਸਾਲ ਦੀ ਉਮਰ ਤੋਂ ਵੱਧ ਵਾਲੇ ਲੋਕ ਕੁੱਲ ਵਸੋਂ ਦਾ 6.8 ਫੀਸਦੀ ਸਨ ਜੋ 2016 ਵਿਚ ਵਧ ਕੇ 9.2 ਫੀਸਦੀ ਹੋ ਗਏ ਤੇ 2036 ਤਕ 14.9 ਫੀਸਦੀ ਹੋ ਜਾਣਗੇ।

ਸੰਯੁਕਤ ਰਾਸ਼ਟਰ ਦੀ ਰਿਪੋਰਟ ਅਨੁਸਾਰ ਵੱਡੀ ਉਮਰ ਵਾਲੇ ਲੋਕਾਂ ਵਿਚੋਂ 40 ਫੀਸਦੀ ਲੋਕ 'ਬਹੁਤ ਗਰੀਬ ਲੋਕਾਂ' ਦੀ ਸ਼੍ਰੇਣੀ ਵਿਚ ਆਉਂਦੇ ਹਨ। ਉਨ੍ਹਾਂ ਕੋਲ ਨਾ ਤਾਂ ਜ਼ਿਆਦਾ ਆਰਥਿਕ ਵਸੀਲੇ ਹਨ ਅਤੇ ਨਾ ਹੀ ਸਿਹਤ ਸੰਭਾਲ ਦੇ ਕੇਂਦਰਾਂ ਤੱਕ ਪਹੁੰਚ। ਸਾਡੇ ਦੇਸ਼ ਵਿਚ ਸਮਾਜਿਕ ਸੁਰੱਖਿਆ ਦਾ ਘੇਰਾ ਵੀ ਬਹੁਤ ਸੀਮਤ ਹੈ। ਬੁਢਾਪਾ ਪੈਨਸ਼ਨ ਦੇਣ ਵਾਲੀਆਂ ਸਕੀਮਾਂ ਕੁਝ ਸੂਬਿਆਂ ਵਿਚ ਲਾਗੂ ਹਨ ਅਤੇ ਕੁਝ ਵਿਚ ਨਹੀਂ।

## ਸਰਕਾਰੀ ਨੌਕਰੀ ਵਾਲੇ ਪੈਨਸ਼ਨ ਤੋਂ ਵੀ ਵਾਂਝੇ

**ਨਵੀਂ ਦਿੱਲੀ:** 2004 ਤੋਂ ਬਾਅਦ ਸਰਕਾਰੀ ਨੌਕਰੀ ਕਰਨ ਵਾਲੇ ਵਿਅਕਤੀਆਂ ਨੂੰ ਵੀ ਪੈਨਸ਼ਨ ਤੋਂ ਵਾਂਝੇ ਕਰ ਦਿੱਤਾ ਗਿਆ ਹੈ। ਕੁਝ ਸੂਬਾ ਸਰਕਾਰਾਂ ਨੇ ਭਾਵੇਂ ਇਹ ਪੈਨਸ਼ਨ ਬਹਾਲ ਕਰਨ ਦੇ ਐਲਾਨ ਕੀਤੇ ਹਨ ਪਰ ਇਹ ਭਵਿੱਖ ਹੀ ਦੱਸੇਗਾ ਕਿ ਉਨ੍ਹਾਂ ਨੂੰ ਅਮਲ ਵਿਚ ਕਿਵੇਂ ਲਿਆਂਦਾ ਜਾਂਦਾ ਹੈ। ਸਰਕਾਰੀ ਨੌਕਰੀਆਂ ਘਟੀਆਂ ਹਨ ਅਤੇ ਨੌਕਰੀਆਂ ਦੇਣ ਦਾ ਢੰਗ-ਤਰੀਕਾ ਵੀ। ਬਹੁਤ ਸਾਰੇ ਲੋਕਾਂ ਨੇ ਐਡਹਾਕ ਜਾਂ ਠੇਕੇ 'ਤੇ ਕੰਮ ਕਰਦੇ ਹੋਏ ਸੇਵਾਮੁਕਤ ਹੋਣਾ ਹੈ ਅਤੇ ਉਨ੍ਹਾਂ ਨੂੰ ਪੈਨਸ਼ਨ ਨਹੀਂ ਮਿਲਣੀ। ਗੈਰ-ਰਸਮੀ ਖੇਤਰ ਵਿਚ ਹਾਲਾਤ ਹੋਰ ਵੀ ਖਰਾਬ ਹਨ।

## ਵਿਦੇਸ਼ ਕਰਜ਼ਾ 629.1 ਅਰਬ ਡਾਲਰ ਤੱਕ ਪੁੱਜਿਆ

**ਮੁੰਬਈ:** ਭਾਰਤ ਦਾ ਵਿਦੇਸ਼ੀ ਕਰਜ਼ਾ ਜੂਨ 2023 ਦੇ ਅੰਤ ਵਿਚ ਮਾਮੂਲੀ ਤੌਰ ਉਤੇ ਵਧ ਕੇ 629.1 ਅਰਬ ਅਮਰੀਕੀ ਡਾਲਰ ਹੋ ਗਿਆ। ਭਾਰਤੀ ਰਿਜ਼ਰਵ ਬੈਂਕ ਵੱਲੋਂ ਜਾਰੀ ਅੰਕੜਿਆਂ ਵਿਚ ਇਹ ਗੱਲ ਸਾਹਮਣੇ ਆਈ ਹੈ। ਅੰਕੜਿਆਂ ਮੁਤਾਬਕ ਕਰਜ਼ੇ ਵਿਚ 4.7 ਅਰਬ ਅਮਰੀਕੀ ਡਾਲਰ ਦਾ ਵਾਧਾ ਹੋਇਆ ਹੈ। ਮਾਰਚ ਦੇ ਅੰਤ ਵਿਚ ਇਹ 624.3 ਅਰਬ ਅਮਰੀਕੀ ਡਾਲਰ ਸੀ।

# ਸਿੱਖ ਕੌਮ ਨੂੰ ਚੁਣੌਤੀਆਂ ਦਾ ਮੁਕਾਬਲਾ ਇਤਿਹਾਸ ਤੋਂ ਸੇਧ ਲੈ ਕੇ ਕਰਨ ਦੀ ਲੋੜ: ਜਥੇਦਾਰ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਗੁਰੂ ਸਿੰਘ ਸਭਾ ਲਹਿਰ ਦਾ 150 ਸਾਲਾ ਸਥਾਪਨਾ ਦਿਹਾੜਾ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਚ ਵਿਸ਼ਾਲ ਗੁਰਮਤਿ ਸਮਾਗਮ ਕਰਕੇ ਮਨਾਇਆ ਗਿਆ। ਇਸ ਸ਼ਤਾਬਦੀ ਸਮਾਗਮ ਮੌਕੇ ਸਿੱਖ ਬੁਲਾਰਿਆਂ ਨੇ ਸਿੰਘ ਸਭਾ ਲਹਿਰ ਦੇ ਇਤਿਹਾਸ ਅਤੇ ਯੋਗਦਾਨ ਦੀ ਰੌਸ਼ਨੀ 'ਚ ਸਿੱਖ ਕੌਮ ਨੂੰ ਦਰਪੇਸ਼ ਮੌਜੂਦਾ ਚੁਣੌਤੀਆਂ ਦਾ ਇਕਜੁੱਟਤਾ ਨਾਲ ਮੁਕਾਬਲਾ ਕਰਨ ਲਈ ਕਿਹਾ।

ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ 150 ਸਾਲ ਪਹਿਲਾਂ ਸ਼ੁਰੂ ਹੋਈ ਸਿੰਘ ਸਭਾ ਲਹਿਰ ਨੇ ਤਤਕਾਲੀ ਚੁਣੌਤੀਆਂ ਵਿਰੁੱਧ ਸਿੱਖ ਕੌਮ ਅੰਦਰ ਚੇਤੰਨ ਦਸਤਕ ਦਿੱਤੀ ਸੀ ਅਤੇ ਅੱਜ ਵੀ ਅਜਿਹੀਆਂ ਕਈ ਚੁਣੌਤੀਆਂ ਸਿੱਖ ਕੌਮ ਦੇ ਸਾਹਮਣੇ ਹਨ, ਜਿਨ੍ਹਾਂ ਦਾ ਮੁਕਾਬਲਾ ਇਤਿਹਾਸ ਤੋਂ ਸੇਧ ਲੈ ਕੇ ਕਰਨਾ ਪਵੇਗਾ।

ਉਨ੍ਹਾਂ ਕਿਹਾ ਕਿ ਤਤਕਾਲੀ ਹਾਲਾਤ ਵਾਂਗ ਮੌਜੂਦਾ ਸਮੇਂ ਵੀ ਇਸਾਈਅਤ ਦਾ ਭਰਮਜਾਲ ਧਰਮ ਪ੍ਰਚਾਰ ਦੇ ਨਾਂ 'ਤੇ ਫੈਲਾਇਆ ਜਾ ਰਿਹਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਇਸਾਈ ਧਰਮ ਦੇ ਪ੍ਰਚਾਰ ਕੇਂਦਰ ਖੋਲ੍ਹਣ ਲਈ ਵੱਧ ਪੈਸੇ ਦਾ ਲਾਲਚ ਦੇ ਕੇ ਜ਼ਮੀਨਾਂ ਲੈਣ ਦੀਆਂ ਕਈ ਸ਼ਿਕਾਇਤਾਂ ਪੁੱਜ ਰਹੀਆਂ ਹਨ। ਉਨ੍ਹਾਂ ਕਿਹਾ ਕਿ



ਜ਼ਿਮੀਦਾਰਾਂ ਨੂੰ ਸੁਚੇਤ ਹੋ ਕੇ ਇਸ ਵਰਤਾਰੇ 'ਤੇ ਰੋਕ ਲਗਾਉਣੀ ਪਵੇਗੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖੀ ਨੂੰ ਚੁਣੌਤੀਆਂ ਹਰ ਸਮੇਂ ਰਹੀਆਂ ਹਨ। ਗੁਰੂ ਸਾਹਿਬਾਨ ਦੇ ਸਮੇਂ ਤੋਂ ਹੀ ਸਿੱਖੀ ਦੇ ਮਨੁੱਖਤਾਵਾਦੀ ਸਿਧਾਂਤ ਹਾਕਮ ਸਰਕਾਰਾਂ ਨੂੰ ਰੜਕਦੇ ਰਹੇ ਹਨ। ਇਸੇ ਕਰ ਕੇ ਹੀ ਸਮੇਂ-ਸਮੇਂ ਕੌਮ ਨੂੰ ਕਮਜ਼ੋਰ ਕਰਨ ਦੀਆਂ ਚਾਲਾਂ ਚੱਲੀਆਂ ਜਾਂਦੀਆਂ ਰਹੀਆਂ। ਇਤਿਹਾਸ ਸਿੱਖਾਂ ਨੂੰ ਇਹ ਪ੍ਰੇਰਣਾ ਦਿੰਦਾ ਹੈ ਕਿ ਚੁਣੌਤੀਆਂ ਦੇ ਹੱਲ ਇਕਜੁਟਤਾ ਨਾਲ ਹੀ ਹੋ ਸਕਦੇ ਹਨ। ਮੌਜੂਦਾ ਸਮੇਂ ਵੀ ਪੰਥ ਵਿਰੋਧੀ ਸ਼ਕਤੀਆਂ ਸਿੱਖੀ ਦੀ ਗੱਲ ਕਰਨ ਵਾਲੀਆਂ ਸੰਸਥਾਵਾਂ ਨੂੰ ਕਮਜ਼ੋਰ ਕਰਨ 'ਤੇ ਲੱਗੀਆਂ ਹੋਈਆਂ ਹਨ, ਜਿਨ੍ਹਾਂ ਦੇ ਮੁਕਾਬਲੇ ਲਈ ਚੇਤੰਨ ਅਤੇ ਬੌਧਿਕ ਤੌਰ 'ਤੇ ਤਿਆਰ ਹੋਣਾ ਪਵੇਗਾ। ਇਸ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਰਾਗੀ ਜਥਿਆਂ ਨੇ ਗੁਰਬਾਣੀ ਦਾ ਕੀਰਤਨ ਕੀਤਾ। ਸਮਾਗਮ ਮੌਕੇ ਧਾਰਮਿਕ ਪ੍ਰੀਖਿਆ ਵਿਚੋਂ ਅੱਵਲ ਰਹਿਣ ਵਾਲੇ 1552 ਵਿਦਿਆਰਥੀਆਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ 32 ਲੱਖ ਰੁਪਏ ਦੀ ਰਾਸ਼ੀ ਵੰਡੀ।

## ਸਰਕਾਰ ਹੜ੍ਹਾਂ ਦਾ ਮੁਆਵਜ਼ਾ ਦੇਣ ਤੋਂ ਭੱਜੀ: ਸੁਖਬੀਰ

**ਫਿਰੋਜ਼ਪੁਰ:** ਹੜ੍ਹ ਪੀੜਤਾਂ ਨੂੰ ਮੁਆਵਜ਼ਾ ਜਾਰੀ ਕਰਨ ਅਤੇ ਨਸ਼ਾ ਤਸਕਰੀ ਨੂੰ ਠੱਲ੍ਹ ਪਾਉਣ ਲਈ ਅਕਾਲੀ ਦਲ ਨੇ ਡੀਸੀ ਦਫਤਰ ਸਾਹਮਣੇ ਮੁਜ਼ਾਹਰਾ ਕੀਤਾ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਧਰਨੇ ਨੂੰ ਸੰਬੋਧਨ ਕਰਦਿਆਂ ਹੜ੍ਹਾਂ ਲਈ ਸੂਬਾ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਆਖਿਆ ਕਿ 'ਆਪ' ਦੇ ਇਕ ਸੰਸਦ ਮੈਂਬਰ ਨੇ ਸਿੰਜਾਈ ਵਿਭਾਗ ਦੇ ਇੰਜੀਨੀਅਰਾਂ ਦੇ ਵਿਰੋਧ ਦੇ ਬਾਵਜੂਦ ਹਰੀ ਕੇ ਹੈੱਡ ਦੇ ਸਾਰੇ ਗੇਟ ਇਕੋ ਵਾਰ ਖੁੱਲ੍ਹਵਾ ਦਿੱਤੇ ਜਿਸ ਕਰਕੇ ਕਿਸਾਨਾਂ ਦੀ ਹਜ਼ਾਰਾਂ ਏਕੜ ਜ਼ਮੀਨ 'ਚ ਖੜ੍ਹੀ ਫ਼ਸਲ ਤਬਾਹ ਹੋ ਗਈ। ਉਨ੍ਹਾਂ ਕਿਹਾ ਕਿ ਹੁਣ ਸਰਕਾਰ ਇਸ ਨੁਕਸਾਨ ਦੀ ਭਰਪਾਈ ਤੋਂ ਭੱਜ ਰਹੀ ਹੈ। ਸੁਖਬੀਰ ਬਾਦਲ ਨੇ ਪੰਜਾਬ ਸਰਕਾਰ ਕੋਲੋਂ ਹੜ੍ਹ ਪ੍ਰਭਾਵਿਤ ਖੇਤਾਂ ਵਿਚ ਭਰੀ ਰੇਤ ਨੂੰ ਚੁੱਕਣ ਲਈ ਕਿਸਾਨਾਂ ਨੂੰ ਮਨਜ਼ੂਰੀ ਦਿੱਤੇ ਜਾਣ ਦੀ ਮੰਗ ਕੀਤੀ।

# ਐਨ.ਆਈ.ਏ. ਵੱਲੋਂ ਗੈਂਗਸਟਰ ਕੌਸ਼ਲ ਚੌਧਰੀ ਤੇ ਅਰਸ਼ ਡੱਲਾ ਵਿਚਕਾਰ ਸਬੰਧਾਂ ਬਾਰੇ ਖੁਲਾਸਾ

**ਨਵੀਂ ਦਿੱਲੀ:** ਗੈਂਗਸਟਰ ਲਾਰੈਂਸ ਬਿਸ਼ਨੋਈ ਤੇ ਦਵਿੰਦਰ ਬੰਬੀਹਾ ਦੇ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐਸ.ਆਈ. ਤੇ ਖਾਲਿਸਤਾਨੀ ਵੱਖਵਾਦੀਆਂ ਨਾਲ ਸਬੰਧਾਂ ਬਾਰੇ ਖੁਲਾਸਾ ਕਰਨ ਮਗਰੋਂ ਕੌਮੀ ਜਾਂਚ ਏਜੰਸੀ ਨੇ ਹੁਣ ਹਰਿਆਣਾ ਖਾਸ ਕਰਕੇ ਗੁਰੂਗ੍ਰਾਮ ਵਿਚ ਸਰਗਰਮ ਕੌਸ਼ਲ ਚੌਧਰੀ ਗਰੋਹ ਅਤੇ ਲੋੜੀਂਦੇ ਖਾਲਿਸਤਾਨੀ ਹਮਾਇਤੀ ਅਰਸ਼ਦੀਪ ਸਿੰਘ ਗਿੱਲ ਉਰਫ ਅਰਸ਼ ਡੱਲਾ ਵਿਚਾਲੇ ਰਿਸ਼ਤਿਆਂ ਤੋਂ ਪਰਦਾ ਚੁੱਕਿਆ ਹੈ। ਡੱਲਾ ਬੰਬੀਹਾ ਗਰੋਹ ਨਾਲ ਜੁੜਿਆ ਰਿਹਾ ਹੈ ਤੇ ਉਹ ਖਾਲਿਸਤਾਨ ਟਾਈਗਰ ਫੋਰਸ




ਦਾ ਮੈਂਬਰ ਹੈ। ਲਾਰੈਂਸ ਬਿਸ਼ਨੋਈ ਤੇ ਕੌਸ਼ਲ ਚੌਧਰੀ ਗਰੋਹ ਇਕ ਦੂਜੇ ਦੇ ਰਵਾਇਤੀ ਵਿਰੋਧੀ ਰਹੇ ਹਨ। ਐਨ.ਆਈ.ਏ. ਨੇ ਚਾਰਜਸ਼ੀਟ ਵਿਚ ਦਾਅਵਾ ਕੀਤਾ ਹੈ ਕਿ ਬਿਸ਼ਨੋਈ ਦੇ ਦਹਿਸ਼ਤਗਰਦ ਹਰਵਿੰਦਰ ਸਿੰਘ ਸੰਧੂ ਉਰਫ ਰਿੰਦਾ ਅਤੇ ਚੌਧਰੀ ਦੇ ਡੱਲਾ ਨਾਲ ਸਬੰਧਾਂ ਤੋਂ ਇਕ ਗੱਲ ਤਾਂ ਸਾਫ ਹੈ ਕਿ ਰਿਸ਼ਤਿਆਂ ਦੀ ਇਸ ਗੁੰਝਲਦਾਰ ਤਾਣੀ ਪਿੱਛੇ ਪਾਕਿਸਤਾਨ ਆਈ.ਐਸ.ਆਈ. ਤੇ ਖਾਲਿਸਤਾਨੀ ਹਮਾਇਤੀਆਂ ਦਾ ਹੱਥ ਹੈ ਤੇ ਇਨ੍ਹਾਂ ਦੇ ਅਪਰੇਸ਼ਨ ਕੌਮੀ ਸਰਹੱਦਾਂ ਨੂੰ ਪਾਰ ਕਰ ਚੁੱਕੇ ਹਨ। ਬਿਸ਼ਨੋਈ ਤੇ ਚੌਧਰੀ, ਦੋਵੇਂ ਇਸ ਵੇਲੇ ਸਲਾਖਾਂ ਪਿੱਛੇ ਤੇ ਨਿਆਇਕ ਹਿਰਾਸਤ ਹੇਠ ਹਨ। ਕੌਸ਼ਲ ਚੌਧਰੀ ਨੇ 2016 ਵਿਚ ਗੁਰੂਗ੍ਰਾਮ ਵਿਚ ਬਦਨਾਮ ਗੈਂਗਸਟਰ ਦਵਿੰਦਰ ਬੰਬੀਹਾ ਨੂੰ ਪਨਾਹ ਦਿੱਤੀ ਸੀ। ਉਸ ਮਗਰੋਂ ਬੰਬੀਹਾ ਦੀ ਚੌਧਰੀ ਗਰੋਹ ਨਾਲ ਨੇੜਤਾ ਵਧੀ ਤੇ ਦੋਵੇਂ ਮਿਲ ਕੇ ਕੰਮ ਕਰਨ ਲੱਗੇ। ਚਾਰਜਸ਼ੀਟ ਮੁਤਾਬਕ ਇਨ੍ਹਾਂ ਦਾ ਨੈੱਟਵਰਕ ਕੈਨੇਡਾ, ਯੂਰਪ, ਮੱਧ ਪੂਰਬ, ਥਾਈਲੈਂਡ, ਦੁਬਈ, ਫਿਲਪੀਨਜ਼ ਆਦਿ ਦੇਸ਼ਾਂ ਵਿਚ ਹੈ।

# ਚੌਲ ਭੰਡਾਰਨ: ਪੰਜਾਬ ਸਰਕਾਰ ਲਈ ਨਵਾਂ ਸੰਕਟ ਖੜ੍ਹਾ ਹੋਇਆ

**ਚੰਡੀਗੜ੍ਹ:** ਸੂਬੇ ਵਿਚ ਨਵੇਂ ਚੌਲਾਂ ਦੇ ਭੰਡਾਰਨ ਲਈ ਥਾਂ ਦੀ ਘਾਟ ਪੰਜਾਬ ਸਰਕਾਰ ਲਈ ਨਵਾਂ ਸੰਕਟ ਬਣ ਸਕਦੀ ਹੈ। ਨਵੰਬਰ ਦੇ ਅਖੀਰ ਤੋਂ ਝੋਨੇ ਦੀ ਛੜਾਈ ਸ਼ੁਰੂ ਹੋ ਜਾਣੀ ਹੈ ਅਤੇ ਦਸੰਬਰ 'ਚ ਚੌਲ ਮਿੱਲਾਂ ਵੱਲੋਂ ਚੌਲਾਂ ਦੀ ਡਲਿਵਰੀ ਸ਼ੁਰੂ ਕਰ ਦਿੱਤੀ ਜਾਵੇਗੀ। ਭਾਰਤੀ ਖੁਰਾਕ ਨਿਗਮ (ਆਈ.ਐਫ.ਸੀ.) ਨੇ ਚੌਲਾਂ ਲਈ ਜਗ੍ਹਾ ਬਣਾਉਣ ਲਈ ਹੱਥ ਪੈਰ ਮਾਰਨੇ ਸ਼ੁਰੂ ਕਰ ਦਿੱਤੇ ਹਨ। ਸੂਬਾ ਸਰਕਾਰ ਨੇ ਐਤਕੀਂ 182 ਲੱਖ ਮੀਟਰਿਕ ਟਨ ਝੋਨੇ ਦੀ ਖਰੀਦ ਕਰਨ ਦਾ ਟੀਚਾ ਮਿਥਿਆ ਹੈ ਅਤੇ ਪਹਿਲੀ ਅਕਤੂਬਰ ਤੋਂ ਸਰਕਾਰੀ ਖਰੀਦ ਸ਼ੁਰੂ ਹੋਣੀ ਹੈ।

ਭਾਰਤੀ ਖੁਰਾਕ ਨਿਗਮ ਦੀ ਵੈੱਬਸਾਈਟ ਅਨੁਸਾਰ ਪੰਜਾਬ ਵਿਚ 131.31 ਲੱਖ ਮੀਟਰਿਕ ਟਨ ਅਨਾਜ ਭੰਡਾਰਨ ਦੀ ਸਮਰੱਥਾ ਹੈ, ਜਿਸ 'ਚ 31 ਅਗਸਤ ਨੂੰ 109.45 ਲੱਖ ਟਨ ਅਨਾਜ ਦਾ ਭੰਡਾਰ ਹੈ। ਸਿਰਫ 21.86 ਲੱਖ ਮੀਟਰਿਕ ਟਨ ਹੋਰ ਅਨਾਜ ਭੰਡਾਰ ਹੋ ਸਕਦਾ ਹੈ। ਨਵੀਂ ਫਸਲ ਤੋਂ ਛੜਾਈ ਉਪਰੰਤ 120 ਲੱਖ ਮੀਟਰਿਕ ਟਨ ਚੌਲ ਭੰਡਾਰ ਹੋਣਾ ਹੈ। ਕਰੀਬ 100 ਲੱਖ ਮੀਟਰਿਕ ਟਨ ਚੌਲਾਂ ਲਈ ਜਗ੍ਹਾ ਦੀ ਕਮੀ ਹੈ। ਮੌਜੂਦਾ ਸਮੇਂ ਗੁਦਾਮਾਂ ਵਿਚ 29.34 ਲੱਖ ਮੀਟਰਿਕ ਟਨ ਤਾਂ ਕਣਕ ਹੀ ਪਈ ਹੈ।

ਦੂਜੇ ਪਾਸੇ ਭਾਰਤੀ ਖੁਰਾਕ ਨਿਗਮ ਦੇ ਅਧਿਕਾਰੀ ਦੱਸਦੇ ਹਨ ਕਿ ਪੰਜਾਬ ਵਿਚ 170



ਲੱਖ ਮੀਟਰਿਕ ਟਨ ਅਨਾਜ ਭੰਡਾਰਨ ਦੀ ਸਮਰੱਥਾ ਹੈ ਅਤੇ ਇਸ ਵੇਲੇ 120 ਲੱਖ ਮੀਟਰਿਕ ਟਨ ਅਨਾਜ ਗੁਦਾਮਾਂ ਵਿਚ ਪਿਆ ਹੈ। ਮਤਲਬ ਕਿ ਸਿਰਫ 50 ਲੱਖ ਮੀਟਰਿਕ ਟਨ ਅਨਾਜ ਹੋਰ ਭੰਡਾਰ ਕਰਨ ਦੀ ਜਗ੍ਹਾ ਹੈ ਜਦੋਂ ਕਿ 120 ਲੱਖ ਮੀਟਰਿਕ ਟਨ ਚੌਲਾਂ ਵਾਸਤੇ ਜਗ੍ਹਾ ਲੋੜੀਂਦੀ ਹੈ। ਇਸ ਲਿਹਾਜ਼ ਨਾਲ 70 ਲੱਖ ਮੀਟਰਿਕ ਟਨ ਅਨਾਜ ਭੰਡਾਰਨ ਵਾਸਤੇ ਜਗ੍ਹਾ ਦਾ ਸੰਕਟ ਹੈ।

ਚੇਤੇ ਰਹੇ ਕਿ ਕੇਂਦਰ ਸਰਕਾਰ ਨੇ ਪਿਛਲੇ ਸੀਜ਼ਨ ਵਿਚ ਕਣਕ ਦੀ ਫਸਲ ਨੂੰ ਕਵਰਡ ਗੁਦਾਮਾਂ ਵਿਚ ਭੰਡਾਰ ਕਰਨਾ ਲਾਜ਼ਮੀ ਕਰਾਰ ਦੇ ਦਿੱਤਾ ਸੀ ਜਿਸ ਕਰਕੇ ਅਨਾਜ ਦੀ ਫਸਲ ਕਵਰਡ ਗੁਦਾਮਾਂ ਵਿਚ ਭੰਡਾਰ ਕੀਤੀ ਗਈ ਅਤੇ ਕਾਫ਼ੀ ਫਸਲ ਦੀ ਮੰਡੀਆਂ 'ਚੋਂ ਸਿੱਧੀ ਆਮਦੋਰਫਤ ਹੋ ਗਈ ਸੀ। ਭਾਰਤ ਸਰਕਾਰ ਦੇ ਨਿਰਦੇਸ਼ਾਂ ਮੁਤਾਬਕ ਅਨਾਜ ਨੂੰ ਖੁੱਲ੍ਹੇ ਵਿਚ ਭੰਡਾਰ ਨਹੀਂ ਕੀਤਾ ਜਾ ਸਕਦਾ ਹੈ ਕਿਉਂਕਿ ਮੌਸਮ ਦੀ ਖਰਾਬੀ ਨਾਲ ਅਨਾਜ ਦੇ ਖਰਾਬ ਹੋਣ ਦਾ ਡਰ ਬਣਿਆ ਰਹਿੰਦਾ ਹੈ। ਪੰਜਾਬ ਵਿਚ ਇਸ ਵੇਲੇ ਕਰੀਬ 4400 ਚੌਲ ਮਿੱਲਾਂ ਹਨ। ਖਰੀਦ ਕੇਂਦਰਾਂ 'ਚੋਂ ਸਿੱਧੀ ਝੋਨੇ ਦੀ ਫ਼ਸਲ ਚੌਲ ਮਿੱਲਾਂ ਵਿਚ ਉਤਾਰੀ ਜਾਂਦੀ ਹੈ। ਚੌਲ ਮਿੱਲਾਂ ਵੱਲੋਂ ਮਿਲਿੰਗ ਕਰਕੇ ਚੌਲ ਸਰਕਾਰ ਨੂੰ ਡਲਿਵਰ ਕੀਤੇ ਜਾਂਦੇ ਹਨ। ਸੂਬਾ ਸਰਕਾਰ ਵੱਲੋਂ ਸਮੱਸਿਆ ਦੇ ਹੱਲ ਲਈ ਮਾਲਵਾ ਖ਼ਿੱਤੇ ਵਿਚ ਕਰੀਬ 9 ਲੱਖ ਮੀਟਰਿਕ ਟਨ ਅਨਾਜ ਭੰਡਾਰ ਕਰਨ ਦੀ ਸਮਰੱਥਾ ਵਾਲੇ ਗੁਦਾਮਾਂ ਦੀ ਉਸਾਰੀ ਨੂੰ ਪ੍ਰਵਾਨਗੀ ਦਿੱਤੀ ਗਈ ਹੈ ਅਤੇ ਇਸੇ ਤਰ੍ਹਾਂ ਭਾਰਤ ਸਰਕਾਰ ਨੇ ਸੂਬੇ ਵਿਚ 70 ਹੋਰ ਸਾਇਲੋਜ਼ ਬਣਾਉਣ ਦੀ ਤਜਵੀਜ਼ ਘੜੀ ਹੈ।

ਭਾਰਤੀ ਖੁਰਾਕ ਨਿਗਮ ਦੇ ਜਨਰਲ ਮੈਨੇਜਰ ਬੀ.ਸ੍ਰੀਨਿਵਾਸਨ ਨੇ ਕਿਹਾ ਕਿ ਪੰਜਾਬ 'ਚੋਂ ਹਰ ਮਹੀਨੇ 15 ਤੋਂ 17 ਲੱਖ ਮੀਟਰਿਕ ਟਨ ਅਨਾਜ ਦੀ ਆਮਦੋਰਫਤ ਹੋ ਰਹੀ ਹੈ ਅਤੇ ਫਰਵਰੀ ਮਾਰਚ ਤੱਕ ਪੂਰੇ ਚੌਲਾਂ ਦੀ ਡਲਿਵਰੀ ਹੋਣ ਤੱਕ ਚੌਲਾਂ ਦੀ ਭੰਡਾਰਨ ਲਈ ਕਾਫ਼ੀ ਜਗ੍ਹਾ ਬਣ ਜਾਵੇਗੀ। ਉਨ੍ਹਾਂ ਕਿਹਾ ਕਿ ਨਿਗਮ ਦਾ ਪੰਜਾਬ ਵਿਚ ਪੂਰੇ 120 ਲੱਖ ਮੀਟਰਿਕ ਚੌਲਾਂ ਨੂੰ ਭੰਡਾਰ ਕਰਨ ਵਾਸਤੇ ਗੁਦਾਮਾਂ ਵਿਚ ਜਗ੍ਹਾ ਬਣਾਉਣ ਦਾ ਟੀਚਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਦਸੰਬਰ ਮਹੀਨੇ ਵਿਚ ਭਾਰਤੀ ਖੁਰਾਕ ਨਿਗਮ ਦੇ ਗੁਦਾਮਾਂ ਵਿਚ ਚੌਲ ਆਉਣੇ ਸ਼ੁਰੂ ਹੋ ਜਾਂਦੇ ਹਨ। ਉਧਰ, ਖੁਰਾਕ ਤੇ ਸਪਲਾਈ ਵਿਭਾਗ ਦੇ ਪ੍ਰਮੁੱਖ ਸਕੱਤਰ ਗੁਰਕੀਰਤ ਕ੍ਰਿਪਾਲ ਸਿੰਘ ਨੇ ਕਿਹਾ ਕਿ ਭਾਰਤੀ ਰਿਜ਼ਰਵ ਬੈਂਕ ਨੇ 182 ਲੱਖ ਮੀਟਰਿਕ ਟਨ ਝੋਨਾ ਖਰੀਦਣ ਵਾਸਤੇ ਅਕਤੂਬਰ ਮਹੀਨੇ ਲਈ 37,265 ਕਰੋੜ ਦੀ ਕੈਸ਼ ਕਰੈਡਿਟ ਲਿਮਟ ਨੂੰ ਮਨਜ਼ੂਰੀ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ 44,200 ਕਰੋੜ ਦੀ ਸੀ.ਸੀ.ਐਲ. ਮੰਗੀ ਗਈ ਸੀ। ਉਨ੍ਹਾਂ ਦੱਸਿਆ ਕਿ ਨਵੰਬਰ ਮਹੀਨੇ ਵਿਚ ਸੂਬੇ ਨੂੰ ਬਕਾਇਆ ਰਾਸ਼ੀ ਵੀ ਜਾਰੀ ਕਰ ਦਿੱਤੀ ਜਾਵੇਗੀ।

## ਚੌਲ ਬਰਾਮਦ 'ਤੇ ਪਾਬੰਦੀ ਕੋਈ ਰੋਕ ਨਹੀਂ: ਭਾਰਤ

**ਨਵੀਂ ਦਿੱਲੀ:** ਭਾਰਤ ਨੇ ਕਿਹਾ ਹੈ ਕਿ ਚੌਲਾਂ ਦੀ ਬਰਾਮਦ 'ਤੇ ਲਾਈ ਗਈ ਪਾਬੰਦੀ, ਰੋਕ ਦੀ ਥਾਂ ਉਸ ਨੂੰ ਨਿਯਮਬੱਧ ਕਰਨਾ ਹੈ ਜੋ 1.4 ਅਰਬ ਲੋਕਾਂ ਦੀ ਖੁਰਾਕ ਸੁਰੱਖਿਆ ਦੇ ਨਜ਼ਰੀਏ ਤੋਂ ਮਹੱਤਵਪੂਰਨ ਹੈ। ਇਕ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਜਨੇਵਾ 'ਚ 27 ਸਤੰਬਰ ਨੂੰ ਵਿਸ਼ਵ ਵਪਾਰ ਸੰਗਠਨ (ਡਬਲਿਊ.ਟੀ.ਓ) ਦੀ ਖੇਤੀ ਕਮੇਟੀ ਦੀ ਮੀਟਿੰਗ ਦੌਰਾਨ ਅਮਰੀਕਾ ਸਮੇਤ ਕੁਝ ਮੁਲਕਾਂ ਵੱਲੋਂ ਪ੍ਰਗਟਾਈਆਂ ਚਿੰਤਾਵਾਂ ਦੇ ਜਵਾਬ 'ਚ ਭਾਰਤ ਨੇ ਇਹ ਗੱਲ ਕਹੀ। ਜਨੇਵਾ ਸਥਿਤ ਅਧਿਕਾਰੀ ਨੇ ਕਿਹਾ ਕਿ ਮੀਟਿੰਗ 'ਚ ਭਾਰਤ ਨੇ ਦਰਾਮਦਕਾਰ ਮੁਲਕਾਂ 'ਚ ਉਨ੍ਹਾਂ ਦੀਆਂ ਸਰਕਾਰਾਂ ਦੀ ਅਪੀਲ 'ਤੇ ਲੋੜਵੰਦਾਂ ਨੂੰ ਛੋਟ ਦੇ ਕੇ ਖੁਰਾਕ ਸੁਰੱਖਿਆ ਯਕੀਨੀ ਬਣਾਉਣ ਦੀ ਆਪਣੀ ਪ੍ਰਤੀਬੱਧਤਾ ਜ਼ਾਹਰ ਕੀਤੀ।

# ਕਿਸਾਨਾਂ ਦਾ ਸੰਘਰਸ਼ ਹੋਰ ਤਿੱਖਾ ਕਰਨ ਦਾ ਐਲਾਨ ਕੀਤਾ

**ਅੰਮ੍ਰਿਤਸਰ:** ਪੰਜਾਬ ਸਣੇ ਉੱਤਰੀ ਭਾਰਤ ਦੇ 5 ਸੂਬਿਆਂ ਦੀਆਂ 19 ਕਿਸਾਨ ਜਥੇਬੰਦੀਆਂ ਨੇ ਹੜ੍ਹਾਂ ਦੇ ਮੁਆਵਜ਼ੇ ਸਮੇਤ ਕਿਸਾਨੀ ਮੰਗਾਂ ਦੀ ਪੂਰਤੀ ਲਈ ਵਿੱਢੇ ਤਿੰਨ ਰੋਜ਼ਾ ਰੇਲ ਅੰਦੋਲਨ ਦੀ ਸਮਾਪਤੀ ਮੌਕੇ ਕਿਸਾਨੀ ਸੰਘਰਸ਼ ਤਿੱਖਾ ਕਰਨ ਦਾ ਐਲਾਨ ਕੀਤਾ ਹੈ। ਪੰਜਾਬ 'ਚ 20 ਥਾਵਾਂ 'ਤੇ ਤਿੰਨ ਦਿਨਾਂ ਲਈ ਰੇਲ ਚੱਕਾ ਜਾਮ ਰੱਖਿਆ ਜਿਸ ਕਾਰਨ ਪੰਜਾਬ, ਗੁਆਂਢੀ ਰਾਜਾਂ ਹਿਮਾਚਲ ਤੇ ਜੰਮੂ ਕਸ਼ਮੀਰ ਨਾਲ ਰੇਲ ਸੰਪਰਕ ਟੁੱਟਿਆ ਰਿਹਾ।

ਪੰਜਾਬ ਵਿਚ ਕਈ ਥਾਈਂ ਕਿਸਾਨਾਂ ਨੇ ਸੜਕਾਂ ਰੋਕ ਕੇ ਪ੍ਰਦਰਸ਼ਨ ਵੀ ਕੀਤਾ। ਕਿਸਾਨ ਜਥੇਬੰਦੀਆਂ ਨੇ ਅੰਬਾਲਾ ਵਿਚ ਇਕ ਰੋਜ਼ਾ ਰੇਲ ਰੋਕੋ ਮੋਰਚਾ ਲਗਾ ਕੇ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਚਿਤਾਵਨੀ ਦਿੱਤੀ ਕਿ ਮੰਗਾਂ ਦੀ ਪੂਰਤੀ ਨਾ ਹੋਣ 'ਤੇ ਕਿਸਾਨੀ ਸੰਘਰਸ਼ ਦਾ ਦਾਇਰਾ ਵਿਸ਼ਾਲ ਕਰ ਕੇ ਸਰਕਾਰ ਵਿਰੁੱਧ ਲੜਾਈ ਵਿੱਢੀ ਜਾਵੇਗੀ। ਇਸ ਦੌਰਾਨ ਕਿਸਾਨਾਂ ਦੇ ਤਿੰਨ ਰੋਜ਼ਾ ਰੇਲ ਰੋਕੋ ਅੰਦੋਲਨ ਦੌਰਾਨ ਫਿਰੋਜ਼ਪੁਰ ਰੇਲਵੇ ਡਿਵੀਜ਼ਨ ਨੂੰ ਲਗਭਗ ਸਾਢੇ 5 ਕਰੋੜ ਰੁਪਏ ਤੋਂ ਵੱਧ ਦਾ ਵਿੱਤੀ ਨੁਕਸਾਨ ਹੋਣ ਦਾ ਖਦਸ਼ਾ ਹੈ। ਇਸ ਵਿਚ ਯਾਤਰੂ ਅਤੇ ਮਾਲ ਗੱਡੀਆਂ



ਦੋਵਾਂ ਦਾ ਭਾੜਾ ਸ਼ਾਮਲ ਹੈ। ਰੇਲ ਰੋਕੋ ਅੰਦੋਲਨ ਦੌਰਾਨ ਫਿਰੋਜ਼ਪੁਰ ਰੇਲ ਮੰਡਲ ਦੀਆ ਲਗਭਗ 376 ਰੇਲ ਗੱਡੀਆਂ ਰੱਦ ਹੋਈਆਂ ਹਨ, ਜਿਨ੍ਹਾਂ ਦਾ ਮਾਲ ਭਾੜਾ ਯਾਤਰੀਆਂ ਨੂੰ ਵਾਪਸ ਕਰਨਾ ਪਿਆ ਹੈ। 89 ਰੇਲ ਗੱਡੀਆਂ ਮੰਜ਼ਿਲ ਤੋਂ ਪਹਿਲਾਂ ਹੀ ਹੋਰਨਾਂ ਸਟੇਸ਼ਨਾਂ 'ਤੇ ਰੋਕ ਦਿੱਤੀਆਂ ਗਈਆਂ ਅਤੇ 49 ਰੇਲ ਗੱਡੀਆਂ ਜੱਦੀ ਸਟੇਸ਼ਨ ਦੀ ਥਾਂ ਹੋਰਨਾਂ ਰੇਲਵੇ ਸਟੇਸ਼ਨਾਂ ਤੋਂ ਚਲਾਈਆਂ ਗਈਆਂ, ਜਦਕਿ 70 ਰੇਲ ਗੱਡੀਆਂ ਦੇ ਰਾਹ ਬਦਲੇ ਗਏ। ਕਿਸਾਨ ਜਥੇਬੰਦੀਆਂ ਦੀ ਤਾਲਮੇਲ ਕਮੇਟੀ ਦੇ ਮੈਂਬਰ ਸਰਵਣ ਸਿੰਘ ਪੰਧੇਰ ਨੇ ਦੱਸਿਆ ਕਿ ਪੰਜਾਬ ਵਿਚ 20 ਥਾਵਾਂ ਸਣੇ ਹਰਿਆਣਾ ਵਿਚ ਵੀ ਸਫਲ ਰੇਲ ਰੋਕੋ ਮੋਰਚੇ ਲਾਏ ਗਏ। ਕਿਸਾਨ ਜਥੇਬੰਦੀਆਂ ਨੇ ਐਲਾਨ ਕੀਤਾ ਕਿ 23 ਅਤੇ 24 ਅਕਤੂਬਰ ਨੂੰ ਕਿਸਾਨੀ ਦਸਹਿਰਾ ਮਨਾਇਆ ਜਾਵੇਗਾ। ਇਸ ਦੌਰਾਨ ਮੋਦੀ ਸਰਕਾਰ ਅਤੇ ਕਾਰਪੋਰੇਟ ਘਰਾਣਿਆਂ ਦੇ ਦਿਓ ਕੱਦ ਪੁਤਲੇ ਫੂਕੇ ਜਾਣਗੇ।

ਇਸ ਸਬੰਧੀ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪ੍ਰਧਾਨ ਸੁਖਵਿੰਦਰ ਸਿੰਘ ਸਭਰਾ ਅਤੇ ਸੂਬਾ ਜਰਨਲ ਸਕੱਤਰ ਰਾਣਾ ਰਣਬੀਰ ਸਿੰਘ ਨੇ ਕਿਹਾ ਪੰਜਾਬ ਤੋਂ ਸ਼ੁਰੂ ਹੋਇਆ 6 ਰਾਜਾਂ ਦੀਆਂ 19 ਜਥੇਬੰਦੀਆਂ ਦਾ ਤਿੰਨ ਦਿਨਾਂ ਭਾਰਤ ਪੱਧਰੀ ਰੇਲ ਰੋਕੋ ਮੋਰਚਾ ਲੋਕ ਸਮਰਥਨ ਦੀਆਂ ਬੁਲੰਦੀਆਂ ਛੂੰਹਦਾ ਤੀਜੇ ਦਿਨ ਸਮਾਪਤ ਕਰ ਦਿੱਤਾ ਗਿਆ। ਉਨ੍ਹਾਂ ਕਿਹਾ ਪੰਜਾਬ ਅਤੇ ਹਰਿਆਣਾ ਵਿਚ ਅੰਬਾਲਾ ਵਿਚ ਵੀ ਸਫਲ ਰੇਲ ਰੋਕੋ ਮੋਰਚਾ ਲਾਇਆ ਗਿਆ।

ਇਸ ਮੌਕੇ ਕਿਸਾਨਾਂ ਮਜ਼ਦੂਰਾਂ ਵੱਲੋਂ ਦੇਵੀਦਾਸਪੁਰ ਰੇਲ ਟ੍ਰੈਕ 'ਤੇ ਨੰਗੇ ਧੜ ਬੈਠ ਕੇ ਵਿਰੋਧ ਪ੍ਰਦਰਸ਼ਨ ਕੀਤਾ ਗਿਆ ਅਤੇ ਬੱਚਿਆਂ ਸਮੇਤ ਸੈਂਕੜੇ ਪ੍ਰਦਰਸ਼ਨਕਾਰੀਆਂ ਵੱਲੋਂ ਹੱਥਾਂ ਵਿਚ ਠੂਠੇ ਫੜ ਕੇ ਸੰਕੇਤਕ ਪ੍ਰਦਰਸ਼ਨ ਕੀਤਾ। ਠੂਠੇ ਤੋੜ ਕੇ ਕਿਹਾ ਮੋਦੀ ਸਰਕਾਰ ਇਸ ਤਰ੍ਹਾਂ ਜਨਤਾ ਨੂੰ ਠੂਠੇ ਫੜਾ ਭਿਖਾਰੀ ਬਣਾਉਣ ਦੇ ਰਾਹ ਉਤੇ ਹੈ ਪਰ ਦੇਸ਼ ਦਾ ਕਿਸਾਨ ਮਜ਼ਦੂਰ ਇਹ ਨਹੀਂ ਹੋਣ ਦੇਵੇਗਾ। ਇਸ ਮੌਕੇ ਆਗੂਆਂ ਦੱਸਿਆ ਕਿ 23 ਅਤੇ 24 ਅਕਤੂਬਰ ਨੂੰ ਕਿਸਾਨੀ ਦੁਸਹਿਰਾ ਮਨਾਇਆ ਜਾਵੇਗਾ ਤੇ ਦੇਸ਼ ਭਰ ਵਿਚ ਮੋਦੀ ਸਰਕਾਰ ਅਤੇ ਕਾਰਪੋਰੇਟ ਘਰਾਣਿਆਂ ਦੇ ਦਿਓ ਕੱਦ ਪੁਤਲੇ ਫੂਕ ਕੇ ਕੇਂਦਰ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਦਾ ਵਿਰੋਧ ਕੀਤਾ ਜਾਵੇਗਾ। ਉਨ੍ਹਾਂ ਕਿਹਾ ਇਹ ਅੰਦੋਲਨ ਉਤਰ ਭਾਰਤ ਦੇ ਹੜ੍ਹ ਪੀੜਤ ਰਾਜਾਂ ਲਈ 50 ਹਜ਼ਾਰ ਕਰੋੜ ਦਾ ਰਾਹਤ ਪੈਕੇਜ, ਸਾਰੀਆਂ ਫਸਲਾਂ 'ਤੇ ਐਮ.ਐਸ.ਪੀ. ਗਾਰੰਟੀ ਕਾਨੂੰਨ ਅਤੇ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ, ਕਿਸਾਨ ਮਜ਼ਦੂਰ ਦੀ ਪੂਰਨ ਕਰਜ਼ ਮੁਕਤੀ, ਮਨਰੇਗਾ 'ਚ ਹਰ ਸਾਲ ਦੇ 200 ਦਿਨ ਰੁਜ਼ਗਾਰ ਅਹਿਮ ਮਸਲਿਆਂ ਨੂੰ ਲੈ ਕੇ ਸੰਘਰਸ਼ ਨਾਲ ਸ਼ੁਰੂ ਹੋਇਆ ਸੀ ਅਤੇ ਇਹ ਇਹ ਰੇਲ ਰੋਕੋ ਇਸ ਸੰਘਰਸ਼ ਦਾ ਇਕ ਪੜਾਅ ਹੈ ਅਤੇ ਹੱਕੀ ਮੰਗਾਂ ਪੂਰੀਆਂ ਕਰਵਾਉਣ ਲਈ ਸੰਘਰਸ਼ ਜਾਰੀ ਹੈ।

### 23 ਤੇ 24 ਅਕਤੂਬਰ ਨੂੰ ਕਿਸਾਨੀ ਦੁਸਹਿਰਾ

**ਅੰਮ੍ਰਿਤਸਰ:** ਆਗੂਆਂ ਦੱਸਿਆ ਕਿ 23 ਅਤੇ 24 ਅਕਤੂਬਰ ਨੂੰ ਕਿਸਾਨੀ ਦੁਸਹਿਰਾ ਮਨਾਇਆ ਜਾਵੇਗਾ ਤੇ ਦੇਸ਼ ਭਰ ਵਿਚ ਮੋਦੀ ਸਰਕਾਰ ਅਤੇ ਕਾਰਪੋਰੇਟ ਘਰਾਣਿਆਂ ਦੇ ਦਿਓ ਕੱਦ ਪੁਤਲੇ ਫੂਕ ਕੇ ਕੇਂਦਰ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਦਾ ਵਿਰੋਧ ਕੀਤਾ ਜਾਵੇਗਾ। ਉਨ੍ਹਾਂ ਕਿਹਾ ਇਹ ਅੰਦੋਲਨ ਉਤਰ ਭਾਰਤ ਦੇ ਹੜ੍ਹ ਪੀੜਤ ਰਾਜਾਂ ਲਈ 50 ਹਜ਼ਾਰ ਕਰੋੜ ਦਾ ਰਾਹਤ ਪੈਕੇਜ, ਸਾਰੀਆਂ ਫਸਲਾਂ 'ਤੇ ਐਮ.ਐਸ.ਪੀ. ਗਾਰੰਟੀ ਕਾਨੂੰਨ ਅਤੇ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ, ਕਿਸਾਨ ਮਜ਼ਦੂਰ ਦੀ ਪੂਰਨ ਕਰਜ਼ ਮੁਕਤੀ, ਮਨਰੇਗਾ 'ਚ ਹਰ ਸਾਲ ਦੇ 200 ਦਿਨ ਰੁਜ਼ਗਾਰ ਅਹਿਮ ਮਸਲਿਆਂ ਨੂੰ ਲੈ ਕੇ ਸੰਘਰਸ਼ ਨਾਲ ਸ਼ੁਰੂ ਹੋਇਆ ਸੀ ਅਤੇ ਇਹ ਇਹ ਰੇਲ ਰੋਕੋ ਇਸ ਸੰਘਰਸ਼ ਦਾ ਇਕ ਪੜਾਅ ਹੈ ਅਤੇ ਹੱਕੀ ਮੰਗਾਂ ਪੂਰੀਆਂ ਕਰਵਾਉਣ ਲਈ ਸੰਘਰਸ਼ ਜਾਰੀ ਹੈ।

## ਦੱਖਣੀ ਕੈਰੋਲੀਨਾ ਵਿਚ ਗੋਲੀਬਾਰੀ; 3 ਨਾਬਾਲਗਾਂ ਦੀ ਮੌਤ 1 ਜ਼ਖਮੀ

**ਦੱਖਣੀ ਕੈਰੋਲੀਨਾ (ਹੁਸਨ ਲੜੋਆ ਬੰਗਾ):** ਇਥੇ ਹੋਈ ਗੋਲੀਬਾਰੀ ਵਿਚ 3 ਨਾਬਾਲਗਾਂ ਦੀ ਮੌਤ ਹੋ ਜਾਣ 'ਤੇ ਇਸ ਮਾਮਲੇ ਵਿਚ 3 ਹੋਰ ਨਾਬਾਲਗਾਂ ਵਿਰੁੱਧ ਕੇਸ ਦਰਜ ਕਰ ਕੇ 2 ਨੂੰ ਹਿਰਾਸਤ ਵਿਚ ਲਿਆ ਗਿਆ ਹੈ। ਰਿਚਲੈਂਡ ਕਾਊਂਟੀ ਸ਼ੈਰਿਫ ਲੀਓਨ ਲੋਟ ਅਨੁਸਾਰ ਗੋਲੀਬਾਰੀ ਦਾ ਕਾਰਨ ਦੋਨਾਂ ਧਿਰਾਂ ਵਿਚਾਲੇ ਦੋ ਸਾਲ ਪਹਿਲਾਂ ਹੋਇਆ ਝਗੜਾ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਮੰਦਭਾਗਾ ਕੀ ਹੋ ਸਕਦਾ ਹੈ ਕਿ 2 ਕੁ ਸਾਲ ਪਹਿਲਾਂ ਹੋਏ ਝਗੜੇ ਨੂੰ ਸੁਲਝਾਉਣ ਦੀ ਬਜਾਏ ਗੋਲੀਆਂ ਚੱਲਣ ਦੀ ਨੌਬਤ ਆ ਗਈ। ਲੋਟ ਕੋਲੰਬੀਆ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਤਿੰਨਾਂ ਨਾਬਾਲਗਾਂ ਦੀ ਮੌਤ ਹਸਪਤਾਲ ਵਿਚ ਹੋਈ ਜਿਨ੍ਹਾਂ ਦੀ ਉਮਰ 16 ਤੋਂ 17 ਸਾਲਾਂ ਦਰਮਿਆਨ ਸੀ। ਇਕ ਹੋਰ 14 ਸਾਲਾ ਨੌਜਵਾਨ ਦੇ ਵੀ ਗੋਲੀ ਵੱਜੀ ਹੈ ਜਿਸ ਨੂੰ ਹਸਪਤਾਲ ਵਿਚੋਂ ਛੁੱਟੀ ਦੇ ਦਿੱਤੀ ਗਈ ਹੈ। ਮ੍ਰਿਤਕਾਂ ਦੀ ਪਛਾਣ ਕਲੇਬਵਾਈਜ (16), ਜਾਕੋਬ ਫੈਨਿੰਗ (16) ਤੇ ਡਰੇਵਨ ਰਿਲੇ (17) ਵਜੋਂ ਹੋਈ ਹੈ। ਰਿਚਲੈਂਡ ਕਾਊਂਟੀ ਪੋਸਟਮਾਰਟਮ ਦਫਤਰ ਦੇ ਬੁਲਾਰੇ ਜੈਫਰੀ ਲੈਂਪਕਿਨ ਅਨੁਸਾਰ ਤਿੰਨਾਂ ਨਾਬਾਲਗਾਂ ਦੇ ਕਈ ਕਈ ਗੋਲੀਆਂ ਦੇ ਜ਼ਖਮ ਸਨ ਜੋ ਮੌਤ ਦਾ ਕਾਰਨ ਬਣੇ। ਸ਼ੈਰਿਫ ਦਫਤਰ ਅਨੁਸਾਰ ਇਸ ਮਾਮਲੇ ਵਿਚ ਇਕ 17 ਤੇ ਇਕ 14 ਸਾਲ ਲੜਕੇ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

# ਪੰਜਾਬ ਦੇ ਮਸਲਿਆਂ ਦੇ ਹੱਲ ਲਈ ਸੰਘਰਸ਼ ਵਿੱਢਣਗੀਆਂ ਕਿਸਾਨ ਜਥੇਬੰਦੀਆਂ

**ਚੰਡੀਗੜ੍ਹ:** ਪੰਜਾਬ ਦੀਆਂ ਪੰਜ ਕਿਸਾਨ ਜਥੇਬੰਦੀਆਂ ਵੱਲੋਂ ਇੱਥੇ ਦਰਿਆਈ ਪਾਣੀਆਂ ਦੇ ਝਗੜੇ, ਸੰਘੀ ਪ੍ਰਣਾਲੀ ਨੂੰ ਖਤਰੇ, ਚੰਡੀਗੜ੍ਹ ਨੂੰ ਪੰਜਾਬ ਦੇ ਹਵਾਲੇ ਕਰਨ ਅਤੇ ਪੰਜਾਬ ਦੀ ਮੌਜੂਦਾ ਸਿਆਸੀ ਸਥਿਤੀ ਬਾਰੇ ਸੈਮੀਨਾਰ ਕਰਵਾਇਆ ਗਿਆ।

ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ), ਆਲ ਇੰਡੀਆ ਕਿਸਾਨ ਫੈਡਰੇਸ਼ਨ, ਕਿਸਾਨ ਸੰਘਰਸ਼ ਕਮੇਟੀ ਪੰਜਾਬ, ਭਾਰਤੀ ਕਿਸਾਨ ਯੂਨੀਅਨ (ਮਾਨਸਾ) ਅਤੇ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਦੇ ਕ੍ਰਮਵਾਰ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ, ਪ੍ਰੇਮ ਸਿੰਘ ਭੰਗੂ, ਕੰਵਲਪ੍ਰੀਤ ਸਿੰਘ ਪੰਨੂ, ਬੋਘ ਸਿੰਘ ਮਾਨਸਾ ਅਤੇ ਹਰਜਿੰਦਰ ਸਿੰਘ ਟਾਂਡਾ ਨੇ ਸੈਮੀਨਾਰ ਦੀ ਅਗਵਾਈ ਕੀਤੀ। ਸ਼ੁਰੂਆਤ ਵਿਚ ਹਰੀ ਕ੍ਰਾਂਤੀ ਦੇ ਪਿਤਾਮਾ ਡਾ. ਐਮ.ਐਸ. ਸਵਾਮੀਨਾਥਨ ਨੂੰ ਸਰਧਾਂਜਲੀ ਭੇਟ ਕੀਤੀ ਗਈ।

ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਪੰਜਾਬ ਨੂੰ ਇਨਸਾਫ ਦਿਵਾਉਣ ਲਈ ਸੰਘਰਸ਼ ਕਰਨ ਦੀ ਜ਼ਿੰਮੇਵਾਰੀ ਹੁਣ



ਕਿਸਾਨਾਂ ਦੇ ਮੋਢਿਆਂ 'ਤੇ ਹੈ ਕਿਉਂਕਿ ਸਿਆਸੀ ਪਾਰਟੀਆਂ ਨੇ ਆਪਣੇ ਗਲਤ ਅਤੇ ਗੈਰ-ਕਾਨੂੰਨੀ ਫੈਸਲਿਆਂ ਅਤੇ ਕਾਰਵਾਈਆਂ ਨਾਲ ਪਾਣੀਆਂ ਦੇ ਵਿਵਾਦ, ਚੰਡੀਗੜ੍ਹ ਅਤੇ ਪੰਜਾਬ ਦੇ ਸੰਘੀ ਢਾਂਚੇ ਦੀ ਰਾਖੀ ਲਈ ਪੰਜਾਬ ਦਾ ਮਾਮਲਾ ਵਿਗਾੜ ਦਿੱਤਾ ਹੈ। ਸੇਵਾਮੁਕਤ ਆਈ.ਏ.ਐਸ. ਕਾਹਨ ਸਿੰਘ ਪੰਨੂ ਨੇ ਕਿਹਾ ਕਿ ਅਗਲੀ ਜੰਗ ਬੰਦੂਕਾਂ ਦੀ ਨਹੀਂ ਸਗੋਂ ਅਨਾਜ ਦੀ ਹੋਵੇਗੀ।

ਸੀਨੀਅਰ ਵਕੀਲ ਆਰ.ਐਸ. ਬੈਂਸ ਨੇ ਕਿਹਾ ਕਿ ਪੁਨਰਗਠਨ ਐਕਟ ਦੀਆਂ ਧਾਰਾਵਾਂ 78, 79 ਅਤੇ 80 ਨੂੰ ਰੱਦ ਕੀਤਾ ਜਾਵੇ ਕਿਉਂਕਿ ਪੰਜਾਬ ਦਾ ਕੋਈ ਵੀ ਦਰਿਆ ਅੰਤਰਰਾਜੀ ਦਰਿਆ ਨਹੀਂ ਹੈ। ਡਾ. ਪਿਆਰਾ ਲਾਲ ਗਰਗ ਨੇ ਕਿਹਾ ਕਿ ਪਾਣੀ ਰਾਜ ਦਾ ਵਿਸ਼ਾ ਹੈ ਅਤੇ ਇਸ ਲਈ ਕੇਂਦਰ ਨੂੰ ਪਾਣੀ ਦੇ ਵਿਵਾਦ 'ਤੇ ਹੁਕਮ ਚਲਾਉਣ ਜਾਂ ਆਦੇਸ਼ ਦੇਣ ਦਾ ਕੋਈ ਕਾਨੂੰਨੀ ਅਧਿਕਾਰ ਨਹੀਂ ਹੈ।

### ਕਣਕ ਬੀਜ 'ਤੇ ਸਬਸਿਡੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਕਿਸਾਨਾਂ ਨੂੰ ਕਣਕ ਦੀ ਬਿਜਾਈ ਲਈ ਪ੍ਰਮਾਣਿਤ ਬੀਜਾਂ 'ਤੇ 50% ਸਬਸਿਡੀ ਦੇਣ ਦਾ ਫੈਸਲਾ ਕੀਤਾ ਹੈ। ਸਰਕਾਰ ਵੱਲੋਂ ਕਣਕ ਦਾ 2 ਲੱਖ ਕੁਇੰਟਲ ਬੀਜ ਮੁਹੱਈਆ ਕਰਵਾਏਗੀ। ਸਰਕਾਰ ਨੇ ਕਿਸਾਨਾਂ ਨੂੰ ਬੀਜਾਂ ਦੀ ਕੁੱਲ ਕੀਮਤ 'ਤੇ 50% ਸਬਸਿਡੀ ਜਾਂ ਇਕ ਹਜ਼ਾਰ ਰੁਪਏ ਪ੍ਰਤੀ ਕੁਇੰਟਲ ਸਬਸਿਡੀ 'ਤੇ ਬੀਜ ਮੁਹੱਈਆ ਕਰਵਾਉਣ ਦਾ ਫੈਸਲਾ ਕੀਤਾ ਹੈ। ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਇਕ ਕਿਸਾਨ ਨੂੰ ਸਬਸਿਡੀ ਵਾਲਾ ਬੀਜ ਵੱਧ ਤੋਂ ਵੱਧ 5 ਏਕੜ (2 ਕੁਇੰਟਲ) ਰਕਬੇ ਲਈ ਮੁਹੱਈਆ ਕਰਵਾਇਆ ਜਾਵੇਗਾ।

# ਫਗਵਾੜਾ ਖੰਡ ਮਿੱਲ ਦਾ ਸਾਬਕਾ ਐਮ.ਡੀ. ਪਤਨੀ ਤੇ ਪੁੱਤਰ ਸਣੇ ਗ੍ਰਿਫਤਾਰ

**ਫਗਵਾੜਾ:** ਇਥੋਂ ਦੀ ਸ਼ੂਗਰ ਮਿੱਲ ਦੇ ਸਾਬਕਾ ਡਾਇਰੈਕਟਰ ਵੱਲੋਂ ਮਾਲ ਵਿਭਾਗ ਦੇ ਅਧਿਕਾਰੀਆਂ ਨਾਲ ਕਥਿਤ ਮਿਲੀਭੁਗਤ ਕਰਕੇ ਸਰਕਾਰ ਨੂੰ ਆਰਥਿਕ ਨੁਕਸਾਨ ਪਹੁੰਚਾਉਣ ਤੇ ਸਰਕਾਰੀ ਜ਼ਮੀਨ ਨੂੰ ਖੁਰਦ-ਬੁਰਦ ਕਰਨ ਦੇ ਮਾਮਲੇ 'ਚ ਵਿਜੀਲੈਂਸ ਵਿਭਾਗ ਪੰਜਾਬ ਨੇ ਸੀਨੀਅਰ ਅਕਾਲੀ ਆਗੂ ਤੇ ਵਾਹਦ ਸੰਧਰ ਸ਼ੂਗਰ ਮਿੱਲ ਦੇ ਸਾਬਕਾ ਮੈਨੇਜਿੰਗ ਡਾਇਰੈਕਟਰ, ਉਨ੍ਹਾਂ ਦੀ ਪਤਨੀ ਤੇ ਪੁੱਤਰ ਨੂੰ ਸਵੇਰੇ ਘਰ ਤੋਂ ਗ੍ਰਿਫ਼ਤਾਰ ਕਰ ਲਿਆ।

ਵਿਜੀਲੈਂਸ ਬਿਊਰੋ ਦੇ ਬੁਲਾਰੇ ਅਨੁਸਾਰ ਗ੍ਰਿਫਤਾਰ ਕੀਤੇ ਵਿਅਕਤੀਆਂ 'ਚ ਜਰਨੈਲ ਸਿੰਘ ਵਾਹਦ, ਸਾਬਕਾ ਮੈਨੇਜਿੰਗ ਡਾਇਰੈਕਟਰ ਵਾਹਦ ਸੰਧਰ ਸ਼ੂਗਰਜ਼ ਲਿਮ. ਫਗਵਾੜਾ, ਰੁਪਿੰਦਰ ਕੌਰ ਵਾਹਦ ਪਤਨੀ ਜਰਨੈਲ ਸਿੰਘ ਵਾਹਦ ਸਾਬਕਾ ਡਾਇਰੈਕਟਰ ਤੇ ਸੰਦੀਪ ਸਿੰਘ ਵਾਹਦ ਪੁੱਤਰ ਜਰਨੈਲ ਸਿੰਘ ਵਾਹਦ ਸਾਬਕਾ ਡਾਇਰੈਕਟਰ ਸ਼ੂਗਰ ਮਿਲਜ਼ ਸ਼ਾਮਲ ਹਨ।

ਉਨ੍ਹਾਂ ਦੱਸਿਆ ਕਿ ਵਿਭਾਗੀ ਜਾਂਚ ਦੌਰਾਨ ਸਾਹਮਣੇ ਆਇਆ ਕਿ 9 ਫਰਵਰੀ 1933 ਨੂੰ ਮਹਾਰਾਜਾ ਜਗਤਜੀਤ ਸਿੰਘ ਨੇ ਇਕਰਾਰਨਾਮੇ ਤਹਿਤ ਜਗਤਜੀਤ ਸ਼ੂਗਰ ਮਿੱਲ ਲਿਮਟਿਡ ਕੰਪਨੀ ਖੜ੍ਹੀ ਕਰਕੇ 251 ਕਨਾਲ 18 ਮਰਲੇ ਜ਼ਮੀਨ ਬਿਨਾ ਕਿਸੇ ਕੀਮਤ ਬਤੌਰ ਮੁਆਫ਼ੀ ਜਗਤਜੀਤ ਸ਼ੂਗਰ ਮਿੱਲ ਫਗਵਾੜਾ ਨੂੰ ਸ਼ੂਗਰ ਮਿੱਲ ਚਲਾਉਣ ਲਈ ਦਿੱਤੀ ਸੀ ਤੇ ਮਾਲਕੀ ਦੇ ਹੱਕ ਵੀ ਸ਼ਰਤਾਂ



ਤਹਿਤ ਦਿੱਤੇ ਸਨ। ਸਮਝੌਤੇ ਅਨੁਸਾਰ ਇਹ ਜ਼ਮੀਨ ਸਰਕਾਰ ਦੀ ਹੈ ਤੇ ਇਸ ਨੂੰ ਵੇਚਿਆ ਨਹੀਂ ਜਾ ਸਕਦਾ ਤੇ ਨਾ ਹੀ ਗਹਿਣੇ ਰੱਖਿਆ ਜਾ ਸਕੇਗਾ। ਜੇਕਰ ਸ਼ੂਗਰ ਮਿੱਲ ਬੰਦ ਹੁੰਦੀ ਹੈ ਤਾਂ ਇਹ ਜ਼ਮੀਨ ਵਾਪਸ ਸਰਕਾਰ ਨੂੰ ਬਿਨਾ ਕਿਸੇ ਮੁਆਵਜ਼ੇ ਚਲੀ ਜਾਵੇਗੀ। ਉਨ੍ਹਾਂ ਦੱਸਿਆ ਕਿ ਜਗਤਜੀਤ ਸਿੰਘ ਸ਼ੂਗਰ ਮਿੱਲ ਨੂੰ ਚਲਾਉਣ ਵਾਲੀ ਕੰਪਨੀ ਓਸਵਾਲ ਐਗਰੋ ਲਿਮਟਿਡ ਦੇ ਡਾਇਰੈਕਟਰਾਂ ਨੇ ਇਕ ਸਮਝੌਤੇ ਨਾਲ 18 ਅਕਤੂਬਰ 2020 ਨੂੰ ਆਪਣੇ ਅਧਿਕਾਰ ਵਾਹਦ ਸੰਧਰ ਸ਼ੂਗਰਜ਼ ਲਿਮਟਿਡ ਨੂੰ ਦੇ ਦਿੱਤੇ।

ਇਸ ਦੌਰਾਨ ਜਗਤਜੀਤ ਸ਼ੂਗਰ ਮਿਲਜ਼ ਕੰਪਨੀ ਤੇ ਮੈਸ. ਵਾਹਦ ਸੰਧਰ ਸ਼ੂਗਰਜ਼ ਲਿਮਟਿਡ ਦੇ ਡਾਇਰੈਕਟਰਾਂ ਨੇ ਕਥਿਤ ਮਿਲੀਭੁਗਤ ਨਾਲ ਜਗਤਜੀਤ ਸ਼ੂਗਰ ਮਿਲਜ਼ ਕੰਪਨੀ ਫਗਵਾੜਾ ਪਾਸੋਂ ਮਿੱਲ ਤੇ ਜ਼ਮੀਨ 99 ਸਾਲਾਂ ਲਈ ਬਿਨਾ ਸਰਕਾਰ ਦੀ ਮਨਜ਼ੂਰੀ ਲਏ ਵਾਹਦ ਸੰਧਰ ਸ਼ੂਗਰ ਕੰਪਨੀ ਲਿਮਟਿਡ ਨੂੰ ਲੀਜ਼ 'ਤੇ ਦੇ ਦਿੱਤੀ ਜਿਸ ਤਹਿਤ ਇਸ ਪ੍ਰਾਪਰਟੀ ਨੂੰ ਕਰਜ਼ਾ ਲੈਣ ਵਾਸਤੇ ਗਹਿਣੇ ਰੱਖਿਆ ਜਾ ਸਕਦਾ ਹੈ ਤੇ ਇਸ 'ਚ ਜਗਤਜੀਤ ਸ਼ੂਗਰਜ਼ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ। ਇਸ ਦਾ ਮਾਲ ਰਿਕਾਰਡ 'ਚ ਇੰਦਰਾਜ਼ ਨਹੀਂ ਕਰਵਾਇਆ ਗਿਆ।

ਮਿੱਲ ਦੀ ਸਰਕਾਰੀ ਜ਼ਮੀਨ ਦਾ ਰਕਬਾ 251 ਕਨਾਲ 18 ਮਰਲੇ ਨੂੰ ਗਹਿਣੇ ਰੱਖ ਕੇ ਵਾਹਦ ਸੰਧਰ ਸ਼ੂਗਰਜ਼ ਲਿਮ. ਨੇ 93.94 ਕਰੋੜ ਦਾ ਕਰਜ਼ਾ ਲਿਆ। ਜਾਂਚ ਦੌਰਾਨ ਸਾਹਮਣੇ ਆਇਆ ਕਿ ਮਿੱਲ ਡਾਇਰੈਕਟਰਾਂ ਨੇ ਆਪਸੀ ਮਿਲੀਭੁਗਤ ਕਰਕੇ ਸਾਲ 2010-11 'ਚ ਸ਼ੂਗਰ ਮਿੱਲ ਪਲਾਜ਼ਾ ਪ੍ਰਾਈਵੇਟ ਲਿਮਟਿਡ, ਸਾਲ 2013-14 'ਚ ਫਿਟਨੈੱਸ ਪ੍ਰਾਈਵੇਟ ਲਿਮ. ਦੇ ਨਾਂ ਹੇਠ ਰਜਿਸਟਰ ਕਰਵਾਈ ਗਈ ਜਿਸ ਦੇ ਡਾਇਰੈਕਟਰਾਂ ਨੇ ਆਪਸੀ ਮਿਲੀਭੁਗਤ ਨਾਲ ਸਰਕਾਰੀ ਜ਼ਮੀਨ 6 ਕਨਾਲ 4 ਮਰਲੇ ਵੇਚ ਦਿੱਤੀ ਤੇ 251 ਕਨਾਲ 18 ਮਰਲੇ ਸਟੇਟ ਬੈਂਕ ਆਫ਼ ਇੰਡੀਆ ਇੰਸਟਰੀਅਲ ਬ੍ਰਾਂਚ ਲੁਧਿਆਣਾ ਕੋਲ ਗਹਿਣੇ ਰੱਖ ਦਿੱਤੀ ਤੇ ਸਰਕਾਰੀ ਜ਼ਮੀਨ ਨੂੰ ਖੁਰਦ-ਬੁਰਦ ਕਰ ਕੇ ਕਥਿਤ ਤੌਰ 'ਤੇ ਧੋਖਾ ਕੀਤਾ। ਉਨ੍ਹਾਂ ਦੱਸਿਆ ਕਿ ਵਾਹਦ ਸੰਧਰ ਸ਼ੂਗਰਜ਼ ਨੇ 2013 'ਚ ਅਸਲ ਤੱਥਾਂ ਨੂੰ ਛੁਪਾ ਕੇ ਅਦਾਲਤ ਨੂੰ ਕਥਿਤ ਧੋਖੇ 'ਚ ਰੱਖ ਕੇ ਸਰਕਾਰੀ ਜ਼ਮੀਨ ਦੀ ਡਿਕਰੀ ਆਪਣੇ ਹੱਕ 'ਚ ਲੈ ਲਈ। ਇਸ 'ਚ ਮਾਲ ਵਿਭਾਗ ਦੇ ਅਧਿਕਾਰੀਆਂ ਨੇ ਇਨ੍ਹਾਂ ਨਾਲ ਰਲ ਕੇ 6 ਕਨਾਲ 4 ਮਰਲੇ ਦੀ ਜ਼ਮੀਨ ਦੀ ਮਲਕੀਅਤ ਸਟੇਟ ਬੈਂਕ ਆਫ਼ ਲੁਧਿਆਣਾ ਨੂੰ ਰਜਿਸਟਰਡ ਕੀਤੀ ਹੈ ਤੇ ਜਾਂਚ ਦੌਰਾਨ ਸਾਹਮਣੇ ਆਇਆ ਕਿ 1973 'ਚ ਮਿਲ ਦੀ ਮੈਨੇਜਮੈਂਟ ਵੱਲੋਂ ਕੁਝ ਹਿੱਸੇ ਨੂੰ ਪਲਾਟ ਬਣਾ ਕੇ ਵੇਚਣ ਦੀ ਕੋਸ਼ਿਸ਼ ਵੀ ਕੀਤੀ ਗਈ ਸੀ ਜਿਸ ਨੂੰ ਡੀਸੀ ਵੱਲੋਂ ਰੋਕਿਆ ਗਿਆ ਸੀ।

### ਜਾਇਦਾਦਾਂ ਜ਼ਬਤ ਕਰ ਕੇ ਕਿਸਾਨਾਂ ਦਾ ਪੈਸਾ ਦੇਵਾਂਗੇ: ਕੰਗ

**ਚੰਡੀਗੜ੍ਹ:** ਫਗਵਾੜਾ ਸ਼ੂਗਰ ਮਿੱਲ ਦੇ ਮਾਲਕ ਜਰਨੈਲ ਸਿੰਘ ਵਾਹਦ ਦੀ ਗ੍ਰਿਫਤਾਰੀ 'ਤੇ ਆਮ ਆਦਮੀ ਪਾਰਟੀ ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ 'ਆਪ' ਸਰਕਾਰ ਸੂਬੇ ਵਿਚੋਂ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਡਿਫਾਲਟਰ ਸ਼ੂਗਰ ਮਿੱਲਾਂ ਦੀਆਂ ਜਾਇਦਾਦਾਂ ਜ਼ਬਤ ਕਰਕੇ ਕਿਸਾਨਾਂ ਦੇ ਪੈਸੇ ਦੀ ਅਦਾਇਗੀ ਕਰੇਗੀ। ਸ੍ਰੀ ਕੰਗ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ 'ਚ ਲੋਕ ਸਿਆਸੀ ਸਰਪ੍ਰਸਤੀ ਤੇ ਸਿਆਸਤਦਾਨਾਂ ਦੀ ਮਿਲੀਭੁਗਤ ਕਰਕੇ ਕਿਸਾਨਾਂ ਨਾਲ ਧੋਖਾ ਕਰਦੇ ਸਨ ਅਤੇ ਸਰਕਾਰੀ ਪੈਸੇ ਦੀ ਲੁੱਟ ਕਰਦੇ ਸਨ।

# ਭਾਰਤੀ ਹਾਈ ਕਮਿਸ਼ਨਰ ਨੂੰ ਗੁਰਦੁਆਰੇ ਜਾਣ ਤੋਂ ਰੋਕਣ ਦਾ ਮਾਮਲਾ ਭਖਿਆ

**ਲੰਡਨ:** ਯੂਕੇ ਵਿਚ ਭਾਰਤ ਦੇ ਹਾਈ ਕਮਿਸ਼ਨਰ ਵਿਕਰਮ ਦੋਰਾਈਸਵਾਮੀ, ਜੋ ਕਿ ਇਸ ਹਫਤੇ ਸਕਾਟਲੈਂਡ ਦੇ ਦੌਰੇ ਉਤੇ ਸਨ, ਨੂੰ ਖਾਲਿਸਤਾਨ ਪੱਖੀਆਂ ਨੇ ਇਕ ਗੁਰਦੁਆਰੇ ਵਿਚ ਦਾਖਲ ਹੋਣ ਤੋਂ ਰੋਕ ਦਿੱਤਾ। ਭਾਰਤੀ ਹਾਈ ਕਮਿਸ਼ਨਰ ਮਿਥੇ ਪ੍ਰੋਗਰਾਮ ਮੁਤਾਬਕ ਗਲਾਸਗੋ ਦੇ ਗੁਰਦੁਆਰਾ ਗੁਰੂ ਗ੍ਰੰਥ ਸਾਹਿਬ ਗਏ ਸਨ ਜੋ ਕਿ ਅਲਬਰਟ ਡਰਾਈਵ ਉਤੇ ਪੈਂਦਾ ਹੈ। ਉਧਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਭਾਰਤੀ ਹਾਈ ਕਮਿਸ਼ਨਰ ਨੂੰ ਗੁਰਦੁਆਰੇ 'ਚ ਜਾਣ ਤੋਂ ਰੋਕਣ ਦੀ ਨਿਖੇਧੀ ਕੀਤੀ ਹੈ। ਕਮੇਟੀ ਦੇ ਜਨਰਲ ਸਕੱਤਰ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਹਾਈ ਕਮਿਸ਼ਨਰ ਨੂੰ ਗੁਰਦੁਆਰੇ ਵਿਚ ਦਾਖਲ ਹੋਣ ਤੋਂ ਨਹੀਂ ਰੋਕਿਆ ਜਾਣਾ ਚਾਹੀਦਾ ਸੀ ਕਿਉਂਕਿ ਗੁਰਦੁਆਰੇ ਦੇ ਦਰਵਾਜੇ ਹਰ ਧਰਮ ਲਈ ਖੁੱਲ੍ਹੇ ਹਨ।



'ਸਿੱਖ ਯੂਥ ਯੂਕੇ' ਦੇ ਮੈਂਬਰਾਂ ਵੱਲੋਂ ਪੋਸਟ ਵੀਡੀਓ ਵਿਚ ਉਨ੍ਹਾਂ ਦਾ ਗੁਰਦੁਆਰੇ ਦੇ ਪ੍ਰਬੰਧਕਾਂ ਨਾਲ ਟਕਰਾਅ ਹੁੰਦਾ ਨਜ਼ਰ ਆ ਰਿਹਾ ਹੈ ਤੇ ਇਨ੍ਹਾਂ ਵਿਚੋਂ ਕਈ ਹਾਈ ਕਮਿਸ਼ਨਰ ਦੀ ਕਾਰ ਵੱਲ ਜਾਂਦੇ ਹਨ ਤੇ ਉਨ੍ਹਾਂ ਨੂੰ ਉਥੋਂ ਜਾਣ ਲਈ ਕਹਿੰਦੇ ਹਨ।

ਸਥਾਨਕ ਪੁਲਿਸ ਮੁਤਾਬਕ ਉਨ੍ਹਾਂ ਨੂੰ ਕਿਸੇ 'ਗੜਬੜੀ' ਦੀ ਸੂਚਨਾ ਦੇ ਕੇ ਫੋਨ ਕਰ ਕੇ ਮੌਕੇ ਉਤੇ ਸੱਦਿਆ ਗਿਆ ਸੀ ਤੇ ਜਾਂਚ ਜਾਰੀ ਹੈ। ਸਕਾਟਲੈਂਡ ਪੁਲਿਸ ਦੇ ਬੁਲਾਰੇ ਨੇ ਦੱਸਿਆ ਕਿ ਉਨ੍ਹਾਂ ਨੂੰ ਸ਼ੁੱਕਰਵਾਰ (29 ਸਤੰਬਰ) ਦੁਪਹਿਰ ਬਾਅਦ 1.05 'ਤੇ ਫੋਨ ਆਇਆ, ਤੇ ਅਲਬਰਟ ਡਰਾਈਵ ਇਲਾਕੇ ਵਿਚ 'ਗੜਬੜੀ' ਵਾਲੀ ਥਾਂ ਸੱਦਿਆ ਗਿਆ। ਪੁਲਿਸ ਨੇ ਕਿਹਾ ਕਿ ਕਿਸੇ ਦੇ ਫੱਟੜ ਹੋਣ ਦੀ ਸੂਚਨਾ ਨਹੀਂ ਹੈ ਤੇ 'ਸਾਰੀ ਸਥਿਤੀ ਬਾਰੇ ਜਾਣਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।'

ਜ਼ਿਕਰਯੋਗ ਹੈ ਕਿ ਖਾਲਿਸਤਾਨੀ ਵੱਖਵਾਦੀ ਹਰਦੀਪ ਸਿੰਘ ਨਿੱਝਰ, ਜਿਸ ਨੂੰ ਭਾਰਤ ਨੇ ਅਤਿਵਾਦੀ ਐਲਾਨਿਆ ਹੋਇਆ ਹੈ, ਦੀ ਸਰੀ ਵਿਚ ਹੋਈ ਹੱਤਿਆ ਦੇ ਮਾਮਲੇ 'ਚ ਭਾਰਤ ਤੇ ਕੈਨੇਡਾ ਵਿਚਾਲੇ ਕੂਟਨੀਤਕ ਤਣਾਅ ਬਣਿਆ ਹੋਇਆ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਸ ਹੱਤਿਆ ਵਿਚ 'ਭਾਰਤੀ ਏਜੰਟਾਂ' ਦੀ ਸ਼ਮੂਲੀਅਤ ਦੇ ਦੋਸ਼ ਲਾਏ ਸਨ। ਜਦਕਿ ਭਾਰਤ ਨੇ ਇਨ੍ਹਾਂ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਸੀ। ਸੋਸ਼ਲ ਮੀਡੀਆ 'ਤੇ ਪੋਸਟ ਕੀਤੀ ਗਈ ਵੀਡੀਓ ਵਿਚ ਇਕ ਸਿੱਖ ਵਿਅਕਤੀ ਇਹ ਕਹਿੰਦਾ ਸੁਣਿਆ ਜਾ ਸਕਦਾ ਹੈ, 'ਬਿਲਕੁਲ ਇਸੇ ਤਰੀਕੇ ਨਾਲ ਸਾਨੂੰ ਕਿਸੇ ਭਾਰਤੀ ਰਾਜਦੂਤ ਦਾ ਸਵਾਗਤ ਕਰਨਾ ਚਾਹੀਦਾ ਹੈ, ਭਾਰਤ ਸਰਕਾਰ ਵਿਚੋਂ ਕਿਸੇ ਦਾ ਵੀ, ਜੋ ਅਧਿਕਾਰਤ ਤੌਰ 'ਤੇ ਆਉਂਦਾ ਹੈ, ਤੇ ਭਾਵੇਂ ਇਹ ਵੀ ਕਹਿੰਦਾ ਹੈ ਕਿ ਉਹ ਤਾਂ ਵੀਜ਼ਾ ਅਰਜ਼ੀਆਂ ਦੇਖ ਰਿਹਾ ਹੈ ਜਾਂ ਕੁਝ ਵੀ ਹੋਰ।' ਹਾਈ ਕਮਿਸ਼ਨਰ ਸਕਾਟਲੈਂਡ ਦੇ ਦੋ ਦਿਨਾਂ ਦੇ ਦੌਰੇ ਉਤੇ ਆਏ ਸਨ।

ਇਸ ਦੌਰਾਨ ਉਨ੍ਹਾਂ ਸਥਾਨਕ ਸਿਆਸੀ ਆਗੂਆਂ, ਭਾਰਤੀ ਭਾਈਚਾਰੇ ਦੇ ਮੈਂਬਰਾਂ, ਕਾਰੋਬਾਰੀ ਆਗੂਆਂ ਤੇ ਯੂਨੀਵਰਸਿਟੀ ਗਰੁੱਪਾਂ ਨਾਲ ਮੁਲਾਕਾਤਾਂ ਕੀਤੀਆਂ ਹਨ। ਦੌਰੇ ਦੇ ਆਖਰੀ ਪੜਾਅ ਵਿਚ ਉਹ ਗੁਰਦੁਆਰੇ ਗਏ ਸਨ ਜਿੱਥੇ ਇਹ ਘਟਨਾ ਵਾਪਰੀ। ਮਾਮਲੇ ਦੇ ਜਾਣਕਾਰ ਅਧਿਕਾਰੀਆਂ ਮੁਤਾਬਕ, ਗੁਰਦੁਆਰੇ ਵਿਚ ਇਹ ਮੀਟਿੰਗ ਗੁਰਦੁਆਰਾ ਕਮੇਟੀ ਦੀ ਬੇਨਤੀ ਉਤੇ ਬਾਕੀ ਪ੍ਰੋਗਰਾਮਾਂ ਦੇ ਨਾਲ ਹੀ ਰੱਖੀ ਗਈ ਸੀ। ਇਸ ਤਹਿਤ ਉਨ੍ਹਾਂ ਸਿੱਖ ਗਰੁੱਪਾਂ ਨਾਲ ਮੁਲਾਕਾਤ ਕਰਨੀ ਸੀ ਤੇ ਕੌਂਸੁਲਰ ਅਤੇ ਹੋਰਨਾਂ ਮਾਮਲਿਆਂ 'ਤੇ ਉਨ੍ਹਾਂ ਦੀਆਂ ਮੁਸ਼ਕਲਾਂ ਸੁਣਨੀਆਂ ਸਨ। ਸੂਤਰਾਂ ਮੁਤਾਬਕ ਕੁਝ ਬਾਹਰਲੇ ਵਿਅਕਤੀਆਂ ਤੇ ਕੱਟੜਵਾਦੀ ਤੱਤਾਂ ਵੱਲੋਂ ਦਿੱਤੇ ਬੇਲੋੜੇ ਦਖ਼ਲ ਕਾਰਨ ਹਾਈ ਕਮਿਸ਼ਨਰ ਤੇ ਸ਼ਹਿਰ ਦੇ ਬਹੁਗਿਣਤੀ ਸ਼ਾਂਤੀ-ਪਸੰਦ ਸਿੱਖਾਂ ਵਿਚਾਲੇ ਇਹ ਮੁਲਾਕਾਤ ਨਹੀਂ ਹੋ ਸਕੀ। ਦੱਸਣਯੋਗ ਹੈ ਕਿ ਸਕਾਟਲੈਂਡ ਦੇ ਫਸਟ ਮਨਿਸਟਰ ਹਮਜ਼ਾ ਯੂਸਫ ਨਾਲ ਭਾਰਤੀ ਹਾਈ ਕਮਿਸ਼ਨਰ ਦੀ ਹੋਈ ਮੁਲਾਕਾਤ ਵਿਚ ਬਰਤਾਨਵੀ ਸਿੱਖ ਜਗਤਾਰ ਸਿੰਘ ਜੌਹਲ ਦਾ ਮੁੱਦਾ ਵੀ ਉਭਰਿਆ ਸੀ, ਜੋ ਅਤਿਵਾਦ ਦੇ ਦੋਸ਼ਾਂ ਹੇਠ ਭਾਰਤੀ ਜੇਲ੍ਹ ਵਿਚ ਹੈ। ਭਾਰਤੀ ਹਾਈ ਕਮਿਸ਼ਨਰ ਨੇ ਟਵੀਟ ਕੀਤਾ ਕਿ ਜੌਹਲ ਦੇ ਕੇਸ ਵਿਚ ਕਾਨੂੰਨੀ ਪ੍ਰਕਿਰਿਆ ਦਾ ਪੂਰਾ ਪਾਲਣ ਕੀਤਾ ਜਾ ਰਿਹਾ ਹੈ, ਜਿਸ 'ਤੇ ਅਤਿਵਾਦ ਦੇ 8 ਗੰਭੀਰ ਦੋਸ਼ ਹਨ।

## ਸਿਰਸਾ ਵੱਲੋਂ ਹਾਈ ਕਮਿਸ਼ਨਰ ਨੂੰ ਰੋਕਣ ਦੀ ਨਿਖੇਧੀ

**ਨਵੀਂ ਦਿੱਲੀ:** ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਸਕਾਟਲੈਂਡ ਵਿਚ ਭਾਰਤੀ ਹਾਈ ਕਮਿਸ਼ਨਰ ਵਿਕਰਮ ਦੋਰਾਈਸਵਾਮੀ ਨੂੰ ਸਕਾਟਲੈਂਡ ਦੇ ਗੁਰਦੁਆਰਾ ਸਾਹਿਬ ਵਿਚ ਜਾਣ ਤੋਂ ਰੋਕਣ ਦੀ ਨਿਖੇਧੀ ਕੀਤੀ ਹੈ। ਸਿਰਸਾ ਨੇ ਕਿਹਾ ਕਿ ਗੁਰੂ ਸਾਹਿਬ ਨੇ ਗੁਰਦੁਆਰਾ ਸਾਹਿਬਾਨ ਦੇ ਚਾਰ ਦਰਵਾਜੇ ਇਸ ਕਰ ਕੇ ਰੱਖੇ ਸਨ ਕਿ ਕਿਸੇ ਵੀ ਧਰਮ ਜਾਂ ਜਾਤੀ ਦਾ ਵਿਅਕਤੀ ਬਿਨਾ ਕਿਸੇ ਰੁਕਾਵਟ ਦੇ ਗੁਰਦੁਆਰਾ ਸਾਹਿਬ ਵਿਚ ਆ ਕੇ ਗੁਰੂ ਗ੍ਰੰਥ ਸਾਹਿਬ ਅੱਗੇ ਨਤਮਸਤਕ ਹੋ ਸਕੇ। ਸਿਰਸਾ ਨੇ ਕਿਹਾ ਕਿ ਸਿਰਫ ਕੁਝ ਗਿਣਤੀ ਦੇ ਲੋਕ ਹਨ ਜੋ ਕਿਸੇ ਨੂੰ ਗੁਰਦੁਆਰਾ ਸਾਹਿਬ ਵਿਚ ਆਉਣ ਤੋਂ ਰੋਕਣ ਵਰਗੀਆਂ ਹਰਕਤਾਂ ਕਰ ਸਕਦੇ ਹਨ।

## ਭਾਰਤ ਨੇ ਮਾਮਲਾ ਬਰਤਾਨਵੀ ਸਰਕਾਰ ਦੇ ਧਿਆਨ 'ਚ ਲਿਆਂਦਾ

**ਲੰਡਨ:** ਲੰਡਨ ਸਥਿਤ ਭਾਰਤੀ ਹਾਈ ਕਮਿਸ਼ਨ ਨੇ ਇਸ ਘਟਨਾ ਨੂੰ 'ਸ਼ਰਮਨਾਕ' ਕਰਾਰ ਦਿੱਤਾ ਹੈ ਤੇ ਮਾਮਲਾ ਬਰਤਾਨੀਆ ਸਰਕਾਰ ਦੇ ਧਿਆਨ ਵਿਚ ਲਿਆਂਦਾ ਹੈ। ਭਾਰਤੀ ਮਿਸ਼ਨ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਸਕਾਟਲੈਂਡ ਤੋਂ ਬਾਹਰਲੇ ਤਿੰਨ ਵਿਅਕਤੀਆਂ ਨੇ 'ਜਾਣਬੁੱਝ ਕੇ ਹਾਈ ਕਮਿਸ਼ਨਰ ਦੇ ਦੌਰੇ 'ਚ ਵਿਘਨ ਪਾਇਆ', ਤੇ ਇਕ ਨੇ ਤਾਂ ਉਸ ਵੇਲੇ ਹਿੰਸਕ ਢੰਗ ਨਾਲ ਡਿਪਲੋਮੈਟਿਕ ਕਾਰ ਦਾ ਦਰਵਾਜ਼ਾ ਖੋਲ੍ਹਣ ਦੀ ਕੋਸ਼ਿਸ਼ ਕੀਤੀ ਜਦੋਂ ਸੀਨੀਅਰ ਡਿਪਲੋਮੈਟ ਗੁਰਦੁਆਰੇ ਪਹੁੰਚੇ। ਜਿਵੇਂ ਹੀ ਉਨ੍ਹਾਂ ਧਮਕੀਆਂ ਦਿੱਤੀਆਂ ਤੇ ਮਾੜੀ ਸ਼ਬਦਾਵਲੀ ਵਰਤੀ, ਹਾਈ ਕਮਿਸ਼ਨਰ ਤੇ ਕੌਂਸੁਲ ਜਨਰਲ ਨੇ ਹੋਰ ਟਕਰਾਅ ਨੂੰ ਟਾਲਣ ਲਈ ਉਥੋਂ ਜਾਣ ਦਾ ਫੈਸਲਾ ਲਿਆ।'

# ਮੋਹਰੀ ਸਨਅਤਕਾਰ ਪੰਜਾਬ 'ਚ ਨਿਵੇਸ਼ ਕਰਨ ਲੱਗੇ: ਭਗਵੰਤ

**ਰਾਜਪੁਰਾ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਦੀਆਂ ਕੋਸ਼ਿਸ਼ਾਂ ਨਾਲ ਦੁਨੀਆਂ ਭਰ ਦੇ ਮੋਹਰੀ ਸਨਅਤਕਾਰ ਹੁਣ ਸੂਬੇ ਦਾ ਰੁਖ ਕਰਨ ਲੱਗੇ ਹਨ। ਉਹ ਹਲਕਾ ਘਨੌਰ ਦੇ ਪਿੰਡ ਚਮਾਰੂ ਵਿਚ ਨੀਦਰਲੈਂਡਜ਼ ਆਧਾਰਤ ਕੈਟਲ ਫੀਡ ਪਲਾਂਟ ਦਾ ਨੀਂਹ ਪੱਥਰ ਰੱਖਣ ਮਗਰੋਂ ਇਕੱਠ ਨੂੰ ਸੰਬੋਧਨ ਕਰ ਰਹੇ ਸਨ।

ਉਨ੍ਹਾਂ ਕਿਹਾ ਕਿ ਰਵਾਇਤੀ ਫਸਲਾਂ ਦੀ ਖੇਤੀ ਕਰ ਰਹੇ ਪੰਜਾਬ ਤੇ ਹਰਿਆਣਾ ਦੇ ਕਿਸਾਨ ਫਸਲੀ ਵਿਭਿੰਨਤਾ ਲਈ ਨਵੇਂ ਰਾਹ ਤਲਾਸ਼ ਰਹੇ ਹਨ ਜਾਂ ਉਹ ਬਿਹਤਰ ਕਮਾਈ ਲਈ ਬਾਗਬਾਨੀ, ਡੇਅਰੀ, ਮੁਰਗੀ ਪਾਲਣ, ਮੱਛੀ ਪਾਲਣ, ਸੂਰ ਪਾਲਣ ਅਤੇ ਹੋਰ ਕਿੱਤਿਆਂ ਵੱਲ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪਸ਼ੂਆਂ ਦੀ ਫੀਡ ਬਣਾਉਣ ਵਾਲੀਆਂ ਦੁਨੀਆਂ ਭਰ ਦੀਆਂ ਮੂਹਰਲੀ ਕਤਰ ਦੀਆਂ 10 ਕੰਪਨੀਆਂ ਵਿਚੋਂ ਇਕ ਡੀ ਹਿਊਜ਼ ਇੱਥੇ ਪਲਾਂਟ ਸਥਾਪਤ ਕਰਨ ਜਾ ਰਹੀ ਹੈ। 138 ਕਰੋੜ ਨਾਲ ਬਣ ਰਹੇ ਇਸ ਪਲਾਂਟ ਨਾਲ ਅਜਿਹੇ ਕਿਸਾਨਾਂ ਦੀਆਂ ਉਮੀਦਾਂ ਜਾਗੀਆਂ ਹਨ। ਬਿਹਤਰੀਨ ਤਕਨਾਲੋਜੀ ਆਉਣ ਨਾਲ ਕਿਸਾਨਾਂ ਦੀ ਆਮਦਨ ਵਿਚ ਵਾਧਾ ਹੋਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਇਹ ਨੀਦਰਲੈਂਡਜ਼ ਦੀ ਕਿਸੇ ਇਕ ਕੰਪਨੀ ਦਾ ਪੰਜਾਬ ਵਿਚ ਪਹਿਲਾ ਵੱਡਾ ਨਿਵੇਸ਼ ਹੈ। ਪਲਾਂਟ ਦਾ ਪਹਿਲਾ ਪੜਾਅ 2025 ਦੀ ਪਹਿਲੀ ਤਿਮਾਹੀ ਤੱਕ ਮੁਕੰਮਲ ਹੋ ਜਾਵੇਗਾ, ਜਿਹੜਾ 180 ਕਿੱਲੋ ਮੀਟਰਿਕ ਟਨ ਪਸ਼ੂਆਂ ਦੀ ਫੀਡ ਤਿਆਰ ਕਰੇਗਾ। ਇਸ ਸਮਰੱਥਾ ਵਿਚ 240 ਕਿੱਲੋ ਮੀਟਰਿਕ ਟਨ ਤੱਕ ਵਾਧਾ ਕੀਤਾ ਜਾ ਸਕੇਗਾ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਦੇ ਯਤਨਾਂ ਨਾਲ ਹੁਣ ਤੱਕ ਪੰਜਾਬ ਵਿਚ 50840 ਕਰੋੜ ਦਾ ਨਿਵੇਸ਼ ਆਇਆ ਹੈ। ਟਾਟਾ ਸਟੀਲ ਨੇ ਜਮਸ਼ੇਦਪੁਰ ਤੋਂ ਬਾਅਦ ਪੰਜਾਬ ਵਿਚ ਸਭ ਤੋਂ ਵੱਡਾ ਨਿਵੇਸ਼ ਕੀਤਾ ਹੈ। ਜਿੰਦਲ ਸਟੀਲ, ਵਰਬੀਓ, ਕਲਾਸ, ਟੈਫੇ, ਹਿੰਦੁਸਤਾਨ ਲਿਵਰ ਤੇ ਹੋਰ ਕੰਪਨੀਆਂ ਵੀ ਪੰਜਾਬ ਵਿਚ ਨਿਵੇਸ਼ ਕਰ ਰਹੀਆਂ ਹਨ। ਪੰਜਾਬ ਦੇ 2.25 ਲੱਖ ਨੌਜਵਾਨਾਂ ਨੂੰ ਰੁਜ਼ਗਾਰ ਮਿਲੇਗਾ।

# ਸਰਕਾਰ ਪਰਾਲੀ ਪ੍ਰਦੂਸ਼ਣ ਰੋਕਣ ਲਈ ਸਰਗਰਮ ਹੋਈ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਝੋਨੇ ਦਾ ਸੀਜ਼ਨ ਸ਼ੁਰੂ ਹੁੰਦਿਆਂ ਹੀ ਪਰਾਲੀ ਦੇ ਪ੍ਰਬੰਧਨ ਬਾਰੇ ਤਿਆਰੀ ਖਿੱਚ ਲਈ ਹੈ। ਪਿਛਲੇ ਵਰ੍ਹੇ ਖੇਤਾਂ ਵਿਚ ਪਰਾਲੀ ਸਾੜਨ ਦੀਆਂ 20 ਹਜ਼ਾਰ ਘਟਨਾਵਾਂ ਦੀ ਕਮੀ ਦਰਜ ਕੀਤੀ ਗਈ ਸੀ। ਸਰਕਾਰ ਨੇ ਕੁੱਲ 19.55 ਮਿਲੀਅਨ ਟਨ ਝੋਨੇ ਦੀ ਪਰਾਲੀ 'ਚੋਂ 11.50 ਮਿਲੀਅਨ ਟਨ ਦੇ ਪ੍ਰਬੰਧਨ ਦਾ ਟੀਚਾ ਰੱਖਿਆ ਹੈ। ਬਾਸਮਤੀ ਝੋਨੇ ਦੀ ਕਟਾਈ ਸ਼ੁਰੂ ਹੋਣ ਕਰਕੇ ਪਰਾਲੀ ਨੂੰ ਅੱਗਾਂ ਦਾ ਸਿਲਸਿਲਾ ਵੀ ਸ਼ੁਰੂ ਹੋ ਚੁੱਕਾ ਹੈ।



ਸਰਕਾਰ ਨੇ ਪਰਾਲੀ ਨੂੰ ਅੱਗ ਲਾਉਣ ਤੋਂ ਰੋਕਣ ਵਾਸਤੇ ਪਿੰਡ ਤੋਂ ਜ਼ਿਲ੍ਹਾ ਪੱਧਰ ਤੱਕ ਕਰੀਬ 8500 ਨੋਡਲ ਅਧਿਕਾਰੀ ਅਤੇ ਮੁਲਾਜ਼ਮ ਤਾਇਨਾਤ ਕੀਤੇ ਹਨ। ਪ੍ਰਾਪਤ ਅੰਕੜਿਆਂ ਅਨੁਸਾਰ ਸਰਕਾਰ ਦੇ ਯਤਨਾਂ ਕਾਰਨ 2022 ਵਿਚ 2021 ਦੇ ਮੁਕਾਬਲੇ ਪਰਾਲੀ ਤੇ ਝੋਨੇ ਦੇ ਮੁੱਢਾਂ ਨੂੰ ਜਲਾਏ ਜਾਣ ਦੇ ਕੇਸਾਂ ਵਿਚ 30 ਫੀਸਦੀ ਦੀ ਕਮੀ ਆਈ। ਸਰਕਾਰੀ ਅੰਕੜਿਆਂ ਅਨੁਸਾਰ ਪੰਜਾਬ ਵਿਚ 2020 ਵਿਚ ਪਰਾਲੀ ਨੂੰ ਅੱਗ ਲਾਉਣ ਦੀਆਂ 76,590 ਘਟਨਾਵਾਂ ਹੋਈਆਂ ਅਤੇ 2021 ਵਿਚ 71,304 ਘਟਨਾਵਾਂ। 2022 ਵਿਚ ਇਹ ਗਿਣਤੀ ਘਟ ਕੇ 49,000 ਦੇ ਕਰੀਬ ਰਹਿ ਗਈ। ਇਸ ਸਾਲ ਸੂਬਾ ਸਰਕਾਰ ਮੁਹਾਲੀ, ਨਵਾਂ ਸ਼ਹਿਰ, ਰੂਪਨਗਰ, ਹੁਸ਼ਿਆਰਪੁਰ, ਮਾਲੇਰਕੋਟਲਾ ਅਤੇ ਪਠਾਨਕੋਟ ਦੇ ਜ਼ਿਲ੍ਹਿਆਂ ਨੂੰ ਪਰਾਲੀ ਨੂੰ ਅੱਗ ਲਾਉਣ ਦੀਆਂ ਘਟਨਾਵਾਂ ਤੋਂ ਮੁਕਤ ਕਰਵਾਉਣ ਦਾ ਇਰਾਦਾ ਰੱਖਦੀ ਹੈ।

ਇਸ ਸਾਲ ਕੇਂਦਰ ਸਰਕਾਰ ਨੇ ਅਜਿਹੇ ਯਤਨਾਂ ਲਈ 350 ਕਰੋੜ ਰੁਪਏ ਜਾਰੀ ਕੀਤੇ ਹਨ ਜਿਸ ਵਿਚ ਸੂਬਾ ਸਰਕਾਰ ਨੂੰ 140 ਕਰੋੜ ਰੁਪਏ ਦਾ ਹਿੱਸਾ ਪਾਉਣਾ ਪਵੇਗਾ। ਇਸ ਕਾਰਜ ਲਈ ਵੱਖ-ਵੱਖ ਤਰ੍ਹਾਂ ਦੀਆਂ ਮਸ਼ੀਨਾਂ ਵਰਤੀਆਂ ਜਾਣਗੀਆਂ ਜਿਨ੍ਹਾਂ 'ਤੇ ਸਬਸਿਡੀ ਦਿੱਤੀ ਜਾਵੇਗੀ। ਸੂਬਾ ਸਰਕਾਰ ਨੇ ਇਹ ਯੋਜਨਾ ਹਵਾ ਦੀ ਗੁਣਾਤਮਕਤਾ ਦੇ ਪ੍ਰਬੰਧਨ ਕਰਨ ਵਾਲੇ ਕਮਿਸ਼ਨ ਨੂੰ ਸੌਂਪੀ ਹੈ। ਸਰਕਾਰ ਦਾ ਦਾਅਵਾ ਹੈ ਕਿ ਇਸ ਸਾਲ ਪਰਾਲੀ ਅਤੇ ਝੋਨੇ ਦੇ ਮੁੱਢਾਂ ਨੂੰ ਅੱਗ ਲਾਉਣ ਦੀਆਂ ਘਟਨਾਵਾਂ ਨੂੰ ਪਿਛਲੇ ਸਾਲ ਦੇ ਮੁਕਾਬਲੇ 50 ਫੀਸਦੀ ਘਟਾਇਆ ਜਾਵੇਗਾ।

# ਪੰਜਾਬ ਭਰ ਵਿਚ ਝੋਨੇ ਦੀ ਸਰਕਾਰੀ ਖਰੀਦ ਸ਼ੁਰੂ ਹੋਈ

**ਚੰਡੀਗੜ੍ਹ:** ਪੰਜਾਬ 'ਚ ਝੋਨੇ ਦੀ ਸਰਕਾਰੀ ਖਰੀਦ ਦਾ ਸੀਜ਼ਨ ਸ਼ੁਰੂ ਹੋ ਗਿਆ ਹੈ। ਪਹਿਲੇ ਦਿਨ ਮੰਡੀਆਂ ਵਿਚ 12 ਹਜ਼ਾਰ ਟਨ ਫਸਲ ਆਈ ਹੈ। ਐਤਕੀਂ ਮੁੱਢਲੇ ਪੜਾਅ 'ਤੇ ਝੋਨੇ ਦੀ ਕਟਾਈ ਸੁਸਤ ਚਾਲ ਵਿਚ ਸ਼ੁਰੂ ਹੋਣ ਦੀ ਸੰਭਾਵਨਾ ਹੈ ਕਿਉਂਕਿ ਜੁਲਾਈ ਅਤੇ ਅਗਸਤ ਮਹੀਨੇ 'ਚ ਪੰਜਾਬ ਨੂੰ ਹੜ੍ਹਾਂ ਦੀ ਮਾਰ ਝੱਲਣੀ ਪਈ ਸੀ। ਖਾਸ ਕਰਕੇ ਪਟਿਆਲਾ ਅਤੇ ਸੰਗਰੂਰ ਜ਼ਿਲ੍ਹਿਆਂ ਦੇ ਵੱਡੇ ਰਕਬੇ ਵਿਚ ਝੋਨੇ ਦੀ ਦੁਬਾਰਾ ਲੁਆਈ ਕਰਨੀ ਪਈ ਸੀ। ਇਸ ਵਾਰ ਸੂਬੇ ਵਿਚ 1854 ਖਰੀਦ ਕੇਂਦਰ ਬਣਾਏ ਗਏ ਹਨ। ਸੂਬਾ ਸਰਕਾਰ ਵੱਲੋਂ 182 ਲੱਖ ਮੀਟਰਿਕ ਟਨ ਝੋਨੇ ਦੀ ਖਰੀਦ ਦਾ ਟੀਚਾ ਮਿੱਥਿਆ ਗਿਆ ਹੈ ਅਤੇ ਭਾਰਤੀ ਰਿਜ਼ਰਵ ਬੈਂਕ ਵੱਲੋਂ ਸੂਬੇ ਨੂੰ ਕਰੀਬ 37,625 ਹਜ਼ਾਰ ਕਰੋੜ ਦੀ ਕੈਸ਼ ਕ੍ਰੈਡਿਟ ਲਿਮਟ ਜਾਰੀ ਕਰ ਦਿੱਤੀ ਗਈ ਹੈ। ਦੂਜੇ ਸੂਬਿਆਂ 'ਚੋਂ ਫਸਲ ਨੂੰ ਰੋਕਣ ਵਾਸਤੇ ਅੰਤਰਰਾਜੀ ਸਰਹੱਦਾਂ 'ਤੇ ਨਾਕੇ ਲਗਾਏ ਗਏ ਹਨ। ਡਿਪਟੀ ਕਮਿਸ਼ਨਰਾਂ ਨੇ ਖਰੀਦ ਏਜੰਸੀਆਂ ਨਾਲ ਆਪੋ-ਆਪਣੇ ਜ਼ਿਲ੍ਹਿਆਂ ਵਿਚ ਮੀਟਿੰਗਾਂ ਕੀਤੀਆਂ ਅਤੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲਿਆ।



ਮੁੱਖ ਮੰਤਰੀ ਭਗਵੰਤ ਮਾਨ ਨੇ ਰਾਜਪੁਰਾ ਵਿਚ ਕਿਹਾ ਕਿ ਝੋਨੇ ਦੀ ਫ਼ਸਲ ਦਾ ਇਕ-ਇਕ ਦਾਣਾ ਖਰੀਦਿਆ ਜਾਵੇਗਾ ਅਤੇ ਫ਼ਸਲ ਜਿਵੇਂ ਹੀ ਮੰਡੀ ਵਿਚ ਢੇਰੀ ਹੋਵੇਗੀ, ਉਸੇ ਸਮੇਂ ਪੈਸੇ ਕਿਸਾਨਾਂ ਦੇ ਖਾਤੇ ਵਿਚ ਪਾ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਭਾਰਤੀ ਰਿਜ਼ਰਵ ਬੈਂਕ ਨੇ ਕੈਸ਼ ਕਰੈਡਿਟ ਲਿਮਟ ਜਾਰੀ ਕਰ ਦਿੱਤੀ ਹੈ।

ਵੇਰਵਿਆਂ ਅਨੁਸਾਰ ਐਤਕੀਂ ਕਰੀਬ 8 ਲੱਖ ਕਿਸਾਨ ਆਪਣੀ ਫਸਲ ਵੇਚਣਗੇ। ਮੰਡੀਆਂ ਵਿਚ ਨੋਡਲ ਅਧਿਕਾਰੀ ਲਗਾਏ ਗਏ ਹਨ ਅਤੇ ਮੰਡੀਆਂ 'ਚੋਂ ਚੌਲ ਮਿੱਲਾਂ ਤੱਕ ਫਸਲ ਲਿਜਾਣ ਵਾਸਤੇ ਇਸ ਵਾਰ ਜੀ.ਪੀ.ਐੱਸ. ਲਾਜ਼ਮੀ ਕੀਤਾ ਗਿਆ ਹੈ।

ਮਾਝੇ ਦੇ ਖਰੀਦ ਕੇਂਦਰਾਂ ਵਿਚ ਬਾਸਮਤੀ ਦੀ ਆਮਦ ਦੋ ਹਫਤੇ ਪਹਿਲਾਂ ਹੀ ਸ਼ੁਰੂ ਹੋ ਗਈ ਸੀ। ਬਾਸਮਤੀ ਦੀ ਸਰਕਾਰੀ ਖਰੀਦ ਨਾ ਹੋਣ ਕਰਕੇ ਕਿਸਾਨ ਪ੍ਰਾਈਵੇਟ ਵਪਾਰੀਆਂ 'ਤੇ ਨਿਰਭਰ ਹਨ। ਮੁੱਢਲੇ ਪੜਾਅ 'ਤੇ ਫਸਲ ਵਿਚ ਨਮੀ ਆਉਣ ਦੇ ਖਦਸ਼ੇ ਹਨ। ਬਠਿੰਡਾ ਜ਼ਿਲ੍ਹੇ ਦੇ ਪਿੰਡ ਬਾਜਕ ਦੇ ਅਗਾਂਹਵਧੂ ਕਿਸਾਨ ਬਲਦੇਵ ਸਿੰਘ ਨੇ ਕਿਹਾ ਕਿ ਇੱਕਾ-ਦੁੱਕਾ ਖੇਤਾਂ ਵਿਚ ਵਾਢੀ ਦਾ ਕੰਮ ਸ਼ੁਰੂ ਹੋ ਗਿਆ ਹੈ ਪ੍ਰੰਤੂ ਵਾਢੀ 15 ਅਕਤੂਬਰ ਤੋਂ ਮਗਰੋਂ ਜ਼ੋਰਾਂ-ਸ਼ੋਰਾਂ ਨਾਲ ਚੱਲੇਗੀ। ਖੇਤੀ ਮਾਹਿਰਾਂ ਨੇ ਕਿਹਾ ਕਿ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਕਰਕੇ ਫਸਲ ਸਮੇਂ ਸਿਰ ਮੰਡੀਆਂ 'ਚ ਪੁੱਜ ਜਾਵੇਗੀ।

## ਝੋਨੇ ਦੀ ਖਰੀਦ ਲਈ ਸਾਰੇ ਪ੍ਰਬੰਧ ਮੁਕੰਮਲ: ਕਟਾਰੂਚੱਕ

**ਚੰਡੀਗੜ੍ਹ:** ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਝੋਨੇ ਦੇ ਖਰੀਦ ਸੀਜ਼ਨ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਮਗਰੋਂ ਦੱਸਿਆ ਕਿ ਸਾਉਣੀ ਮੰਡੀਕਰਨ ਸੀਜ਼ਨ 2023-24 ਲਈ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਸੂਬੇ ਭਰ ਵਿਚ 1806 ਮੰਡੀਆਂ ਸਥਾਪਤ ਕਰ ਕੇ ਚੌਲ ਮਿੱਲਾਂ ਨੂੰ ਕੰਪਿਊਟਰਾਈਜ਼ਡ ਜੀ.ਪੀ.ਐੱਸ. ਸਿਸਟਮ ਰਾਹੀਂ ਜੋੜਿਆ ਗਿਆ ਹੈ। ਉਨ੍ਹਾਂ ਡਿਪਟੀ ਡਾਇਰੈਕਟਰਾਂ, ਡੀ.ਐਫ.ਐਸ.ਸੀਜ਼. ਅਤੇ ਹੋਰ ਸੀਨੀਅਰ ਅਧਿਕਾਰੀਆਂ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਖਰੀਦ ਦੌਰਾਨ ਕਿਸਾਨਾਂ ਤੇ ਆੜ੍ਹਤੀਆਂ ਆਦਿ ਨੂੰ ਕਿਸੇ ਕਿਸਮ ਦੀ ਦਿੱਕਤ ਨਾ ਆਵੇ। ਫਸਲ ਦੀ ਸਮੇਂ ਸਿਰ ਚੁਕਾਈ ਤੇ ਪਹਿਲੇ ਦਿਨ ਤੋਂ ਕਿਸਾਨਾਂ ਦੇ ਖਾਤਿਆਂ ਵਿਚ ਸਿੱਧੀ ਅਦਾਇਗੀ ਯਕੀਨੀ ਬਣਾਈ ਜਾਵੇ। ਇਸ ਵਾਰ ਖਰੀਦ ਦਾ ਟੀਚਾ 182 ਲੱਖ ਮੀਟਰਿਕ ਟਨ ਮਿਥਿਆ ਹੈ।

# ਪੁਲਿਸ ਅਧਿਕਾਰੀਆਂ ਨੂੰ ਰੇਤ ਮਾਫੀਆ ਖਿਲਾਫ ਕਾਰਵਾਈ ਮਹਿੰਗੀ ਪਈ

**ਚੰਡੀਗੜ੍ਹ:** 'ਆਪ' ਨੇ ਸੱਤਾ 'ਚ ਆਉਣ ਤੋਂ ਪਹਿਲਾਂ ਸੂਬੇ ਵਿਚ ਰੇਤ ਮਾਫੀਆ ਖਤਮ ਕਰਨ ਦਾ ਵਾਅਦਾ ਕੀਤਾ ਸੀ ਪਰ ਭਗਵੰਤ ਮਾਨ ਸਰਕਾਰ ਬਣਨ ਮਗਰੋਂ ਰੇਤ ਮਾਫੀਆ ਖਿਲਾਫ਼ ਕਾਰਵਾਈ ਕਰਨ ਵਾਲੇ ਦੋ ਜ਼ਿਲ੍ਹਾ ਪੁਲਿਸ ਮੁਖੀਆਂ ਨੂੰ ਇਸ ਦੀ ਕੀਮਤ ਚੁਕਾਉਣੀ ਪਈ ਹੈ।

ਇਸ ਦੀ ਤਾਜ਼ਾ ਮਿਸਾਲ ਤਰਨ ਤਾਰਨ ਜ਼ਿਲ੍ਹੇ ਵਿਚ ਦੇਖਣ ਨੂੰ ਮਿਲੀ, ਜਿਥੇ ਨਾਜਾਇਜ਼ ਖਣਨ ਦੇ ਦੋਸ਼ ਹੇਠ ਪੁਲਿਸ ਨੇ ਖਡੂਰ ਸਾਹਿਬ ਤੋਂ 'ਆਪ' ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਦੇ ਜੀਜਾ ਨਿਸ਼ਾਨ ਸਿੰਘ ਸਣੇ 10 ਜਣਿਆਂ ਨੂੰ ਗ੍ਰਿਫਤਾਰ ਕੀਤਾ ਸੀ ਪਰ ਇਸ ਕਾਰਵਾਈ ਤੋਂ ਅਗਲੇ ਦਿਨ ਹੀ ਐਸ.ਐਸ.ਪੀ. ਗੁਰਮੀਤ ਚੌਹਾਨ ਦਾ ਤਬਾਦਲਾ ਕਰ ਦਿੱਤਾ ਗਿਆ। ਇਸ ਸਬੰਧੀ ਵਿਧਾਇਕ ਨੇ ਫੇਸਬੁੱਕ 'ਤੇ ਲਾਈਵ ਹੋ ਕੇ ਐਸ.ਐਸ.ਪੀ. ਨੂੰ ਉਸ ਦੇ ਰਿਸ਼ਤੇਦਾਰਾਂ ਦੀ ਬਜਾਏ ਉਸ ਨੂੰ 'ਝੂਠੇ ਕੇਸ' ਵਿਚ ਫਸਾ ਕੇ ਦਿਖਾਉਣ ਦੀ ਚੁਣੌਤੀ ਦਿੱਤੀ ਸੀ। ਦੱਸਿਆ ਜਾ ਰਿਹਾ ਹੈ ਕਿ ਇਹ ਕਾਰਵਾਈ ਕਰਵਾਉਣ ਲਈ ਵਿਧਾਇਕ ਮਨਜਿੰਦਰ ਸਿੰਘ ਨੇ ਚੰਡੀਗੜ੍ਹ ਡੇਰੇ ਲਾ ਲਏ ਸਨ।



ਹਾਲਾਂਕਿ ਐਸ.ਐਸ.ਪੀ. ਚੌਹਾਨ ਨੂੰ ਭਾਵੇਂ ਸਰਕਾਰ ਨੇ ਤੁਰਤ ਫਾਰਗ ਹੋਣ ਦੇ ਹੁਕਮ ਕਰ ਦਿੱਤੇ ਪਰ ਜ਼ਿਲ੍ਹਾ ਪੁਲਿਸ ਨੇ ਫੁੱਲਾਂ ਦੀ ਵਰਖਾ ਕਰਕੇ ਯਾਦਗਾਰੀ ਵਿਦਾਇਗੀ ਦਿੱਤੀ ਹੈ। ਇਸੇ ਤਰ੍ਹਾਂ 'ਆਪ' ਸਰਕਾਰ ਨੇ ਅਪਰੈਲ ਮਹੀਨੇ ਆਈ.ਪੀ.ਐਸ. ਅਧਿਕਾਰੀ ਧਰੁਮਨ ਐੱਚ. ਨਿੰਬਾਲੇ ਦਾ ਹੁਸ਼ਿਆਰਪੁਰ 'ਚੋਂ ਤਬਾਦਲਾ ਕਰ ਦਿੱਤਾ ਸੀ, ਜਿਥੇ ਉਨ੍ਹਾਂ ਰੇਤ ਮਾਫੀਆ ਪਰਦਾਫਾਸ਼ ਕਰਦਿਆਂ ਉਨ੍ਹਾਂ ਕੋਲੋਂ 1.53 ਕਰੋੜ ਰੁਪਏ ਜ਼ਬਤ ਕੀਤੇ ਸਨ। ਸਰਕਾਰ ਨੇ ਉਨ੍ਹਾਂ ਖ਼ਿਲਾਫ਼ ਕਾਰਵਾਈ ਮਾਫੀਆ ਦੇ ਪਰਦਾਫਾਸ਼ ਕਰਨ ਤੋਂ ਹਫਤਾ ਬਾਅਦ ਕੀਤੀ ਸੀ।

ਦੱਸਣਯੋਗ ਹੈ ਕਿ ਹਲਕਾ ਖਡੂਰ ਸਾਹਿਬ ਵਿਚ ਰੇਤੇ ਦੇ ਨਾਜਾਇਜ਼ ਖਣਨ ਮਾਮਲੇ 'ਚ ਗੋਇੰਦਵਾਲ ਪੁਲਿਸ ਨੇ ਹਲਕਾ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਦੇ ਇਕ ਕਰੀਬੀ ਰਿਸ਼ਤੇਦਾਰ ਨਿਸ਼ਾਨ ਸਿੰਘ ਸਮੇਤ ਦਸ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਸੀ। ਪੁਲਿਸ ਨੇ ਨਿਸ਼ਾਨ ਸਿੰਘ 'ਤੇ ਖਵਾਸਪੁਰ ਸਾਬਕਾ ਸਰਪੰਚ ਸੁਲੱਖਣ ਸਿੰਘ ਭੈਲ ਢਾਏਵਾਲਾ ਦੀ ਜਮੀਨ ਤੋਂ ਕਥਿਤ ਨਾਜਾਇਜ਼ ਖਣਨ ਕਰਵਾਉਣ ਦਾ ਦੋਸ਼ ਲਾਇਆ ਸੀ। ਦੂਜੇ ਪਾਸੇ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਨੇ ਪੁਲਿਸ ਦੀ ਇਸ ਕਾਰਵਾਈ ਨੂੰ ਝੂਠੀ ਦੱਸਦਿਆਂ ਜ਼ਿਲ੍ਹਾ ਪੁਲਿਸ ਮੁਖੀ ਦੀ ਕਾਰਗੁਜ਼ਾਰੀ 'ਤੇ ਸਵਾਲ ਵੀ ਚੁੱਕੇ ਸਨ। ਵਿਧਾਇਕ ਲਾਲਪੁਰਾ ਨੇ ਫੇਸਬੁਕ ਪੋਸਟ 'ਚ ਐਸ.ਐਸ.ਪੀ. ਗੁਰਮੀਤ ਸਿੰਘ ਚੌਹਾਨ ਖਿਲਾਫ਼ ਕਥਿਤ ਭ੍ਰਿਸ਼ਟਾਚਾਰ ਦੇ ਦੋਸ਼ ਲਾਏ ਸਨ ਤੇ ਤਰਨ ਤਾਰਨ ਦੇ ਸੀ.ਆਈ.ਏ. ਸਟਾਫ਼ ਦੇ ਅਧਿਕਾਰੀਆਂ ਨੂੰ ਇਸ ਵਿਚ ਸ਼ਾਮਲ ਦੱਸਿਆ ਸੀ। ਇਸ ਕਰਕੇ ਹੀ ਪੁਲਿਸ ਵਿਭਾਗ ਨੇ ਸੀ.ਆਈ.ਏ. ਸਟਾਫ਼ ਦੇ ਚਾਰ ਅਧਿਕਾਰੀਆਂ ਨੂੰ ਮੁਅੱਤਲ ਕੀਤਾ ਹੈ।

### 'ਆਪ' ਦਾ ਅਸਲ ਚਿਹਰਾ ਬੇਨਕਾਬ ਹੋਇਆ: ਜਾਖੜ

**ਚੰਡੀਗੜ੍ਹ:** ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਪੰਜਾਬ ਸਰਕਾਰ ਵੱਲੋਂ ਵਿਰੋਧੀ ਪਾਰਟੀ ਦੇ ਲੋਕਾਂ 'ਤੇ ਝੂਠੇ ਕੇਸ ਪਾਉਣ ਦੇ ਦੋਸ਼ ਲਾਉਂਦਿਆਂ ਕਿਹਾ ਕਿ 18 ਮਹੀਨਿਆਂ ਦੌਰਾਨ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵਿਰੋਧੀ ਪਾਰਟੀਆਂ ਦੇ ਲੋਕਾਂ 'ਤੇ ਭ੍ਰਿਸ਼ਟਾਚਾਰ ਤੇ ਨਸ਼ਿਆਂ ਦੇ ਮਾਮਲੇ ਦਰਜ ਕੀਤੇ ਹਨ। ਇਨ੍ਹਾਂ ਦੀ ਜਾਂਚ ਲਈ ਇਕ ਨਿਆਇਕ ਕਮਿਸ਼ਨ ਬਣਾਇਆ ਜਾਵੇ। ਸ੍ਰੀ ਜਾਖੜ ਨੇ ਆਰ.ਟੀ.ਆਈ. ਕਾਰਕੁਨ ਮਾਨਿਕ ਗੋਇਲ ਨੂੰ ਡਰਾਉਣ ਦੀ ਪੁਲਿਸ ਕਾਰਵਾਈ ਦੀ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਐਸ.ਐਸ.ਪੀ. ਤਰਨ ਤਾਰਨ ਨੇ ਰੇਤ ਮਾਫੀਆ ਖ਼ਿਲਾਫ਼ ਕਾਰਵਾਈ ਕਰਨ ਦੀ ਹਿੰਮਤ ਦਿਖਾਈ ਤਾਂ ਉਸ ਨੂੰ ਤੁਰਤ ਹਟਾ ਦਿੱਤਾ ਗਿਆ। ਇਸ ਨਾਲ ਆਮ ਆਦਮੀ ਪਾਰਟੀ ਦਾ ਅਸਲ ਚਿਹਰਾ ਬੇਨਕਾਬ ਹੋ ਗਿਆ ਹੈ।

## ਪੰਚਾਇਤੀ ਚੋਣਾਂ: ਅਫਸਰ ਦੀ ਬਹਾਲੀ 'ਤੇ ਬਾਜਵਾ ਨੇ ਸਰਕਾਰ ਨੂੰ ਘੇਰਿਆ

**ਚੰਡੀਗੜ੍ਹ:** ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਪੰਚਾਇਤ ਵਿਭਾਗ ਦੇ ਮੁਅੱਤਲ ਕੀਤੇ ਗਏ ਨੌਕਰਸ਼ਾਹਾਂ ਵਿਚੋਂ ਇਕ ਨੂੰ ਬਹਾਲ ਕਰਨ ਦੇ ਮਾਮਲੇ ਉਤੇ 'ਆਪ' ਸਰਕਾਰ ਨੂੰ ਘੇਰਿਆ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਦੇ ਇਸ ਕਦਮ ਨੇ ਸਾਬਤ ਕਰ ਦਿੱਤਾ ਹੈ ਕਿ ਦੋਵੇਂ ਸੀਨੀਅਰ ਨੌਕਰਸ਼ਾਹਾਂ ਨੂੰ ਬਲੀ ਦਾ ਬੱਕਰਾ ਬਣਾਇਆ ਗਿਆ ਸੀ। ਉਨ੍ਹਾਂ ਕਿਹਾ ਕਿ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਪ੍ਰਮੁੱਖ ਸਕੱਤਰ ਡੀ.ਕੇ ਤਿਵਾੜੀ ਤੇ ਡਾਇਰੈਕਟਰ ਗੁਰਪ੍ਰੀਤ ਸਿੰਘ ਖਹਿਰਾ ਨੂੰ ਮੁਅੱਤਲ ਕੀਤੇ ਜਾਣ ਦੇ ਇਕ ਮਹੀਨੇ ਬਾਅਦ ਬਹਾਲ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੂੰ ਮੁਅੱਤਲ ਕੀਤੇ ਗਏ ਸੀਨੀਅਰ ਨੌਕਰਸ਼ਾਹ ਗੁਰਪ੍ਰੀਤ ਸਿੰਘ ਖਹਿਰਾ ਨੂੰ ਵੀ ਬਹਾਲ ਕਰਨਾ ਚਾਹੀਦਾ ਹੈ।

## ਸੁਖਬੀਰ ਵੱਲੋਂ 'ਆਪ' ਵਿਧਾਇਕਾਂ 'ਤੇ ਨਸ਼ਾ ਤਸਕਰਾਂ ਨਾਲ ਮਿਲੀਭੁਗਤ ਦੇ ਦੋਸ਼

**ਲੰਬੀ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ 'ਆਪ' ਵਿਧਾਇਕਾਂ 'ਤੇ ਨਸ਼ਾ ਤਸਕਰਾਂ ਨਾਲ ਕਥਿਤ ਮਿਲੀਭੁਗਤ ਦੇ ਦੋਸ਼ ਲਾਏ ਹਨ। ਸੁਖਬੀਰ ਬਾਦਲ ਲੰਬੀ ਵਿਚ ਯੁਵਕ ਮਿਲਣੀ ਪ੍ਰੋਗਰਾਮ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ 'ਆਪ' ਵਿਧਾਇਕਾਂ ਦੀ ਕਥਿਤ ਹੱਲਾਸ਼ੇਰੀ ਕਾਰਨ ਸੂਬੇ ਵਿਚ ਕਾਨੂੰਨ ਵਿਵਸਥਾ ਵਹਿ-ਢੇਰੀ ਹੋ ਗਈ ਹੈ ਅਤੇ ਨਸ਼ਾ ਤਸਕਰੀ ਵਧ ਗਈ ਹੈ। ਉਨ੍ਹਾਂ ਨਾਜਾਇਜ਼ ਮਾਈਨਿੰਗ ਮਾਮਲੇ 'ਚ ਵਿਧਾਇਕ ਦੇ ਜੀਜੇ ਨੂੰ ਗ੍ਰਿਫਤਾਰ ਕਰਨ ਵਾਲੇ ਅਧਿਕਾਰੀ ਨੂੰ ਤਬਾਦਲੇ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਵਿਧਾਇਕ ਵੱਲੋਂ ਸਰਕਾਰ ਨੂੰ ਕਥਿਤ ਬਲੈਕਮੇਲ ਕੀਤੇ ਜਾਣ ਕਰ ਕੇ ਇਹ ਤਬਾਦਲਾ ਕੀਤਾ ਗਿਆ ਹੈ। ਅਕਾਲੀ ਦਲ ਦੇ ਪ੍ਰਧਾਨ ਨੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਵਰ੍ਹਦਿਆਂ ਕਿਹਾ ਕਿ ਅੱਜ ਸਮਾਜ ਦਾ ਹਰ




ਵਰਗ ਪੀੜਤ ਹੈ, ਜਦੋਂ ਕਿ ਪੰਜਾਬ ਦੇ ਵੋਟਰਾਂ ਨੇ 'ਆਪ' ਨੂੰ ਬਹੁਤ ਵੱਡੇ ਬਹੁਮਤ ਨਾਲ ਸਰਕਾਰ ਦੀ ਵਾਗਡੋਰ ਸੌਂਪੀ ਸੀ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਆਮ ਆਦਮੀ ਪਾਰਟੀ ਨੇ ਪਹਿਲਾਂ ਬਾਦਲ ਸਰਕਾਰ ਵੱਲੋਂ ਦਿੱਤੀ ਜਾ ਰਹੀ 200 ਯੂਨਿਟ ਮੁਫਤ ਬਿਜਲੀ ਦੀ ਸਹੂਲਤ ਨਾਲੋਂ 100 ਯੂਨਿਟ ਵੱਧ ਬਿਜਲੀ ਦਿੱਤੀ। ਬਦਲੇ ਵਿਚ ਸਰਕਾਰ ਨੇ ਤੇਲ ਕੀਮਤਾਂ ਵਿਚ 2.50 ਰੁਪਏ ਪ੍ਰਤੀ ਲੀਟਰ ਵਾਧਾ ਕਰ ਦਿੱਤਾ ਅਤੇ ਸਗਨ ਸਕੀਮ, ਐੱਸ.ਸੀ. ਸਕਾਲਰਸ਼ਿਪ ਸਕੀਮ, ਲੜਕੀਆਂ ਲਈ ਮੁਫਤ ਸਾਈਕਲਾਂ ਤੇ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਸਮੇਤ ਸਾਰੇ ਸਮਾਜ ਭਲਾਈ ਲਾਭ ਬੰਦ ਕਰ ਦਿੱਤੇ।

### ਨਸ਼ਾ ਤਸਕਰੀ ਦੇ ਫੜੀ ਔਰਤ ਦੀ ਭੇਤ-ਭਰੀ ਮੌਤ

**ਗੜ੍ਹਸ਼ੰਕਰ:** ਇਥੇ ਪੁਲਿਸ ਵੱਲੋਂ ਨਸ਼ਾ ਤਸਕਰੀ ਦੇ ਦੋਸ਼ ਹੇਠ ਕਾਬੂ ਕੀਤੀ ਗਈ ਔਰਤ ਦੀ ਸਿਵਲ ਹਸਪਤਾਲ ਹੁਸ਼ਿਆਰਪੁਰ ਵਿਚ ਇਲਾਜ ਦੌਰਾਨ ਮੌਤ ਹੋ ਗਈ। ਮ੍ਰਿਤਕ ਔਰਤ ਦੀ ਪਛਾਣ ਸੀਤੋ ਪਤਨੀ ਨਿਰੰਜਨ ਰਾਮ ਵਜੋਂ ਹੋਈ ਹੈ। ਪੁਲਿਸ ਨੇ ਮ੍ਰਿਤਕ ਔਰਤ ਦਾ ਪੋਸਟਮਾਰਟਮ ਕਰਨ ਤੋਂ ਬਾਅਦ ਲਾਸ਼ ਵਾਰਸਾਂ ਹਵਾਲੇ ਕਰ ਦਿੱਤੀ ਹੈ। ਐਸ.ਐਚ.ਓ. ਜੈਪਾਲ ਨੇ ਦੱਸਿਆ ਕਿ ਔਰਤ ਪਹਿਲਾਂ ਹੀ ਬਿਮਾਰ ਸੀ ਅਤੇ ਬਾਅਦ 'ਚ ਉਸ ਨੂੰ ਸਿਵਲ ਹਸਪਤਾਲ ਹੁਸ਼ਿਆਰਪੁਰ ਦਾਖਲ ਕਰਵਾਇਆ ਗਿਆ ਸੀ। ਦੱਸਣਯੋਗ ਹੈ ਕਿ 28 ਸਤੰਬਰ ਨੂੰ ਥਾਣਾ ਗੜ੍ਹਸ਼ੰਕਰ ਦੀ ਪੁਲਿਸ ਨੇ ਦੇਣੋਵਾਲ ਖੁਰਦ, ਬਸਤੀ ਸੈਂਸੀਆਂ ਤੋਂ 11 ਨਸ਼ਾ ਤਸਕਰਾਂ ਕੋਲੋਂ ਨਸ਼ੇ ਦੇ ਟੀਕੇ ਬਰਾਮਦ ਕਰ ਕੇ ਉਨ੍ਹਾਂ ਖ਼ਿਲਾਫ਼ ਕੇਸ ਦਰਜ ਕੀਤਾ ਸੀ।

## ਨਸ਼ਿਆਂ ਕਾਰਨ ਹੋਈਆਂ ਮੌਤਾਂ ਦੀ ਜਾਂਚ ਦੇ ਹੁਕਮ



**ਚੰਡੀਗੜ੍ਹ:** ਪੰਜਾਬ ਦੇ ਮੁੱਖ ਸਕੱਤਰ ਅਨੁਰਾਗ ਵਰਮਾ ਨੇ ਸੂਬੇ ਵਿਚ ਨਸ਼ਿਆਂ ਕਾਰਨ ਹੋਣ ਵਾਲੀਆਂ ਮੌਤਾਂ ਦੀ ਜਾਂਚ ਕਰਨ ਦੀ ਹਦਾਇਤ ਕੀਤੀ ਹੈ। ਉਨ੍ਹਾਂ ਸਿਹਤ ਤੇ ਪੁਲਿਸ ਵਿਭਾਗ ਨੂੰ ਕਿਹਾ ਕਿ ਉਹ ਸਾਂਝੇ ਤੌਰ 'ਤੇ ਪੰਜਾਬ ਵਿਚ ਨਸ਼ਿਆਂ ਨਾਲ ਹੋਣ ਵਾਲੀਆਂ ਮੌਤਾਂ ਦੇ ਕਾਰਨਾਂ ਦੀ ਜਾਂਚ ਕਰਨ ਅਤੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਤੇਜ਼ੀ ਲਿਆਉਣ। ਮੁੱਖ ਸਕੱਤਰ ਨੇ ਸਿਹਤ ਵਿਭਾਗ ਨੂੰ ਕਿਹਾ ਕਿ ਓਵਰਡੋਜ਼ ਤੋਂ ਪੀੜਤ ਮਰੀਜ਼ਾਂ ਦੀ ਜਾਨ ਬਚਾਉਣ ਲਈ ਕਿਹੜੀਆਂ ਦਵਾਈਆਂ ਕਾਰਗਰ ਹੋ ਸਕਦੀਆਂ ਹਨ, ਉਨ੍ਹਾਂ ਦੀ ਸੂਚੀ ਬਣਾਉਣ ਲਈ ਮਾਹਿਰਾਂ ਦੀ ਕਮੇਟੀ ਬਣਾ ਕੇ ਫੈਸਲਾ ਲਿਆ ਜਾਵੇ। ਉਨ੍ਹਾਂ ਜ਼ਿਲ੍ਹਾ ਪੱਧਰ 'ਤੇ ਹਰ ਮਹੀਨੇ ਮੀਟਿੰਗਾਂ ਕਰਕੇ ਡੀ.ਸੀ, ਐਸ.ਐਸ.ਪੀ. ਤੇ ਸਿਵਲ ਸਰਜਨਾਂ ਨੂੰ ਸਮੀਖਿਆ ਕਰਨ ਲਈ ਕਿਹਾ। ਮੁੱਖ ਸਕੱਤਰ ਨੇ 'ਨਾਰਕੋ ਕੋਆਰਡੀਨੇਸ਼ਨ ਸੈਂਟਰ ਮੈਕਨਿਜ਼ਮ' ਦੀ ਰਾਜ ਪੱਧਰੀ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਇਹ ਹਦਾਇਤਾਂ ਜਾਰੀ ਕੀਤੀਆਂ। ਉਨ੍ਹਾਂ ਨਸ਼ਿਆਂ ਦੀ ਰੋਕਥਾਮ ਲਈ ਬਣਾਈ ਤਾਲਮੇਲ ਕਮੇਟੀ ਦੀਆਂ ਸਾਰੀਆਂ ਸਬੰਧਤ ਧਿਰਾਂ ਨੂੰ ਨਤੀਜਾ ਮੁਖੀ ਕੰਮ ਕਰਨ ਲਈ ਆਖਿਆ। ਉਨ੍ਹਾਂ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਜ਼ਬਤ ਕਰਨ ਦੀ ਪ੍ਰਕਿਰਿਆ ਤੇਜ਼ ਕਰਨ ਲਈ ਕਿਹਾ।

### ਨਸ਼ੇ ਨੇ ਲਈ ਨੌਜਵਾਨ ਦੀ ਜਾਨ

**ਭੁੱਚੋ ਮੰਡੀ:** ਪਿੰਡ ਭੁੱਚੋ ਕਲਾਂ ਵਿਚ ਨਸ਼ੇ ਨੇ ਇਕ ਹੋਰ ਨੌਜਵਾਨ ਦੀ ਜਾਨ ਲੈ ਲਈ ਹੈ। ਮ੍ਰਿਤਕ ਦੀ ਪਛਾਣ ਸੁੱਖਾ ਸਿੰਘ (23) ਵਜੋਂ ਹੋਈ ਹੈ। ਜਾਣਕਾਰੀ ਮੁਤਾਬਕ ਸੁੱਖਾ ਸਿੰਘ ਦੀ ਲਾਸ਼ ਘਰ ਦੇ ਬਾਥਰੂਮ ਵਿਚੋਂ ਮਿਲੀ ਹੈ। ਦੱਸਣਯੋਗ ਹੈ ਕਿ ਸੁੱਖਾ ਸਿੰਘ ਵਿਆਹਿਆ ਹੋਇਆ ਸੀ ਤੇ ਉਸ ਦਾ ਦੋ ਸਾਲਾਂ ਦਾ ਪੁੱਤਰ ਵੀ ਹੈ। ਮ੍ਰਿਤਕ ਦੇ ਭਰਾ ਊਧਮ ਸਿੰਘ ਨੇ ਦੱਸਿਆ ਕਿ ਸੁੱਖਾ ਸਿੰਘ ਪਿਛਲੇ ਤਿੰਨ ਸਾਲਾਂ ਤੋਂ ਚਿੱਟੇ ਦੇ ਟੀਕੇ ਲਗਾਉਣ ਦਾ ਆਦੀ ਹੋ ਗਿਆ ਸੀ। ਉਸ ਨੂੰ ਪਿਛਲੇ ਕੁਝ ਮਹੀਨਿਆਂ ਤੋਂ ਨਸ਼ਾ ਛੁਡਾਊ ਕੇਂਦਰ ਵਿਚ ਭਰਤੀ ਕਰਵਾਇਆ ਹੋਇਆ ਸੀ ਅਤੇ ਕੁਝ ਦਿਨ ਪਹਿਲਾਂ ਹੀ ਉਹ ਘਰ ਆਇਆ ਸੀ।

## ਪੰਜਾਬ 'ਚ ਚੰਡੀਗੜ੍ਹ ਤੋਂ ਸ਼ਰਾਬ ਤਸਕਰੀ ਦਾ ਮਾਮਲਾ ਭਖਿਆ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਨਸ਼ਿਆਂ ਦੇ ਮਾਮਲੇ 'ਤੇ ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਬਨਵਾਰੀ ਲਾਲ ਪੁਰੋਹਿਤ ਨੂੰ ਘੇਰਿਆ ਹੈ। ਉਨ੍ਹਾਂ ਚੰਡੀਗੜ੍ਹ ਤੋਂ ਪੰਜਾਬ 'ਚ ਵੱਡੀ ਮਾਤਰਾ ਵਿਚ ਸ਼ਰਾਬ ਦੀ ਤਸਕਰੀ ਹੋਣ ਦਾ ਦੋਸ਼ ਲਾਇਆ ਹੈ। ਉਨ੍ਹਾਂ ਰਾਜਪਾਲ ਨੂੰ ਸਵਾਲ ਕਰਦਿਆਂ ਕਿਹਾ ਕਿ ਉਹ ਹਰ ਰੋਜ਼ਾਨਾ ਨਸ਼ਿਆਂ ਦੇ ਮੁੱਦੇ 'ਤੇ ਪੰਜਾਬ ਸਰਕਾਰ 'ਤੇ ਸਵਾਲ ਉਠਾਉਂਦੇ ਹਨ, ਪਰ ਉਹ ਖ਼ੁਦ ਚੰਡੀਗੜ੍ਹ ਤੋਂ ਪੰਜਾਬ 'ਚ ਹੋ ਰਹੀ ਸ਼ਰਾਬ ਦੀ ਗੈਰ-ਕਾਨੂੰਨੀ ਤਸਕਰੀ 'ਤੇ ਕਦੋਂ ਰੋਕ ਲਾਉਣਗੇ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਤੋਂ ਹਰ ਰੋਜ਼ ਵੱਡੀ ਮਾਤਰਾ ਵਿਚ ਨਾਜਾਇਜ਼ ਸ਼ਰਾਬ ਦੀ ਤਸਕਰੀ ਪੰਜਾਬ ਵਿਚ ਹੋ ਰਹੀ ਹੈ, ਜਿਸ ਕਾਰਨ ਸ਼ਰਾਬ ਮਾਫੀਆ ਨੂੰ ਹੱਲਾਸ਼ੇਰੀ ਮਿਲ ਰਹੀ ਹੈ ਅਤੇ ਚੰਡੀਗੜ੍ਹ ਨੂੰ



ਆਰਥਿਕ ਨੁਕਸਾਨ ਵੀ ਝੱਲਣਾ ਪੈ ਰਿਹਾ ਹੈ। ਉਨ੍ਹਾਂ ਰਾਜਪਾਲ ਨੂੰ ਅਪੀਲ ਕੀਤੀ ਕਿ ਉਹ ਚੰਡੀਗੜ੍ਹ ਦੇ ਪ੍ਰਸ਼ਾਸਕ ਹੋਣ ਦੇ ਨਾਤੇ ਸ਼ਰਾਬ ਦੀ ਤਸਕਰੀ ਨੂੰ ਰੋਕਣ ਲਈ ਯੋਗ ਉਪਰਾਲੇ ਕਰਨ। ਉਨ੍ਹਾਂ ਕਿਹਾ ਕਿ ਰਾਜਪਾਲ ਨੂੰ ਚਾਹੀਦਾ ਹੈ ਕਿ ਉਹ ਪੰਜਾਬ ਸਰਕਾਰ ਅਤੇ ਨਸ਼ਿਆਂ ਸਬੰਧੀ ਸਵਾਲ ਉਠਾਉਣ ਤੋਂ ਪਹਿਲਾਂ ਚੰਡੀਗੜ੍ਹ ਦੇ ਪ੍ਰਸ਼ਾਸਨ ਨੂੰ ਸੁਧਾਰਨ ਅਤੇ ਡਰੱਗ ਮਾਫੀਆ ਨੂੰ ਨੱਥ ਪਾਉਣ।

## ਮਾਨ ਨੇ ਹਿਮਾਚਲ ਵਿਚਲਾ ਸ਼ਾਨਨ ਪਾਵਰ ਪ੍ਰੋਜੈਕਟ ਪੰਜਾਬ ਹਵਾਲੇ ਕਰਨ ਦੀ ਮੰਗ ਚੁੱਕੀ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰੀ ਬਿਜਲੀ ਮੰਤਰੀ ਆਰ.ਕੇ ਸਿੰਘ ਨੂੰ ਪੱਤਰ ਲਿਖ ਕੇ ਹਿਮਾਚਲ ਪ੍ਰਦੇਸ਼ ਵਿਚਲੇ 'ਸ਼ਾਨਨ ਪਾਵਰ ਪ੍ਰੋਜੈਕਟ' ਨੂੰ ਸਿਵਲ ਰਿੱਟ ਪਟੀਸ਼ਨ ਦੇ ਫੈਸਲੇ ਮਗਰੋਂ ਪੰਜਾਬ ਨੂੰ ਸੌਂਪਣ ਲਈ ਕਿਹਾ ਹੈ। ਜ਼ਿਕਰਯੋਗ ਹੈ ਕਿ ਹਿਮਾਚਲ ਪ੍ਰਦੇਸ਼ ਹਾਈ ਕੋਰਟ ਵਿਚ ਦਾਇਰ ਪਟੀਸ਼ਨ ਦਾ ਇਸੇ ਮਹੀਨੇ ਨਿਪਟਾਰਾ ਹੋਇਆ ਹੈ ਤੇ ਭਾਰਤ ਸਰਕਾਰ ਨੇ ਵੀ ਅਦਾਲਤ ਵਿਚ ਪੰਜਾਬ ਦੇ ਪੱਖ 'ਤੇ ਮੋਹਰ ਲਾਈ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਪੁਨਰਗਠਨ ਐਕਟ 1966 ਤਹਿਤ ਸ਼ਾਨਨ ਪ੍ਰੋਜੈਕਟ ਪੰਜਾਬ ਦੇ ਹਿੱਸੇ ਆਇਆ ਸੀ ਤੇ ਇਸ ਐਕਟ ਤਹਿਤ ਇਸ ਪ੍ਰੋਜੈਕਟ 'ਤੇ ਕਾਨੂੰਨੀ ਤੌਰ 'ਤੇ ਪਾਵਰਕੌਮ ਦਾ ਹੀ ਹੱਕ ਬਣਦਾ ਹੈ।



ਮੁੱਖ ਮੰਤਰੀ ਨੇ ਉਮੀਦ ਜ਼ਾਹਿਰ ਕੀਤੀ ਕਿ ਭਾਰਤ ਸਰਕਾਰ ਇਸ ਪ੍ਰੋਜੈਕਟ ਬਾਰੇ ਕਾਨੂੰਨੀ ਤੌਰ 'ਤੇ ਸਥਿਤੀ ਨੂੰ ਬਰਕਰਾਰ ਰੱਖੇਗੀ। ਭਗਵੰਤ ਮਾਨ ਨੇ ਲਿਖਿਆ ਹੈ ਕਿ ਜੇਕਰ ਕੇਂਦਰ ਸਰਕਾਰ ਨੇ ਸਹੀ ਸਥਿਤੀ ਨੂੰ ਕਾਇਮ ਨਾ ਰੱਖਿਆ ਤਾਂ ਇਹ ਪੰਜਾਬ ਨਾਲ ਵੱਡੀ ਬੇਇਨਸਾਫ਼ੀ ਹੋਵੇਗੀ। ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸੁੱਖੂ ਨੇ ਕੁਝ ਮਹੀਨੇ ਪਹਿਲਾਂ ਪੰਜਾਬ ਦੇ ਆਪਣੇ ਹਮਰੁਤਬਾ ਭਗਵੰਤ ਮਾਨ ਨੂੰ ਪੱਤਰ ਲਿਖ ਕੇ ਚਿਤਾਵਨੀ ਦਿੱਤੀ ਸੀ ਕਿ ਸ਼ਾਨਨ ਪ੍ਰੋਜੈਕਟ ਦੀ ਲੀਜ਼ ਖ਼ਤਮ ਹੋਣ ਮਗਰੋਂ ਹਿਮਾਚਲ ਪ੍ਰਦੇਸ਼ ਇਸ ਪ੍ਰੋਜੈਕਟ ਦਾ ਕੰਮ ਆਪਣੇ ਹੱਥ ਵਿਚ ਲੈ ਲਵੇਗਾ। ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਮੰਡੀ ਵਿਚਲਾ 'ਸ਼ਾਨਨ ਪਾਵਰ ਪ੍ਰੋਜੈਕਟ' ਪੰਜਾਬ ਪੁਨਰਗਠਨ ਐਕਟ 1966 ਤਹਿਤ ਪੰਜਾਬ ਨੂੰ ਅਲਾਟ ਹੋਇਆ ਸੀ, ਪਰ ਹਿਮਾਚਲ ਪ੍ਰਦੇਸ਼ 3 ਮਾਰਚ 1925 ਵਿਚ ਮੰਡੀ ਦੇ ਰਾਜਾ ਤੇ ਬ੍ਰਿਟਿਸ਼ ਹਕੂਮਤ ਦਰਮਿਆਨ ਹੋਏ 99 ਸਾਲਾਂ ਲੀਜ਼ ਐਗਰੀਮੈਂਟ ਦਾ ਹਵਾਲਾ ਦੇ ਰਿਹਾ ਹੈ, ਜਿਸ ਦੀ ਮਿਆਦ 2 ਮਾਰਚ 2024 ਨੂੰ ਖ਼ਤਮ ਹੋ ਰਹੀ ਹੈ। ਜਾਣਕਾਰੀ ਅਨੁਸਾਰ ਇਸ ਪ੍ਰੋਜੈਕਟ ਦੀ ਮੁੱਢਲੀ ਕੀਮਤ 2.50 ਕਰੋੜ ਰੁਪਏ ਸੀ ਤੇ ਹੁਣ ਇਹ ਅਸਾਸੇ ਕਰੀਬ 1600 ਕਰੋੜ ਦੇ ਦੱਸੇ ਜਾ ਰਹੇ ਹਨ। ਪੰਜਾਬ ਸਰਕਾਰ ਨੂੰ 1966 ਵਿਚ ਇਹ ਪ੍ਰੋਜੈਕਟ ਮਿਲਿਆ ਸੀ ਜਿਸ ਮਗਰੋਂ ਤਤਕਾਲੀ ਪੰਜਾਬ ਰਾਜ ਬਿਜਲੀ ਬੋਰਡ ਨੇ ਇਸ ਦੀ ਸਮਰੱਥਾ ਵਧਾ ਕੇ 110 ਮੈਗਾਵਾਟ ਕਰ ਲਈ ਸੀ।

### ਪੰਜਾਬ ਸਰਕਾਰ ਨੇ ਕੇਂਦਰ ਨੂੰ ਲਿਖਿਆ...

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਲਿਖਿਆ ਹੈ ਕਿ ਆਜ਼ਾਦੀ ਮਗਰੋਂ ਸਾਰੇ ਅਸਾਸੇ ਭਾਰਤੀ ਹਕੂਮਤ ਅਧੀਨ ਆ ਗਏ ਸਨ, ਜਿਸ ਕਰਕੇ ਬ੍ਰਿਟਿਸ਼ ਹਕੂਮਤ ਸਮੇਂ ਹੋਈ ਲੀਜ਼ ਦਾ ਕੋਈ ਮਾਅਨਾ ਨਹੀਂ ਰਹਿੰਦਾ। ਪੰਜਾਬ ਪੁਨਰਗਠਨ ਐਕਟ 1966 ਵਿਚ 'ਸ਼ਾਨਨ ਪਾਵਰ ਪ੍ਰੋਜੈਕਟ' ਪੰਜਾਬ ਨੂੰ ਸੌਂਪਿਆ ਗਿਆ ਸੀ ਤੇ ਭਾਰਤ ਸਰਕਾਰ ਨੇ ਸਮੇਂ ਸਮੇਂ 'ਤੇ ਪੱਤਰ ਭੇਜ ਕੇ 'ਸ਼ਾਨਨ ਪਾਵਰ ਪ੍ਰੋਜੈਕਟ' ਦੀ ਮੁਕੰਮਲ ਮਾਲਕੀ ਪੰਜਾਬ ਸਰਕਾਰ ਦੀ ਹੋਣ 'ਤੇ ਮੋਹਰ ਲਾ ਦਿੱਤੀ ਸੀ। ਉੱਤਰੀ ਜ਼ੋਨਲ ਕੌਂਸਲ ਦੀ ਮੀਟਿੰਗ ਵਿਚ ਵੀ ਸ਼ਾਨਨ ਪ੍ਰੋਜੈਕਟ ਦਾ ਮਾਮਲਾ ਉਠਿਆ ਸੀ।

ਪੰਜਾਬ ਟਾਈਮਜ਼

*ਸ਼ਨਿਚਰਵਾਰ, 7 ਅਕਤੂਬਰ, 2023*

# ਜ਼ੁਬਾਨਬੰਦੀ ਦੇ ਯਤਨ

ਦਿੱਲੀ ਪੁਲਿਸ ਦੇ ਵਿਸ਼ੇਸ਼ ਸੈੱਲ ਨੇ ਆਨਲਾਈਨ ਨਿਊਜ਼ ਪੋਰਟਲ 'ਨਿਊਜ਼ਕਲਿਕ' ਅਤੇ ਇਸ ਦੇ ਪੱਤਰਕਾਰਾਂ ਦੇ 30 ਟਿਕਾਣਿਆਂ 'ਤੇ ਅਤਿਵਾਦ ਵਿਰੋਧੀ ਕਾਨੂੰਨ ਗ਼ੈਰ-ਕਾਨੂੰਨੀ ਸਰਗਰਮੀਆਂ ਰੋਕੂ ਐਕਟ (ਯੂ.ਏ.ਪੀ.ਏ.) ਤਹਿਤ ਛਾਪੇ ਮਾਰੇ। ਪੁਲਿਸ ਨੇ ਮਗਰੋਂ 'ਨਿਊਜ਼ਕਲਿੱਕ' ਦਾ ਦਫ਼ਤਰ ਵੀ ਸੀਲ ਕਰ ਦਿੱਤਾ। ਨਾਲ ਹੀ 'ਨਿਊਜ਼ਕਲਿੱਕ' ਦੇ ਬਾਨੀ ਪ੍ਰਬੀਰ ਪੁਰਕਾਇਸਥ ਅਤੇ ਅਦਾਰੇ ਦੇ ਮਨੁੱਖੀ ਵਸੀਲਾ ਵਿਭਾਗ ਦੇ ਮੁਖੀ ਅਮਿਤ ਚੱਕਰਵਰਤੀ ਨੂੰ ਵਿਦੇਸ਼ ਤੋਂ ਹੁੰਦੀ ਫੰਡਿੰਗ ਕੇਸ ਦੀ ਜਾਂਚ ਦੇ ਸਬੰਧ ਵਿਚ ਗ੍ਰਿਫ਼ਤਾਰ ਕਰ ਲਿਆ। ਛਾਪਿਆਂ ਦੌਰਾਨ ਡਿਜੀਟਲ ਯੰਤਰ, ਦਸਤਾਵੇਜ਼ ਅਤੇ ਹੋਰ ਆਈਟਮਾਂ ਕਬਜ਼ੇ ਵਿਚ ਲੈ ਲਈਆਂ। ਪੁਲਿਸ ਦਾ ਦਾਅਵਾ ਹੈ ਕਿ ਨਿਊਜ਼ ਪੋਰਟਲ ਖਿਲਾਫ਼ ਸ਼ਿਕਾਇਤ ਮਿਲੀ ਸੀ ਕਿ ਇਸ ਨੇ ਪੈਸੇ ਲੈ ਕੇ ਚੀਨ ਪੱਖੀ ਪ੍ਰਾਪੇਗੰਡਾ ਕੀਤਾ ਜਾਂਦਾ ਹੈ। ਉਰਮਿਲੇਸ਼ ਅਤੇ ਅਭਿਸ਼ਾਰ ਸ਼ਰਮਾ ਸਣੇ ਕੁਝ ਪੱਤਰਕਾਰਾਂ ਨੂੰ ਪੁੱਛ-ਪੜਤਾਲ ਲਈ ਲੋਧੀ ਰੋਡ ਸਥਿਤ ਵਿਸ਼ੇਸ਼ ਸੈੱਲ ਦਫ਼ਤਰ ਵੀ ਲਿਜਾਇਆ ਗਿਆ। ਪੱਤਰਕਾਰ ਔਨਿੰਦਿਓ ਚੱਕਰਵਰਤੀ, ਪ੍ਰੰਜਯ ਗੁਹਾ ਠਾਕੁਰਤਾ ਅਤੇ ਇਤਿਹਾਸਕਾਰ ਸੋਹੇਲ ਹਾਸ਼ਮੀ ਨੂੰ ਵੀ ਸਵਾਲ-ਜਵਾਬ ਕੀਤੇ ਗਏ। ਇਹ ਸਵਾਲ ਵਿਦੇਸ਼ ਯਾਤਰਾ, ਸ਼ਾਹੀਨ ਬਾਗ਼ ਵਿਚ ਨਾਗਰਿਕਤਾ ਸੋਧ ਐਕਟ ਖਿਲਾਫ਼ ਮੁਜ਼ਾਹਰੇ, ਕਿਸਾਨਾਂ ਵੱਲੋਂ ਤਿੰਨ ਖੇਤੀ ਕਾਨੂੰਨਾਂ ਖਿਲਾਫ਼ ਕੀਤੇ ਪ੍ਰਦਰਸ਼ਨ ਅਤੇ ਹੋਰ ਮਸਲਿਆਂ ਨਾਲ ਸਬੰਧਤ ਸਨ। ਛਾਪੇ ਮੰਗਲਵਾਰ ਸਵੇਰੇ ਸ਼ੁਰੂ ਕੀਤੇ ਗਏ। ਇਨ੍ਹਾਂ ਛਾਪਿਆਂ ਬਾਬਤ ਕੇਂਦਰੀ ਸੂਚਨਾ ਤੇ ਪ੍ਰਸਾਰਨ ਮੰਤਰੀ ਅਨੁਰਾਗ ਠਾਕੁਰ ਨੇ ਇਹ ਕਹਿ ਕੇ ਪੱਲਾ ਝਾੜ ਲਿਆ ਕਿ ਜਾਂਚ ਏਜੰਸੀਆਂ ਆਪਣਾ ਕੰਮ ਕਰਨ ਲਈ ਪੂਰੀ ਤਰ੍ਹਾਂ ਸੁਤੰਤਰ ਹਨ ਅਤੇ ਕਾਨੂੰਨ ਮੁਤਾਬਕ ਕੰਮ ਕਰ ਰਹੀਆਂ ਹਨ। ਜੇ ਕਿਸੇ ਨੇ ਕੁਝ ਗ਼ਲਤ ਕੀਤਾ ਹੈ ਤਾਂ ਜਾਂਚ ਏਜੰਸੀਆਂ ਇਸ ਬਾਰੇ ਹੀ ਛਾਣ-ਬੀਣ ਕਰ ਰਹੀਆਂ ਹਨ।

ਭਾਰਤੀ ਐਡੀਟਰਜ਼ ਗਿਲਡ ਅਤੇ ਪੱਤਰਕਾਰਾਂ ਨਾਲ ਸਬੰਧਿਤ ਹੋਰ ਜਥੇਬੰਦੀਆਂ ਨੇ ਨਿਊਜ਼ ਪੋਰਟਲ ਅਤੇ ਪੱਤਰਕਾਰਾਂ 'ਤੇ ਛਾਪਿਆਂ ਲਈ ਸਰਕਾਰ ਦੀ ਆਲੋਚਨਾ ਕੀਤੀ ਹੈ। ਗਿਲਡ ਨੇ ਦਾਅਵਾ ਕੀਤਾ ਕਿ ਇਹ ਪ੍ਰੈੱਸ ਦੀ ਜ਼ੁਬਾਨਬੰਦੀ ਦਾ ਯਤਨ ਹੈ। ਗਿਲਡ ਨੇ ਕਿਹਾ, "ਅਸੀਂ ਸਰਕਾਰ ਨੂੰ ਜਮਹੂਰੀ ਪ੍ਰਬੰਧ ਵਿਚ ਸੁਤੰਤਰ ਮੀਡੀਆ ਦੀ ਅਹਿਮੀਅਤ ਬਾਰੇ ਯਾਦ ਕਰਵਾਉਣਾ ਚਾਹੁੰਦੇ ਹਾਂ ਅਤੇ ਅਪੀਲ ਕਰਦੇ ਹਾਂ ਕਿ ਉਹ ਚੌਥੇ ਥੰਮ੍ਹ ਦਾ ਸਤਿਕਾਰ ਅਤੇ ਸੁਰੱਖਿਆ ਯਕੀਨੀ ਬਣਾਏ। ਜੇ ਅਪਰਾਧ ਕੀਤਾ ਗਿਆ ਹੈ ਤਾਂ ਅਸੀਂ ਕਹਿੰਦੇ ਹਾਂ ਕਿ ਕਾਨੂੰਨ ਮੁਤਾਬਕ ਕਾਰਵਾਈ ਹੋਵੇ ਪਰ ਇਸ ਲਈ ਬਣਦੇ ਅਮਲ ਦੀ ਪਾਲਣਾ ਯਕੀਨੀ ਬਣਾਈ ਜਾਵੇ। ਸਖ਼ਤ ਕਾਨੂੰਨਾਂ ਦੀ ਆੜ ਹੇਠ ਕੁਝ ਵਿਸ਼ੇਸ਼ ਅਪਰਾਧਾਂ ਦੀ ਜਾਂਚ ਦੌਰਾਨ ਡਰਾਉਣ ਧਮਕਾਉਣ ਵਾਲਾ ਮਾਹੌਲ ਨਾ ਸਿਰਜਿਆ ਜਾਵੇ ਜੋ ਪ੍ਰਗਟਾਵੇ ਦੀ ਆਜ਼ਾਦੀ ਅਤੇ ਅਸਹਿਮਤੀ ਤੇ ਆਲੋਚਨਾਤਮਕ ਆਵਾਜ਼ਾਂ ਦੇ ਉਭਾਰ ਨੂੰ ਰੋਕੇ।" ਪ੍ਰੈੱਸ ਕਲੱਬ ਆਫ ਇੰਡੀਆ ਨੇ ਐਕਸ 'ਤੇ ਕਿਹਾ ਕਿ ਉਹ ਨਿਊਜ਼ ਪੋਰਟਲ ਅਤੇ ਇਸ ਨਾਲ ਜੁੜੇ ਪੱਤਰਕਾਰਾਂ ਤੇ ਲੇਖਕਾਂ ਦੇ ਘਰਾਂ 'ਤੇ ਛਾਪਿਆਂ ਤੋਂ ਵੱਡਾ ਫਿਕਰਮੰਦ ਹੈ।

ਚੇਤੇ ਰਹੇ ਕਿ ਸਰਕਾਰ ਦੀ ਆਪਣੀ ਹਰ ਕਾਰਵਾਈ ਬਾਰੇ ਇਹ ਪੱਕੀ ਦਲੀਲ ਹੁੰਦੀ ਹੈ ਕਿ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਇਸ ਦਾ ਸਿਆਸੀ ਜਾਂ ਕੋਈ ਹੋਰ ਮੰਤਵ ਨਹੀਂ ਪਰ ਸਭ ਜਾਣਦੇ ਹਨ ਕਿ ਸਰਕਾਰਾਂ ਅਕਸਰ ਆਪਣਾ ਸਿਆਸੀ ਕਾਰਜ ਦੇ ਹਿਸਾਬ-ਕਿਤਾਬ ਨਾਲ ਵੀ ਕਾਰਵਾਈ ਕਰਦੀਆਂ ਹਨ। ਇਹ ਛਾਪੇ ਪੱਤਰਕਾਰਾਂ ਨੂੰ ਚੁੱਪ ਕਰਾਉਣ ਦਾ ਹੀ ਯਤਨ ਹਨ। 17 ਅਗਸਤ ਨੂੰ ਨਿਊਜ਼ ਪੋਰਟਲ 'ਨਿਊਜ਼ਕਲਿਕ' ਦੇ ਬਾਨੀ ਅਤੇ ਮੁੱਖ ਸੰਪਾਦਕ ਪ੍ਰਬੀਰ ਪੁਰਕਾਇਸਥ ਵਿਰੁੱਧ ਚੀਨੀ ਪ੍ਰਚਾਰ ਕਰਨ ਲਈ ਵਿਦੇਸ਼ਾਂ ਤੋਂ ਫੰਡ ਲੈਣ ਦੇ ਦੋਸ਼ ਲਗਾਇਆ ਗਿਆ ਸੀ ਅਤੇ ਨਾਲ ਹੀ ਗ਼ੈਰ-ਕਾਨੂੰਨੀ ਸਰਗਰਮੀਆਂ ਰੋਕੂ ਐਕਟ (ਯੂ.ਏ.ਪੀ.ਏ.) ਤਹਿਤ ਕੇਸ ਦਰਜ ਕੀਤਾ ਗਿਆ ਸੀ। ਇਸ ਸਬੰਧੀ 'ਨਿਊਯਾਰਕ ਟਾਈਮਜ਼' ਵਿਚ ਰਿਪੋਰਟ ਵੀ ਛਪੀ ਸੀ। ਇਸ ਕੇਸ 'ਚ ਦੋਸ਼ ਲਗਾਏ ਗਏ ਸਨ ਕਿ ਇਸ 'ਨਿਊਜ਼ਕਲਿਕ' ਨੇ ਪਿਛਲੇ ਤਿੰਨ ਸਾਲਾਂ ਦੌਰਾਨ ਵਿਵਾਦ ਵਾਲੇ ਸਰੋਤਾਂ ਤੋਂ 39 ਕਰੋੜ ਰੁਪਏ ਹਾਸਿਲ ਕੀਤੇ ਹਨ। ਇਸ ਮਾਮਲੇ ਦੀ ਪੜਤਾਲ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵੀ ਕਰ ਰਿਹਾ ਹੈ ਜੋ ਅੱਜ ਕੱਲ੍ਹ ਵਿਰੋਧੀ ਸਿਆਸੀ ਧਿਰਾਂ ਦੇ ਆਗੂਆਂ ਖਿਲਾਫ ਲਗਾਤਾਰ ਕਾਰਵਾਈਆਂ ਕਰਨ ਲਈ ਬਦਨਾਮ ਹੈ। ਸਰਕਾਰ ਨੂੰ ਨਿਊਜ਼ ਪੋਰਟਲ ਦੁਆਰਾ ਪੈਸੇ ਪ੍ਰਾਪਤ ਕਰਨ ਦੇ ਢੰਗ-ਤਰੀਕਿਆਂ ਬਾਰੇ ਪੜਤਾਲ ਕਰਨ ਦਾ ਹੱਕ ਹੈ ਅਤੇ ਇਸ ਸਬੰਧਿਤ ਵਿਅਕਤੀਆਂ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ ਪਰ ਪੱਤਰਕਾਰਾਂ ਨੂੰ ਪਰੇਸ਼ਾਨ ਕਰਨਾ ਗ਼ਲਤ ਹੈ। ਮੋਦੀ ਸਰਕਾਰ ਦਾ ਪਿਛਲਾ ਰਿਕਾਰਡ ਦੱਸਦਾ ਹੈ ਕਿ ਸਮਾਜਿਕ ਕਾਰਕੁਨਾਂ, ਵਿਦਵਾਨਾਂ, ਲਿਖਾਰੀਆਂ ਤੇ ਕਲਾਕਾਰਾਂ ਨੂੰ ਲਗਾਤਾਰ ਪਰੇਸ਼ਾਨ ਕੀਤਾ ਗਿਆ ਹੈ। ਕੌਮਾਂਤਰੀ ਪੱਧਰ 'ਤੇ ਇਹ ਮੰਨਿਆ ਜਾ ਰਿਹਾ ਹੈ ਕਿ ਦੇਸ਼ ਵਿਚ ਵਿਚਾਰਾਂ ਦੇ ਪ੍ਰਗਟਾਵੇ 'ਤੇ ਲਗਾਤਾਰ ਪਾਬੰਦੀਆਂ ਲਗਾਈਆਂ ਜਾ ਰਹੀਆਂ ਹਨ ਅਤੇ ਆਲਮੀ ਪ੍ਰੈੱਸ ਆਜ਼ਾਦੀ ਇੰਡੈਕਸ-2023 ਵਿਚ 180 ਮੁਲਕਾਂ ਵਿਚ ਭਾਰਤ ਦਾ ਸਥਾਨ 161ਵਾਂ ਹੈ। ਇਹ ਕੋਈ ਪਹਿਲੀ ਵਾਰ ਨਹੀਂ ਕਿ ਪੱਤਰਕਾਰਾਂ ਵਿਰੁੱਧ ਅਜਿਹੀ ਕਾਰਵਾਈ ਕੀਤੀ ਗਈ ਹੈ। ਸੱਤਾਧਾਰੀ ਪਾਰਟੀਆਂ ਹਮੇਸ਼ਾ ਆਪਣੇ ਨਾਲ ਅਸਹਿਮਤੀ ਰੱਖਣ ਵਾਲਿਆਂ ਨੂੰ ਦਬਾਉਣਾ ਚਾਹੁੰਦੀਆਂ ਹਨ। ਕਦੇ ਸਰਕਾਰ ਤਫ਼ਤੀਸ਼ ਕਰਨ ਵਾਲੀਆਂ ਏਜੰਸੀਆਂ ਅਤੇ ਪੁਲਿਸ ਦੀ ਵਰਤੋਂ ਕਰਦੀ ਹੈ ਅਤੇ ਕਦੇ ਉਸ ਦੇ ਹਮਾਇਤੀ ਕਾਰਪੋਰੇਟ ਅਦਾਰੇ ਨਿਊਜ਼ ਚੈਨਲਾਂ ਤੇ ਅਖ਼ਬਾਰਾਂ 'ਤੇ ਕਬਜ਼ੇ ਕਰ ਲੈਂਦੇ ਹਨ। ਇਸ ਸਭ ਕੁਝ ਦਾ ਮੰਤਵ ਇਹੀ ਹੁੰਦਾ ਹੈ ਕਿ ਸੱਤਾ ਚੁੱਪ ਲੋਚਦੀ ਹੈ। ਸੱਤਾ ਪੱਤਰਕਾਰਾਂ, ਵਿਦਵਾਨਾਂ, ਲੇਖਕਾਂ, ਚਿੰਤਕਾਂ ਅਤੇ ਸਮਾਜਿਕ ਕਾਰਕੁਨਾਂ ਨੂੰ ਚੁੱਪ ਕਰਾਉਣ ਦੀ ਜਿੱਤ ਦਾ ਜਸ਼ਨ ਮਨਾਉਂਦੀ ਹੋਈ ਉਸ ਨੂੰ ਕਾਨੂੰਨ ਦੀ ਜਿੱਤ ਵਜੋਂ ਪੇਸ਼ ਕਰਦੀ ਹੈ। ਜਮਹੂਰੀਅਤ ਵਿਚ ਅਸਹਿਮਤੀ ਜ਼ਰੂਰੀ ਹੈ। ਜਿੱਥੇ ਅਸਹਿਮਤੀ ਦਾ ਗਲਾ ਘੁੱਟਿਆ ਜਾਂਦਾ ਹੈ, ਉੱਥੇ ਜਮਹੂਰੀਅਤ ਦਾ ਪਤਨ ਸ਼ੁਰੂ ਹੋ ਜਾਂਦਾ ਹੈ। ਮੀਡੀਆ ਨੇ ਜਮਹੂਰੀਅਤ ਦੀ ਸਿਰਜਣਾ ਵਿਚ ਸਦਾ ਹੀ ਅਹਿਮ ਭੂਮਿਕਾ ਨਿਭਾਈ ਹੈ ਪਰ ਜਦੋਂ ਸਰਕਾਰਾਂ ਜਮਹੂਰੀ ਰਾਹ ਛੱਡ ਕੇ ਗ਼ੈਰ-ਜਮਹੂਰੀ ਰਾਹਾਂ ਵੱਲ ਵਧਦੀਆਂ ਹਨ, ਉਦੋਂ ਵਿਚਾਰਾਂ ਦੇ ਪ੍ਰਗਟਾਵੇ ਦੇ ਅਧਿਕਾਰ 'ਤੇ ਹਮਲਾ ਬੋਲਿਆ ਜਾਂਦਾ ਹੈ। ਮੋਦੀ ਸਰਕਾਰ ਹੁਣ ਇਹੀ ਕੁਝ ਕਰ ਰਹੀ ਹੈ। ਇਹ ਰੁਝਾਨ ਬਹੁਤ ਖ਼ਤਰਨਾਕ ਹੈ ਅਤੇ ਇਸ ਮਸਲੇ 'ਤੇ ਜਮਹੂਰੀ ਤਾਕਤਾਂ ਨੂੰ ਇਕਮੁੱਠ ਹੋ ਕੇ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਮਾਣ ਬਨਾਮ ਲਾਹਣਤਾਂ*

ਓਹੀ ਚਾਲਾ ਜੇ ਫੜ ਲਿਆ ਹਾਕਮਾਂ ਨੇ ਪਏ ਕਬਰਾਂ ਦੇ ਵਿਚ ਦੁਰਕਾਰਿਆਂ ਦਾ।
ਰਹਿਣਾ ਫਰਕ ਨਾ ਦੋਹਾਂ ਦੇ ਵਿਚ ਕੋਈ ਫੇਰ 'ਇਨ੍ਹਾਂ ਜਾਂ ਉਨ੍ਹਾਂ ਦੇ' ਮਾਰਿਆਂ ਦਾ।
ਮਿ਼ਲਦਾ ਹੌਂਸਲਾ ਹੋਰ ਵੀ ਫੁਕਰਿਆਂ ਨੂੰ ਸੱਤਾ ਪੱਖ ਦੇ ਤੱਤਿਆਂ ਨਾਹਰਿਆਂ ਦਾ।
ਵੋਟ-ਰਾਜ ਨਹੀਂ ਓਸ ਨੂੰ ਆਖ ਸਕਦੇ ਰਾਖਾ ਬਣੇ ਨਾ ਰਾਜਾ ਜੇ ਸਾਰਿਆਂ ਦਾ।
ਗੁੱਸਾ ਕੱਢਣਾ ਜਾਇਜ਼ ਨਹੀਂ ਹੋਰਨਾਂ 'ਤੇ ਹੋਏ ਜ਼ੁਲਮੀਂ ਇਤਹਾਸ ਦੇ ਕਾਰਿਆਂ ਦਾ।
ਸਾੜਨ ਵਾ਼ਲੇ ਤਾਂ ਲਾਹਣਤਾਂ ਖੱਟਦੇ ਲੈਂਦੇ ਹੁੰਦਾ ਮਾਣ ਹੈ ਦਿਲਾਂ ਦੇ ਠਾਰਿਆਂ ਦਾ !

# 'ਆਪ' ਸਿਆਸਤ 'ਬਦਲਾਅ' ਦੀ ਥਾਂ 'ਬਦਲੇ' ਦੇ ਰਾਹ



**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

28 ਸਤੰਬਰ ਨੂੰ ਸ਼ਹੀਦੇ-ਆਜ਼ਮ ਭਗਤ ਸਿੰਘ ਦੀ 116ਵੀਂ ਜਨਮ ਵਰ੍ਹੇਗੰਢ ਜਿੱਥੇ ਉਨ੍ਹਾਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਸੰਘਰਸ਼ਸ਼ੀਲ ਸਮਾਜਵਾਦੀ ਵਿਚਾਰਧਾਰਾ ਨੂੰ ਪ੍ਰਣਾਈਆਂ ਇਨਕਲਾਬੀ ਧਿਰਾਂ ਵੱਲੋਂ ਮਨਾਈ ਗਈ, ਉੱਥੇ ਪੰਜਾਬ ਸਰਕਾਰ ਨੇ ਪਿੰਡ ਖਟਕੜ ਕਲਾਂ ਵਿਖੇ ਜਨਮ ਦਿਵਸ ਨੂੰ ਸਮਰਪਿਤ ਤਿੰਨ ਰੋਜ਼ਾ ਇਨਕਲਾਬ ਮੇਲਾ ਕਰਵਾ ਕੇ ਮਨਾਈ। ਆਮ ਆਦਮੀ ਪਾਰਟੀ ਦਾ ਵਿਸ਼ੇਸ਼ ਜ਼ਿਕਰ ਇਸ ਕਰ ਕੇ ਕੀਤਾ ਜਾ ਰਿਹਾ ਹੈ ਕਿਉਂਕਿ ਇਸ ਨੇ ਪੰਜਾਬੀਆਂ ਨਾਲ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਵਾਲੀ ਸਰਕਾਰ ਦੇਣ ਦਾ ਵਾਅਦਾ ਕਰ ਕੇ 'ਬਦਲਾਅ' ਦਾ ਹੋਕਾ ਦਿੰਦਿਆਂ ਸੱਤਾ ਹਾਸਲ ਕੀਤੀ ਸੀ ਪਰ ਹੁਣ ਇਹਨਾਂ ਦੀ ਰਾਜਨੀਤੀ ਵਿਚ ਬਦਲਾਅ ਦੀ ਬਜਾਇ ਬਦਲੇ ਦੀ ਬੋਅ ਆ ਰਹੀ ਹੈ।

ਅਸਲ ਵਿਚ, ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਨਾਲ ਇਸ ਪਾਰਟੀ ਦਾ ਦੂਰ-ਦੂਰ ਦਾ ਕੋਈ ਵਾਸਤਾ ਨਹੀਂ। ਭਗਤ ਸਿੰਘ ਕਾਲੇ ਕਾਨੂੰਨਾਂ ਦਾ ਵਿਰੋਧ ਕਰਦਾ ਸੀ, ਕਾਲੇ ਕਾਨੂੰਨਾਂ ਖਿਲਾਫ ਹੀ ਉਨ੍ਹਾਂ ਅਸੈਂਬਲੀ ਵਿਚ ਬੰਬ ਸੁੱਟਿਆ ਸੀ ਪਰ 'ਆਪ' ਸਰਕਾਰ ਨੇ ਐਨ.ਐਸ.ਏ. ਨਾਂ ਦਾ ਕਾਲਾ ਕਾਨੂੰਨ ਪੰਜਾਬ ਦੇ ਨੌਜਵਾਨਾਂ ਸਿਰ ਮੜ੍ਹ ਕੇ ਜੇਲ੍ਹ ਬੰਦ ਕੀਤਾ ਹੈ। ਭਗਤ ਸਿੰਘ ਦੇ ਜਨਮ ਦਿਵਸ ਮੌਕੇ ਇਨਕਲਾਬ ਮੇਲੇ ਦਾ ਉਦਘਾਟਨ ਕਰਦਿਆਂ ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਨੇ ਕਿਹਾ ਕਿ ਵਿਭਾਗ ਵੱਲੋਂ ਵਿਰਾਸਤੀ ਗਲੀ ਦੇ ਪ੍ਰੋਜੈਕਟ ਦੇ ਟੈਂਡਰ ਮਹੀਨੇ ਜਾਰੀ ਕਰ ਦਿੱਤੇ ਜਾਣਗੇ। ਹੁਣ ਭਗਤ ਸਿੰਘ ਜਿਹੀ ਵਿਚਾਰਵਾਨ ਸ਼ਖਸੀਅਤ ਦੇ ਜਨਮ ਦਿਵਸ ਮੌਕੇ ਉਸ ਦੀ ਵਿਚਾਰਧਾਰਾ ਦੀ ਗੱਲ ਕਰਨ ਦੀ ਥਾਂ ਗਲੀਆਂ-ਨਾਲੀਆਂ ਬਣਾਉਣ ਦੀ ਗੱਲ ਕਰਨਾ ਸਰਕਾਰ ਤੇ ਇਸ ਦੇ ਮੰਤਰੀ ਦਾ ਪੱਧਰ ਦਰਸਾਉਂਦਾ ਹੈ।

ਪੰਜਾਬ ਸਰਕਾਰ ਇਸ ਕਦਰ ਬੁਖਲਾਹਟ ਵਿਚ ਨਜ਼ਰ ਆ ਰਹੀ ਹੈ ਕਿ ਜੋ ਵੀ ਸਰਕਾਰ ਦੀ ਅਲੋਚਨਾ ਕਰਦਾ ਹੈ, ਉਸ ਨੂੰ ਗ੍ਰਿਫਤਾਰ ਕੀਤਾ ਜਾ ਰਿਹਾ ਹੈ। ਆਰ.ਟੀ.ਆਈ. ਕਾਰਕੁਨ ਮਾਨਿਕ ਗੋਇਲ ਨੂੰ ਇਸ ਕਰ ਕੇ ਪੁਲਿਸ ਵੱਲੋਂ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ ਕਿਉਂਕਿ ਉਸ ਨੇ ਸਰਕਾਰ ਵੱਲੋਂ 6 ਮਹੀਨੇ ਲਈ ਜਹਾਜ਼ ਕਿਰਾਏ 'ਤੇ ਲੈਣ ਵਾਲਾ ਟੈਂਡਰ ਸੋਸ਼ਲ ਮੀਡੀਆ 'ਤੇ ਵਾਇਰਲ ਕਰ ਦਿੱਤਾ। ਖੇਤਰਫਲ ਪੱਖੋਂ ਪੰਜਾਬ ਛੋਟਾ ਜਿਹਾ ਸੂਬਾ ਹੈ ਜਿੱਥੇ ਲੀਡਰ ਕਾਰ ਰਾਹੀਂ ਵੀ ਸੌਖਿਆਂ ਹੀ ਆ-ਜਾ ਸਕਦੇ ਹਨ। ਸਰਕਾਰ ਕੋਲ ਇੱਕ ਜਹਾਜ਼ ਪਹਿਲਾਂ ਹੀ ਹੈ ਜਿਸ ਨੂੰ 'ਆਪ' ਨੇ ਗੁਜਰਾਤ, ਹਿਮਾਚਲ ਪ੍ਰਦੇਸ਼ ਆਦਿ ਸੂਬਿਆਂ ਦੀਆਂ ਚੋਣਾਂ ਵਿਚ ਖੂਬ ਵਰਤਿਆ। ਹੁਣ 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਇੱਕ ਹੋਰ ਜਹਾਜ਼ ਲੈਣ ਵੱਲ ਤੁਰਨਾ ਸਿਰੇ ਦਾ ਲੋਕ-ਵਿਰੋਧੀ ਕਾਰਜ ਹੈ।

ਆਮ ਧਾਰਨਾ ਹੈ ਕਿ ਜਦ ਆਮਦਨ ਨਾਲੋਂ ਖਰਚਾ ਵੱਧ ਹੋਵੇ ਅਤੇ ਕਰਜ਼ੇ ਦੀ ਪੰਡ ਵਧ ਰਹੀ ਹੋਵੇ ਤਾਂ ਖਰਚੇ ਘਟਾਉਣੇ ਚਾਹੀਦੇ ਹਨ। ਪੰਜਾਬ ਸਰਕਾਰ ਦੀ ਆਰਥਿਕ ਸਥਿਤੀ ਕਿਸੇ ਤੋਂ ਲੁਕੀ ਨਹੀਂ। ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਖੁਦ ਕਿਹਾ ਹੈ ਕਿ 'ਆਪ' ਸਰਕਾਰ ਨੇ ਆਪਣੇ ਡੇਢ ਵਰ੍ਹੇ ਦੇ ਕਾਰਜਕਾਲ ਦੌਰਾਨ ਕਰੀਬ 47,109 ਕਰੋੜ ਦਾ ਕਰਜ਼ਾ ਚੁੱਕਿਆ ਹੈ। ਉਨ੍ਹਾਂ ਅਨੁਸਾਰ ਵਿੱਤੀ ਵਰ੍ਹੇ 2022-23 ਦੌਰਾਨ 32,448 ਕਰੋੜ ਅਤੇ ਚਲੰਤ ਵਰ੍ਹੇ 2023 ਤੋਂ 31 ਅਗਸਤ 2023 ਤੱਕ 14,661 ਕਰੋੜ ਰੁਪਏ ਦਾ ਕਰਜ਼ਾ ਲਿਆ ਹੈ। ਜਦ ਸਰਕਾਰ ਸਿਰ ਐਨਾ ਕਰਜ਼ਾ ਹੈ ਤਾਂ ਮੁੱਖ ਮੰਤਰੀ ਨੂੰ ਖੁਦ ਫੈਸਲਾ ਲੈਣਾ ਚਾਹੀਦਾ ਹੈ ਕਿ ਉਹ ਬਗੈਰ ਕਿਸੇ ਐਮਰਜੈਂਸੀ ਸਥਿਤੀ ਦੇ ਜਹਾਜ਼ ਨਹੀਂ ਵਰਤਣਗੇ ਪਰ ਮੁੱਖ ਮੰਤਰੀ ਜੀ ਤਾਂ ਜਹਾਜ਼ ਸਾਈਕਲ ਵਾਂਗ ਵਰਤ ਰਹੇ ਹਨ।

ਸਰਕਾਰ ਨੇ ਡੇਢ ਸਾਲ ਦੌਰਾਨ ਚੁੱਕੇ ਕਰਜ਼ੇ ਵਿਚੋਂ 57 ਫ਼ੀਸਦੀ ਰਕਮ ਤਾਂ ਪੰਜਾਬ ਸਿਰ ਚੜ੍ਹ ਚੁੱਕੇ ਕਰਜ਼ੇ ਦੇ ਵਿਆਜ ਵਜੋਂ ਤਾਰੀ ਗਈ ਹੈ; ਮਤਲਬ ਸਾਫ ਹੈ ਕਿ ਪਿਛਲੀਆਂ ਸਰਕਾਰਾਂ ਵਾਂਗ ਇਸ ਸਰਕਾਰ ਕੋਲ ਵੀ ਪੰਜਾਬ ਦੀ ਆਰਥਿਕ ਸਥਿਤੀ ਪੈਰਾਂ ਸਿਰ ਕਰਨ ਲਈ ਕੋਈ ਰੋਡ-ਮੈਪ ਨਹੀਂ। ਕੀ ਇਸ ਤਰ੍ਹਾਂ ਕਰਜ਼ੇ ਚੁੱਕ ਕੇ ਵਿਆਜ ਤਾਰਨਾ ਹੀ 'ਬਦਲਾਅ' ਸੀ।

ਸੱਤਾ ਦੌਰਾਨ ਜਿਵੇਂ ਅਕਾਲੀ ਦਲ, ਕਾਂਗਰਸ, ਭਾਜਪਾ ਵਰਗੀਆਂ ਰਵਾਇਤੀ ਪਾਰਟੀਆਂ ਸਟੇਟ ਮਸ਼ੀਨਰੀ ਦੀ ਵਰਤੋਂ ਕਰ ਕੇ ਰੈਲੀਆਂ ਰੂਪੀ ਸ਼ਕਤੀ ਪ੍ਰਦਰਸ਼ਨ ਕਰਦੀਆਂ ਹਨ; ਉਸੇ ਤਰ੍ਹਾਂ ਦਾ ਸ਼ਕਤੀ ਪ੍ਰਦਰਸ਼ਨ 'ਆਪ' ਨੇ



ਪਹਿਲਾਂ ਅੰਮ੍ਰਿਤਸਰ ਅਤੇ 2 ਅਕਤੂਬਰ ਨੂੰ ਪਟਿਆਲਾ ਵਿਚ ਕੀਤਾ। ਇੱਕ ਅੰਦਾਜ਼ੇ ਅਨੁਸਾਰ ਪਟਿਆਲਾ ਰੈਲੀ ਲਈ 2 ਹਜ਼ਾਰ ਪੁਲਿਸ ਮੁਲਾਜ਼ਮ ਅਤੇ ਸਰਕਾਰੀ ਬੱਸਾਂ ਦੀ ਤਾਇਨਾਤੀ ਕੀਤੀ ਗਈ। ਲੱਗਭੱਗ ਸਾਰੀਆਂ ਸਰਕਾਰੀ ਬੱਸਾਂ ਪਟਿਆਲਾ ਰੈਲੀ ਵਿਚ ਜਾਣ ਕਾਰਨ ਸਾਰਾ ਦਿਨ ਆਮ ਲੋਕ ਬੱਸ ਅੱਡਿਆਂ ਵਿਚ ਖੱਜਲ-ਖੁਆਰ ਹੁੰਦੇ ਰਹੇ। ਸਰਕਾਰੀ ਬੱਸਾਂ ਦੀ ਅਣਹੋਂਦ ਕਾਰਨ ਬਾਦਲ ਪਰਿਵਾਰ ਵਰਗੇ ਘਰਾਣਿਆਂ ਦੀਆਂ ਪ੍ਰਾਈਵੇਟ ਬੱਸਾਂ ਦੀ ਚਾਂਦੀ ਰਹੀ।

'ਆਪ' ਸਰਕਾਰ ਨੇ ਆਪਣੇ ਡੇਢ ਸਾਲ ਤੋਂ ਵੱਧ ਦੇ ਕਾਰਜਕਾਲ ਦੌਰਾਨ ਪੰਜਾਬ ਵਿਚ ਫੈਲੀ ਬੇਰੁਜ਼ਗਾਰੀ ਦੇ ਹੱਲ ਵੱਲ ਉੱਕਾ ਹੀ ਧਿਆਨ ਨਹੀਂ ਦਿੱਤਾ। ਬੇਰੁਜ਼ਗਾਰੀ ਦੀ ਦਲਦਲ ਵਿਚ ਫਸੀ ਪੰਜਾਬ ਦੀ ਜਵਾਨੀ ਦਾ ਇੱਕ ਹਿੱਸਾ ਅਨਿਸ਼ਚਿਤ ਭਵਿੱਖ ਕਾਰਨ ਨਸ਼ਿਆਂ ਦੀ ਦਲਦਲ ਵਿਚ ਫਸ ਰਿਹਾ ਹੈ ਤੇ ਇੱਕ ਹਿੱਸਾ ਬੇਰੁਜ਼ਗਾਰੀ ਕਾਰਨ ਲੱਖਾਂ ਰੁਪਏ ਖਰਚ ਕੇ ਵਿਦੇਸ਼ ਕੂਚ ਰਿਹਾ ਹੈ। ਸਰਕਾਰ ਨੇ ਨਾ ਤਾਂ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇਣ ਲਈ ਕੋਈ ਠੋਸ ਯੋਜਨਾ ਉਲੀਕੀ ਤੇ ਨਾ ਹੀ ਨੌਜਵਾਨਾਂ ਨੂੰ ਨਸ਼ਿਆਂ ਵਿਚੋਂ ਕੱਢਣ ਲਈ ਕੋਈ ਬਣਦਾ ਉਪਰਾਲਾ ਵਿੱਢਿਆ ਹੈ।

ਕੇਜਰੀਵਾਲ ਤੇ ਉਸ ਦੀ ਜੁੰਡਲੀ ਰਵਾਇਤੀ ਪਾਰਟੀਆਂ ਦੇ ਲੀਡਰਾਂ ਖਿ਼ਲਾਫ 'ਭ੍ਰਿਸ਼ਟ', 'ਚੋਰ' ਜਿਹੇ ਤਖੱਲਸ ਵਰਤ ਕੇ ਉਹਨਾਂ ਦਾ ਬਦਲ ਦੇਣ ਦੀ ਗੱਲ ਕਰਦੀ ਹੈ। ਹੋਣਾ ਵੀ ਇਸ ਤਰ੍ਹਾਂ ਹੀ ਚਾਹੀਦਾ ਹੈ ਕਿ ਲੁਟੇਰੀਆਂ ਹਾਕਮ ਜਮਾਤੀ ਪਾਰਟੀਆਂ ਦੀ ਲੀਡਰਸ਼ਿਪ ਪਿੰਡਾਂ ਦੀਆਂ ਸੱਥਾਂ ਵਿਚ ਬੇਪਰਦ ਹੋਣੀ ਚਾਹੀਦੀ ਹੈ ਪਰ ਕੇਜਰੀਵਾਲ ਟੀਮ ਦੀ ਬੇਸ਼ਰਮੀ ਦੀ ਹੱਦ ਉਸ ਸਮੇਂ ਪਾਰ ਹੋ ਜਾਂਦੀ ਹੈ ਜਦ ਇਹ ਭਾਜਪਾ, ਅਕਾਲੀ ਦਲ, ਕਾਂਗਰਸ ਦੇ ਕਿਸੇ ਲੀਡਰ ਨੂੰ 'ਆਪ' ਵਿਚ ਸ਼ਾਮਲ ਕਰ ਲੈਂਦੇ ਹਨ। ਸ਼ਹੀਦ ਭਗਤ ਸਿੰਘ ਦੇ ਨਾਅਰੇ ਲਾਉਣ ਵਾਲੀ ਪਾਰਟੀ ਨੇ ਕੁਝ ਮਹੀਨੇ ਪਹਿਲਾਂ ਕਾਂਗਰਸੀ ਲੀਡਰ ਰਹੇ ਸ਼ੁਸ਼ੀਲ ਰਿੰਕੂ ਨੂੰ ਜਲੰਧਰ ਤੋਂ ਸੰਸਦ ਮੈਂਬਰ ਬਣਾ ਕੇ ਭੇਜਿਆ ਤੇ ਹੁਣ ਭਾਜਪਾ ਦੇ ਸਾਬਕਾ ਵਿਧਾਇਕ ਨਾਰੰਗ ਨੂੰ ਪਾਰਟੀ ਦੀ 'ਵਾਸ਼ਿੰਗ ਮਸ਼ੀਨ' ਵਿਚੋਂ ਲੰਘਾ ਕੇ ਦੁੱਧ ਧੋਤਾ ਬਣਾ ਲਿਆ।

ਸੁਖਪਾਲ ਸਿੰਘ ਖਹਿਰਾ ਦੀ ਗ੍ਰਿਫਤਾਰੀ ਸਿੱਧੇ ਤੌਰ 'ਤੇ ਸਿਆਸਤ ਤੋਂ ਪ੍ਰੇਰਿਤ ਕਹੀ ਜਾ ਸਕਦੀ ਹੈ। ਖਹਿਰਾ ਨੂੰ 2015 ਵਿਚ ਫਾਜ਼ਿਲਕਾ ਜ਼ਿਲ੍ਹੇ ਵਿਚ ਐਫ.ਆਈ.ਆਰ. ਨੰਬਰ 35 ਤਹਿਤ ਐਨ.ਡੀ.ਪੀ.ਐਸ. ਦੇ ਦਰਜ ਇੱਕ ਗੰਭੀਰ ਮਾਮਲੇ ਵਿਚ ਗ੍ਰਿਫਤਾਰ ਕੀਤਾ ਗਿਆ ਹੈ। ਇਸ ਕੇਸ ਵਿਚ ਖਹਿਰਾ ਨੂੰ 2017 ਵਿਚ ਵੀ ਤਲਬ ਕੀਤਾ ਸੀ, ਉਸ ਸਮੇਂ ਉਹ ਸੁਪਰੀਮ ਕੋਰਟ ਚਲਾ ਗਿਆ ਸੀ। ਇਸ ਮਾਮਲੇ ਵਿਚ ਖਹਿਰਾ ਦੋਸ਼ੀ ਹੈ ਜਾਂ ਨਹੀਂ, ਇਸ ਬਾਰੇ ਤਾਂ ਫਿਲਹਾਲ ਕੁਝ ਨਹੀਂ ਕਿਹਾ ਜਾ ਸਕਦਾ ਪਰ ਇੱਕ ਗੱਲ ਸਾਫ ਹੈ ਕਿ ਉਹ ਸਰਕਾਰ ਖਿਲਾਫ ਬੋਲਦਾ ਹੈ, ਇਸ ਕਰ ਕੇ ਉਸ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਜਲਾਲਾਬਾਦ ਦੇ ਡੀ.ਐਸ.ਪੀ. ਦੀ ਅਗਵਾਈ ਹੇਠਲੀ ਟੀਮ ਨੇ ਖਹਿਰਾ ਨੂੰ ਉਸ ਦੀ ਚੰਡੀਗੜ੍ਹ ਰਿਹਾਇਸ਼ ਤੋਂ ਜਿਸ ਢੰਗ ਨਾਲ ਗ੍ਰਿਫ਼ਤਾਰ ਕੀਤਾ ਹੈ, ਉਹ ਢੰਗ ਵਿਰੋਧੀਆਂ ਨੂੰ ਡਰਾਉਣ, ਧਮਕਾਉਣ ਅਤੇ ਦਹਿਸ਼ਤ ਪਾਉਣ ਵਾਲਾ ਹੈ।

ਖਹਿਰਾ ਮਾਮਲੇ ਵਿਚ ਭਗਵੰਤ ਮਾਨ ਦੀ ਮੌਕਾਪ੍ਰਸਤੀ ਦੇਖਣ ਵਾਲੀ ਹੈ। ਜਦ ਖਹਿਰਾ ਆਮ ਆਦਮੀ ਪਾਰਟੀ ਵਿਚ ਸੀ ਤਾਂ ਭਗਵੰਤ ਮਾਨ ਸਮੇਤ ਸਮੁੱਚੀ ਆਮ ਆਦਮੀ ਪਾਰਟੀ ਖਹਿਰਾ ਦੇ ਪੱਖ 'ਤੇ ਉੱਤਰੀ ਸੀ। ਉਸ ਸਮੇਂ ਖਹਿਰਾ ਦੇ ਪੱਖ ਵਿਚ ਭਗਵੰਤ ਮਾਨ ਕਹਿੰਦੇ ਸਨ ਕਿ ਖਹਿਰਾ ਨੂੰ ਸਿਆਸੀ ਬਦਲਾਖੋਰੀ ਤਹਿਤ ਉਲਝਾਇਆ ਜਾ ਰਿਹਾ ਹੈ ਪਰ ਹੁਣ ਜਦ 'ਆਪ' ਸੱਤਾ ਵਿਚ ਹੈ ਤਾਂ ਉਹੀ ਭਗਵੰਤ ਮਾਨ ਅਤੇ 'ਆਪ' ਖਹਿਰਾ ਨੂੰ ਦੋਸ਼ੀ ਗਰਦਾਨ ਰਹੇ ਹਨ।

ਪੰਜਾਬ ਵਿਚ ਨਜਾਇਜ਼ ਖਣਨ ਦੇ ਮਾਮਲੇ ਵਿਚੋਂ ਸਿਆਸੀ ਆਗੂਆਂ ਦੇ ਹੱਥ ਰੰਗਣ ਦਾ ਮਾਮਲਾ ਪਿਛਲੀਆਂ ਸਰਕਾਰਾਂ ਦੇ ਸਮੇਂ ਤੋਂ ਚਰਚਾ ਦਾ ਵਿਸ਼ਾ ਰਿਹਾ ਹੈ। 'ਆਪ' ਸਰਕਾਰ ਨੇ ਕਦੇ ਰੇਤਾ 5 ਰੁਪਏ ਵਿਚ ਦੇਣ ਦਾ ਫੋਕਾ ਦਾਅਵਾ ਕੀਤਾ ਅਤੇ ਕਦੇ ਰੇਤ ਮਾਫੀਆ 'ਤੇ ਨਕੇਲ ਕਸਣ ਦੀ ਗੱਲ ਕੀਤੀ ਪਰ ਹਕੀਕਤ ਇਹ ਹੈ ਕਿ ਅੱਜ ਵੀ ਸੂਬੇ ਵਿਚ ਰੇਤ ਮਾਫੀਆ ਸਰਗਰਮ ਹੈ। ਪਿਛਲੇ ਦਿਨੀਂ ਨਾਜਾਇਜ਼ ਖਣਨ ਮਾਮਲੇ 'ਆਪ' ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਦੇ ਜੀਜੇ ਨਿਸ਼ਾਨ ਸਿੰਘ ਖਿਲਾਫ ਤਰਨਤਾਰਨ ਪੁਲਿਸ ਨੇ ਕਾਰਵਾਈ ਕੀਤੀ ਤਾਂ ਆਪਣੇ ਵਿਧਾਇਕ ਨੂੰ ਸਵਾਲ ਕਰਨ ਦੀ ਥਾਂ ਪੂਰੀ ਸਰਕਾਰ ਵਿਧਾਇਕ ਦੀ ਪਿੱਠ 'ਤੇ ਖੜ੍ਹੀ ਨਜ਼ਰ ਆਈ।

ਹੋਰ ਤਾਂ ਹੋਰ, ਐੱਸ.ਐੱਸ.ਪੀ. ਗੁਰਮੀਤ ਸਿੰਘ ਚੌਹਾਨ ਦਾ ਤੁਰੰਤ ਤਬਾਦਲਾ ਕਰ ਕੇ ਉਨ੍ਹਾਂ ਨੂੰ ਆਪਣੀ ਪੋਸਟਿੰਗ ਦੇ ਸਥਾਨ ਲਈ ਡੀ.ਜੀ.ਪੀ. ਦੇ ਦਫਤਰ ਸੰਪਰਕ ਕਰਨ ਦੇ ਹੁਕਮ ਕਰ ਦਿੱਤੇ। ਇਸ ਤੋਂ ਇਲਾਵਾ ਵਿਧਾਇਕ ਦੇ ਜੀਜੇ ਦੀ ਕਥਿਤ ਕੁੱਟਮਾਰ ਦੇ ਮਾਮਲੇ ਵਿਚ ਐੱਸ.ਐੱਚ.ਓ. ਗੋਇੰਦਵਾਲ ਸਾਹਿਬ ਸਮੇਤ ਪੰਜ ਪੁਲਿਸ ਅਧਿਕਾਰੀਆਂ ਨੂੰ ਤੁਰੰਤ ਮੁਅੱਤਲ ਕਰ ਦਿੱਤਾ ਗਿਆ।

ਸਿਤਮਜ਼ਰੀਫੀ ਇਹ ਹੈ ਕਿ ਪੁਲਿਸ ਅਧਿਕਾਰੀਆਂ ਨੂੰ ਮੁਅੱਤਲ ਕਰਨ ਦੇ ਹੁਕਮ ਤਰਨਤਾਰਨ ਪੁਲਿਸ ਨੇ ਜਾਰੀ ਕਰਨ ਦੀ ਥਾਂ ਸਿੱਧਾ ਫਿਰੋਜ਼ਪੁਰ ਦੇ ਡੀ.ਆਈ.ਜੀ. ਦਫ਼ਤਰ ਵੱਲੋਂ ਜਾਰੀ ਕੀਤੇ ਗਏ ਹਨ। ਸਰਕਾਰ ਅਤੇ ਵਿਧਾਇਕ ਤੋਂ ਪੁਲਿਸ ਐਨਾ ਡਰੀ ਕਿ ਪੁਲਿਸ ਨੇ ਵਿਧਾਇਕ ਦੇ ਜੀਜੇ ਨਿਸ਼ਾਨ ਸਿੰਘ ਨੂੰ ਪੁਲਿਸ ਰਿਮਾਂਡ ਉਪਰੰਤ ਜੇਲ੍ਹ ਭੇਜਣ ਦੀ ਥਾਂ ਮੈਡੀਕਲ ਆਧਾਰ 'ਤੇ ਹਸਪਤਾਲ ਦਾਖਲ ਕਰਵਾ ਦਿੱਤਾ।


ਮੁਕਤਸਰ ਸਾਹਿਬ ਜ਼ਿਲ੍ਹੇ ਵਿਚ ਇੱਕ ਵਕੀਲ ਨਾਲ ਤੀਜਾ ਦਰਜਾ ਤਸ਼ੱਦਦ ਦਾ ਮਾਮਲਾ ਵੀ ਗੰਭੀਰ ਹੈ। ਵਕੀਲਾਂ ਦੀ ਹੜਤਾਲ ਕਾਰਨ ਭਾਵੇਂ ਸਰਕਾਰ ਨੇ ਪੁਲਿਸ ਅਫਸਰਾਂ ਦੀਆਂ ਬਦਲੀਆਂ ਕਰ ਦਿੱਤੀਆਂ ਪਰ ਸਰਕਾਰ ਦੀ ਕਾਰਗੁਜ਼ਾਰੀ 'ਤੇ ਇਹ ਸਵਾਲ ਜ਼ਰੂਰ ਖੜ੍ਹਾ ਹੁੰਦਾ ਹੈ ਕਿ ਪੁਲਿਸ ਨੂੰ ਇਸ ਤਰ੍ਹਾਂ ਦੀ ਮਨਮਾਨੀ ਦੇ ਅਧਿਕਾਰ ਬੇਅੰਤ ਸਰਕਾਰ ਦੀ ਯਾਦ ਤਾਜ਼ਾ ਕਰਵਾ ਰਹੇ ਹਨ। ਸੋ 'ਆਪ' ਦੇ ਡੇਢ ਸਾਲ ਤੋਂ ਵੱਧ ਦੇ ਸਮੇਂ ਦੌਰਾਨ ਸਰਕਾਰ ਦੀਆਂ ਨੀਤੀਆਂ ਪਿਛਲੀਆਂ ਸਰਕਾਰਾਂ ਤੋਂ ਕੋਈ ਵੱਖਰੀਆਂ ਨਹੀਂ।

# ਸਵਾਮੀਨਾਥਨ: ਭਾਰਤ ਦੀ ਹਰੀ ਕ੍ਰਾਂਤੀ ਦਾ ਸਿਰਜਕ

*ਹਰੀ ਕ੍ਰਾਂਤੀ ਦੇ ਘਾੜੇ ਵਜੋਂ ਪ੍ਰੋ. ਸਵਾਮੀਨਾਥਨ ਸੰਘਣੀ ਖੇਤੀ ਦੇ ਨਾਂਹ ਮੁਖੀ ਸਿੱਟਿਆਂ ਤੋਂ ਵੀ ਸੁਚੇਤ ਸਨ। ਕਈ ਪੱਖਾਂ ਤੋਂ ਉਹ ਦੂਰ-ਦ੍ਰਿਸ਼ਟੀਵੇਤਾ ਸਨ ਜਿਨ੍ਹਾਂ ਨੇ ਇਸ ਖੇਤੀ ਜੁਗਤ ਦੇ ਅੱਗੇ ਚੱਲ ਕੇ ਨਿਕਲਣ ਵਾਲੇ ਨੁਕਸਾਨਾਂ ਬਾਰੇ ਕਈ ਵਾਰ ਖ਼ਬਰਦਾਰ ਕੀਤਾ ਸੀ। ਹਰੀ ਕ੍ਰਾਂਤੀ ਤੋਂ ਕੁਝ ਸਾਲਾਂ ਬਾਅਦ ਉਨ੍ਹਾਂ ਨੇ ਲਿਖਿਆ ਸੀ- "ਜ਼ਮੀਨ ਦੇ ਉਪਜਾਊਪਣ ਅਤੇ ਭੋਂ ਢਾਂਚੇ ਦੀ ਸਾਂਭ-ਸੰਭਾਲ ਕੀਤੇ ਬਿਨਾ ਸੰਘਣੀ ਕਾਸ਼ਤਕਾਰੀ ਨਾਲ ਅੰਤ ਨੂੰ ਜ਼ਮੀਨ ਬੰਜਰ ਹੋ ਜਾਵੇਗੀ। ਕੀਟਨਾਸ਼ਕਾਂ, ਉੱਲੀਨਾਸ਼ਕਾਂ ਅਤੇ ਨਦੀਨਨਾਸ਼ਕਾਂ ਦੀ ਅੰਨ੍ਹੇਵਾਹ ਵਰਤੋਂ ਨਾਲ ਜ਼ਹਿਰੀਲੇ ਮਾਦਿਆਂ ਕਰ ਕੇ ਕੈਂਸਰ ਅਤੇ ਕਈ ਹੋਰ ਭਿਆਨਕ ਬਿਮਾਰੀਆਂ ਪੈਦਾ ਹੋਣ ਦਾ ਖ਼ਤਰਾ ਹੈ। ਜ਼ਮੀਨ ਹੇਠਲੇ ਪਾਣੀ ਦੀ ਗ਼ੈਰ-ਵਿਗਿਆਨਕ ਵਰਤੋਂ ਕਰ ਕੇ ਇਹ ਬੇਸ਼ਕੀਮਤੀ ਸਰਮਾਇਆ ਬਰਬਾਦ ਹੋ ਜਾਵੇਗਾ।"*

ਪ੍ਰੋਫੈਸਰ ਐਮ. ਐਸ. ਸਵਾਮੀਨਾਥਨ ਨੂੰ ਭਾਰਤ ਦੀ ਹਰੀ ਕ੍ਰਾਂਤੀ ਦਾ ਪਿਤਾਮਾ ਆਖਿਆ ਜਾਂਦਾ ਹੈ। ਉਹ ਅਜਿਹੇ ਆਦਰਸ਼ ਸਾਇੰਸਦਾਨ-ਪ੍ਰਸ਼ਾਸਕ ਸਨ ਜਿਨ੍ਹਾਂ ਨੂੰ ਪਹਿਲੇ ਵਿਸ਼ਵ ਖੁਰਾਕ ਪੁਰਸਕਾਰ ਨਾਲ ਨਵਾਜਿਆ ਗਿਆ ਸੀ। ਉਨ੍ਹਾਂ ਦੇ ਦੇਹਾਂਤ ਨਾਲ ਇਕ ਯੁੱਗ ਖਤਮ ਹੋ ਗਿਆ ਹੈ।


ਇਕ ਵਾਰ ਉਨ੍ਹਾਂ ਮੈਨੂੰ ਦੱਸਿਆ ਸੀ- "ਹਰੀ ਕ੍ਰਾਂਤੀ ਦਾ ਇਤਿਹਾਸ ਦਰਅਸਲ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨਾਲ ਮੇਰੇ ਅੱਧੇ ਕੁ ਘੰਟੇ ਦੇ ਕਾਰ ਸਫ਼ਰ ਦੌਰਾਨ ਲਿਖਿਆ ਗਿਆ ਸੀ।" ਜਦੋਂ ਮੈਂ ਉਨ੍ਹਾਂ ਤੋਂ ਪੁੱਛਿਆ ਕਿ ਖੇਤੀਬਾੜੀ ਕ੍ਰਾਂਤੀ ਦਾ ਮੁੱਢ ਬੰਨ੍ਹਣ ਸਮੇਂ ਲੋੜੀਂਦੀ ਸਿਆਸੀ ਇੱਛਾ ਹਾਸਲ ਕਰਨ ਵਿਚ ਕਿੰਨੀ ਕੁ ਔਕੜ ਦਾ ਸਾਹਮਣਾ ਕਰਨਾ ਪਿਆ ਸੀ ਤਾਂ ਉਨ੍ਹਾਂ ਨੇ ਦੱਸਿਆ ਕਿ ਉਹ ਉਦੋਂ ਨਵੀਂ ਦਿੱਲੀ ਵਿਚ ਭਾਰਤੀ ਖੇਤੀਬਾੜੀ ਖੋਜ ਸੰਸਥਾਨ ਦੇ ਡਾਇਰੈਕਟਰ ਸਨ



ਦਵਿੰਦਰ ਸ਼ਰਮਾ

ਅਤੇ ਇਕ ਵਾਰ ਪੂਸਾ ਭਵਨ ਵਿਚ ਇਕ ਇਮਾਰਤ ਦਾ ਉਦਘਾਟਨ ਕਰਨ ਜਾਣ ਲਈ ਉਹ ਸ੍ਰੀਮਤੀ ਗਾਂਧੀ ਨਾਲ ਗਏ ਸਨ। ਰਸਤੇ ਵਿਚ ਪ੍ਰਧਾਨ ਮੰਤਰੀ ਨੇ ਉਨ੍ਹਾਂ ਤੋਂ ਪੁੱਛਿਆ, "ਸਵਾਮੀ, ਤੁਸੀਂ ਕਣਕ ਦੀਆਂ ਜਿਹੜੀਆਂ ਮਧਰੀਆਂ ਕਿਸਮਾਂ ਦੀ ਗੱਲ ਕਰਦੇ ਹੋ, ਮੈਂ ਉਨ੍ਹਾਂ ਨੂੰ ਪ੍ਰਵਾਨ ਕਰਾਂਗੀ ਪਰ ਤੁਸੀਂ ਮੇਰੇ ਨਾਲ ਵਾਅਦਾ ਕਰੋ ਕਿ ਆਉਣ ਵਾਲੇ ਦੋ ਕੁ ਸਾਲਾਂ ਵਿਚ ਤੁਸੀਂ ਮੈਨੂੰ 10 ਮਿਲੀਅਨ ਟਨ ਵਾਧੂ ਅਨਾਜ ਪੈਦਾ ਕਰ ਕੇ ਦਿਓਗੇ ਕਿਉਂਕਿ ਮੈਂ ਆਪਣੇ ਮੋਢਿਆਂ ਤੋਂ ਲਾਹਣਤੀ ਅਮਰੀਕੀਆਂ ਨੂੰ ਲਾਹੁਣਾ ਚਾਹੁੰਦੀ ਹਾਂ।" ਸਵਾਮੀਨਾਥਨ ਨੇ ਇਹ ਵਚਨ ਦੇ ਦਿੱਤਾ ਅਤੇ ਬਾਕੀ ਸਭ ਇਤਿਹਾਸ ਦਾ ਹਿੱਸਾ ਹੈ।

ਭਾਰਤ ਦੇ ਹਾਲਾਤ ਉਦੋਂ ਇਹੋ ਜਿਹੇ ਸਨ ਕਿ ਬਾਹਰੋਂ ਮੰਗਵਾਇਆ ਜਾਂਦਾ ਅਨਾਜ ਸਿੱਧਾ ਲੋਕਾਂ ਦੇ ਮੂੰਹ ਵਿਚ ਚਲਾ ਜਾਂਦਾ ਸੀ ਅਤੇ ਫਿਰ ਖੇਤੀਬਾੜੀ ਵਿਚ ਇਕ ਅਜਿਹਾ ਮੋੜ ਆਇਆ ਕਿ ਭਾਰਤ ਨਾ ਕੇਵਲ ਖੁਰਾਕ ਪੱਖੋਂ ਆਤਮ-ਨਿਰਭਰ ਬਣ ਗਿਆ ਸਗੋਂ ਹੌਲੀ-ਹੌਲੀ ਅਨਾਜ ਦਾ ਬਰਾਮਦਕਾਰ ਵੀ ਬਣ ਗਿਆ। ਢੁਕਵੀਆਂ ਨੀਤੀਆਂ ਦੇ ਆਧਾਰ 'ਤੇ ਸ਼ੁਰੂ ਹੋਈ ਹਰੀ ਕ੍ਰਾਂਤੀ ਦੀ ਗਾਥਾ ਦਾ ਮੂਲ ਉਦੇਸ਼ ਦੇਸ਼ ਨੂੰ ਭੁੱਖਮਰੀ ਦੇ ਚੱਕਰ 'ਚੋਂ ਕੱਢਣਾ ਸੀ। 1943 ਦੇ ਬੰਗਾਲ ਵਿਚ ਪਏ ਅਕਾਲ ਤੋਂ ਚਾਰ ਕੁ ਸਾਲਾਂ ਬਾਅਦ ਆਜ਼ਾਦੀ ਆ ਗਈ ਪਰ ਦੇਸ਼ ਸਾਹਮਣੇ ਭੁੱਖਮਰੀ 'ਚੋਂ ਉੱਭਰਨ ਦੀ ਚੁਣੌਤੀ ਹਾਲੇ ਵੀ ਬਰਕਰਾਰ ਸੀ। ਦਹਾਕਿਆਂ ਤੋਂ ਉੱਤਰੀ ਅਮਰੀਕਾ ਤੋਂ ਪੀ.ਐੱਲ.-480 ਤਹਿਤ ਅਨਾਜ ਮੰਗਵਾਇਆ ਜਾ ਰਿਹਾ ਸੀ। ਕੁਝ ਲੋਕਾਂ ਵੱਲੋਂ ਇਹ ਕਿਆਸ ਲਾਏ ਜਾ ਰਹੇ ਸਨ ਕਿ 1970ਵਿਆਂ ਦੇ ਮੱਧ ਤੱਕ ਭਾਰਤ ਦੀ ਅੱਧੀ ਆਬਾਦੀ ਭੁੱਖਮਰੀ ਦਾ ਸ਼ਿਕਾਰ ਹੋ ਜਾਵੇਗੀ। ਪ੍ਰੋ. ਸਵਾਮੀਨਾਥਨ ਦਾ ਭੁੱਖਮਰੀ ਖਿਲਾਫ਼ ਸੰਘਰਸ਼ ਦੁਨੀਆ ਵਿਚ ਸਭ ਤੋਂ ਵੱਧ ਅਹਿਮ ਆਰਥਿਕ ਘਟਨਾਕ੍ਰਮਾਂ ਵਿਚ ਸ਼ੁਮਾਰ ਕੀਤਾ ਜਾਵੇਗਾ।



ਹਰੀ ਕ੍ਰਾਂਤੀ ਦੇ ਘਾੜੇ ਵਜੋਂ ਪ੍ਰੋ. ਸਵਾਮੀਨਾਥਨ ਸੰਘਣੀ ਖੇਤੀ ਦੇ ਨਾਂਹ ਮੁਖੀ ਸਿੱਟਿਆਂ ਤੋਂ ਵੀ ਸੁਚੇਤ ਸਨ। ਕਈ ਪੱਖਾਂ ਤੋਂ ਉਹ ਦੂਰ-ਦ੍ਰਿਸ਼ਟੀਵੇਤਾ ਸਨ ਜਿਨ੍ਹਾਂ ਨੇ ਇਸ ਖੇਤੀ ਜੁਗਤ ਦੇ ਅੱਗੇ ਚੱਲ ਕੇ ਨਿਕਲਣ ਵਾਲੇ ਨੁਕਸਾਨਾਂ ਬਾਰੇ ਕਈ ਵਾਰ ਖ਼ਬਰਦਾਰ ਕੀਤਾ ਸੀ। ਹਰੀ ਕ੍ਰਾਂਤੀ ਤੋਂ ਕੁਝ ਸਾਲਾਂ ਬਾਅਦ ਉਨ੍ਹਾਂ ਨੇ ਲਿਖਿਆ ਸੀ- "ਜ਼ਮੀਨ ਦੇ ਉਪਜਾਊਪਣ ਅਤੇ ਭੋਂ ਢਾਂਚੇ ਦੀ ਸਾਂਭ-ਸੰਭਾਲ ਕੀਤੇ ਬਿਨਾ ਸੰਘਣੀ ਕਾਸ਼ਤਕਾਰੀ ਨਾਲ ਅੰਤ ਨੂੰ ਜ਼ਮੀਨ ਬੰਜਰ ਹੋ ਜਾਵੇਗੀ। ਕੀਟਨਾਸ਼ਕਾਂ, ਉੱਲੀਨਾਸ਼ਕਾਂ ਅਤੇ ਨਦੀਨਨਾਸ਼ਕਾਂ ਦੀ ਅੰਨ੍ਹੇਵਾਹ ਵਰਤੋਂ ਨਾਲ ਜ਼ਹਿਰੀਲੇ ਮਾਦਿਆਂ ਕਰ ਕੇ ਕੈਂਸਰ ਅਤੇ ਕਈ ਹੋਰ ਭਿਆਨਕ ਬਿਮਾਰੀਆਂ ਪੈਦਾ ਹੋਣ ਦਾ ਖ਼ਤਰਾ ਹੈ। ਜ਼ਮੀਨ ਹੇਠਲੇ ਪਾਣੀ ਦੀ ਗ਼ੈਰ-ਵਿਗਿਆਨਕ ਵਰਤੋਂ ਕਰ ਕੇ ਇਹ ਬੇਸ਼ਕੀਮਤੀ ਸਰਮਾਇਆ ਬਰਬਾਦ ਹੋ ਜਾਵੇਗਾ।"

ਫਿਲਪੀਨਜ਼ ਵਿਚ ਇੰਟਰਨੈਸ਼ਨਲ ਰਾਈਸ ਰਿਸਰਚ ਇੰਸਟੀਚਿਊਟ (ਆਈ.ਆਰ.ਆਰ.ਆਈ.) ਦੇ ਡਾਇਰੈਕਟਰ ਜਨਰਲ ਵਜੋਂ ਆਪਣੇ ਕਾਰਜਕਾਲ ਦੌਰਾਨ ਉਨ੍ਹਾਂ ਨੂੰ ਇੰਡੋਨੇਸ਼ੀਆ ਦੇ ਰਾਸ਼ਟਰਪਤੀ ਸੁਹਾਰਤੋ ਦਾ ਅਚੰਭੇ ਭਰਿਆ ਸੰਦੇਸ਼ ਮਿਲਿਆ ਸੀ। ਬ੍ਰਾਊਨ ਪਲਾਂਟਹੌਪਰ ਦੇ ਹਮਲੇ ਕਰ ਕੇ ਇੰਡੋਨੇਸ਼ੀਆ ਦੀ ਝੋਨੇ ਦੀ ਫ਼ਸਲ ਬਰਬਾਦ ਹੋ ਗਈ ਸੀ ਅਤੇ ਰਾਸ਼ਟਰਪਤੀ ਸੁਹਾਰਤੋ ਚਾਹੁੰਦੇ ਸਨ ਕਿ ਪ੍ਰੋ. ਸਵਾਮੀਨਾਥਨ ਇਸ ਦਾ ਕੋਈ ਹੱਲ ਲੱਭਣ। ਉਨ੍ਹਾਂ ਸਾਇੰਸਦਾਨਾਂ ਦੀ ਟੀਮ ਬਣਾਈ ਜਿਸ ਨੇ ਇੰਡੋਨੇਸ਼ੀਆ ਦਾ ਦੌਰਾ ਕਰ ਕੇ ਸੁਹਾਰਤੋ ਨੂੰ ਝੋਨੇ ਦੀ ਫ਼ਸਲ 'ਤੇ ਕੀਤੇ ਜਾਂਦੇ ਕੀਟਨਾਸ਼ਕਾਂ 'ਤੇ ਪਾਬੰਦੀ ਲਾਉਣ ਦੀ ਸਲਾਹ ਦਿੱਤੀ ਅਤੇ ਇਸ ਦੇ ਨਾਲ ਹੀ ਇਕਜੁੱਟ ਕੀਟ ਪ੍ਰਬੰਧਨ ਪ੍ਰੋਗਰਾਮ ਸ਼ੁਰੂ ਕਰ ਦਿੱਤਾ। ਰਾਸ਼ਟਰਪਤੀ ਸੁਹਾਰਤੋ ਨੇ ਫਰਮਾਨ ਜਾਰੀ ਕਰਦਿਆਂ 57 ਕੀਟਨਾਸ਼ਕਾਂ 'ਤੇ ਪਾਬੰਦੀ ਲਗਾਈ ਸੀ।

ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਪ੍ਰੋ. ਸਵਾਮੀਨਾਥਨ ਤਕਨਾਲੋਜੀ ਦੇ ਅੰਨ੍ਹੇ ਮੁਰੀਦ ਨਹੀਂ ਸਨ। ਜਦੋਂ ਜੀਨ ਸੋਧਿਤ (ਜੀ.ਐਮ.) ਫ਼ਸਲਾਂ ਖਿਲਾਫ਼ ਮੁਹਿੰਮ ਜ਼ੋਰਾਂ 'ਤੇ ਚੱਲ ਰਹੀ ਸੀ ਤਾਂ ਉਸ ਵੇਲੇ ਦੇ ਵਾਤਾਵਰਨ ਮੰਤਰੀ ਜੈਰਾਮ ਰਮੇਸ਼ ਨੂੰ ਪ੍ਰਾਪਤ ਹੋਈ ਉਨ੍ਹਾਂ ਦੀ ਪ੍ਰਤੀਕਿਰਿਆ ਬੀ.ਟੀ. ਬੈਂਗਣ ਦੀ ਤਜਾਰਤੀ ਕਾਸ਼ਤਕਾਰੀ 'ਤੇ ਰੋਕ ਲਾਉਣ ਦਾ ਅਹਿਮ ਆਧਾਰ ਬਣੀ ਸੀ। ਚੇਨਈ ਸਥਿਤ ਐਮ.ਐਸ. ਸਵਾਮੀਨਾਥਨ ਰਿਸਰਚ ਫਾਊਂਡੇਸ਼ਨ ਵਿਖੇ ਕਾਨਫਰੰਸ ਦੌਰਾਨ ਉਨ੍ਹਾਂ ਸੁਹਾਂਜਣਾ ਦੀ ਇਕ ਫ਼ਲੀ ਦੀ ਸਲਾਈਡ ਪੇਸ਼ ਕਰਦਿਆਂ ਜੀ.ਐਮ. ਚੌਲਾਂ ਵਿਚ ਵਿਟਾਮਿਨ ਏ. ਦੀ ਲੋੜ ਬਾਰੇ ਸਵਾਲ ਉਠਾਇਆ ਸੀ। ਉਨ੍ਹਾਂ ਦਾ ਨੁਕਤਾ ਇਹ ਸੀ ਕਿ ਸਾਡੀ ਰਵਾਇਤੀ ਖੁਰਾਕ ਵਿਚ ਚੌਲਾਂ ਨਾਲ ਸੁਹਾਂਜਣਾ ਦੇ ਪੱਤੇ ਪਕਾਏ ਜਾਣ ਨਾਲ ਆਪਣੇ ਆਪ ਹੀ ਵਿਟਾਮਿਨ 'ਏ' ਮਿਲ ਜਾਂਦਾ ਹੈ।

ਜੇ ਪ੍ਰੋ. ਸਵਾਮੀਨਾਥਨ ਵੱਲੋਂ ਸਮੇਂ-ਸਮੇਂ ਉਭਾਰੇ ਜਾਂਦੇ ਵਾਤਾਵਰਨ ਦੇ ਸਰੋਕਾਰਾਂ 'ਤੇ ਨੀਤੀਘਾੜਿਆਂ ਵੱਲੋਂ ਕੰਨ ਧਰਿਆ ਜਾਂਦਾ ਤਾਂ ਅੱਜ ਭਾਰਤੀ ਖੇਤੀਬਾੜੀ ਲਈ ਹੰਢਣਸਾਰਤਾ ਦਾ ਜੋ ਸੰਕਟ ਬਣਿਆ ਹੋਇਆ ਹੈ, ਉਹ ਟਾਲਿਆ ਜਾ ਸਕਦਾ ਸੀ। ਉਹ ਪਲਾਂਟ ਜੈਨੇਟਿਕ ਰਿਸੋਰਸ ਆਫ ਸੀ.ਜੀ.ਆਈ.ਏ.ਆਰ. (ਜੋ ਕੌਮਾਂਤਰੀ ਖੇਤੀਬਾੜੀ ਖੋਜ ਕੇਂਦਰਾਂ ਦਾ ਸਮੂਹ ਹੈ) ਦੇ ਕੇਂਦਰੀ ਸਲਾਹਕਾਰੀ ਬੋਰਡ ਦੇ ਮੁਖੀ ਵੀ ਰਹੇ ਸਨ। ਉਨ੍ਹਾਂ ਨੇ ਆਲਮੀ ਪੱਧਰ 'ਤੇ ਮਿਲਦੇ ਪਲਾਂਟ ਜੈਨੇਟਿਕ ਸਰੋਤ ਪ੍ਰਾਈਵੇਟ ਕੰਪਨੀਆਂ ਨੂੰ ਥੋਕ ਦੇ ਭਾਅ ਵੇਚਣ ਦੇ ਅਮਲ ਨੂੰ ਠੱਲ੍ਹ ਪਾਉਣ ਲਈ ਮਿਸਾਲੀ ਭੂਮਿਕਾ ਨਿਭਾਈ ਸੀ।

ਜਦੋਂ ਪ੍ਰੋ. ਸਵਾਮੀਨਾਥਨ ਨੂੰ 2004 ਵਿਚ ਕੌਮੀ ਕਿਸਾਨ ਕਮਿਸ਼ਨ (ਐਨ.ਐਫ.ਸੀ.) ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਤਾਂ ਉਨ੍ਹਾਂ ਕਮਿਸ਼ਨ ਦੀ ਰਿਪੋਰਟ ਬਾਰੇ ਜ਼ੀਰੋ ਡਰਾਫਟ ਲਿਖਣ ਲਈ ਮੈਨੂੰ ਸੱਦਿਆ ਸੀ ਅਤੇ ਇਸ ਰਿਪੋਰਟ ਨੂੰ ਅੰਤਮ ਰੂਪ ਦੇਣ ਤੋਂ ਪਹਿਲਾਂ ਇਸ ਬਾਰੇ ਸਮੁੱਚੇ ਦੇਸ਼ ਅੰਦਰ ਨਿੱਠ ਕੇ ਚਰਚਾ ਕਰਵਾਈ ਸੀ। ਮੇਰਾ ਜ਼ਿੰਮਾ ਇਹ ਸੀ ਕਿ ਕਿਸਾਨਾਂ ਨੂੰ ਇਸ ਦੇ ਕੇਂਦਰ ਵਿਚ ਰੱਖਿਆ ਜਾਵੇ ਅਤੇ ਫਿਰ ਦੇਖਿਆ ਜਾਵੇ ਕਿ ਹਾਲਾਤ ਵਿਚ ਕਿੰਨਾ ਕੁ ਸੁਧਾਰ ਲਿਆਂਦਾ ਜਾ ਸਕਦਾ ਹੈ। ਜਦੋਂ ਬਾਅਦ ਵਿਚ ਮੈਨੂੰ ਇਹ ਕਿਹਾ ਗਿਆ ਕਿ ਸਿਰਫ਼ ਕਿਸਾਨਾਂ 'ਤੇ ਹੀ ਧਿਆਨ ਕੇਂਦਰਿਤ ਨਾ ਕੀਤਾ ਜਾਵੇ ਸਗੋਂ ਹੋਰਨਾਂ ਧਿਰਾਂ ਨੂੰ ਵੀ ਸ਼ਾਮਲ ਕੀਤਾ ਜਾਵੇ ਤਾਂ ਮੈਂ ਇਸ ਤੋਂ ਮੁਆਫ਼ੀ ਮੰਗੀ। ਉਂਝ, ਇਸ ਦੌਰਾਨ ਪ੍ਰੋ. ਸਵਾਮੀਨਾਥਨ ਦਾ ਧਿਆਨ ਕਿਸਾਨਾਂ ਦੀ ਆਮਦਨ ਸੁਰੱਖਿਆ ਯਕੀਨੀ ਬਣਾਉਣ 'ਤੇ ਕੇਂਦਰਿਤ ਰਿਹਾ। ਉਨ੍ਹਾਂ ਖੁਰਾਕ ਦੇ ਉਤਪਾਦਨ ਵਿਚ ਵਾਧੇ ਲਈ ਕਿਸਾਨਾਂ ਵੱਲੋਂ ਨਿਭਾਈ ਭੂਮਿਕਾ ਦੀ ਸ਼ਲਾਘਾ ਕੀਤੀ ਪਰ ਕਿਸਾਨੀ ਭਾਈਚਾਰੇ ਦੀ ਦੁਰਗਤ ਦੇਖ ਕੇ ਉਹ ਹਮੇਸ਼ਾ ਦੁਖੀ ਹੋ ਜਾਂਦੇ ਸਨ।

ਸਾਲ 2004 ਤੋਂ 2006 ਦੇ ਅਰਸੇ ਦੌਰਾਨ ਪੇਸ਼ ਕੀਤੀ ਗਈ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਦਾ ਉਦੇਸ਼ ਭਾਰਤੀ ਖੇਤੀਬਾੜੀ ਦੀ ਉਤਪਾਦਕਤਾ, ਲਾਹੇਵੰਦੀ ਅਤੇ ਹੰਢਣਸਾਰਤਾ ਨੂੰ ਵਧਾਉਣਾ ਸੀ। ਇਹ ਰਿਪੋਰਟ ਦੇਸ਼ ਭਰ ਦੀਆਂ ਕਿਸਾਨ ਜਥੇਬੰਦੀਆਂ ਨੂੰ ਇਕਜੁੱਟ ਕਰਨ ਵਾਲਾ ਨੁਕਤਾ ਬਣੀ ਹੋਈ ਹੈ। ਰਿਪੋਰਟ ਵਿਚ ਕਿਸਾਨਾਂ ਨੂੰ ਉਨ੍ਹਾਂ ਦੀ ਫ਼ਸਲ ਦੇ ਮੁੱਲ 'ਤੇ 50 ਫ਼ੀਸਦ ਲਾਭ ਦੇਣ ਦਾ ਸੁਝਾਅ ਦਿੱਤਾ ਗਿਆ ਸੀ ਪਰ ਕਿਸੇ ਵੀ ਸਰਕਾਰ ਨੇ ਇਸ 'ਤੇ ਅਮਲ ਨਹੀਂ ਕੀਤਾ। ਉਨ੍ਹਾਂ ਨੂੰ ਸੱਚੇ ਮਨੋਂ ਸ਼ਰਧਾਂਜਲੀ ਭੇਟ ਕਰਨ ਦਾ ਸਭ ਤੋਂ ਵਧੀਆ ਤਰੀਕਾ ਇਹੀ ਹੋਵੇਗਾ ਕਿ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਨੂੰ ਸਹੀ ਮਾਇਨਿਆਂ ਵਿਚ ਲਾਗੂ ਕੀਤਾ ਜਾਵੇ।

# ਆਉਣ ਵਾਲੇ ਭਵਿੱਖ ਦਾ ਅਰਥਚਾਰਾ

ਨਾਗਰਿਕਾਂ ਦਾ ਸ਼ਕਤੀਕਰਨ ਕਿਵੇਂ ਕੀਤਾ ਜਾਂਦਾ ਹੈ? ਤੁਸੀਂ ਹਰ ਨਾਗਰਿਕ ਨੂੰ ਆਪੋ-ਆਪਣਾ ਸੁਫ਼ਨਾ ਪੂਰਾ ਕਰਨ ਦੇ ਯੋਗ ਕਿੰਝ ਬਣਾਉਂਦੇ ਹੋ? ਸਟੇਟ/ਰਿਆਸਤ ਦੀ ਕੀ ਭੂਮਿਕਾ ਹੁੰਦੀ ਹੈ? ਸਾਡੇ ਸੰਵਿਧਾਨ ਦੀ ਪ੍ਰਸਤਾਵਨਾ ਵਿਚ "ਸਮਾਜਿਕ, ਆਰਥਿਕ ਤੇ ਰਾਜਨੀਤਕ ਨਿਆਂ; ਸੋਚ, ਪ੍ਰਗਟਾਵੇ, ਧਰਮ, ਅਕੀਦੇ ਤੇ ਪੂਜਾ ਦੀ ਆਜ਼ਾਦੀ; ਦਰਜੇ ਤੇ ਮੌਕਿਆਂ ਦੀ ਬਰਾਬਰੀ; ਲੋਕਾਂ ਦਰਮਿਆਨ ਭਾਈਚਾਰਾ ਅਤੇ ਗੌਰਵ..." ਦਾ ਆਦਰਸ਼ ਸੰਜੋਇਆ ਗਿਆ ਹੈ। ਅਜੇ ਵੀ ਅਸੀਂ ਇਨ੍ਹਾਂ ਆਦਰਸ਼ਾਂ ਨੂੰ ਪੂਰਾ ਕਰਨ ਲਈ ਸੰਘਰਸ਼ ਕਰ ਰਹੇ ਹਾਂ। ਇਸ ਕਰ ਕੇ ਪੁੱਛਣਾ ਬਣਦਾ ਹੈ ਕਿ ਆਖ਼ਰ ਕਮੀ ਕਿਸ ਚੀਜ਼ ਦੀ ਹੈ? ਇਸ ਕਮੀ ਦਾ ਉਹ ਕਿਹੜਾ ਜ਼ਰੂਰੀ ਪਹਿਲੂ ਹੈ ਜਿਸ ਕਰ ਕੇ ਅਸੀਂ

ਗੁਰਬਚਨ ਜਗਤ

ਆਪਣੇ ਸੁਫ਼ਨੇ ਜਾਂ ਕਿਹਾ ਜਾਵੇ ਤਾਂ 'ਭਾਰਤੀ ਸੁਫ਼ਨੇ' ਨੂੰ ਪੂਰਾ ਕਰਨ ਘਰੋਗੀ ਤੌਰ 'ਤੇ ਊਰਜਿਤ ਹੋ ਸਕਾਂਗੇ? ਮੇਰੇ ਖਿਆਲ ਵਿਚ ਇਸ ਦਾ ਜਵਾਬ ਸੌਖਾ ਹੈ। ਸਾਨੂੰ ਬਰਾਬਰ ਮੌਕਿਆਂ, ਕਾਬਲੀਅਤ ਆਧਾਰਿਤ ਪ੍ਰਬੰਧ (ਮੈਰਿਟੋਕਰੇਸੀ), ਨੇਮ ਆਧਾਰਿਤ ਅਤੇ ਕਾਨੂੰਨ ਮੁਤਾਬਕ ਚੱਲਣ ਵਾਲੇ ਸਮਾਜ ਵਾਲਾ ਦੇਸ਼ ਬਣਨਾ ਪਵੇਗਾ। ਸਰਕਾਰ ਦਾ ਕੰਮ ਰਾਹ ਪੱਧਰਾ ਕਰਨਾ ਹੋਵੇ, ਨਾ ਕਿ ਇਸ ਨੂੰ ਕਦੇ ਕਦਾਈਂ ਗੱਫੇ ਵੰਡਣ ਵਾਲਾ ਸ਼ਾਸਕ ਬਣਨਾ ਚਾਹੀਦਾ ਹੈ। ਇਸ ਦੇ ਗਰਭ ਵਿਚ ਪਈ ਉੱਦਮਸ਼ੀਲਤਾ ਫੁੱਟੇਗੀ ਤਾਂ ਸਾਡੇ ਨੌਜਵਾਨ ਬਲਵਾਨ ਅਤੇ ਯੋਗ ਹੋ ਸਕਣਗੇ।

ਖੇਡਾਂ ਨੂੰ ਲੈ ਲਓ। ਅਸੀਂ ਦੇਖਿਆ ਹੈ ਕਿ ਪਿੰਡਾਂ ਤੇ ਛੋਟੇ ਕਸਬਿਆਂ ਦੇ ਨੌਜਵਾਨਾਂ ਤੇ ਮੁਟਿਆਰਾਂ ਨੇ ਬਹੁਤ ਸਾਰੀਆਂ ਖੇਡਾਂ ਵਿਚ ਮੱਲਾਂ ਮਾਰੀਆਂ ਹਨ। ਆਮ ਤੌਰ 'ਤੇ ਉਹ ਘੱਟ ਆਮਦਨ ਜਾਂ ਕਰੋ ਗ਼ਰੀਬ ਘਰਾਂ ਤੋਂ ਹੁੰਦੇ ਹਨ, ਫਿਰ ਵੀ ਨਿਰੋਲ ਆਪਣੇ ਜਜ਼ਬੇ ਅਤੇ ਦ੍ਰਿੜਤਾ ਦੇ ਸਹਾਰੇ ਆਪਣੇ ਚੁਣੇ ਹੋਏ ਖੇਤਰਾਂ ਵਿਚ ਝੰਡੇ ਗੱਡਦੇ ਹਨ। ਕੋਈ ਸਮਾਂ ਹੁੰਦਾ ਸੀ ਜਦੋਂ ਚੋਟੀ ਦੇ ਖਿਡਾਰੀ ਆਮ ਤੌਰ 'ਤੇ ਸ਼ਹਿਰਾਂ ਅਤੇ ਕੁਲੀਨ ਸਿੱਖਿਆ ਸੰਸਥਾਵਾਂ ਤੋਂ ਆਉਂਦੇ ਸਨ। ਅੱਜ ਕ੍ਰਿਕਟ ਵਰਗੀ ਖੇਡ ਵਿਚ ਸਾਡੇ ਕੋਲ ਧੋਨੀ, ਪਾਂਡਿਆ, ਸਿਰਾਜ ਖ਼ਾਨ ਜਿਹੇ ਖਿਡਾਰੀ ਮੌਜੂਦ ਹਨ ਜਿਨ੍ਹਾਂ ਨਾਮਣਾ ਖੱਟਿਆ ਅਤੇ ਇਹ ਸਾਰੇ ਸਾਧਾਰਨ ਪਿਛੋਕੜ ਵਾਲੇ ਛੋਟੇ ਕਸਬਿਆਂ ਜਾਂ ਪਿੰਡਾਂ ਤੋਂ ਆਏ ਸਨ। ਹਰਿਆਣਾ ਦੇ ਮੁੱਕੇਬਾਜ਼ ਅਤੇ ਪਹਿਲਵਾਨ ਵਿਸ਼ਵ ਚੈਂਪੀਅਨ ਬਣ ਗਏ ਹਨ; ਇਸੇ ਤਰ੍ਹਾਂ ਉੱਤਰ ਪੂਰਬੀ ਖ਼ਿੱਤੇ ਦੇ ਮੁੱਕੇਬਾਜ਼, ਭਾਰ ਤੋਲਕ ਅਤੇ ਫੁੱਟਬਾਲਰ ਆਪੋ-ਆਪਣੀਆਂ ਖੇਡਾਂ ਵਿਚ ਅਗਵਾਈ ਕਰ ਰਹੇ ਹਨ। ਝਾਰਖੰਡ ਦੇ ਤੀਰਅੰਦਾਜ਼ ਅਤੇ ਹਾਕੀ ਖਿਡਾਰੀ, ਪੰਜਾਬ ਦੇ ਹਾਕੀ ਖਿਡਾਰੀ, ਕੇਰਲ ਦੇ ਦੌੜਾਕ ਤੇ ਜੰਪਰ, ਤਾਮਿਲ ਨਾਡੂ ਦੇ ਸ਼ਤਰੰਜ ਦੇ ਖਿਡਾਰੀ - ਇਨ੍ਹਾਂ 'ਚੋਂ ਜ਼ਿਆਦਾਤਰ ਇਸੇ ਪਿਛੋਕੜ ਤੋਂ ਆਏ ਹਨ; ਉਨ੍ਹਾਂ ਮੌਕਾ ਮਿਲਣ 'ਤੇ ਆਪਣੀ ਕਾਬਲੀਅਤ ਸਿੱਧ ਕੀਤੀ ਹੈ।

ਇਹ ਸਫਲਤਾ ਕੁੱਲ ਹਿੰਦ ਸੇਵਾਵਾਂ ਵਿਚ ਵੀ ਦੇਖੀ ਜਾ ਸਕਦੀ ਹੈ। ਫ਼ੌਜ ਅਤੇ ਸਿਵਲ ਸੇਵਾਵਾਂ ਵਿਚ ਅਫ਼ਸਰ ਪੱਧਰ ਦੀ ਭਰਤੀ ਵਿਚ ਦਾਖ਼ਲ ਹੋਣ ਵਾਲੇ ਨੌਜਵਾਨ ਛੋਟੇ ਕਸਬਿਆਂ ਜਾਂ ਪਿੰਡਾਂ ਅਤੇ ਘੱਟ ਆਮਦਨ ਵਾਲੇ ਪਰਿਵਾਰਾਂ ਤੋਂ ਆਉਂਦੇ ਹਨ। ਉਹ ਦਿਨ ਲੰਘ ਗਏ ਹਨ ਜਦੋਂ ਫ਼ੌਜੀ ਅਤੇ ਸਿਵਲ ਅਫ਼ਸਰ ਸਮਾਜ ਦੇ ਰੱਜੇ ਪੁੱਜੇ ਘਰਾਂ ਤੋਂ ਆਉਂਦੇ ਹੁੰਦੇ ਸਨ। ਜਨਤਕ ਖੇਤਰ ਦੇ ਇੰਜਨੀਅਰਾਂ, ਡਾਕਟਰਾਂ, ਅਧਿਆਪਕਾਂ ਆਦਿ ਵਿਚ ਆਮ ਪਿਛੋਕੜ ਵਾਲੇ ਨੌਜਵਾਨਾਂ ਦੀ ਭਰਮਾਰ ਹੈ।

ਅਜਿਹੇ ਹੋਰ ਵੀ ਬਹੁਤ ਸਾਰੇ ਖੇਤਰਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ ਜਿੱਥੇ ਵਿਅਕਤੀਗਤ ਯਤਨਾਂ ਅਤੇ ਇਸ ਦੇ ਨਾਲ ਪ੍ਰਬੀਨਤਾ ਕਰ ਕੇ ਇਨ੍ਹਾਂ ਸੇਵਾਵਾਂ ਦੇ ਚਿਹਨ ਚੱਕਰ ਵਿਚ ਤਬਦੀਲੀਆਂ ਹੋਈਆਂ ਹਨ। ਉਂਝ, ਇਹ ਤਰੱਕੀ ਸਾਡੇ ਪਿੰਡਾਂ ਅਤੇ ਛੋਟੇ ਕਸਬਿਆਂ ਦੇ ਕਰੋੜਾਂ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਨਹੀਂ ਕਰ ਸਕੀ। ਸਾਡੀ ਆਬਾਦੀ ਵਧ ਕੇ 1 ਅਰਬ 40 ਕਰੋੜ ਹੋ ਚੁੱਕੀ ਹੈ ਅਤੇ ਇਸ ਖੱਪੇ ਨੂੰ ਇਕੱਲੀ ਸਰਕਾਰ ਨਹੀਂ ਭਰ ਸਕਦੀ। ਕਰੋੜਾਂ ਲੋਕ ਅਜੇ ਵੀ ਖੇਤੀਬਾੜੀ ਅਤੇ ਇਸ ਨਾਲ ਜੁੜੀਆਂ ਪੇਂਡੂ ਕੰਮਾਂ ਕਾਰਾਂ ਨਾਲ ਨਿਰਬਾਹ ਕਰ ਰਹੇ ਹਨ। ਅਸੀਂ ਆਪਣੇ ਵਿਸ਼ਾਲ ਖੇਤਰ ਵਿਚ ਭਵਿੱਖ ਦੇ ਅਰਥਚਾਰੇ ਨੂੰ ਉਭਾਰਨ ਵਿਚ ਨਾਕਾਮ ਰਹੇ ਹਾਂ। ਸਨਅਤਾਂ ਅਤੇ ਕਾਰੋਬਾਰ ਅਜੇ ਵੀ ਸ਼ਹਿਰੀ ਖੇਤਰਾਂ ਤੱਕ ਮਹਿਦੂਦ ਹਨ ਅਤੇ ਉੱਥੇ ਵੀ ਉਨ੍ਹਾਂ ਦੇ ਵਧਣ ਦੀ ਰਫ਼ਤਾਰ ਨਾਕਾਫ਼ੀ ਹੈ। ਖੇਤੀ ਜੋਤਾਂ ਕਰ ਕੇ ਖੇਤੀਬਾੜੀ ਵਿਚ ਕਿਸੇ ਨਵੇਂ ਵੱਡੇ ਇਨਕਲਾਬ ਦੇ ਆਸਾਰ ਨਹੀਂ ਜਾਪਦੇ। ਨਵੇਂ ਬੀਜ, ਖਾਦਾਂ ਅਤੇ ਔਜ਼ਾਰਾਂ ਦਾ ਕਾਫ਼ੀ ਰੁਝਾਨ ਹੈ, ਫਿਰ ਵੀ ਬਹੁਤਾ ਕੁਝ ਬਦਲ ਨਹੀਂ ਸਕਿਆ। ਖੇਤੀ ਸਨਅਤਾਂ ਦੀ ਗੁੰਜਾਇਸ਼ ਸੀਮਤ ਹੈ। ਇਸ ਕਾਰਨ ਦੇਸ਼ ਭਰ ਵਿਚ ਕਰੋੜਾਂ ਨੌਜਵਾਨ ਬੇਰੁਜ਼ਗਾਰ ਹਨ ਜੋ ਸ਼ਹਿਰੀ ਬਸਤੀਆਂ ਵਿਚ ਆ ਕੇ ਰਹਿਣ ਲਈ ਮਜਬੂਰ ਹਨ ਜਾਂ ਆਪਣਾ ਭਵਿੱਖ ਸੰਵਾਰਨ ਲਈ ਵਿਦੇਸ਼ਾਂ ਵੱਲ ਉਡ ਜਾਂਦੇ ਹਨ। ਇਸ ਕਰ ਕੇ ਸਮਾਜ ਦੇ ਉਪਰਲੇ ਇਕ ਫ਼ੀਸਦ ਵਰਗ ਅਤੇ ਸਮਾਜ ਦੇ ਹੇਠਲੇ ਤਬਕਿਆਂ ਦਰਮਿਆਨ ਅਥਾਹ ਪਾੜਾ ਪੈਦਾ ਹੋ ਗਿਆ ਹੈ। ਮੇਰੇ ਖ਼ਿਆਲ ਮੁਤਾਬਕ ਇਸ ਚੱਕਰ 'ਚੋਂ ਨਿਕਲਣ ਦਾ ਰਾਹ ਮੁੱਠੀ ਭਰ ਸਨਅਤੀ ਘਰਾਣਿਆਂ ਦੀ ਸਰਪ੍ਰਸਤੀ ਨਹੀਂ ਹੋ ਸਕਦਾ। ਉਹ ਬੇਰੁਜ਼ਗਾਰੀ ਦੀ ਇਸ ਲਹਿਰ ਨਾਲ ਸਿੱਝਣ ਦੇ ਸਮੱਰਥ ਨਹੀਂ ਹਨ। ਜੀਵਨ ਦੇ ਮਿਆਰਾਂ ਅਤੇ ਇਸ ਦੇ ਨਾਲ ਹੀ ਬੇਰੁਜ਼ਗਾਰੀ ਵਿਚਕਾਰ ਇਸ ਅਥਾਹ ਖੱਪੇ ਨੂੰ ਸਿਰਫ਼ ਜਾਨਦਾਰ ਪ੍ਰਾਈਵੇਟ ਖੇਤਰ ਨਾਲ ਹੀ ਭਰਿਆ ਜਾ ਸਕਦਾ ਹੈ। ਸਨਅਤ ਦੇ ਸੂਖਮ, ਲਘੂ, ਦਰਮਿਆਨੇ ਅਤੇ ਵਡੇਰੇ ਪੱਧਰਾਂ 'ਤੇ ਉੱਦਮਸ਼ੀਲਤਾ ਨੂੰ ਹੱਲਾਸ਼ੇਰੀ ਦੇਣੀ ਪਵੇਗੀ। ਸਾਨੂੰ ਆਪਣੇ ਨੌਜਵਾਨਾਂ ਨੂੰ ਉਨ੍ਹਾਂ ਦੀ ਪ੍ਰਤਿਭਾ ਤੇ ਸੰਭਾਵਨਾਵਾਂ ਦਾ ਪ੍ਰਗਟਾਓ ਕਰਨ ਲਈ ਅਧਿਕਾਰ ਦੇਣੇ ਪੈਣਗੇ।

ਇਸ ਅਥਾਹ ਰਾਸ਼ਟਰ ਅੰਦਰ ਬਹੁਤ ਸਾਰੀ ਪ੍ਰਤਿਭਾ ਅਤੇ ਗਿਆਨ ਦੇ ਭੰਡਾਰ ਪਏ ਹਨ। ਦੁਨੀਆ ਦੇ ਜਿਸ ਕਿਸੇ ਵੀ ਦੇਸ਼ ਜਾਂ ਖ਼ਿੱਤੇ ਨੇ ਆਪਣੀ ਮੂਲ ਉਪਜ ਵਿਚ ਸਨਅਤੀ ਪ੍ਰਕਿਰਿਆਵਾਂ ਰਾਹੀਂ ਮੁੱਲ ਵਾਧਾ ਕਰਨ ਦਾ ਵੱਲ ਸਿੱਖ ਲਿਆ, ਉਸ ਨੇ ਆਪਣੀ ਆਮਦਨ ਦੇ ਪੱਧਰ ਨੂੰ ਉਤਾਂਹ ਚੁੱਕ ਲਿਆ ਹੈ। ਖੇਤੀਬਾੜੀ ਅਤੇ ਇਸ ਦੇ ਸਹਾਇਕ ਕਿੱਤਿਆਂ ਵਿਚ ਇਹ ਦੇਖਿਆ ਜਾ ਸਕਦਾ ਹੈ।ਖੇਤੀਬਾੜੀ ਦੀ ਹੀ ਤਰ੍ਹਾਂ ਭਾਰੀਆਂ ਸਨਅਤਾਂ ਵਿਚ ਵੀ ਦੇਖਿਆ ਜਾ ਸਕਦਾ ਹੈ। ਜਪਾਨ ਇਸ ਦੀ ਮਿਸਾਲ ਹੈ ਜੋ ਆਪਣਾ ਜ਼ਿਆਦਾਤਰ ਕੱਚਾ ਮਾਲ ਦਰਾਮਦ ਕਰਦਾ ਹੈ ਪਰ ਉੱਥੋਂ ਦੀਆਂ ਸਨਅਤਾਂ ਤੇ ਤਕਨਾਲੋਜੀ ਇਸ ਵਿਚ ਭਾਰੀ ਮੁੱਲ ਵਾਧਾ ਕਰ ਕੇ ਦਿੰਦੀਆਂ ਹਨ। ਹੌਂਡਾ, ਟੋਯੋਟਾ, ਸੋਨੀ, ਇਹ ਕੋਈ ਖ਼ਾਨਦਾਨੀ ਅਰਬਪਤੀ ਨਹੀਂ ਸਨ ਸਗੋਂ ਉਨ੍ਹਾਂ ਦੀ ਸ਼ੁਰੂਆਤ ਬਹੁਤ ਹੀ ਸਾਧਾਰਨ ਢੰਗ ਨਾਲ ਹੋਈ ਸੀ। ਸੂਚਨਾ ਤਕਨਾਲੋਜੀ ਅਤੇ ਬ੍ਰਾਡਬੈਂਡ ਸੇਵਾਵਾਂ ਅਤੇ ਇਨ੍ਹਾਂ ਦੇ ਨਾਲ ਹੀ ਆਨਲਾਈਨ ਸਿੱਖਿਆ ਦੇ ਰੂਪ ਵਿਚ ਆਧੁਨਿਕ ਸਿੱਖਿਆ ਦਾ ਦੂਰ ਦੂਰ ਤੱਕ ਪਸਾਰ ਹੋ ਰਿਹਾ ਹੈ ਅਤੇ ਇਸ ਨਾਲ ਸੰਭਾਵੀ ਕਾਰੋਬਾਰਾਂ ਅਤੇ ਕਿੱਤਿਆਂ ਦੀ ਪਹੁੰਚ ਬਹੁਤ ਵਧ ਜਾਂਦੀ ਹੈ। ਇਸ ਸਨਅਤੀ ਇਨਕਲਾਬ ਨੂੰ ਸਮੱਰਥ ਬਣਾਉਣ ਲਈ ਸਟੇਟ/ਰਿਆਸਤ ਵਲੋਂ ਸੁਰੱਖਿਆ, ਸਿੱਖਿਆ, ਸਿਹਤ ਜਿਹੀਆਂ ਮੂਲ ਜ਼ਿੰਮੇਵਾਰੀਆਂ ਨੂੰ ਜੰਗੀ ਪੱਧਰ 'ਤੇ ਅਮਲ ਵਿਚ ਲਿਆਉਣ ਚਾਹੀਦਾ ਹੈ। ਪੁਰਾਣੀ ਕਹਾਵਤ ਹੈ- 'ਤੁਸੀਂ ਕਿਸੇ ਨੂੰ ਮੱਛੀ ਦੇ ਕੇ ਇਕ ਦਿਨ ਲਈ ਉਸ ਦੀ ਭੁੱਖ ਮਿਟਾ ਸਕਦੇ ਹੋ ਅਤੇ ਉਸ ਨੂੰ ਮੱਛੀ ਫੜਨਾ ਸਿਖਾ ਕੇ ਜ਼ਿੰਦਗੀ ਭਰ ਦੀ ਰੋਜ਼ੀ ਰੋਟੀ ਦੇ ਸਕਦੇ ਹੋ'। ਅਸੀਂ ਇਹ ਉੱਦਮ ਕਿਵੇਂ ਕਰ ਸਕਦੇ ਹਾਂ, ਅਸੀਂ ਆਪਣੇ ਨਾਗਰਿਕਾਂ ਨੂੰ ਲਾਲ ਫੀਤਾਸ਼ਾਹੀ ਦੀ ਜਕੜ ਤੋਂ ਕਿਵੇਂ ਮੁਕਤ ਕਰ ਸਕਦੇ ਹਾਂ?

ਅੱਜ ਸਾਨੂੰ ਜਲਵਾਯੂ ਤਬਦੀਲੀ ਜਿਹੀਆਂ ਸੰਗੀਨ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮਸਨੂਈ ਬੌਧਿਕਤਾ (ਏ.ਆਈ.), ਭਾਈਵਾਲ ਅਰਥਚਾਰਾ, ਭੂ-ਰਾਜਸੀ ਸ਼ਾਂਤੀ ਲਈ ਲਗਾਤਾਰ ਵਧ ਰਿਹਾ ਖ਼ਤਰਾ, ਮਹਾਮਾਰੀ ਆਦਿ ਜੋ ਇਕੱਲੇ ਰੂਪ ਵਿਚ ਤਾਂ ਅੜਿੱਕੇ ਮਾਤਰ ਹਨ ਪਰ ਸਮੂਹਿਕ ਰੂਪ ਵਿਚ ਇਹ ਸੁਨਾਮੀ ਦਾ ਰੂਪ ਧਾਰ ਸਕਦੇ ਹਨ ਜਿਸ ਦੇ ਸਨਮੁੱਖ ਸਿਰਫ਼ ਤਿਆਰ-ਬਰ-ਤਿਆਰ, ਸਖ਼ਤਜਾਨ ਤੇ ਲਚਕਦਾਰ ਹੀ ਜ਼ਿੰਦਾ ਰਹਿ ਸਕਣਗੇ। ਭਾਰਤ ਸਰਕਾਰ ਨੂੰ ਇਹ ਵੱਡੀ ਚੁਣੌਤੀ ਦਰਪੇਸ਼ ਹੈ ਤੇ ਇਸ ਨੂੰ ਰਾਹ ਦਰਸਾਊ ਭੂਮਿਕਾ ਨਿਭਾਉਂਦੇ ਹੋਏ ਸਾਡੇ ਨੌਜਵਾਨਾਂ ਅਤੇ ਉੱਦਮੀਆਂ ਨੂੰ ਬੇੜੀਆਂ (ਲਾਲ ਫੀਤਾਸ਼ਾਹੀ) ਤੋਂ ਮੁਕਤ ਕਰਨਾ ਚਾਹੀਦਾ ਹੈ।

# ਪਾਟੇ ਪੰਨਿਆਂ ਦੀ ਅਧੂਰੀ ਇਬਾਰਤ - ਗਿਆਨੀ ਕੇਸਰ ਸਿੰਘ

ਪਾੜ ਕੇ ਸੁੱਟੇ ਪੰਨਿਆਂ ਦੀ ਇਬਾਰਤ ਕੌਣ ਪੜ੍ਹਦਾ ਹੈ! ਕੋਈ ਪੜ੍ਹੇ ਵੀ ਕਿਉਂ? ਜਿਹੜੇ ਪੰਨੇ ਪਾੜ ਕੇ ਸੁੱਟ ਦਿੱਤੇ ਗਏ, ਉਹ ਜ਼ਰੂਰ ਫ਼ਜ਼ੂਲ ਹੋਣਗੇ। ਉਹ ਤਾਂਹੀਓਂ ਪਾੜੇ ਗਏ ਹੋਣਗੇ!

ਜਦੋਂ ਮੈਂ ਗਿਆਨੀ ਕੇਸਰ ਸਿੰਘ ਨੂੰ ਜਾਣਿਆ, ਕੁਝ ਭੰਮੱਤਰ ਗਿਆ ਸਾਂ। ਉਹ ਪਾਟੇ ਹੋਏ ਪੰਨੇ ਤਵਾਰੀਖ ਦੇ ਵੀ ਸਨ ਤੇ ਸਾਹਿਤ ਦੇ ਵੀ। ਉਹ ਪੰਨੇ ਸਾਡੀ ਅਮੀਰੀ ਸਨ, ਪਰ ਅਸੀਂ ਕੇਸਰ ਸਿੰਘ ਨੂੰ ਗੌਲਿਆ ਹੀ ਨਹੀਂ ਸੀ। ਨਾ ਸਾਹਿਤਕਾਰ ਵਜੋਂ, ਨਾ ਖੋਜੀ ਇਤਿਹਾਸਕਾਰ ਵਜੋਂ ਅਤੇ ਨਾ ਹੀ ਆਜ਼ਾਦੀ ਸੰਗਰਾਮ ਦੇ ਯੋਧੇ ਵਜੋਂ।



ਕੇਸਰ ਸਿੰਘ ਨੇ ਜੰਗ-ਏ-ਆਜ਼ਾਦੀ ਦੇ ਇਤਿਹਾਸ ਦੀ ਪਿਠਭੂਮੀ ਵਿਚ ਇੱਕੀ ਤੋਂ ਵੱਧ ਨਾਵਲ ਲਿਖੇ। ਉਸ ਦੇ ਨਾਵਲ ਹਿੰਦੀ, ਅੰਗਰੇਜ਼ੀ ਅਤੇ ਹੋਰ ਕਈ ਵਿਦੇਸ਼ੀ ਭਾਸ਼ਾਵਾਂ ਵਿਚ ਅਨੁਵਾਦ ਹੋ ਕੇ ਛਪੇ। ਆਲੋਚਕ

**ਜਸਬੀਰ ਭੁੱਲਰ**

> ***ਬਨੇਰੇ ਦੱਸ ਦਿੰਦੇ ਨੇ ਘਰਾਂ ਦੀ ਦਾਸਤਾਂ ਸਾਰੀ,***
> ***ਤੁਹਾਨੂੰ ਕੀ ਦਿਆਂ ਪਰਮਾਣ ਮੈਂ ਆਪਣੀ ਸ਼ਨਾਖ਼ਤ ਦਾ। -ਅਜੈ ਤਨਵੀਰ***

ਡਾਕਟਰ ਅਤਰ ਸਿੰਘ ਨੇ ਦੱਸਿਆ ਸੀ ਕਿ ਕੇਸਰ ਸਿੰਘ ਦਾ ਨਾਵਲ 'ਜੰਗੀ ਕੈਦੀ' ਰੂਸ ਵਿਚ ਪੰਜ ਲੱਖ ਛਪਿਆ ਸੀ, ਪਰ ਕੇਸਰ ਸਿੰਘ ਨੂੰ ਇਸ ਬਾਰੇ ਕੁਝ ਪਤਾ ਨਹੀਂ ਸੀ। ਜਦੋਂ ਉਹ ਚੈਕੋਸਲਵਾਕੀਆ ਗਿਆ ਤਾਂ ਇਹਦੇ ਬਾਰੇ ਪੁੱਛਿਆ। ਪਤਾ ਲੱਗਿਆ ਕਿ 'ਜੰਗੀ ਕੈਦੀ' ਉਥੇ ਵੱਡੀ ਗਿਣਤੀ ਵਿਚ ਸਿਰਫ਼ ਛਪਿਆ ਹੀ ਨਹੀਂ, ਉਸ ਨਾਵਲ ਦੀ ਕੇਸਰ ਸਿੰਘ ਲਈ ਛੇ ਹਜ਼ਾਰ ਰੂਬਲ ਰਾਇਲਟੀ ਵੀ ਉਨ੍ਹਾਂ ਕੋਲ ਪਈ ਸੀ। ਉਨ੍ਹਾਂ ਦੀ ਸ਼ਰਤ ਸੀ ਕਿ ਉਹ ਰਕਮ ਕੇਸਰ ਸਿੰਘ ਰੂਸ ਆ ਕੇ ਹੀ ਪ੍ਰਾਪਤ ਕਰ ਸਕਦਾ ਸੀ। ਬਣਦੇ ਮਿਹਨਤਾਨੇ ਲਈ ਕੇਸਰ ਸਿੰਘ ਨੇ ਬਾਅਦ ਵਿਚ ਰੂਸੀਆਂ ਨੂੰ ਚਿੱਠੀਆਂ ਵੀ ਲਿਖੀਆਂ, ਪਰ ਉਨ੍ਹਾਂ ਨੇ ਰਾਇਲਟੀ ਦੀ ਰਕਮ ਨਹੀਂ ਭੇਜੀ।

ਨਾਵਲ 'ਜੰਗੀ ਕੈਦੀ' ਮੈਂ ਉਚੇਚਾ ਲੱਭ ਕੇ ਪੜ੍ਹਿਆ। ਨਾਵਲ ਦਾ ਕੈਨਵਸ ਬਹੁਤ ਵੱਡਾ ਹੈ ਤੇ ਕਥਾਨਕ ਵਿਲੱਖਣ। ਉਹ ਨਾਵਲ ਸਿਰਫ਼ ਤੇ ਸਿਰਫ਼ ਕੇਸਰ ਸਿੰਘ ਹੀ ਲਿਖ ਸਕਦਾ ਸੀ। ਵਿਸ਼ੇ ਦੇ ਪੱਖ ਤੋਂ ਉਹੋ ਜਿਹਾ ਨਾਵਲ ਲਿਖਣਾ ਪੰਜਾਬੀ ਦੇ ਕਿਸੇ ਵੀ ਹੋਰ ਨਾਵਲਕਾਰ ਦੇ ਵੱਸ ਦੀ ਗੱਲ ਨਹੀਂ ਸੀ।

ਜਦੋਂ ਮੈਂ ਕੇਸਰ ਸਿੰਘ ਨੂੰ ਪਹਿਲੀ ਵਾਰ ਮਿਲਿਆ ਸਾਂ ਤਾਂ ਸ਼ਖ਼ਸੀਅਤ ਦਾ ਜਲੌਅ ਵੇਖ ਕੇ ਹੈਰਾਨ ਹੋਇਆ ਸਾਂ। ਉਹਦੀ ਉਮਰ ਉਸ ਵੇਲੇ ਨੱਬਿਆਂ ਨੂੰ ਢੁੱਕੀ ਹੋਈ ਸੀ। ਖੁੱਲ੍ਹਾ ਦਾਹੜਾ, ਸਿਰ ਉਤੇ ਚਿੱਟੀ ਪੋਚਵੀਂ ਪੱਗ, ਨਰੋਈ ਦਿੱਖ, ਕੱਦ ਦਰਮਿਆਨਾ। ਜੀਅ ਕਰਦਾ ਸੀ ਕਿ ਉਸ ਸੁਹਣੇ ਮਨੁੱਖ ਨੂੰ ਵੇਖੀ ਜਾਈਏ। ਨਰੋਆ ਦਿਸਦਾ ਸਰੀਰ ਦਰਅਸਲ ਬਿਮਾਰ ਵੀ ਸੀ। ਵੱਡਾ ਰੋਗ ਬੁਢਾਪਾ ਸੀ ਤੇ ਉਸ ਬੁਢਾਪੇ ਨੇ ਕੁਝ ਹੋਰ ਬਿਮਾਰੀਆਂ ਨੂੰ ਵੀ ਆਪਣੇ ਘੇਰੇ ਵਿਚ ਲਿਆ ਹੋਇਆ ਸੀ।

ਕੇਸਰ ਸਿੰਘ ਨੇ ਦੱਸਿਆ, "ਹੁਣ ਜਦੋਂ ਰਾਤੀਂ ਸੌਣਾ ਵਾਂ ਤਾਂ ਇਹ ਲੱਗਦਾ ਹੈ, ਸਵੇਰੇ ਜਾਗਣਾ ਨਹੀਂ। ਹੁਣ ਤੁਹਾਡੇ ਨਾਲ ਗੱਲਾਂ ਕਰ ਰਿਹਾ ਵਾਂ, ਪਰ ਮੇਰਾ ਸਰੀਰ ਪੰਜਾਹ ਪਰਸੈਂਟ ਤੋਂ ਵੀ ਵੱਧ ਲਾਸ਼ ਬਣਿਆ ਹੋਇਆ ਹੈ। ਮੈਨੂੰ ਨਹੀਂ ਪਤਾ, ਕਿਹੜੇ ਵੇਲੇ ਮੈਂ ਤੁਰ ਜਾਣਾ ਹੈ। ਕੱਲ੍ਹ ਦੀ ਗੱਲ ਐ...।" ਕੇਸਰ ਸਿੰਘ ਤੋਂ ਜਾਣਨ ਅਤੇ ਪੁੱਛਣ ਵਾਲੀਆਂ ਗੱਲਾਂ ਹੋਰ ਬਹੁਤ ਸਨ। ਮੈਂ ਤਾਂ ਗੱਲ ਅਗਾਂਹ ਤੋਰਨ ਖ਼ਾਤਰ ਹੀ ਸਿਹਤ ਦਾ ਹਾਲ ਪੁੱਛਿਆ ਸੀ। ਮੈਂ ਮਨ ਹੀ ਮਨ ਧਾਰ ਲਿਆ ਕਿ ਅਗਲੀ ਮੁਲਾਕਾਤ ਵੇਲੇ ਸਿਹਤ ਦੇ ਹਾਲ ਨੂੰ ਛੱਡ ਕੇ ਕੁਝ ਵੀ ਹੋਰ ਪੁੱਛਾਂਗਾ।

—

ਛੇਤੀ ਹੀ ਕਿਸੇ ਵਿਆਹ ਸਮਾਗਮ ਉਤੇ ਅਸੀਂ ਮੁੜ ਮਿਲ ਪਏ। ਸਬੱਬ ਹੀ ਸੀ ਕਿ ਅਸੀਂ ਦੋਵੇਂ, ਵਕਤ ਤੋਂ ਬਹੁਤ ਪਹਿਲਾਂ ਪਹੁੰਚ ਗਏ ਸਾਂ। ਪੰਡਾਲ ਵਿਚ ਸ਼ਾਂਤੀ ਸੀ। ਉਦੋਂ ਤਕ ਡੀ.ਜੇ. ਵਾਲਿਆਂ ਨੇ ਕੰਨ ਖਾਣੇ ਸ਼ੁਰੂ ਨਹੀਂ ਸਨ ਕੀਤੇ। ਅਸੀਂ ਗੱਲੀਂ ਰੁੱਝ ਗਏ। ਮੈਂ 'ਜੰਗੀ ਕੈਦੀ' ਦੀ ਪੂਣੀ ਕੇਸਰ ਸਿੰਘ ਦੇ ਹੱਥ ਫੜਾ ਦਿੱਤੀ। ਉਹਨੇ ਪੂਣੀ ਕੱਤਣੀ ਸ਼ੁਰੂ ਕਰ ਦਿੱਤੀ: "ਸਿੰਗਾਪੁਰ-ਮਲਾਇਆ ਵਿਚ ਤਕਰੀਬਨ ਚਾਲੀ ਕੁ ਹਜ਼ਾਰ ਹਿੰਦੁਸਤਾਨੀ ਸਨ। ਉਨ੍ਹਾਂ ਵਿਚ ਪੈਂਤੀ ਕੁ ਹਜ਼ਾਰ ਸਿੱਖ ਹੋਣਗੇ। ਉਨ੍ਹਾਂ ਹਿੰਦੁਸਤਾਨੀਆਂ ਦੇ ਦੋ ਧੜੇ ਬਣ ਗਏ। ਇਕ ਧੜਾ ਤਾਂ ਆਜ਼ਾਦ ਹਿੰਦ ਫ਼ੌਜ ਵਿਚ ਸ਼ਾਮਲ ਹੋ ਗਿਆ। ਉਹ ਤਾਂ ਵੱਖਰੇ ਰਹਿ ਗਏ। ਜਿਹੜੇ ਆਜ਼ਾਦ ਹਿੰਦ ਫ਼ੌਜ ਵਿਚ ਸ਼ਾਮਲ ਨਹੀਂ ਹੋਏ, ਉਹ ਜੰਗੀ ਕੈਦੀ ਹੋ ਗਏ। ਉਨ੍ਹਾਂ ਜੰਗੀ ਕੈਦੀਆਂ ਉਤੇ ਜਾਪਾਨ ਸਰਕਾਰ ਨੇ ਬਹੁਤ ਜ਼ੋਰ-ਜ਼ੁਲਮ ਕੀਤਾ। ਉਨ੍ਹਾਂ ਕੋਲੋਂ ਬੈਂਕਾਕ, ਥਾਈਲੈਂਡ ਤੋਂ ਲੈ ਕੇ ਹਿੰਦੁਸਤਾਨ ਦੀ ਹੱਦ ਤਕ ਰੇਲਵੇ ਲਾਈਨ ਬਣਵਾਈ। ਉਨ੍ਹਾਂ ਜੰਗੀ ਕੈਦੀਆਂ ਵਿਚ ਮਲਾਇਆ, ਇੰਡੋਨੇਸ਼ੀਆ ਅਤੇ ਉਨ੍ਹਾਂ ਸਾਰੇ ਮੁਲਕਾਂ ਦੇ ਜੰਗੀ ਕੈਦੀ ਵੀ ਸ਼ਾਮਲ ਸਨ ਜਿਨ੍ਹਾਂ ਮੁਲਕਾਂ ਉਤੇ ਜਾਪਾਨੀਆਂ ਦਾ ਕਬਜ਼ਾ ਹੋ ਚੁੱਕਿਆ ਸੀ। ਉਨ੍ਹਾਂ ਜੰਗੀ ਕੈਦੀਆਂ ਦੀ ਗਿਣਤੀ ਬਹੁਤ ਵੱਡੀ ਸੀ। ਉਨ੍ਹਾਂ ਵਿਚੋਂ ਉਥੇ ਤਕਰੀਬਨ ਤਿੰਨ ਲੱਖ ਜੰਗੀ ਕੈਦੀ ਤਾਂ ਮਰ ਗਏ ਸਨ।"

ਵਿਆਹ ਦੇ ਜਸ਼ਨ ਦਾ ਰੌਲਾ-ਰੱਪਾ ਸ਼ੁਰੂ ਹੋਣ ਤੋਂ ਪਹਿਲਾਂ ਇਤਿਹਾਸ ਦੇ ਪਾਟੇ ਵਰਕਿਆਂ ਦੀ ਸੁਰ ਬਹੁਤ ਉਦਾਸ ਹੋ ਗਈ। ਕੇਸਰ ਸਿੰਘ ਨੇ ਇਕ ਹੋਰ ਵਰਕਾ ਫਰੋਲਿਆ: "ਇਕ ਬਰ੍ਹਮਾ ਕੇਸ ਸੀ। ਵੈਨਕੂਵਰ ਤੋਂ ਗ਼ਦਰੀ ਗਏ ਸਨ। ਸੋਹਨ ਲਾਲ ਉਨ੍ਹਾਂ ਦਾ ਲੀਡਰ ਸੀ। ਉਸ ਕੇਸ ਵਿਚ ਦਸ ਆਦਮੀਆਂ ਨੂੰ ਫਾਂਸੀ ਲੱਗੀ ਤੇ ਸੱਤ ਜਣਿਆਂ ਨੂੰ ਉਮਰ ਕੈਦ ਹੋਈ। ਉਨ੍ਹਾਂ ਉਤੇ ਮੈਂ ਨਾਵਲ ਲਿਖਿਆ ਸੀ: ਜੰਵ ਲਾੜਿਆਂ ਦੀ।...ਤੇ ਹੁਣ ਜਿਹੜੀ ਅਖ਼ੀਰਲੀ ਕਿਤਾਬ ਲਿਖੀ ਐ 'ਹਥਿਆਰਬੰਦ ਇਨਕਲਾਬ', ਉਸ ਵਿਚ 1905 ਤੋਂ 1945 ਤਕ ਦਾ ਸਮਾਂ ਹੈ ਜਦੋਂ ਹੀਰੋਸ਼ੀਮਾ ਖ਼ਤਮ ਹੁੰਦਾ ਹੈ। ਇਸ ਦਾ ਸ਼ੁਰੂ ਮੈਂ ਮਦਨ ਲਾਲ ਢੀਂਗਰਾ ਦੀ ਸ਼ਹੀਦੀ ਤੋਂ ਕੀਤਾ ਸੀ। ਇਹ ਸੱਤ ਨਾਵਲਾਂ ਦੀ ਲੜੀ ਹੈ। ਗਾਂਧੀ ਅਤੇ ਨਹਿਰੂ ਨੇ ਜਿਹੜਾ 'ਸਪਲਿਟ ਇੰਡੀਆ' (ਭਾਰਤ ਵੰਡੋ) ਮੰਨ ਕੇ ਸਾਨੂੰ ਆਜ਼ਾਦੀ-ਬਰਬਾਦੀ ਲੈ ਕੇ ਦਿੱਤੀ ਹੈ, ਮੈਂ ਉਸ ਦੇ ਖ਼ਿਲਾਫ਼ ਲਿਖਿਆ ਹੈ। ਆਜ਼ਾਦੀ ਗਾਂਧੀ ਦੇ ਚਰਖੇ ਕਰ ਕੇ ਨਹੀਂ ਮਿਲੀ। ਆਜ਼ਾਦੀ ਹਥਿਆਰਬੰਦ ਲੋਕਾਂ ਕਰ ਕੇ ਮਿਲੀ ਹੈ।

ਉਥੇ ਗਏ ਗ਼ਦਰੀਆਂ ਵਿਚੋਂ ਇਕ ਬਾਬਾ ਅਮਰ ਸਿੰਘ ਸੀ ਜਿਹੜਾ ਵੀਹ ਸਾਲ ਜੇਲ੍ਹ ਕੱਟ ਕੇ ਆਇਆ ਸੀ। ਅਸੀਂ ਦੋਵੇਂ ਬੈਂਕਾਕ ਤੋਂ ਚੱਲ ਕੇ ਹਿੰਦੁਸਤਾਨ ਦੀ ਹੱਦ ਤਕ ਚੌਦਾਂ ਸੌ ਕਿਲੋਮੀਟਰ ਤੁਰ ਕੇ ਗਏ ਸਾਂ। ਰਾਹ ਵਿਚ ਅਸੀਂ ਉਹ ਥਾਂ ਵੀ ਵੇਖੀ ਜਿਥੇ ਨਾਮਧਾਰੀਆਂ ਦਾ ਗੁਰੂ ਰਾਮ ਸਿੰਘ ਕੈਦ ਕੱਟ ਰਿਹਾ ਸੀ। ਉਹ ਥਾਂ ਉਜਾੜ ਪਈ ਸੀ। ਲੜਾਈ ਖ਼ਤਮ ਹੋਣ ਤੋਂ ਪਹਿਲਾਂ ਮੈਂ ਵੱਡੇ ਪੁੱਤਰ ਗੁਰਚਰਨ ਅਤੇ ਛੋਟੇ ਪੁੱਤਰ ਕੁਲਦੀਪ (ਜੋ ਉਥੇ ਹੀ ਪੈਦਾ ਹੋਇਆ ਸੀ) ਨੂੰ ਅਤੇ ਉਨ੍ਹਾਂ ਦੀ ਮਾਂ ਹਰਨਾਮ ਕੌਰ ਨੂੰ ਹਿੰਦੁਸਤਾਨ ਭੇਜ ਦਿੱਤਾ ਸੀ। ਫਿਰ ਉਥੇ ਕੋਈ ਹੋਰ ਕੇਸਰ ਸਿੰਘ ਮਰ ਗਿਆ। ਹਰਨਾਮ ਕੌਰ ਨੇ ਸੋਚਿਆ, ਉਹ ਮੈਂ ਸਾਂ। ਉਸ ਦਾ ਦਿਮਾਗ਼ ਖ਼ਰਾਬ ਹੋ ਗਿਆ। ਫਿਰ ਜਦੋਂ ਦੁਬਾਰਾ ਸਾਡਾ ਮੇਲ ਹੋਇਆ ਤਾਂ ਉਹ ਠੀਕ ਹੋ ਗਈ।"

ਕੇਸਰ ਸਿੰਘ ਦੀਆਂ ਗੱਲਾਂ ਵਿਚ ਕਿਧਰੇ ਕਿਧਰੇ ਅਸਪਸ਼ਟਤਾ ਵੀ ਸੀ ਤੇ ਖੱਪੇ ਵੀ। ਮੈਂ ਉਹਨੂੰ ਟੋਕਣਾ ਨਹੀਂ ਸਾਂ ਚਾਹੁੰਦਾ, ਪਰ ਗਾਂਧੀ ਅਤੇ ਨਹਿਰੂ ਬਾਰੇ ਟਿੱਪਣੀ ਸੁਣ ਕੇ ਮੈਂ ਚੌਂਕ ਗਿਆ ਤੇ ਬੋਲ ਪਿਆ, "ਗਾਂਧੀ ਅਤੇ ਨਹਿਰੂ ਬਾਰੇ ਤੁਹਾਡੇ ਵਿਚਾਰ ਬੜੇ ਵੱਖਰੇ ਨੇ।"

ਉਹਦਾ ਚਿਹਰਾ ਕੁਝ ਤਪ ਗਿਆ ਜਾਪਿਆ। ਹਰਖਿਆ ਹੋਇਆ ਬੋਲਿਆ, "ਸਾਡਾ ਆਜ਼ਾਦੀ ਦਾ ਸੁਪਨਾ ਬਰਬਾਦ ਕਰ ਦਿੱਤਾ ਏ ਉਨ੍ਹਾਂ। ਨਹਿਰੂ ਨੇ ਕਿਹਾ ਸੀ ਕਿ ਵੰਡ ਧਰਮ ਦੇ ਆਧਾਰ ਉਤੇ ਨਹੀਂ ਹੋ ਰਹੀ, ਵੰਡ ਇਨਸਾਫ਼ ਦੇ ਆਧਾਰ ਉਤੇ ਹੋ ਰਹੀ ਹੈ। ਉਸ ਨੇ ਜਿਹੜੀ ਵੰਡ ਕੀਤੀ, ਉਹ ਤੁਸੀਂ ਵੇਖ ਹੀ ਰਹੇ ਹੋ। ਹਿੰਦੂ ਤੇ ਮੁਸਲਮਾਨ, ਉਸ ਨੇ ਦੋ ਮੁਲਕ ਐਸੇ ਪੈਦਾ ਕਰ ਦਿੱਤੇ ਜਿਹੜੇ ਕਦੇ ਵੀ ਇਕੱਠੇ ਨਹੀਂ ਹੋ ਸਕਦੇ। ਵੰਡ ਤੋਂ ਪਹਿਲਾਂ ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ ਇਸ ਬਾਰੇ ਮੀਟਿੰਗ ਵੀ ਕੀਤੀ ਸੀ ਜਿਸ ਵਿਚ ਵੱਡੇ-ਵੱਡੇ ਜਰਨੈਲ ਬੈਠੇ ਸੀ।...ਹਿੰਦੂ, ਸਿੱਖ ਅਤੇ ਮੁਸਲਮਾਨਾਂ ਦਾ ਜਿਹੜਾ ਕਤਲੇਆਮ ਹੋਇਐ (1947 ਵੇਲੇ), ਉਸ ਲਈ ਸਭ ਤੋਂ ਵੱਧ ਨਹਿਰੂ ਜ਼ਿੰਮੇਵਾਰ ਐ ਤੇ ਦੂਜੇ ਨੰਬਰ ਉਤੇ ਜਿਨਾਹ। ਮਲਾਇਆ ਵਿਚ ਮੈਂ ਨਹਿਰੂ ਨਾਲ ਸਫ਼ਰ ਕੀਤੈ। ਨਹਿਰੂ ਦਾ ਭਣਵੱਈਆ ਕ੍ਰਿਸ਼ਨਾ ਹਾਥੀ ਸਿੰਘ ਮੈਨੂੰ ਕਹਿਣ ਲੱਗਾ ਕਿ ਨਹਿਰੂ ਤੇਰੇ ਕੋਲੋਂ ਸਾਰੀਆਂ ਗੱਲਾਂ ਪੁੱਛੂ। ਤੂੰ ਦੱਸੀਂ ਨਾ ਕੋਈ। ਮੈਂ ਕਿਹਾ ਕਿਉਂ? ਕਹਿੰਦਾ, ਇਹ ਬਹੁਤ ਵੱਡਾ ਰਾਸਕਲ ਐ। ਇਹ ਭਾਵੇਂ ਮੇਰਾ ਸਾਲਾ ਈ ਐ, ਪਰ ਮੈਂ ਉਹਨੂੰ ਨਫ਼ਰਤ ਕਰਦਾ ਹਾਂ। ਮੈਨੂੰ ਇਥੇ ਆਉਣਾ ਪਿਆ। ਇਹਦਾ ਹੋਰ ਕਾਰਨ ਹੈ। ਮੈਂ ਜਾਣਨਾ ਚਾਹੁੰਦਾ ਸਾਂ ਕਿ ਉਹ ਮੁਲਕ ਨਾਲ ਹੋਰ ਕਿੰਨੀ ਕੁ ਗਦਾਰੀ ਕਰ



ਸਕਦਾ ਹੈ।"

ਕੇਸਰ ਸਿੰਘ ਦੀਆਂ ਗੱਲਾਂ ਕਾਤਰਾਂ ਵਾਂਗੂੰ ਸਨ। ਮੈਂ ਜੋੜ ਕੇ ਝੱਗਾ ਬਣਾਉਣ ਦੀ ਕੋਸ਼ਿਸ਼ ਵਿਚ ਸਾਂ। ਵਿਆਹ ਵਾਲਾ ਪੰਡਾਲ ਸੁੰਨਾ ਨਹੀਂ ਸੀ ਰਿਹਾ। ਰੌਣਕ ਵਧ ਰਹੀ ਸੀ। ਗੱਲਾਂ ਰੌਲੇ ਵਿਚ ਗੁਆਚਣ ਲੱਗ ਪਈਆਂ ਸਨ।

—

ਗਿਆਨੀ ਕੇਸਰ ਸਿੰਘ ਅਤੇ ਗੁਰਚਰਨ (ਪੁੱਤਰ) ਪੰਜਾਬ ਯੂਨੀਵਰਸਿਟੀ ਦੇ ਕੈਂਪਸ ਵਿਚ ਡਾਕਟਰ ਕੇਸਰ ਸਿੰਘ ਕੇਸਰ ਦੇ ਘਰ ਠਹਿਰੇ ਹੋਏ ਸਨ। ਮੈਂ ਕੇਸਰ ਸਿੰਘ ਕੋਲੋਂ ਅਗਲੇਰੇ ਦਿਨੀਂ ਮਿਲਣ ਦਾ ਵਾਅਦਾ ਲੈ ਲਿਆ। ਦਸੰਬਰ 1999 ਦੇ ਉਸ ਮਿੱਥੇ ਹੋਏ ਦਿਨ ਤੇ ਵੇਲੇ ਅਨੁਸਾਰ ਮੈਂ ਡਾ. ਕੇਸਰ ਦੇ ਘਰ ਪਹੁੰਚ ਗਿਆ।

ਗਿਆਨੀ ਕੇਸਰ ਸਿੰਘ ਦੀਆਂ ਗੱਲਾਂ ਵਿਚ ਬੜਾ ਕੁਝ ਅਣਕਿਹਾ ਰਹਿ ਜਾਂਦਾ ਸੀ। ਕਈ ਵਾਰ ਗੱਲ ਕਿਧਰੇ ਹੋਰ ਪਹੁੰਚ ਜਾਂਦੀ ਸੀ। ਸੋਚਿਆ, ਗੱਲ ਮੁੱਢੋਂ-ਸੁੱਢੋਂ ਸ਼ੁਰੂ ਕਰਾਂ। ਮੈਂ ਪੁੱਛਿਆ ਸੀ, "ਤੁਸੀਂ ਆਖਦੇ ਓ, ਜਨਮ ਤਰੀਕ ਦਾ ਕੁਝ ਪਤਾ ਹੀ ਨਹੀਂ। ਇਹ ਵੀ ਨਹੀਂ ਪਤਾ ਨਾਨਕੇ ਜੰਮਿਆ ਸਾਂ ਕਿ ਦਾਦਕੇ, ਪਰ ਵੇਰਵਿਆਂ ਵਿਚ ਤੁਹਾਡੀ ਜਨਮ ਮਿਤੀ ਪਹਿਲੀ ਜਨਵਰੀ 1912 ਲਿਖੀ ਹੋਈ ਹੈ।"

ਕੇਸਰ ਸਿੰਘ ਨੇ ਦੱਸਿਆ, "1939 ਵਿਚ ਮੈਂ ਪੀਨਾਂਗ ਰਹਿੰਦਾ ਸਾਂ। ਉਦੋਂ ਹਿੰਦੁਸਤਾਨ ਤੋਂ ਮਲਾਇਆ ਜਾਣ ਲਈ ਪਾਸਪੋਰਟ ਦੀ ਲੋੜ ਨਹੀਂ ਸੀ ਪੈਂਦੀ। ਮੈਂ ਉਥੋਂ ਸਿਆਮ ਜਾਣਾ ਸੀ। ਸਿਆਮ ਜਾਣ ਲਈ ਪਾਸਪੋਰਟ ਚਾਹੀਦਾ ਸੀ। ਮੈਂ ਫਾਰਮ ਭਰਿਆ, ਪਰ ਫਾਰਮ ਵਿਚ ਜਨਮ ਤਰੀਕ ਵਾਲਾ ਖਾਨਾ ਖਾਲੀ ਛੱਡ ਦਿੱਤਾ। ਪਾਸਪੋਰਟ ਦੇਣ ਵਾਲੇ ਆਇਰਿਸ਼ ਅਧਿਕਾਰੀ ਦਾ ਨਾਂ ਮਿਸਟਰ ਮੈਕਾਰਥੀ ਸੀ। ਉਹਨੇ ਮੈਨੂੰ ਪਾਸਪੋਰਟ ਦੇਣ ਤੋਂ ਨਾਂਹ ਕਰ ਦਿੱਤੀ। ਖ਼ੁਫ਼ੀਆ ਵਿਭਾਗ ਦੇ ਜਾਸੂਸਾਂ ਨੇ ਮੇਰੇ ਖਿਲਾਫ਼ ਰਿਪੋਰਟ ਕੀਤੀ ਹੋਈ ਸੀ ਕਿ ਮੈਂ ਸਿੱਖ ਰਜਮੈਂਟਾਂ ਵਿਚ ਜਾ ਕੇ ਸਿੱਖ ਫ਼ੌਜੀਆਂ ਨੂੰ ਸਰਕਾਰ ਖਿਲਾਫ਼ ਭੜਕਾਉਂਦਾ ਸਾਂ। ਮੈਂ ਮਿਸਟਰ ਮੈਕਾਰਥੀ ਨਾਲ ਲੜ ਪਿਆ। ਮੈਂ ਆਖਿਆ, ਮੈਨੂੰ ਪਤਾ ਹੈ ਕਿ ਤੂੰ ਆਇਰਿਸ਼ ਹੈਂ। ਤੇਰਾ ਦੇਸ਼ ਵੀ ਗੁਲਾਮ ਹੈ ਤੇ ਮੇਰਾ ਵੀ। ਤੇਰੇ ਵਿਚ ਆਪਣੇ ਦੇਸ਼ ਦੀ ਆਜ਼ਾਦੀ ਲਈ ਕੁਝ ਕਰਨ ਦਾ ਹੌਸਲਾ ਨਹੀਂ। ਤੂੰ ਅੰਗਰੇਜ਼ਾਂ ਦੀ ਨੌਕਰੀ ਕਰਦਾ ਹੈਂ। ਮੈਂ ਆਪਣੇ ਦੇਸ਼ ਲਈ ਕੁਝ ਕਰਨਾ ਚਾਹੁੰਦਾ ਹਾਂ ਤਾਂ ਤੂੰ ਮੇਰੇ ਰਾਹ ਵਿਚ ਰੋੜੇ ਅਟਕਾਉਂਦਾ ਹੈਂ। ਜੇ ਮੈਂ ਜਾਣਾ ਹੋਇਆ ਤਾਂ ਬਿਨਾਂ ਪਾਸਪੋਰਟ ਦੇ ਹੀ ਚਲਿਆ ਜਾਊਂ। ਮਿਸਟਰ ਮੈਕਾਰਥੀ ਨੇ ਗੁੱਸੇ ਵਿਚ ਮੈਨੂੰ ਦਫ਼ਤਰੋਂ ਬਾਹਰ ਕੱਢ ਦਿੱਤਾ, ਪਰ ਮੇਰੀਆਂ ਖਰੀਆਂ-ਖਰੀਆਂ ਸੁਣ ਕੇ ਉਹਦੀ ਜ਼ਮੀਰ ਜਾਗ ਪਈ। ਅਗਲੇ ਦਿਨ ਉਹਨੇ ਮੈਨੂੰ ਦਫ਼ਤਰ ਬੁਲਾ ਕੇ ਪਾਸਪੋਰਟ ਦੇ ਦਿੱਤਾ।"

"...ਤੇ ਜਨਮ ਤਾਰੀਕ ਦਾ ਕੀ ਬਣਿਆ?" ਮੈਂ ਮੁਸਕਰਾਇਆ।

"ਜਨਮ ਤਰੀਕ! ਓ ਹਾਂ...।" ਕੇਸਰ ਸਿੰਘ ਵੀ ਮੁਸਕਰਾਇਆ, "ਮਹੀਨੇ ਪਿੱਛੋਂ ਮੈਂ ਸਿਆਮ ਤੋਂ ਵਾਪਸ ਆਇਆ ਤਾਂ ਮੈਨੂੰ ਪਤਾ ਲੱਗਾ ਕਿ ਮੇਰੀ ਜਨਮ ਤਰੀਕ ਮਿਸਟਰ ਮੈਕਾਰਥੀ ਦੀ ਪਤਨੀ ਲਿਜ਼ਾ ਨੇ ਬਣਾਈ ਸੀ। ਝੂਠੀ-ਮੂਠੀ ਦੀ ਇਹੀ ਤਰੀਕ ਹੁਣ ਮੇਰੀ ਜਨਮ ਤਰੀਕ ਹੋ ਗਈ ਹੈ।"

ਜਨਮ ਤਰੀਕ ਦੱਸਣ ਲੱਗਿਆਂ ਹੀ ਕੇਸਰ ਸਿੰਘ ਨੇ ਜਨਮ ਤੋਂ ਪਿੱਛੋਂ ਦੇ ਕਈ ਵਰ੍ਹੇ ਛਾਲ ਮਾਰ ਕੇ ਟੱਪ ਲਏ ਸਨ। ਮੈਂ ਮੁੜ ਉਹਨੂੰ ਬਚਪਨ ਵੱਲ ਲੈ ਆਇਆ, "ਗਿਆਨੀ ਜੀ, ਆਪਣੀ ਪੜ੍ਹਾਈ-ਲਿਖਾਈ ਅਤੇ ਮੁੱਢਲੇ ਵਰ੍ਹਿਆਂ ਬਾਰੇ ਵੀ ਤਾਂ ਕੁਝ ਦੱਸੋ!"

"ਪੰਜਵੀਂ ਤਕ ਮੈਂ ਪਿੰਡ ਦੇ ਸਕੂਲ ਵਿਚ ਹੀ ਪੜ੍ਹਿਆ ਸਾਂ। ਫਿਰ ਮੈਂ ਰਾਵਲਪਿੰਡੀ ਦੇ ਅਮਰੀਕਨ ਮਿਸ਼ਨ ਸਕੂਲ ਵਿਚ ਦਾਖ਼ਲਾ ਲੈ ਲਿਆ। ਨੌਵੀਂ ਵਿਚ ਪੜ੍ਹਦਿਆਂ ਮੇਰੇ ਦਿਮਾਗ ਵਿਚ ਪਤਾ ਨਹੀਂ ਕੀ ਆਈ, ਮੈਂ ਉਥੋਂ ਨੱਸ ਕੇ ਅੰਮ੍ਰਿਤਸਰ ਸੰਤ ਗੁਲਾਬ ਸਿੰਘ ਦੇ ਡੇਰੇ ਪਹੁੰਚ ਗਿਆ। ਡੇਰੇ ਵਾਲਿਆਂ ਮੈਨੂੰ ਯਤੀਮਖਾਨੇ ਦਾਖ਼ਲ ਕਰਵਾ ਦਿੱਤਾ। ਯਤੀਮਖਾਨੇ ਵਿਚ ਮੈਂ ਕੀਰਤਨ ਵੀ ਸਿੱਖਿਆ ਤੇ ਗੁਰਬਾਣੀ ਦੀ ਵਿੱਦਿਆ ਵੀ ਲਈ। ਅੰਮ੍ਰਿਤਸਰ ਰਹਿੰਦਿਆਂ ਹੀ ਮੈਨੂੰ ਆਜ਼ਾਦੀ ਦੀ ਜੰਗ ਬਾਰੇ ਜਾਣਕਾਰੀ ਹੋਈ। ਉਥੇ ਹੀ ਪਹਿਲੀ ਵਾਰੀ ਮੈਂ ਮਦਨ ਲਾਲ ਢੀਂਗਰਾ ਦਾ ਨਾਂ ਸੁਣਿਆ। ਮੈਨੂੰ ਬੱਸ ਏਨਾ ਕੁ ਪਤਾ ਲੱਗਿਆ ਸੀ ਕਿ ਮਦਨ ਲਾਲ ਢੀਂਗਰਾ ਨੇ ਕਿਸੇ ਅੰਗਰੇਜ਼ ਅਫ਼ਸਰ ਨੂੰ ਗੋਲੀ ਮਾਰੀ ਸੀ ਤੇ ਅੰਗਰੇਜ਼ਾਂ ਨੇ ਉਹਨੂੰ ਲੰਡਨ ਵਿਚ ਫਾਂਸੀ ਦੇ ਦਿੱਤੀ ਸੀ।

ਇਕ ਦਿਨ ਮੈਂ ਬਾਜ਼ਾਰ ਮਾਈ ਸੇਵਾਂ ਵਿਚ ਮਦਨ ਲਾਲ ਢੀਂਗਰਾ ਦੀ ਫੋਟੋ ਲੱਭਣ ਪਹੁੰਚ ਗਿਆ। ਉਥੇ ਮੈਨੂੰ ਇਕ ਬਜ਼ੁਰਗ ਮਿਲਿਆ। ਉਹ ਮੈਨੂੰ ਦੁਕਾਨ ਦੇ ਪਿਛਲੇ ਪਾਸੇ ਲੈ ਗਿਆ ਤੇ ਲੁਕੋ ਕੇ ਕਿਤਾਬ ਦੇ ਦਿੱਤੀ। ਕਿਤਾਬ ਹਿੰਦੀ ਵਿਚ ਸੀ। ਮੈਂ ਹਿੰਦੀ ਸਿੱਖੀ ਤੇ ਦੋ-ਢਾਈ ਮਹੀਨੇ ਲਾ ਕੇ ਮਸਾਂ ਉਹ ਕਿਤਾਬ ਪੜ੍ਹੀ। ਉਹ ਕਿਤਾਬ ਸਰਕਾਰ ਨੇ ਜ਼ਬਤ ਕੀਤੀ ਹੋਈ ਸੀ। ਬਾਅਦ ਵਿਚ ਉਸੇ ਬਜ਼ੁਰਗ ਨੇ ਮੈਨੂੰ ਸਚਿੰਦਰਨਾਥ ਸਾਨਿਆਲ ਦੀ 'ਬੰਦੀ ਜੀਵਨ' ਦਿੱਤੀ। ਉਹ ਕਿਤਾਬ ਪੜ੍ਹ ਕੇ ਮੇਰੀ ਗ਼ਦਰੀਆਂ ਲਈ ਸ਼ਰਧਾ ਪੈਦਾ ਹੋ ਗਈ।

ਅੰਮ੍ਰਿਤਸਰ ਦਾ ਉਸ ਵੇਲੇ ਦਾ ਮਾਹੌਲ ਮੈਂ ਆਪਣੇ ਨਾਵਲ 'ਸ਼ਹੀਦ ਊਧਮ ਸਿੰਘ' ਵਿਚ ਦਿੱਤਾ ਹੋਇਆ ਏ।"

"ਸਾਹਿਤ ਦੀ ਚੇਟਕ ਕਿਵੇਂ ਲੱਗ ਗਈ? ਨਾਵਲ ਤੁਸੀਂ ਕਦੋਂ ਲਿਖਣੇ ਸ਼ੁਰੂ ਕੀਤੇ?"

"ਸਬਰ ਕਰੋ!" ਕੇਸਰ ਸਿੰਘ ਨੇ ਮੇਰਾ ਮੋਢਾ ਥਾਪੜਿਆ, "ਮੈਂ ਹੌਲੀ ਹੌਲੀ ਉਸੇ ਪਾਸੇ ਆ ਰਿਹਾ ਵਾਂ। 1931 ਵਿਚ ਮੇਰੀ ਪ੍ਰਾਇਮਰੀ ਸਕੂਲ ਵਿਚ ਨੌਕਰੀ ਲੱਗ ਗਈ ਸੀ। ਮੈਂ ਪੜ੍ਹਿਆ ਤਾਂ ਬਹੁਤਾ ਨਹੀਂ ਸਾਂ, ਪਰ ਮੇਰੀ ਸੰਗੀਤ ਵਿੱਦਿਆ ਨੂੰ ਧਿਆਨ ਵਿਚ ਰੱਖਦਿਆਂ ਬੱਚਿਆਂ ਨੂੰ ਕੀਰਤਨ ਸਿਖਾਉਣ ਤੇ ਪੰਜਾਬੀ ਪੜ੍ਹਾਉਣ ਲਈ ਮੈਨੂੰ ਪੰਦਰਾਂ ਰੁਪਏ ਮਹੀਨਾਵਾਰ ਤਨਖ਼ਾਹ ਉਤੇ ਅਧਿਆਪਕ ਰੱਖ ਲਿਆ ਗਿਆ। ਉਥੇ ਰਹਿੰਦਿਆਂ ਮੈਂ ਗੁਰੂ ਰਾਮਦਾਸ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਐਸ.ਐਸ. ਅਮੋਲ ਕੋਲ ਵੀ ਕੰਮ ਕੀਤਾ। 1937 ਵਿਚ ਮੇਰਾ ਵਿਆਹ ਹੋ ਗਿਆ ਤੇ 1938 ਵਿਚ ਮੈਂ ਪੀਨਾਂਗ ਦੇ ਗੁਰਦੁਆਰੇ ਦਾ ਸਕੱਤਰ ਬਣ ਕੇ ਉਥੇ ਪਹੁੰਚ ਗਿਆ।"

"... ਤੇ ਨਾਵਲ ਲਿਖਣੇ...।"

"ਦੱਸਦਾਂ!...ਮਿੰਟਗੁਮਰੀ ਵਿਚ ਚੀਫ਼ ਖਾਲਸਾ ਦੀਵਾਨ ਵੱਲੋਂ ਕਾਨਫਰੰਸ ਸੀ। ਮੈਂ ਪ੍ਰੋਫ਼ੈਸਰ ਪੂਰਨ ਸਿੰਘ ਨੂੰ ਪਹਿਲੀ ਵਾਰੀ ਉਥੇ ਵੇਖਿਆ ਸੀ। 1928-29 ਦੀ ਗੱਲ ਹੈ। ਉਨ੍ਹਾਂ ਡੇਢ-ਦੋ ਘੰਟੇ ਲੈਕਚਰ ਦਿੱਤਾ ਤੇ ਆਖ਼ਰ ਵਿਚ ਬੁਰਜੀ ਨੂੰ ਹੱਥ ਪਾ ਲਿਆ ਤੇ ਉਚਾਰਨ ਲੱਗ ਪਏ, "... ਨਾਨਕ ਨਾਮੁ ਮਿਲੇ ਤਾਂ ਜੀਵਾਂ।" ਉਨ੍ਹਾਂ ਅਗਲੀ ਤੁਕ ਨਹੀਂ ਬੋਲੀ। ਲਗਾਤਾਰ ਇਕੋ ਤੁਕ ਬੋਲੀ ਗਏ, ਸ਼ਾਇਦ ਇਕ-ਡੇਢ ਘੰਟਾ। ਉਥੇ ਸਰਦਾਰ ਸ਼ਾਮ ਸਿੰਘ ਅਟਾਰੀ ਦੇ ਪੋਤਰੇ ਸਰਦਾਰ ਹਰਬੰਸ ਸਿੰਘ ਅਟਾਰੀ ਬੈਠੇ ਹੋਏ ਸਨ। ਉਥੇ ਸਰਦਾਰ ਸੁੰਦਰ ਸਿੰਘ ਮਜੀਠੀਆ ਅਤੇ ਭਾਈ ਵੀਰ ਸਿੰਘ ਵੀ ਸਨ। ਉਨ੍ਹਾਂ ਰਲ ਕੇ ਪ੍ਰੋਫ਼ੈਸਰ ਪੂਰਨ ਸਿੰਘ ਨੂੰ ਉਥੋਂ ਉਠਾਇਆ। ਮੇਰੇ ਉਤੇ ਪ੍ਰੋਫ਼ੈਸਰ ਪੂਰਨ ਸਿੰਘ ਦਾ ਏਨਾ ਅਸਰ ਹੋਇਆ ਕਿ ਮੈਂ ਉਨ੍ਹਾਂ ਦੀਆਂ ਕਿਤਾਬਾਂ ਪੜ੍ਹਨ ਲੱਗ ਪਿਆ। ਪ੍ਰੋਫ਼ੈਸਰ ਤੇਜਾ ਸਿੰਘ ਅੰਮ੍ਰਿਤਸਰ ਵਾਲੇ ਨੇ ਆਖਿਆ ਕਿ ਮੈਂ ਉਨ੍ਹਾਂ ਦੀਆਂ ਸਾਰੀਆਂ ਕਿਤਾਬਾਂ ਪੜ੍ਹਾਂ।"

'ਖੁੱਲ੍ਹ ਜਾ ਸਿਮ ਸਿਮ' ਦੇ ਮੰਤਰ ਤੋਂ ਬਿਨਾਂ ਹੀ ਕੇਸਰ ਸਿੰਘ ਨੇ ਮੇਰੇ ਸਨਮੁੱਖ ਕੀਮਤੀ ਖ਼ਜ਼ਾਨੇ ਦੇ ਬੂਹੇ ਖੋਲ੍ਹੇ ਹੋਏ ਹਨ, ਪਰ ਮੈਂ ਪਹਿਲੇ ਸੁਆਲ ਉਤੇ ਹੀ ਅਟਕਿਆ ਹੋਇਆ ਸਾਂ। ਉਹੀ ਗੱਲ ਦੂਜੀ ਤਰ੍ਹਾਂ ਪੁੱਛ ਲਈ, "ਲਿਖਣਾ ਉਸ ਤੋਂ ਬਾਅਦ ਹੀ ਸ਼ੁਰੂ ਕੀਤਾ?"

ਗਿਆਨੀ ਕੇਸਰ ਸਿੰਘ ਨੇ ਦੱਸਿਆ, "ਮੈਂ 1934 ਵਿਚ ਗਿਆਨੀ ਪਾਸ ਕੀਤੀ ਸੀ। ਪ੍ਰਿੰਸੀਪਲ ਅਮੋਲ ਪੜ੍ਹਾਉਣ ਤੋਂ ਇਲਾਵਾ ਰਸਾਲਾ ਵੀ ਕੱਢਦੇ ਸਨ। ਉਸ ਰਸਾਲੇ ਦਾ ਨਾਂ 'ਲਿਖਾਰੀ' ਸੀ। ਇਹ 1936 ਦੀ ਗੱਲ ਹੈ। ਮੈਂ ਕਵਿਤਾ ਲਿਖੀ ਸੀ ਜਿਹੜੀ ਪ੍ਰੋਫ਼ੈਸਰ ਪੂਰਨ ਸਿੰਘ ਨੂੰ ਭੇਟ ਕੀਤੀ ਸੀ। ਅਮੋਲ ਨੇ ਇਹ ਕਵਿਤਾ ਮੈਨੂੰ ਬਗ਼ੈਰ ਦੱਸੇ 'ਲਿਖਾਰੀ' ਵਿਚ ਛਾਪ ਦਿੱਤੀ। ਇਹ ਕਵਿਤਾ ਉਹਨੂੰ ਭਾਈ ਸੇਵਾ ਸਿੰਘ ਨੇ ਮੇਰੇ ਕਾਗਜ਼ਾਂ ਵਿਚੋਂ ਕੱਢ ਕੇ ਦਿੱਤੀ ਸੀ।"

"ਉਸ ਵੇਲੇ ਤੁਸਾਂ ਹੋਰ ਕੀ ਕੁਝ ਲਿਖਿਆ, ਪੜ੍ਹਿਆ?" ਮੇਰੇ ਪਹਿਲੇ ਸੁਆਲ ਦਾ ਜੁਆਬ ਅਜੇ ਤਕ ਵੀ ਗਿਆਨੀ ਕੇਸਰ ਸਿੰਘ ਕੋਲ ਹੀ ਸੀ।

ਉਸ ਸਾਫ਼ ਜੁਆਬ ਦਿੱਤਾ, "ਮੈਂ ਉਦੋਂ ਅਸਲ ਵਿਚ ਕੁਝ ਨਹੀਂ ਸਾਂ ਲਿਖਦਾ, ਨਾ ਮੈਨੂੰ ਕਵਿਤਾ ਦੀ ਹੀ ਕੁਝ ਸਮਝ ਸੀ। ਨਾਨਕ ਸਿੰਘ ਨਾਵਲਿਸਟ ਨੇ ਅਮੋਲ ਹੋਰਾਂ ਕੋਲੋਂ ਸਾਲ ਪਹਿਲਾਂ ਹੀ ਗਿਆਨੀ ਪਾਸ ਕੀਤੀ ਸੀ। ਉਦੋਂ ਉਨ੍ਹਾਂ ਨਵਾਂ ਨਾਵਲ 'ਚਿੱਟਾ ਲਹੂ' ਲਿਖਿਆ ਸੀ। ਉਹ ਨਾਵਲ ਟਾਈਪ ਹੁੰਦਾ ਸੀ। ਸਿੰਘ ਬ੍ਰਦਰਜ਼ ਦਾ ਮਾਲਕ ਭਾਈ ਸੇਵਾ ਸਿੰਘ ਉਸ ਨਾਵਲ ਨੂੰ ਟਾਈਪ ਕਰਦਾ ਸੀ, ਪਰੂਫ਼ ਰੀਡਿੰਗ ਅਮੋਲ ਹੋਰੀਂ ਕਰਦੇ ਸਨ। ਮੈਂ ਸਾਈਕਲ ਉਤੇ ਚੜ੍ਹ ਕੇ, ਟਾਈਪ ਹੋਏ ਕਾਗਜ਼ ਲੈ ਕੇ ਪ੍ਰੋਫ਼ੈਸਰ ਤੇਜਾ ਸਿੰਘ ਕੋਲ ਪਹੁੰਚ ਜਾਂਦਾ ਸਾਂ। ਉਹ ਨਾਵਲ ਪੜ੍ਹਦੇ ਸਨ। ਮੈਂ ਉਨ੍ਹਾਂ ਕੋਲ ਜਾਣ ਲੱਗਾ ਵੀ ਨਾਵਲ ਦੇ ਵਰਕੇ ਪੜ੍ਹਦਾ ਸਾਂ ਤੇ ਉਥੋਂ ਨਾਵਲ ਵਾਪਸ ਲਿਆਉਣ ਵੇਲੇ ਵੀ ਪੜ੍ਹਦਾ ਸਾਂ। 'ਚਿੱਟਾ ਲਹੂ' ਦਾ ਮੇਰੇ ਉਤੇ ਕਾਫ਼ੀ ਅਸਰ ਹੋ ਰਿਹਾ ਸੀ। ਉਨ੍ਹਾਂ ਦਿਨਾਂ ਵਿਚ ਭਾਈ ਵੀਰ ਸਿੰਘ ਨੂੰ ਲੋਕੀਂ ਬਹੁਤ ਪੜ੍ਹਦੇ ਸਨ, ਪਰ ਮੈਂ ਭਾਈ ਵੀਰ ਸਿੰਘ ਨੂੰ ਨਹੀਂ ਸਾਂ ਪੜ੍ਹਦਾ। ਮੈਂ ਪੂਰਨ ਸਿੰਘ ਨੂੰ ਜ਼ਿਆਦਾ ਪੜ੍ਹਦਾ ਸਾਂ।"

ਮੇਰੇ ਸਾਹਵੇਂ ਇਤਿਹਾਸ ਦਾ ਇਕ ਵੇਲਾ ਮਨੁੱਖੀ ਜਾਮੇ ਵਿਚ ਬੈਠਾ ਹੋਇਆ ਸੀ। ਉਹਨੇ ਉਸ ਵੇਲੇ ਦੇ ਤਲਿਸਮ ਵਿਚ ਮੈਨੂੰ ਘੇਰਿਆ ਹੋਇਆ ਸੀ। ਡਾਕਟਰ ਕੇਸਰ ਅਤੇ ਉਸ ਦਾ ਪਰਿਵਾਰ ਵੀ ਉਸ ਤਲਿਸਮ ਤੋਂ ਬਾਹਰ ਨਹੀਂ ਸਨ। ਮੇਰਾ ਇਕੋ ਸੁਆਲ ਹੀ ਉਸ ਵੇਲੇ ਦੇ ਵਰਕੇ ਫਰੋਲ ਰਿਹਾ ਸੀ। ਮੈਂ ਢੀਠਪੁਣੇ ਦੇ ਤਾਣ ਫਿਰ ਪੁੱਛ ਲਿਆ, "ਫੇਰ ਨਾਵਲਕਾਰੀ ਵੱਲ ਕਦੋਂ ਆਏ?"

ਡਾਕਟਰ ਕੇਸਰ ਹੱਸਣ ਲੱਗ ਪਿਆ। ਬਾਕੀ ਜਣੇ ਵੀ ਮੁਸਕਰਾਏ।

ਨਾਵਲਕਾਰ ਕੇਸਰ ਸਿੰਘ ਨਾ ਮੇਰੇ ਵੱਲ ਵੇਖ ਰਿਹਾ ਸੀ ਅਤੇ ਨਾ ਕਿਸੇ ਹੋਰ ਵੱਲ। ਉਹ ਆਪਣੇ ਧੁਰ ਅੰਦਰ ਉਸ ਵੇਲੇ ਨੂੰ ਪੜ੍ਹ ਰਿਹਾ ਸੀ। ਉਹਨੇ ਅੱਗੇ ਦੱਸਣਾ ਸ਼ੁਰੂ ਕੀਤਾ: "1937 ਵਿਚ ਮੈਂ ਕੀਰਤਨੀਆ ਬਣ ਕੇ ਮਲਾਇਆ ਚਲਿਆ ਗਿਆ ਸਾਂ। ਉਥੇ ਆਜ਼ਾਦ ਹਿੰਦ ਫ਼ੌਜ ਦੀ ਆਜ਼ਾਦੀ ਲਈ ਜਿਹੜੀ ਮੂਵਮੈਂਟ ਚੱਲ ਰਹੀ ਸੀ, ਗ਼ਦਰੀਆਂ ਵੱਲੋਂ ਮੈਨੂੰ ਉਹਦੇ ਵਿਚ ਸ਼ਾਮਲ ਕਰ ਲਿਆ ਗਿਆ। ਮੈਂ 1938 ਵਿਚ ਆਪਣੇ ਪੁੱਤਰ ਅਤੇ ਉਹਦੀ ਮਾਂ ਨੂੰ ਵੀ ਉਥੇ ਮੰਗਵਾ ਲਿਆ। ਗ਼ਦਰੀਆਂ ਵੱਲੋਂ ਮੈਨੂੰ ਬਰ੍ਹਮਾ, ਥਾਈਲੈਂਡ, ਹਾਂਗਕਾਂਗ, ਸਿੰਗਾਪੁਰ ਆਦਿ ਕਈ ਥਾਵਾਂ ਉਤੇ ਭੇਜਿਆ ਗਿਆ। ਉਥੇ ਮੈਂ ਭਾਰਤੀਆਂ ਵਿਚ ਇਹ ਪ੍ਰਚਾਰ ਕਰਨਾ ਸੀ ਕਿ ਸਾਨੂੰ ਆਜ਼ਾਦੀ ਹਾਸਲ ਕਰਨ ਲਈ ਹਥਿਆਰਬੰਦ ਲੜਾਈ ਲੜਨੀ ਚਾਹੀਦੀ ਹੈ। ਸਾਨੂੰ ਆਜ਼ਾਦੀ ਗਾਂਧੀ ਟੋਪੀ ਨਾਲ ਨਹੀਂ ਮਿਲਣੀ। ਫਿਰ 1941 ਦੀ ਅੱਠ ਦਸੰਬਰ ਨੂੰ ਜੰਗ ਲੱਗ

(ਬਾਕੀ ਸਫਾ 19 'ਤੇ)

# ਖ਼ੁਸ਼ਵੰਤ ਸਿੰਘ ਤੇ ਉਸ ਦਾ 'ਦਿ ਸਨਸੈਟ ਕਲੱਬ'

***ਕੁਲਵੰਤ ਸਿੰਘ ਰੋਮਾਣਾ ਪੰਜਾਬ ਟਾਈਮਜ਼ ਦੇ ਸ਼ੁਰੂਆਤੀ ਦਿਨਾਂ ਤੋਂ ਹੀ ਸਾਡੇ ਸ਼ੁਭ ਚਿੰਤਕਾਂ ਦੇ ਘੇਰੇ ਵਿਚ ਸ਼ਾਮਲ ਸਨ, ਅਤੇ ਸਮੇਂ ਸਮੇਂ 'ਤੇ ਵੱਖ ਵੱਖ ਵਿਸ਼ਿਆਂ 'ਤੇ ਉਨ੍ਹਾਂ ਵਲੋਂ ਭੇਜੇ ਲੇਖ ਪਾਠਕਾਂ ਵਲੋਂ ਬਹੁਤ ਪਸੰਦ ਕੀਤੇ ਜਾਂਦੇ ਸਨ। ਕੁਝ ਸਮਾਂ ਪਹਿਲਾਂ ਕਿਸੇ ਦੁਖਾਂਤਕ ਘਟਨਾ ਵਿਚ ਉਨ੍ਹਾਂ ਦੀ ਜੀਵਨ ਲੀਲ੍ਹਾ ਸਮਾਪਤ ਹੋ ਗਈ ਸੀ, ਉਨ੍ਹਾਂ ਦੇ ਕਿਸੇ ਮਿੱਤਰ ਵਲੋਂ ਪੰਜਾਬੀ ਦੇ ਉਘੇ ਸਿੱਖ ਚਿੰਤਕ ਅਤੇ ਲੇਖਕ ਖ਼ੁਸ਼ਵੰਤ ਸਿੰਘ ਹੁਰਾਂ ਬਾਰੇ ਲਿਖਿਆ ਲੇਖ ਪ੍ਰਾਪਤ ਹੋਇਆ ਹੈ, ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ।***

**ਪ੍ਰੋ. ਕੁਲਵੰਤ ਸਿੰਘ ਰੋਮਾਣਾ**

ਖ਼ੁਸ਼ਵੰਤ ਸਿੰਘ ਭਾਰਤ ਦਾ ਐਸਾ ਪੰਜਾਬੀ ਹੈ ਜੋ ਉਸ ਦੇ ਖ਼ੁਦ ਦੱਸਣ ਅਨੁਸਾਰ ਅੰਗਰੇਜ਼ੀ 'ਚ ਸੋਚਦਾ ਹੈ। ਪੰਜਾਬੀ ਬੋਲਣ ਜਾਂ ਲਿਖਣ ਵੇਲੇ ਉਸ ਨੂੰ ਆਪਣੇ ਮਨ ਵਿਚੋਂ ਗੱਲ ਨੂੰ ਪੰਜਾਬੀ ਵਿਚ ਤਰਜਮਾ ਕਰ ਕੇ ਬਾਹਰ ਕੱਢਣਾ ਪੈਂਦਾ ਹੈ। ਉਸੇ ਤਰ੍ਹਾਂ ਜਿਸ ਤਰ੍ਹਾਂ ਅਸੀਂ ਆਮ ਪੰਜਾਬੀ ਲੋਕ ਜਦੋਂ ਸਾਨੂੰ ਅੰਗਰੇਜ਼ੀ ਲਿਖਣੀ ਜਾਂ ਬੋਲਣੀ ਪੈ ਜਾਵੇ, ਵਿਚਾਰਾਂ ਨੂੰ ਅੰਦਰੋਂ ਅੰਗਰੇਜ਼ੀ ਤਰਜਮਾ ਕਰ ਕੇ ਬਾਹਰ ਕੱਢਦੇ ਹਾਂ। ਇਸ ਗੱਲ ਨੂੰ ਉਹ ਕੋਈ ਮਾਣ ਵਾਲੀ ਗੱਲ ਵੀ ਨਹੀਂ ਸਮਝਦਾ। ਬਸ ਉਸ ਦੀ ਤਰਬੀਅਤ ਹੀ ਐਸੀ ਹੋਈ ਹੈ। ਇਸੇ ਕਰਕੇ ਉਸ ਦੀਆਂ ਸਾਰੀਆਂ ਲਿਖਤਾਂ ਮੂਲ ਰੂਪ ਵਿਚ ਅੰਗਰੇਜ਼ੀ 'ਚ ਛਪੀਆਂ ਹਨ। ਦੂਜਾ, ਉਸ ਦੀਆਂ ਧਾਰਮਿਕ ਤੇ ਇਤਿਹਾਸਕ ਲਿਖਤਾਂ ਨੂੰ ਛੱਡ ਕੇ ਬਾਕੀ ਸਾਰੀਆਂ ਲਿਖਤਾਂ ਕਿਸੇ ਨਾ ਕਿਸੇ ਤਰ੍ਹਾਂ ਚਰਚਾ ਦਾ ਵਿਸ਼ਾ ਬਣਦੀਆਂ ਰਹੀਆਂ ਹਨ; ਭਾਵੇਂ ਉਹ ਨਾਵਲ ਹਨ, ਸੰਪਾਦਕੀ ਜਾਂ ਕਾਲਮ। ਇਸ ਦਾ ਵੱਡਾ ਕਾਰਨ ਇਹ ਹੈ ਕਿ ਉਹ ਜੋ ਸੋਚਦਾ ਹੈ, ਲਗਭਗ ਉਹ ਹੀ ਲਿਖ ਜਾਂ ਬੋਲ ਵੀ ਦਿੰਦਾ ਹੈ। ਆਮ ਇਨਸਾਨਾਂ ਨੂੰ ਵੀ ਭਾਵੇਂ ਉਸੇ ਤਰ੍ਹਾਂ ਦੀਆਂ ਗੱਲਾਂ ਜਾਂ ਸੋਚਾਂ ਚੰਗੀਆਂ ਲਗਦੀਆਂ ਹਨ ਪਰ ਉਹ ਕਿਸੇ ਸਦਾਚਾਰ ਜਾਂ ਸਮਾਜੀ ਡਰ ਕਾਰਨ ਉਹ ਸਭ ਕੁਝ ਬੋਲ ਜਾਂ ਲਿਖ ਨਹੀਂ ਸਕਦੇ। ਉਹ ਖ਼ੁਦ ਲਿਖਦਾ ਹੈ ਕਿ ਲੇਖਕ ਵਜੋਂ ਨਿੰਰਮ, ਅਮੁਸਏ ਅਨਦ ਪਰੋਵੋਕਏ (ਸੂਚਨਾ, ਮਨੋਰੰਜਨ ਅਤੇ ਭੜਕਾਹਟ) ਹਮੇਸ਼ਾ ਉਸ ਦਾ ਮਾਟੋ ਜਾਂ ਅਕੀਦਾ ਰਿਹਾ ਹੈ ਤੇ ਉਹ ਇਸ ਅਕੀਦੇ 'ਤੇ ਡਟਿਆ ਵੀ ਰਿਹਾ ਹੈ। ਉਸ ਵੱਲੋਂ ਲੋਕਾਂ ਨੂੰ ਸੂਚਿਤ ਕਰਨ ਵਾਲੀ ਗੱਲ ਨੂੰ ਹਰ ਇਕ ਨੇ ਸਲਾਹਿਆ ਹੈ। ਉਸ ਵੱਲੋਂ ਹੈਰਾਨ ਕਰਨ ਵਾਲੀ ਗੱਲ ਨੂੰ ਬਹੁਤਿਆਂ ਨੇ ਮਾਣਿਆ ਅਤੇ ਕੁਝ ਨੇ ਉਸ ਨੂੰ ਬੁਰਾ ਅਤੇ ਗੰਦਾ ਕਿਹਾ। ਉਸ ਵੱਲੋਂ ਭੜਕਾਏ ਗਏ ਲੋਕਾਂ, ਜੋ ਵੱਡੇ ਲੋਕ ਹੀ ਸਨ, ਨੇ ਉਸ ਨੂੰ ਸਬਕ ਸਿਖਾਉਣ ਦੀ ਕੋਸ਼ਿਸ਼ ਵੀ ਕੀਤੀ ਤੇ ਉਸ ਨੂੰ ਅਦਾਲਤਾਂ ਵਿਚ ਵੀ ਘਸੀਟਿਆ ਹੈ। ਜਿਵੇਂ ਗੋਇਨਕਾ ਦੇ ਵਿਰੋਧ ਅਤੇ ਇੰਦਰਾ ਗਾਂਧੀ ਦੇ ਹੱਕ ਵਿਚ ਲਿਖਣ ਬਦਲੇ ਗੋਇਨਕਾ ਨੇ ਉਸ ਨੂੰ 'ਰਾਂਡ ਕਾ ਭਾਂਡ' ਕਿਹਾ ਅਤੇ ਮੁਰਾਰਜੀ ਦੇਸਾਈ ਨੇ ਪ੍ਰਧਾਨ ਮੰਤਰੀ ਦੀ ਸਹੁੰ ਚੁੱਕਣ ਤੋਂ ਤੁਰੰਤ ਬਾਅਦ ਜਿਹੜਾ ਪਹਿਲਾ ਕੰਮ ਕੀਤਾ, ਉਹ ਖ਼ੁਸ਼ਵੰਤ ਸਿੰਘ ਨੂੰ 'ਇਲਸਟਰੇਟਿਡ ਵੀਕਲੀ' ਦੀ ਐਡੀਟਰੀ ਤੋਂ ਫ਼ਾਰਗ ਕਰਨ ਦਾ ਸੀ। ਇਸੇ ਖ਼ੁਸ਼ਵੰਤ ਸਿੰਘ ਦਾ ਲਿਖਿਆ ਅਤੇ ਹੁਣੇ ਹੁਣੇ ਛਪਿਆ ਨਾਵਲ 'ਦਿ ਸਨਸੈਟ ਕਲੱਬ' (The Sunset Club) ਅੱਜ ਕੱਲ੍ਹ ਪੜ੍ਹਨ-ਲਿਖਣ ਵਾਲੇ ਭਾਰਤੀ ਸਰਕਲਾਂ ਵਿਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਹ ਨਾਵਲ ਬੜੇ ਸੰਖੇਪ ਜਿਹੇ ਪਲਾਟ ਦੁਆਲੇ ਉਸਾਰਿਆ ਗਿਆ ਹੈ। ਇਸ ਵਿਚ ਸਿਰਫ਼ ਤਿੰਨ ਪਾਤਰ ਹਨ ਜੋ ਆਪਣੇ ਜੀਵਨ ਦੇ 80-80 ਵਰ੍ਹੇ ਗੁਜ਼ਾਰ ਚੁੱਕੇ ਹਨ। ਇਸ ਵਿਚ ਕੋਈ ਐਕਸ਼ਨ ਨਹੀਂ, ਬਸ ਤਿੰਨਾਂ ਪਾਤਰਾਂ ਵਿਚ ਆਪਸੀ ਬਹਿਸ ਜਾਂ ਵਾਰਤਾਲਾਪ ਰਾਹੀਂ ਹੀ ਨਾਵਲ ਅੱਗੇ ਤੁਰਦਾ ਜਾਂਦਾ ਹੈ। ਇਹ ਨਾਵਲ ਇਕੋ ਥਾਂ 'ਤੇ ਹੀ ਵਾਪਰਦਾ ਹੈ ਜਿਥੇ ਇਹ ਤਿੰਨੋਂ ਬਜ਼ੁਰਗ ਰੋਜ਼ ਸ਼ਾਮ ਆ ਕੇ ਬੈਠਦੇ ਹਨ। ਇਨ੍ਹਾਂ ਗੱਲਾਂ ਦੇ ਬਾਵਜੂਦ ਇਹ ਨਾਵਲ ਵੀ ਖ਼ੁਸ਼ਵੰਤ ਸਿੰਘ ਦੇ ਦੂਸਰੇ ਨਾਵਲਾਂ ਵਾਂਗ ਸਲਾਹਿਆ ਅਤੇ ਵਿਚਾਰਿਆ ਜਾ ਰਿਹਾ ਹੈ। ਨਾਵਲ ਦੇ ਮੁੱਖ ਪਾਤਰ ਤਿੰਨ ਬਜ਼ੁਰਗ ਦੋਸਤ ਹਨ ਜੋ ਪਿਛਲੇ 40 ਸਾਲਾਂ ਤੋਂ ਹਰ ਸ਼ਾਮ ਲੋਧੀ ਗਾਰਡਨ ਆਉਂਦੇ ਹਨ ਅਤੇ ਹਮੇਸ਼ਾ ਉਸੇ ਬੈਂਚ 'ਤੇ ਬੈਠਦੇ ਹਨ ਅਤੇ ਆਪਸ 'ਚ ਗੱਲਬਾਤ ਜਾਂ ਬਹਿਸ ਕਰਦੇ ਰਹਿੰਦੇ ਹਨ। ਇਸ ਨਾਵਲ ਦਾ ਸਮਾਂ 26 ਜਨਵਰੀ, 2009 ਤੋਂ ਸ਼ੁਰੂ ਹੋ ਕੇ 26 ਜਨਵਰੀ, 2010 'ਤੇ ਖ਼ਤਮ ਹੋ ਜਾਂਦਾ ਹੈ ਯਾਨਿ 12 ਮਹੀਨੇ ਦਾ ਸਮਾਂ ਹੈ ਅਤੇ ਖ਼ੁਸ਼ਵੰਤ ਸਿੰਘ ਨੇ ਇਸ ਦੇ 12 ਹੀ ਕਾਂਡ ਬਣਾਏ ਹਨ। ਇਨ੍ਹਾਂ ਤਿੰਨ ਬੁੱਢੇ ਮਿੱਤਰਾਂ ਵਿਚੋਂ ਇਕ ਦਾ ਨਾਂ ਪ੍ਰੀਤਮ ਸ਼ਰਮਾ ਹੈ ਜੋ ਹਿੰਦੂ ਹੈ। ਦੂਜੇ ਦਾ ਨਾਂ ਨਵਾਬ ਬਰਕਤ-ਉੱਲਾ ਬੇਗ਼ ਹੈ ਜੋ ਮੁਸਲਮਾਨ ਹੈ ਅਤੇ ਤੀਜੇ ਦਾ ਨਾਂ ਬੂਟਾ ਸਿੰਘ ਹੈ ਜੋ ਸਿੱਖ ਹੈ। ਇਹ ਤਿੰਨੇ ਹੁਣ ਲੋਧੀ ਗਾਰਡਨ ਅਤੇ ਸੁਜਾਨ ਸਿੰਘ ਪਾਰਕ, ਜੋ ਖ਼ੁਸ਼ਵੰਤ ਸਿੰਘ ਦੇ ਦਾਦਾ ਜੀ ਸੁਜਾਨ ਸਿੰਘ ਦੇ ਨਾਂ 'ਤੇ ਬਣਿਆ ਹੈ, ਦੇ ਨੇੜੇਤੇੜੇ ਰਹਿੰਦੇ ਹਨ। ਤਿੰਨੇ ਕਿਸੇ ਵੇਲੇ ਭਾਰਤ ਦੇ ਵੱਡੇ ਅਹੁਦਿਆਂ 'ਤੇ ਰਹੇ ਹਨ। ਸ਼ਾਮ ਨੂੰ ਲੋਧੀ ਗਾਰਡਨ ਦੇ ਖ਼ਾਸ ਬੈਂਚ 'ਤੇ ਕਦੇ ਆਪਣੇ-ਆਪਣੇ ਧਰਮ ਨੂੰ ਉਤਮ ਸਿੱਧ ਕਰਨ ਲਈ ਬਹਿਸ ਕਰਦੇ ਹਨ ਅਤੇ ਕਦੇ ਰਾਜਨੀਤੀ ਵਿਚ ਵਧ ਰਹੇ ਭ੍ਰਿਸ਼ਟਾਚਾਰ ਬਾਰੇ ਤਬਸਰਾ ਕਰਦੇ ਹਨ, ਦਿੱਲੀ ਵਿਚ ਵਾਪਰ ਰਹੇ ਸਕੈਂਡਲਾਂ ਦੀ ਗੱਲ ਕਰਦੇ ਹਨ। ਹਰ ਰੋਜ਼ ਅਖ਼ਬਾਰਾਂ ਦੀਆਂ ਸੁਰਖ਼ੀਆਂ ਪੜ੍ਹ ਕੇ ਆਉਂਦੇ ਹਨ ਅਤੇ ਫੇਰ ਉਨ੍ਹਾਂ ਬਾਰੇ ਆਪਣੇ ਪ੍ਰਤੀਕਰਮ ਦਿੰਦੇ ਹਨ। ਕਈ ਵਾਰ ਬਹਿਸ ਗਰਮ ਹੋ ਜਾਂਦੀ ਹੈ ਕਿਉਂਕਿ ਇਹ ਤਿੰਨੇ ਹੀ ਖ਼ੁਦ ਕਿਸੇ ਸਰਕਾਰ 'ਚ ਰਹੇ ਹਨ ਜਾਂ ਸਰਕਾਰ ਦੇ ਨੇੜੇ-ਤੇੜੇ ਰਹੇ ਸਨ। ਨਾਵਲ ਦੇ ਇਹ ਪੱਖ ਜਿੰਨੀ ਸਾਦਗੀ ਨਾਲ ਮੈਂ ਦੱਸ ਰਿਹਾ ਹਾਂ, ਨਾਵਲ 'ਚ ਇਹ ਸਭ ਕੁਝ ਉਸੇ ਹੀ ਸਾਦਗੀ ਨਾਲ ਵਾਪਰਦਾ ਨਹੀਂ। ਬੜੇ ਦਿਲਚਸਪ ਜੁਮਲੇ ਤੇ ਖ਼ਿਆਲ ਮਿਲਦੇ ਹਨ ਪੜ੍ਹਨ ਨੂੰ! ਨਾਵਲ ਦਾ ਸਭ ਤੋਂ ਦਿਲਚਸਪ ਪੱਖ ਹੈ ਜਦੋਂ ਇਹ ਲੋਕ ਆਪਣੀ ਜਵਾਨੀ ਦੇ ਸਮੇਂ ਨੂੰ ਯਾਦ ਕਰਦੇ ਹਨ ਕਿਉਂਕਿ ਐਸੇ ਪਹਿਲੂ ਬਿਆਨਣ ਵਿਚ ਖ਼ੁਸ਼ਵੰਤ ਸਿੰਘ ਦਾ ਕੋਈ ਸਾਨੀ ਨਹੀਂ ਹੈ। ਜਦੋਂ ਸ਼ਾਮ ਦਾ ਸੂਰਜ ਜਾਮਾ ਮਸਜਿਦ ਦੇ ਗੋਲ ਜਿਹੇ ਗੁੰਬਦ ਦੇ ਓਹਲੇ ਹੁੰਦਾ ਹੈ ਅਤੇ ਗੁੰਬਦ 'ਤੇ ਸ਼ਾਮ ਦੀ ਰੱਤੀ ਰੌਸ਼ਨੀ ਪੈਂਦੀ ਹੈ ਤਾਂ




ਸਾਦੀਆ ਦੇਹਲਵੀ

ਇਨ੍ਹਾਂ ਨੂੰ ਵੀ ਆਪਣੀ ਰੱਤ ਦੇ ਗਰਮ ਹੋਣ ਵੇਲੇ ਦੇ ਦਿਨ ਯਾਦ ਆ ਜਾਂਦੇ ਹਨ। ਇਹ ਲੋਕ ਆਪਣੀ ਜਵਾਨੀ ਦੇ ਦਿਨਾਂ ਦੇ ਭੇਤ ਇਕ-ਦੂਜੇ ਨਾਲ ਸਾਂਝੇ ਕਰਦੇ ਹਨ। ਉਸ ਵੇਲੇ ਕੁਝ ਦੀਆਂ ਆਪਣੀਆਂ ਕੁਝ ਸੱਚੀਆਂ ਅਤੇ ਕੁਝ ਕਾਲਪਨਿਕ ਕਹਾਣੀਆਂ ਸੁਣਾਉਂਦੇ ਹਨ। ਨਾਵਲ ਦੇ ਇਸੇ ਪਹਿਲੂ ਬਾਰੇ ਅੱਜ ਕੱਲ੍ਹ ਬਹੁਤੀ ਚਰਚਾ ਹੋ ਰਹੀ ਹੈ। ਲੇਖਕ ਨੇ 12 ਦੇ 12 ਕਾਂਡਾਂ ਵਿਚ ਹਰ ਮਹੀਨੇ ਨਾਲ ਸਬੰਧਤ ਮੌਸਮ, ਬਨਸਪਤੀ ਤੇ ਫਲ-ਫੁੱਲਾਂ ਨੂੰ ਵੀ ਬੜੀ ਖ਼ੂਬਸੂਰਤੀ ਨਾਲ ਬਿਆਨ ਕੀਤਾ ਹੈ। ਇਹ ਨਾਵਲ ਸਮੁੱਚੇ ਭਾਰਤ ਦੀ ਰਾਜਨੀਤੀ ਅਤੇ ਸਮਾਜ ਬਾਰੇ ਬੜੀ ਨਿਰਪੱਖ ਕੁਮੈਂਟਰੀ ਹੈ। ਦੇਸ਼ ਵਿਚ ਧਾਰਮਿਕ ਖ਼ਹਿਬਾਜ਼ੀ ਅਤੇ ਹੋਰ ਅੰਤਰਵਿਰੋਧਾਂ ਵੱਲ ਵੀ ਨਾਵਲ ਇਸ਼ਾਰਾ ਕਰਦਾ ਹੈ। ਨਾਵਲ ਪੜ੍ਹਦਿਆਂ ਕਦੇ ਅਸੀਂ ਰੱਜ ਕੇ ਹੱਸਦੇ ਹਾਂ ਤੇ ਕਦੇ ਸਾਡੀਆਂ ਅੱਖਾਂ ਵਿਚ ਹੰਝੂ ਆ ਜਾਂਦੇ ਹਨ। ਕਦੇ ਨਾਵਲ ਗੰਭੀਰ ਲੱਗਦਾ ਤੇ ਕਦੇ-ਕਦੇ ਮਜ਼ਾਹੀਆ। ਕਦੇ ਦਿਲ ਨੂੰ ਹਲੂਣਦਾ ਹੈ ਤੇ ਕਦੇ ਕਾਮੇਡੀ ਦਾ ਆਨੰਦ ਦਿੰਦਾ ਹੈ। ਖ਼ੁਸ਼ਵੰਤ ਸਿੰਘ ਨੂੰ ਜਾਣਨ ਵਾਲੇ ਦੱਸਦੇ ਹਨ ਕਿ ਨਾਵਲ ਦਾ 'ਬੂਟਾ ਸਿੰਘ' ਖ਼ੁਦ ਲੇਖਕ ਹੈ ਤੇ ਪ੍ਰੀਤਮ ਸ਼ਰਮਾ ਅਤੇ ਨਵਾਬ ਬੇਗ਼ ਲੇਖਕ ਦੇ ਵਿਛੜ ਚੁੱਕੇ ਦੋਸਤ ਹਨ ਜਿਨ੍ਹਾਂ ਦੇ ਵਿਯੋਗ ਵਿਚ ਹੀ ਉਸ ਨੇ ਇਹ ਨਾਵਲ ਲਿਖਿਆ ਹੈ। *** ਪਿਛਲੇ ਦਿਨੀਂ ਇਸ ਨਾਵਲ ਦਾ ਰਿਲੀਜ਼ ਸਮਾਰੋਹ ਦਿੱਲੀ ਦੇ ਮਸ਼ਹੂਰ ਹੋਟਲ 'ਲਾ ਮੈਰੀਡਨ' ਵਿਚ ਹੋਇਆ ਜਿਥੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਪਤਨੀ ਗੁਰਸ਼ਰਨ ਕੌਰ ਮੁੱਖ ਮਹਿਮਾਨ ਸਨ ਜਿਸ ਦੇ ਕਰ-ਕਮਲਾਂ ਨਾਲ ਇਸ ਨਾਵਲ ਦੀ ਘੁੰਡ-ਚੁਕਾਈ ਹੋਈ ਸੀ। ਸਟੇਜ 'ਤੇ 96 ਸਾਲਾ ਬੁੱਢਾ ਹੋਇਆ ਖ਼ੁਸ਼ਵੰਤ ਸਿੰਘ ਕੁਰਸੀ 'ਤੇ ਕੁਝ ਕੁੱਬਾ ਜਿਹਾ ਹੋਇਆ ਬੈਠਾ ਸੀ। ਸਿਰ 'ਤੇ ਟੋਪੀ ਅਤੇ ਸਾਹਮਣੇ ਸਕੌਚ ਦਾ ਮੱਗ ਸੀ। ਕੋਲ ਹੀ ਗੁਰਸ਼ਰਨ ਕੌਰ ਬੈਠੇ ਸਨ। ਨਾਵਲ ਰਿਲੀਜ਼ ਕਰਨ ਵੇਲੇ ਗੁਰਸ਼ਰਨ ਕੌਰ ਨੇ ਸੰਖੇਪ ਜਿਹੇ ਭਾਸ਼ਣ ਵਿਚ ਕਿਹਾ: "ਖ਼ੁਸ਼ਵੰਤ ਸਿੰਘ ਨੇ ਮੈਨੂੰ ਲੇਖਕ ਬਣਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਇਹ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ ਹੁੰਦੀ। ਆਪਣੇ ਆਪ ਨੂੰ ਮੈਂ ਸੁਭਾਗੀ ਸਮਝਦੀ ਹਾਂ ਕਿ ਮੈਂ ਖ਼ੁਸ਼ਵੰਤ ਸਿੰਘ ਦੀਆਂ ਗੁੱਡ ਬੁੱਕਸ 'ਚ ਹਾਂ। ਮੈਨੂੰ ਅੱਜ ਇਸ ਮਹਾਨ ਲੇਖਕ ਦਾ ਇਹ ਨਾਵਲ ਜਾਰੀ ਕਰਦਿਆਂ ਬਹੁਤ ਹੀ ਜ਼ਿਆਦਾ ਮਾਣ ਮਹਿਸੂਸ ਹੋ ਰਿਹਾ ਹੈ।" ਉਸ ਤੋਂ ਬਾਅਦ ਵਾਰੀ ਆਈ ਖ਼ੁਸ਼ਵੰਤ ਸਿੰਘ ਦੀ, ਤਾਂ ਪਤਾ ਲੱਗਾ ਕਿ ਇਹ ਦੋ ਬੰਦਿਆਂ ਦੇ ਸਹਾਰੇ ਨਾਲ ਉਠਣ-ਬੈਠਣ ਵਾਲਾ ਬੰਦਾ ਅੱਜ ਵੀ 40 ਸਾਲ ਪਹਿਲਾਂ ਦੇ ਆਪਣੇ ਵੇਲੇ ਵਾਂਗ ਬੋਲਦਾ ਅਤੇ ਸੋਚਦਾ ਹੈ। ਉਸ ਨੇ ਦੱਸਿਆ: "ਮੈਨੂੰ ਬੜੀ ਖ਼ੁਸ਼ੀ ਹੈ ਕਿ ਗੁਰਸ਼ਰਨ ਕੌਰ ਮੇਰੇ ਸੱਦੇ 'ਤੇ ਮੇਰਾ ਨਾਵਲ ਜਾਰੀ ਕਰਨ ਆਈ ਹੈ ਪਰ ਕਈ ਵਾਰ ਇਹ ਬਿਨ ਬੁਲਾਏ ਵੀ ਆ ਜਾਂਦੀ ਹੈ।" (ਆਮ ਕਰਕੇ ਖ਼ੁਸ਼ਵੰਤ ਸਿੰਘ ਗੁਰਸ਼ਰਨ ਕੌਰ ਨੂੰ ਗੇਟਕਰੱਸ਼ਰ (gate crusher) ਕਹਿੰਦਾ ਹੈ) ਗੁਰਸ਼ਰਨ ਕੌਰ ਨਾਲ ਆਪਣੇ ਰਿਸ਼ਤੇ ਨੂੰ ਮੈਂ ਦੋਸਤਾਂ-ਮਿੱਤਰਾਂ ਵਿਚ ਬੜਾ ਹੁੱਬ ਕੇ ਪ੍ਰਚਾਰਦਾ ਹਾਂ। ਕਈ ਵਾਰ ਪ੍ਰਧਾਨ ਮੰਤਰੀ ਦੇ ਘਰੋਂ ਮੈਨੂੰ ਫੁੱਲ ਭੇਜੇ ਗਏ ਹਨ। ਮੈਂ ਉਨ੍ਹਾਂ ਫੁੱਲਾਂ ਨੂੰ ਕਈਕਈ ਦਿਨ ਕਿਤਾਬਾਂ ਦੀ ਅਲਮਾਰੀ ਉਪਰ ਰੱਖੀ ਰੱਖਦਾ ਹਾਂ ਤੇ ਹਰ ਮਿਲਣ ਆਏ ਨੂੰ ਦੱਸਦਾ ਹਾਂ ਕਿ ਇਹ ਫੁੱਲ ਮੈਨੂੰ ਗੁਰਸ਼ਰਨ ਕੌਰ ਨੇ ਭੇਜੇ ਹਨ।" ਨਾਵਲ ਦੇ ਛਾਪਕ ਪੈਂਗੁਇਨ ਪਬਲਿਸ਼ਰਜ਼ ਨੇ ਇਸ ਪ੍ਰੋਗਰਾਮ ਵਿਚ ਖ਼ੁਸ਼ਵੰਤ ਸਿੰਘ ਦੇ ਜਾਣੂੰਆਂ ਤੇ ਮਿੱਤਰਾਂ ਦੀਆਂ ਉਸ ਬਾਰੇ ਟਿੱਪਣੀਆਂ ਦੀ ਫ਼ਿਲਮ ਵੀ ਵਿਖਾਈ ਜਿਨ੍ਹਾਂ ਵਿਚ ਮਣੀਸ਼ੰਕਰ ਅਈਅਰ, ਐਮ.ਜੇ. ਅਕਬਰ,

## ਚੱਲਦੇ-ਚੱਲਦੇ

ਵਿਕਰਮ ਸੇਠ, ਪਾਕਿਸਤਾਨ ਤੋਂ ਆਸਮਾਂ ਜਹਾਂਗੀਰ, ਵਿਨੋਦ ਮਹਿਤਾ ਅਤੇ ਹੋਰ ਬਹੁਤ ਸਾਰੀਆਂ ਸ਼ਖ਼ਸੀਅਤਾਂ ਸ਼ਾਮਲ ਹਨ। ਇਸ ਵਿਚ ਖ਼ੁਸ਼ਵੰਤ ਸਿੰਘ ਦੀ ਖ਼ਾਸ ਦੋਸਤ ਸਾਦੀਆ ਦੇਹਲਵੀ ਦੀਆਂ ਟਿੱਪਣੀਆਂ ਵੀ ਸ਼ਾਮਲ ਸਨ। ਖ਼ੁਸ਼ਵੰਤ ਸਿੰਘ ਨੇ ਆਪਣੀ ਬਹੁਤ ਮਸ਼ਹੂਰ ਕਿਤਾਬ 'ਨੌਟ ਏ ਨਾਈਸ ਮੈਨ ਟੂ ਨੋਅ' ਸਾਦੀਆ ਦੇਹਲਵੀ ਨੂੰ




ਸਮਰਪਿਤ ਕੀਤੀ ਸੀ। ਲਿਖਿਆ ਹੈ: ਸਮਰਪਤ! ਸਾਦੀਆ ਦੇਹਲਵੀ ਨੂੰ ਜਿਸ ਨੇ ਮੈਨੂੰ ਮੇਰੇ ਹੱਕ ਨਾਲੋਂ ਜ਼ਿਆਦਾ ਪਿਆਰ ਤੇ ਬਦਨਾਮੀ ਬਖ਼ਸ਼ੀ ਹੈ। ਇਹ ਸਾਦੀਆ ਦੇਹਲਵੀ ਬੜੀ ਮਸ਼ਹੂਰ ਲੇਖਕ ਹੈ, ਪੱਤਰਕਾਰ ਹੈ, ਟੀ.ਵੀ. ਸੀਰੀਅਲ ਤੇ ਡਾਕੂਮੈਂਟਰੀ ਨਿਰਮਾਤਾ ਹੈ ਅਤੇ ਸਮਾਜ ਸੇਵਕ ਹੈ। ਇਨ੍ਹਾਂ ਸਭ ਗੱਲਾਂ ਤੋਂ ਉਪਰ ਉਹ ਬਹੁਤ ਖ਼ੂਬਸੂਰਤ ਹੈ ਜੋ 1957 'ਚ ਜਨਮੀ ਸੀ। ਉਹ ਕਹਿੰਦੀ ਹੈ ਕਿ ਖ਼ੁਸ਼ਵੰਤ ਸਿੰਘ ਬੁੱਧੀਜੀਵੀ ਹੈ, ਮੂਰਖ ਹੈ, ਸ਼ੈਤਾਨ ਹੈ, ਭ੍ਰਿਸ਼ਟ ਹੈ ਪਰ ਈਮਾਨਦਾਰ ਅਤੇ ਸਪਸ਼ਟ ਹੈ। ਉਸ ਨੇ ਇਕ ਵਾਕਿਆ ਸੁਣਾਇਆ ਕਿ ਖ਼ੁਸ਼ਵੰਤ ਸਿੰਘ ਕੁਰਸੀ 'ਤੇ ਬੈਠਾ ਸੀ ਅਤੇ ਉਹ ਦੋਵੇਂ ਬਾਹਵਾਂ ਉਸ ਦੀ ਕੁਰਸੀ ਦੇ ਮੋਢਿਆਂ 'ਤੇ ਰੱਖੀ ਝੁਕੀ ਹੋਈ ਖੜ੍ਹੀ ਸੀ ਕਿ ਫ਼ੋਟੋ ਖਿੱਚੀ ਗਈ। ਖ਼ੁਸ਼ਵੰਤ ਸਿੰਘ ਨੇ ਉਹ ਫੋਟੋ ਮੁੰਬਈ ਆਪਣੇ ਦਫ਼ਤਰ ਦੇ ਨੋਟਿਸ ਬੋਰਡ 'ਤੇ ਲਗਵਾ ਦਿੱਤੀ ਅਤੇ ਸਾਦੀਆ ਨੂੰ ਕਹਿਣ ਲੱਗਾ, "ਵੇਖ! ਤੂੰ ਮੈਨੂੰ ਬਦਨਾਮ ਕੀਤਾ ਹੈ!" ਸਾਦੀਆ ਦੱਸਦੀ ਹੈ ਕਿ ਉਸ ਨੇ ਖ਼ੁਸ਼ਵੰਤ ਸਿੰਘ ਨੂੰ ਕਿਹਾ, ਤ "ਬਦਨਾਮ ਤਾਂ ਤੁਸੀਂ ਮੈਨੂੰ ਕੀਤਾ ਹੈ। ਮੇਰੇ ਬਾਰੇ ਤੁਸੀਂ ਕਾਲਮ ਲਿਖਦੇ ਰਹਿੰਦੇ ਹੋ ਅਤੇ ਆਹ ਹੁਣ ਫ਼ੋਟੋ ਸਭ ਨੂੰ ਵਿਖਾ ਰਹੇ ਹੋ, ਜਿਵੇਂ ਫ਼ੋਟੋ ਜਾਣਬੁੱਝ ਕੇ ਖਿਚਵਾਈ ਗਈ ਹੋਵੇ।"

## ਕਾਵਿ-ਕਿਆਰੀ

### ਔਰਤ ਦੀ ਅਜ਼ਾਦੀ ਕਿੱਥੇ?

*******************

ਗੱਲਾਂ ਜਾਂ ਗਾਲ੍ਹਾਂ ਦੇ ਵਿਚ
ਪੁਰਸ਼ ਸਮਝਦਾ ਹੈ ਟਿੱਚ
ਕਦੇ ਖੇਡਾਂ ਵਿਚ
ਕਦੇ ਝੇਡਾਂ ਵਿਚ

ਕਦੇ ਸਕੂਲ ਕਾਲਜਾਂ ਦੇ ਅੰਦਰ
ਵਿਚ ਸਮਾਜ ਵੀ ਮਿਲਦੇ ਬੰਦਰ
ਘਰ ਦੀ ਚਾਰ ਦੀਵਾਰੀ ਅੰਦਰ
ਬਜ਼ਾਰ ਮੁਹੱਲੇ ਜਾਂ ਵਿਚ ਮੰਦਰ।

ਕੰਮ ਕਰਦੀ ਕੰਮੋ ਵਿਚ ਖੇਤਾਂ
ਓਬੜ ਖੋਬੜ ਟਿੱਬਿਆਂ ਰੇਤਾਂ
ਸ਼ਾਹਾਂ ਦੇ ਘਰ ਖੁੱਲ੍ਹਦੇ ਭੇਤਾਂ
ਕਿਤੇ ਅਗਾੜੀ ਕਿਤੇ ਪਛੇਤਾਂ।

ਕੱਲ-ਮ-ਕੱਲੀ ਹੈ ਕੀ ਬੇਹਤਰ
ਘਰੋਂ ਬਾਹਰ ਜਾਂਦੀ ਜੇ ਦਫ਼ਤਰ
ਬੱਸ, ਗੱਡੀ ਜਾਂ ਉੱਤੇ ਅੱਡੇ
ਸੁੰਨ-ਮ-ਸੁੰਨੀ ਸੜਕੇ ਜਾਂ ਖੱਡੇ
ਛੋਟਿਆਂ ਵੱਡਿਆਂ ਨੇ ਡੇਲੇ ਅੱਡੇ
ਜੰਤਰ ਮੰਤਰ 'ਤੇ ਖਾਂਦੀ ਡੰਡੇ

ਕੋਈ ਨ ਦੇਖੇ ਮਾਰੀਆਂ ਮੱਲਾਂ
ਜਿੰਨੇ ਮੂੰਹ ਉਨੀਆਂ ਨੇ ਗੱਲਾਂ।

ਵਿਆਹ ਤੋਂ ਪਹਿਲਾਂ ਮਾਪੇ ਸਿੰਨ੍ਹਦੇ
ਬਾਹਰ ਜਾਵੇ ਨੈਣਾਂ ਨਾਲ਼ ਵਿੰਨ੍ਹਦੇ
ਉਸ ਤੋਂ ਬਾਅਦ ਪਤੀ ਦੀ ਵਾਰੀ
ਆਕੜਖ਼ੋਰ ਰੱਖੇ ਸਰਦਾਰੀ
ਜੰਮੇ ਪੁੱਤਰ ਕਰੇ ਚੌਕੀਦਾਰੀ
ਮਾਰੀ ਗਈ ਪਰ ਉਸਦੀ ਵਾਰੀ

ਮਜ਼੍ਹਬਾਂ ਨੇ ਭੀ ਨੰਗੇਜ਼ ਹੰਢਾਏ
ਤਾਂ ਝੱਟ ਆਪਣੇ ਹੋਣ ਪਰਾਏ
ਧਰਤੀ ਵਿਚ ਜਦੋਂ ਵੇਹਲ ਨ ਪਾਏ
ਤਾਂ ਹੋਂਦ ਆਪਣੀ ਖ਼ੁਦ ਮਿਟਾਏ

ਬਿਨਾਂ ਉਹਦੇ ਨਾ ਕੋਈ ਮੁਹੱਬਤ
ਬਿਨਾਂ ਉਹਦੇ ਨਾ ਮੋਹ ਸ਼ਰਾਫ਼ਤ
ਕੌਣ ਕਰੇ ਸੁਣਵਾਈ ਲੋਕੋ
ਮਾਂ, ਧੀ, ਭੈਣ ਦੇ ਅਪਮਾਨ ਨੂੰ ਰੋਕੋ!

*-ਸੇਵਾ ਸਿੰਘ 'ਨੂਰਪੁਰੀ'*

### ਰੂਪ

ਜਦ-ਜਦ ਸੋਨ ਸਵੇਰਾ ਹੁੰਦਾ।
ਦਿਸਦਾ ਮੁੱਖੜਾ ਤੇਰਾ ਹੁੰਦਾ।
ਜਦ-ਜਦ ਜ਼ੁਲਫਾਂ ਨੂੰ ਲਹਿਰਾਵੇਂ,
ਸਿਖ਼ਰ ਦੁਪਹਿਰੇ ਨੇਰ੍ਹਾ ਹੁੰਦਾ।

ਵੇਖ ਕੇ ਤੈਨੂੰ, ਮੁੜ ਨਾ ਵੇਖੇ,
ਐਡਾ ਕੀਹਦਾ ਜੇਰਾ ਹੁੰਦਾ।
ਗੱਲ਼ ਵਿਚ ਤੇਰੇ ਡੂੰਘ ਜੋ ਪੈਂਦਾ,
ਹੱਸੇਂ ਜਦੋਂ ਡੂੰਘੇਰਾ ਹੁੰਦਾ।

ਤੈਨੂੰ ਭੰਵਰਿਆਂ ਫੁੱਲ ਸਮਝ ਕੇ,
ਪਾਇਆ ਹਰਦਮ ਘੇਰਾ ਹੁੰਦਾ।
ਜਿਹੜੇ ਰਾਹਵਾਂ ਦੀ ਤੂੰ ਪਾਂਧੀ,
ਮਹਿਕਿਆ ਚਾਰ-ਚੁਫੇਰਾ ਹੁੰਦਾ।

ਗੱਲ ਰੂਪ ਦੀ ਜਦ ਵੀ ਤੁਰਦੀ,
ਜ਼ਿਕਰ ਹਮੇਸ਼ਾ ਤੇਰਾ ਹੁੰਦਾ।
ਕਿੰਨੀ ਚੰਗੀ ਗੱਲ ਹੁੰਦੀ ਜੇ,
ਸਾਂਝਾ ਇਕ ਬਨੇਰਾ ਹੁੰਦਾ।

*-ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀ'*
*ਫੋਨ: +13604481989*

---

### ਸਾਹਾਂ ਦਾ ਭਰੋਸਾ

ਵਗਦੇ ਪਾਣੀਆਂ ਨੂੰ ਨਾ ਲੱਗਣ ਡੱਕੇ,
ਕੋਈ ਮੋੜ ਨਹੀ ਸਕਦਾ
ਰੁਖ਼ ਇਨ੍ਹਾਂ ਹਵਾਵਾਂ ਦਾ
ਮੇਰੀ ਮੇਰੀ ਛੱਡ ਤੂੰ ਬੰਦਿਆ,
ਕੋਈ ਭਰੋਸਾ ਨਹੀ
ਆਉਂਦੇ ਜਾਂਦੇ ਸਾਹਾਂ ਦਾ।

ਬੈਠਾ ਦਿਲ ਵਿਚ ਜੋ ਤੂੰ ਵਹਿਮ ਪਾਲੀ
ਹਿਟਲਰ, ਸਿਕੰਦਰ ਜਿਹੇ ਰਾਜੇ ਵੀ
ਤੁਰ ਗਏ ਇਸ ਜਹਾਨ ਤੋਂ ਹੱਥ ਖਾਲੀ।

ਵਿਚ ਤੂਫਾਨਾਂ ਫਿਰ ਕਿੱਥੇ ਜ਼ੋਰ ਚਲਦਾ
ਕਿਸ਼ਤੀਆਂ ਉੱਤੇ ਮਲਾਹਾਂ ਦਾ
ਮੇਰੀ ਮੇਰੀ ਛੱਡ ਤੂੰ ਬੰਦਿਆ,
ਕੋਈ ਭਰੋਸਾ ਨਹੀਂ
ਇਹ ਆਉਂਦੇ ਜਾਂਦੇ ਸਾਹਾਂ ਦਾ।

ਤੈਨੂੰ ਲੱਗਦਾ ਤੈਨੂੰ ਕੋਈ ਨਾ ਦੇਖੇ
ਜੋ ਤੂੰ ਕੰਮ ਕਰਦਾ ਲੱਗਦਾ ਉਹ ਤੇਰੇ ਲੇਖੇ
ਇਕ ਇਕ ਦਿਨ ਕਰ ਕੇ ਮੁੱਕਦੀ ਜਾਵੇ
ਤੇਰੀ ਜ਼ਿੰਦਗੀ ਬਸ ਇਹ ਹੀ ਭੁਲੇਖੇ।

ਦੇਣਾ ਪੈਣਾ ਤੈਨੂੰ ਇਹ ਸਭ ਲੇਖਾ
ਤੇਰੇ ਕੀਤੇ ਇਨ੍ਹਾਂ ਗੁਨਾਹਾਂ ਦਾ
ਮੇਰੀ ਮੇਰੀ ਛੱਡ ਤੂੰ ਬੰਦਿਆ,
ਕੋਈ ਭਰੋਸਾ ਨਹੀਂ
ਇਹ ਆਉਂਦੇ ਜਾਂਦੇ ਸਾਹਾਂ ਦਾ।

ਪੈਸੇ ਜੋੜ ਲਏ ਚਾਹੇ ਤੂੰ ਲੱਖ ਕਰੋੜਾਂ
ਫਿਰ ਵੀ ਤੈਨੂੰ ਲੱਗਦਾ ਹੈ ਇਹ ਥੋੜਾ
ਜਿੰਨੇ ਮਰਜ਼ੀ ਬੰਗਲੇ ਜਾਇਦਾਦ ਬਣਾ ਲੈ
ਫਿਰ ਵੀ ਨਹੀ ਮੁੱਕਣੀਆਂ
ਇਹ ਪੈਸੇ ਦੀਆਂ ਦੌੜਾਂ।

ਕਲਿਆਣਪੁਰੀ ਸੋਨੇ ਸਭ ਮਿੱਟੀ ਹੋ ਜਾਣਾ
ਜੋ ਉਸਾਰਿਆ ਮਹਿਲ ਇਹ ਤੇਰੇ ਚਾਵਾਂ ਦਾ
ਮੇਰੀ ਮੇਰੀ ਛੱਡ ਤੂੰ ਬੰਦਿਆ,
ਕੋਈ ਭਰੋਸਾ ਨਹੀਂ
ਇਹ ਆਉਂਦੇ ਜਾਂਦੇ ਸਾਹਾਂ ਦਾ।

*-ਸੋਨਾ ਕਲਿਆਣਪੁਰੀ*

---

# ਭਾਰਤੀ ਵਿਦਿਆਰਥਣ ਦੀ ਮੌਤ ਦਾ ਮਜ਼ਾਕ ਬਣਾਉਣ ਵਾਲੇ ਪੁਲਿਸ ਅਫਸਰ ਨੂੰ ਸਰਗਰਮ ਗਸ਼ਤੀ ਡਿਊਟੀ ਤੋਂ ਹਟਾਇਆ



**ਸਿਆਟਲ:** ਅਮਰੀਕਾ ਦੇ ਸ਼ਹਿਰ ਸਿਆਟਲ (ਵਾਸ਼ਿੰਗਟਨ) ਵਿਚ ਇਸ ਸਾਲ 23 ਜਨਵਰੀ ਨੂੰ ਪੁਲਿਸ ਦੀ ਗਸ਼ਤੀ ਗੱਡੀ ਹੇਠਾਂ ਆ ਕੇ 23 ਸਾਲਾ ਭਾਰਤੀ ਵਿਦਿਆਰਥਣ ਜਾਹਨਵੀ ਕਾਂਡਲਾ ਦੀ ਮੌਤ ਹੋਣ ਉਪਰੰਤ ਉਸ ਦਾ ਮਜ਼ਾਕ ਉਡਾਉਣ ਵਾਲੇ ਪੁਲਿਸ ਅਫਸਰ ਨੂੰ ਸਰਗਰਮ ਗਸ਼ਤੀ ਡਿਊਟੀ ਤੋਂ ਹਟਾ ਲੈਣ ਦੀ ਖਬਰ ਹੈ। ਸਿਆਟਲ ਪੁਲਿਸ ਵਿਭਾਗ ਨੇ ਇਸ ਦੀ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਪੁਲਿਸ ਅਫਸਰ ਡੈਨੀਅਲ ਔਡਰਰ ਦੀ ਨਾਨ ਆਪਰੇਸ਼ਨਲ ਡਿਊਟੀ ਦਿੱਤੀ ਗਈ ਹੈ। ਇਥੇ ਜ਼ਿਕਰਯੋਗ ਹੈ ਕਿ ਘਟਨਾ ਤੋਂ ਬਾਅਦ ਜਾਰੀ ਹੋਏ ਬੌਡੀ ਕੈਮਰੇ ਦੇ ਦ੍ਰਿਸ਼ਾਂ ਵਿਚ ਔਡਰਰ ਨੇ ਭਾਰਤੀ ਵਿਦਿਆਰਥਣ ਦੀ ਮੌਤ ਦਾ ਮਜ਼ਾਕ ਬਣਾਉਂਦਿਆਂ ਕਿਹਾ ਸੀ, ''ਇਸ ਦੀ ਜ਼ਿੰਦਗੀ ਦੀ ਕੀਮਤ ਬਹੁਤ ਥੋੜੀ ਹੈ ਸਿਟੀ ਨੂੰ ਕੇਵਲ ਇਕ ਚੈੱਕ ਬਣਾਉਣ ਦੀ ਲੋੜ ਪਵੇਗੀ।'' ਇਹ ਵੀਡੀਓ ਜਾਰੀ ਹੋਣ ਉਪਰੰਤ ਭਾਰਤੀ ਭਾਈਚਾਰੇ ਵਿਚ ਵੱਡੀ ਪੱਧਰ 'ਤੇ ਰੋਸ ਦੀ ਲਹਿਰ ਦੌੜ ਗਈ ਸੀ ਤੇ ਕਾਰ ਸਵਾਰ ਅਫਸਰ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਜਾ ਰਹੀ ਸੀ। *-ਹੁਸਨ ਲੜੋਆ ਬੰਗਾ*





Personal Injury and Wrongful Death Attorneys

Case Results*

$10 MILLION
Motorcycle vs. Truck Collision


$8 MILLION
Wrongful Death

$5.25 MILLION
Traumatic Brain Injury

$1.1 MILLION
Burn Injury

$1.1 MILLION
Pedestrian vs. Motor Vehicle Collision

*Past Performance Not a Guarantee of Future Results



WILLIAM E. WEISS
Of Counsel

Offices in San Francisco and Union City

No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com



ਤੁਹਾਡੀ ਸੇਵਾ ਵਿਚ ਹਰ ਸਮੇਂ ਹਾਜ਼ਰ !

CALIFORNIA
IMMIGRATION SERVICES INC.
Registered & Bonded

* FAMILY IMMIGRATION
* GREEN CARD PETITION
* CITIZENSHIP
* BUSINESS/VISITOR VISA
* RELIGIOUS VISA
* VARIOUS IMMIGRATION SERVICES

* ਫੈਮਿਲੀ ਇੰਮੀਗਰੇਸ਼ਨ
* ਗਰੀਨ ਕਾਰਡ ਪਟੀਸ਼ਨ
* ਸਿਟੀਜ਼ਨਸ਼ਿਪ
* ਬਿਜ਼ਨਸ ਵੀਜ਼ਾ/ ਵਿਜ਼ਿਟਰ ਵੀਜ਼ਾ
* ਰਿਲੀਜੀਅਸ ਵੀਜ਼ਾ
* ਕਈ ਹੋਰ ਇੰਮੀਗਰੇਸ਼ਨ ਸੇਵਾਵਾਂ



ROSY (Kanwal) KAUR
Immigration Consultant
408-422-8585
510-573-3666

Address:
Fremont Office:
4127 Bay Street, Unit 5, Fremont CA, 94538
Tracy Office:
1660 W Linne Rd. Unit J24, Tracy CA, 95377


Website: www.caials.com e-mail: rosy@caials.com

ਤੁਸੀਂ ਸਾਡੇ ਨਾਲ ਪੰਜਾਬੀ ਵਿਚ ਵੀ ਗੱਲ ਕਰ ਸਕਦੇ ਹੋ।



Homeopathicvibes

Harminder Singh Gill
Homeopathic Consultant and Practitioner



*D.H.M.S; B.C.I.H*
(Ex Homeopathic Medical officer Punjab Govt.)
Now we have two locations:
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
Ph: (408) 737-7100
www.homeopathicvibes.com

*We sell and ship homeopathic remedies through out North America.*



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY
ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ
DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Grand Opening
Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ
ਨਵੀਂ ਲੋਕੇਸ਼ਨ STOCKTON ਵਿਚ
HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਸ਼ਬਦਾਂ ਅਤੇ ਸੋਚਾਂ ਦਾ ਜਾਦੂਗਰ - ਕਮਲ ਬੰਗਾ

ਦਮਨ, ਪੀੜ, ਪੀੜ ਦਾ ਅਹਿਸਾਸ, ਪੀੜ ਦੀ ਅਵਚੇਤਨੀ ਸੂਝ ਅਤੇ ਪੀੜ ਦਾ ਸੰਦਰਭ ਪ੍ਰਸਿੱਧ ਕਵੀ ਕਮਲ ਬੰਗਾ ਦੀ ਪੁਸਤਕ 'ਨਵੀਂ-ਬੁਲਬੁਲ' ਦਾ ਅਧਾਰ ਹੈ।

ਕਿਸੇ ਵੀ ਅਧਾਰ 'ਤੇ ਕੀਤਾ ਪੱਖਪਾਤ, ਅਨਿਆਂ ਅਤੇ ਦਮਨ ਮਨੁੱਖ ਨੂੰ ਪੀੜਾ ਦਿੰਦਾ ਹੈ। ਇਸ ਪੱਖਪਾਤ, ਦਮਨ ਅਤੇ ਅਨਿਆਂ ਦੇ ਬੀਜਾਂ ਨੂੰ ਚਿੰਤਕ ਅਤੇ ਅਦੀਬ ਲੋਕ ਪਹਿਚਾਣਦੇ ਹਨ ਅਤੇ



**ਗੁਰਮੀਤ ਸਿੰਘ ਪਲਾਹੀ**
**ਫੋਨ: 98158-02070**

ਇਸ ਉਪਰ ਚਿੰਤਨੀ ਸੰਵਾਦ ਰਚਾਉਂਦੇ ਹਨ। ਕਮਲ ਬੰਗਾ ਉਨ੍ਹਾਂ ਚਿੰਤਕਾਂ 'ਚੋਂ ਇਕ ਹੈ, ਜੋ ਪੌੜੀ-ਦਰ-ਪੌੜੀ 2008 ਤੋਂ 2023 ਤੱਕ 17 ਪੁਸਤਕਾਂ ਪਾਠਕਾਂ ਦੀ ਝੋਲੀ ਪਾ ਕੇ ਇਹ ਸੰਵਾਦ ਰਚਾਉਂਦਾ ਰਿਹਾ ਹੈ।

''ਜਿਵੇਂ ਦੀਵੇ ਨਾਲ ਦੀਵਾ ਲਾ ਕੇ ਰੌਸ਼ਨ ਕਰੀਦਾ ਬਨੇਰਾ,
ਉਵੇਂ ਦਿਲ ਤੋਂ ਦਿਲ ਤੀਕ, ਮੇਰਾ ਪਹੁੰਚ ਜਾਂਦਾ ਸੁਨੇਹਾ।''


ਪੁਰਤਗਾਲ ਦੇ ਨੋਬੇਲ ਪੁਰਸਕਾਰ ਜੇਤੂ ਜੋਸੇ ਸਰਾਮਾਗੋ ਨੇ ਨੋਬੇਲ ਪੁਰਸਕਾਰ ਪ੍ਰਾਪਤ ਕਰਨ ਵੇਲੇ ਲਿਖਿਆ ਸੀ, ''ਅਸੀਂ ਤਰਕ ਦਾ ਵਿਨਾਸ਼ ਕਰਦੇ ਹਾਂ। ਜੇ ਤੁਸੀਂ ਵੇਖ ਸਕਦੇ ਹੋ ਤਾਂ ਘੋਖੋ, ਜੇ ਤੁਸੀਂ ਘੋਖ ਸਕਦੇ ਹੋ ਤਾਂ ਨਿਰਖੋ'' ਅਸਲ ਵਿਚ ਇਹ ਨਿਰਖਣਾ ਹੀ ਸਾਹਿਤਕ ਰਚਨਾ ਨੂੰ ਜਨਮ ਦਿੰਦਾ ਹੈ। ਸਾਹਿਤਕਾਰ ਦੀ ਇਹੀ ਦੂਰ-ਦ੍ਰਿਸ਼ਟੀ ਹੁੰਦੀ ਹੈ।

ਦੂਰ-ਦ੍ਰਿਸ਼ਟੀ ਵਾਲਾ ਕਮਲ ਬੰਗਾ ਆਪਣੀ ਕਵਿਤਾ ਵਿਚ ਮਨੁੱਖੀ ਮਾਨਸਿਕਤਾ, ਰਿਸ਼ਤਿਆਂ, ਘਰ-ਪਰਿਵਾਰ, ਪਿਆਰ/ਮੁਹੱਬਤ ਆਦਿ ਦੀ ਗੱਲ ਕਰਦਾ ਹੈ। ਜੀਵਨ 'ਚ ਦਰਪੇਸ਼ ਸਮਾਜਿਕ, ਮਾਨਸਿਕ, ਆਰਥਿਕ ਮੁਸ਼ਕਲਾਂ ਉੱਤੇ ਉਸ ਦੀ ਕਵਿਤਾ ਦਾ ਫੋਕਸ ਹੈ। ਉਹਦੀ ਕਵਿਤਾ ਝਰਨੇ ਵਾਂਗਰ ਵਹਿੰਦੀ ਹੈ, ਲਗਾਤਾਰ ਤੁਰਦੀ ਹੈ, ਅਡੋਲ।

''ਖ਼ਿਆਲਾਂ 'ਚ ਪਾਣੀ ਵਾਂਗ ਵਹਿ ਰਿਹਾ ਹਾਂ।
ਬਸ ਉਚੇ ਤੋਂ ਨੀਵੇਂ ਵੱਲ ਪੈ ਰਿਹਾ ਹਾਂ।''

''ਮੈਥੋਂ ਖੁਸ਼ਕ ਜ਼ਮੀਨ ਵਾਂਗ,
ਤਿੜ ਨਹੀਂ ਹੁੰਦਾ।
ਨਾਲੇ ਗੁਲਾਮੀ 'ਚ ਮੈਥੋਂ, ਖਿੜ ਨਹੀਂ ਹੁੰਦਾ।''

ਕਮਲ ਬੰਗਾ ਦੀ ਕਵਿਤਾ ਸੁਹਜ ਰੂਪ ਵਿਚ ਪਾਠਕਾਂ ਸਾਹਮਣੇ ਆਉਂਦੀ ਹੈ। ਉਸਦੀ ਕਵਿਤਾ ਵਿਚ ਸਮਾਜਿਕ ਊਣਤਾਈਆਂ ਦਾ ਖਾਸ ਤੌਰ 'ਤੇ ਜ਼ਿਕਰ ਹੈ। ਕਵਿਤਾ ਦੀ ਵੰਨਗੀ ਗ਼ਜ਼ਲ ਵਿਚ




ਕਮਲ ਬੰਗਾ ਨੇ ਅਲੱਗ ਥਾਂ ਹਾਸਲ ਕੀਤੀ ਹੈ। ਉਸ ਦੀ ਰਚਨਾ ਸਮਰੱਥ ਹੈ। ਉਹ ਵੱਡੀਆਂ-ਵੱਡੀਆਂ ਪੁਲਾਂਘਾਂ ਪੁੱਟਦੀ ਹੈ, ਤੇਜ਼ੀ ਨਾਲ ਆਪਣੇ ਨਿਸ਼ਾਨੇ ਵੱਲ ਝਪਟਦੀ ਹੈ, ਅਤੇ ਫਿਰ ਮਨੁੱਖੀ ਭਾਵਨਾਵਾਂ ਉੱਤੇ ਚੋਟ ਕਰਦੀ ਹੈ। ਇਹੀ ਉਹਦੀ ਵਿਲੱਖਣਤਾ ਹੈ।

ਭਾਈਚਾਰੇ 'ਚ ਪਈਆਂ ਤ੍ਰੇੜਾਂ, ਨਫ਼ਰਤੀ ਵਰਤਾਰਾ, ਅਵਿਸ਼ਵਾਸ ਨੂੰ ਜਦੋਂ ਉਹ ਮਨੁੱਖੀ ਕਾਲੀਨ ਉੱਤੇ ਵਿਛਿਆ ਵੇਖਦਾ ਹੈ ਤਾਂ ਤੜਪ ਉਠਦਾ ਹੈ। ਉਹ ਕਹਿੰਦਾ ਹੈ, ਆਖਿਰ ਮਨੁੱਖ ਇਸ ਵਰਤਾਰੇ ਵਿਚੋਂ ਕਦੋਂ ਬਾਹਰ ਆਏਗਾ, ਕਦੋਂ ਇਕ ਧਰਮ ਦੂਜੇ ਧਰਮ ਨੂੰ ਪਿਆਰ ਕਰੇਗਾ, ਕਦੋਂ ਮਨੁੱਖ ਜ਼ਿੰਦਗੀ ਦੀ ਖੂਬਸੂਰਤੀ ਨੂੰ ਪਛਾਣ ਸਕੇਗਾ?

ਜਦੋਂ ਉਹ ਧਰਮ ਦੇ ਨਾਮ ਉੱਤੇ ਪਾੜੇ, ਕਤਲ ਵੇਖਦਾ ਹੈ, ਦੰਗੇ ਵੇਖਦਾ ਹੈ ਤਾਂ ਉਹ ਤ੍ਰਾਹ ਉੱਠਦਾ ਹੈ, ਉਹ ਨੋਬੇਲ ਪੁਰਸਕਾਰ ਜੇਤੂ ਵਿਸਲਾਵਾ ਸ਼ਿੰਬੋਰਸਕਾ ਦੇ ਉਨ੍ਹਾਂ ਸ਼ਬਦਾਂ ਦਾ ਚਿੰਤਨ ਕਰਦਾ ਹੈ, ''ਕੀ ਉਹ 'ਬੰਦੇ' ਕਹਾਉਣ ਦੇ ਲਾਇਕ ਵੀ ਹਨ ਜਾਂ ਨਹੀਂ? ਉਨ੍ਹਾਂ ਨੂੰ 'ਜਾਨਵਰ' ਕਹਿਣਾ ਤਾਂ ਵਿਚਾਰੇ ਜਾਨਵਰਾਂ ਦੀ ਬੇਅਦਬੀ ਹੈ। ਜਾਨਵਰ ਕਦੇ ਇੰਜ ਨਹੀਂ ਕਰਦੇ'' ਉਸਦੀ ਇਸੇ ਚੇਤਨਾ ਕਾਰਨ ਉਹ ਉੱਚ ਪਾਏ ਦੇ ਸ਼ਿਅਰ ਲਿਖਦਾ ਹੈ, ਸੰਕੇਤਾਂ 'ਚ ਗੱਲ ਕਰਦਾ ਹੈ।

''ਖ਼ਾਲੀ ਸੜਕ-ਖ਼ਾਲੀ ਰਾਹ 'ਤੇ,
ਕੋਈ ਕੋਈ ਦੌੜਦੈ,
ਕਾਰਾਂ ਵਿਚ ਤਾਂ ਦੌੜਦੇ, ਸਾਰੇ ਜਣੇ-ਨੇ।''

''ਗਰੀਬ ਦੇਸ਼ਾਂ ਨੂੰ ਮਾਰਿਆ,
ਰੋਟੀ-ਕਪੜੇ-ਮਕਾਨ ਨੇ,
ਨਾਲ ਨਾਲ ਝੰਬਿਆ ਹੈ,
ਮੰਗਿਆਈ ਦੇ ਤੂਫ਼ਾਨਾਂ।''

ਕਮਲ ਬੰਗਾ ਦੀ ਕਵਿਤਾ ਉੱਚ ਪਾਏ ਦੀ ਹੈ। ਲੋਕਾਂ ਦੀ ਗੱਲ ਕਰਦੀ ਹੈ। ਮਨੁੱਖੀ ਭਾਵਨਾਵਾਂ ਦੀ ਗੱਲ ਕਰਦੀ ਹੈ। ਉਸ ਦੀ ਕਵਿਤਾ/ਗ਼ਜ਼ਲ, ਉਸਦੇ ਜੀਵਨ ਦਾ ਅਨੁਭਵ ਹੈ, ਜੋ ਉਸਦੇ ਅੰਗ-ਸੰਗ ਰਹਿੰਦੀ ਹੈ, ਵਿਚਰਦੀ ਹੈ। ਉਸਦੀ 17ਵੀਂ ਨਵੀਂ ਪੁਸਤਕ ਨੂੰ ਪੰਜਾਬੀ ਸੰਸਾਰ 'ਚ 'ਜੀ ਆਇਆਂ'। 'ਨਵੀਂ-ਬੁਲਬੁਲ' ਬਨਾਮ ਨਵੀਂ ਉਡਾਰੀ 'ਤੇ ਫ਼ਖ਼ਰ ਹੈ। ਕਮਲ ਬੰਗਾ ਸ਼ਬਦਾਂ 'ਤੇ ਸੋਚਾਂ ਦਾ ਜਾਦੂਗਰ ਹੈ।

ਇਹ ਪੁਸਤਕ ਪੰਜਾਬੀ ਵਿਰਸਾ ਟਰੱਸਟ (ਰਜਿ:) ਫਗਵਾੜਾ ਨੇ ਛਾਪੀ ਹੈ। 240 ਪੰਨਿਆਂ ਦੀ ਇਸ ਪੁਸਤਕ ਦਾ ਮੁਲ 300/-ਰੁਪਏ ਹੈ।

## ਸੇਵਾ ਸਿੰਘ ਨੂਰਪੁਰੀ ਦੀਆਂ ਕਵਿਤਾਵਾਂ

### ਫੁੱਲਾਂ ਦੀ ਲੇਲ੍ਹੜੀ

ਫੁੱਲ ਗੁਲਾਬ ਦਾ ਮਹਿਕਾਂ ਵੰਡਦਾ ਆਖੇ ਸ਼ੋਖ ਹਵਾਵਾਂ ਨੂੰ,
ਹਾਏ ਅੜੀਓ ਨ ਛੇੜਿਓ ਮੈਨੂੰ ਮਤਾਂ ਪੱਤੀ ਪੱਤੀ ਹੋ ਜਾਵਾਂ!

ਹੁਸਨ ਮੇਰੇ ਨੇ ਹੱਟ ਹੈ ਖੋਲ੍ਹੀ ਮੁਫ਼ਤੋ ਮੁਫ਼ਤੀ ਸੱਭੇ ਲੈ ਜਾਓ,
ਸ਼ਰੇ ਚਮਨ ਨ ਖਹਿ ਕੇ ਲੰਘਿਓ ਕਿਧਰੇ ਬੇਪੱਤ ਹੋ ਜਾਵਾਂ।

ਦੇਖ ਜਵਾਨੀ ਡਾਢੀ ਸਾਡੀ ਜੱਗ ਸਾਰੇ ਦੀ ਰੂਹ ਲਲਚਾਵੇ,
ਸੁੱਟ ਪੈਰਾਂ ਵਿਚ ਮਲ ਨ ਦੇਵੇ ਬੱਸ ਇਹਤੋਂ ਜਾਨ ਬਚਾਵਾਂ।

ਰੁੱਤ ਬਹਾਰਾਂ ਵਾਲ਼ੀ ਵਿਚ ਖਿੜ੍ਹਦੀਆਂ ਹਮੇਸ਼ਾਂ ਗੁਲਜ਼ਾਰਾਂ,
ਵੰਡੇ ਸੁਗੰਧੀਆਂ ਇਤਰਾਂ ਦਾ ਚੰਬਾ ਦੂਰ ਰਹਿਣ ਬਲਾਵਾਂ।

ਆਖ ਦਿਓ ਖ਼ਿਜ਼ਾਵਾਂ ਨੂੰ ਕਿ ਸਾਡੇ ਵਿਹੜੇ ਨਾ ਆਵਣ,
ਅਸੀਂ ਤਾਂ ਸਦਾ ਖੈਰਾਂ ਮੰਗੀਏ ਠੰਢੀਆਂ ਵਗਣ ਹਵਾਵਾਂ।

---

### ਇੰਝ ਜ.ਲੇ ਲੇਖ

ਨਾ ਖੱਟਿਆ ਕੁੱਝ ਬੇਲਿਹਾਜ਼ ਜੱਗ ਅੰਦਰ,
ਬੱਸ ਬੰਦਾ ਖੁਦੀ ਦਾ ਹੀ ਭਰਮ ਪਾਲਦਾ ਰਿਹਾ।
ਗੱਲ ਤਾਂ ਮੁਕਾ ਦਿੰਦੇ ਨੇ ਲਿਆ ਕੇ ਨਸੀਬ 'ਤੇ,
ਕੋਈ ਐਸ਼ ਕਰਦਾ ਕੋਈ ਜਫ਼ਰ ਜਾਲਦਾ ਰਿਹਾ।

ਡੋਲ੍ਹਦਾ ਰਿਹਾ ਪਸੀਨਾ ਸਿਖਰ ਦੁਪਹਿਰ ਕੋਈ,
ਸੜਦਾ ਟਿੱਬਿਆਂ ਵਿਚ ਮੌਤ ਨੂੰ ਭਾਲਦਾ ਰਿਹਾ।
ਮਿਲੀ ਕੀਮਤ ਨਾ ਫਸਲ ਦੀ ਜਦੋਂ ਮੰਡੀ ਅੰਦਰ,
ਪੀਂਦਾ ਹੈ ਖੂਨ ਦੇ ਹੰਝੂ ਵਕਤ ਟਾਲਦਾ ਰਿਹਾ।

ਲੁੱਟਦਾ ਬੰਦਾ ਹੈ ਪਰ ਗਿਲਾ ਕਰੇ ਰੱਬ,
ਭੰਬਲਭੂਸੇ ਵਿਚ ਹੀ ਪਾ ਡੰਗ ਸਾਰਦਾ ਰਿਹਾ।
ਤੰਗੀਆਂ ਤੁਰਸ਼ੀਆਂ ਵਿਚ ਸਾਰੀ ਜੂਨ ਲੰਘੀ,
ਫੋਕੀ ਟੌਹਰ 'ਚ ਫੁੰਕਾਰੇ ਜੱਟ ਮਾਰਦਾ ਰਿਹਾ।

ਰਹਿੰਦੀ ਗਿੱਲਤ ਗਾਲ'ਤੀ ਲੰਡੂ ਗੀਤਕਾਰਾਂ,
ਨੱਚਦਾ ਨਸ਼ੇ 'ਚ ਲਲਕਾਰੇ ਮਾਰਦਾ ਰਿਹਾ।
ਖਰਚੇ ਵਧਾਏ ਵਿਆਹਾਂ ਦੀ ਝੂਠੀ ਸ਼ਾਨ ਖਾਤਿਰ,
ਕਰਜ਼ਾ ਸ਼ਾਹਾਂ ਬੈਂਕਾਂ ਦਾ 'ਵਾਜਾਂ ਮਾਰਦਾ ਰਿਹਾ।

ਉਂਜ-ਕਲ੍ਹ ਅੱਧੇ ਤੋਂ ਵੱਧ ਕਿਸਾਨ ਕੰਗਾਲ ਹੋਇਆ,
ਬੇੜਾ ਆਰ ਦਾ ਰਿਹਾ ਨਾ ਬੇੜਾ ਪਾਰ ਦਾ ਰਿਹਾ।
ਵੋਟਾਂ ਨੇੜੇ ਆਈਆਂ ਨੇਤਾ ਹੁਣ ਲਾਣ ਕੁੰਡੀਆਂ,
ਸੁਣ ਕੇ ਝੂਠੇ ਲਾਰੇ ਸਦਾ ਛਾਲਾਂ ਮਾਰਦਾ ਰਿਹਾ।

ਵੋਟ ਦੇਣ ਵੇਲੇ ਨ ਸੋਚੇ ਨ ਵਿਚਾਰ ਕਰੇ ਕਦੇ,
ਅੰਨ੍ਹੇਵਾਹ ਜਾਤ, ਪਾਤ, ਧਰਮ ਪਾਲਦਾ ਰਿਹਾ।
ਪੰਜਾਂ ਸਾਲ ਬਾਅਦ ਆਉਂਦੇ ਨੇ ਨਵੇਂ ਖਸਮ,
ਬਣ ਕੇ ਸ਼ਾਤਰ ਜੋ ਨਵੇਂ ਮੁੱਦੇ ਉਭਾਰਦਾ ਰਿਹਾ।

ਸਮਝ ਸਕਿਆ ਨਾ ਚਾਲ ਭੋ.ਲਾ ਪਾਤਸ਼ਾਹ,
ਪਾ ਵੋਟਾਂ ਚੰਗੇ ਭਵਿੱਖ ਨੂੰ 'ਵਾਜਾਂ ਮਾਰਦਾ ਰਿਹਾ।



# ਗ਼ਜ਼ਲਾਂ 'ਚ ਢਲਦੀ ਵਿੱਥਿਆ

*ਕਵਿਤਾ ਨਾਲ ਮੇਰਾ ਰਿਸ਼ਤਾ ਅੱਜ ਜਾਂ ਕੱਲ੍ਹ ਦਾ ਨਹੀਂ, ਹਮੇਸ਼ਾ ਦਾ ਹੈ। ਬਚਪਨ ਵੱਲ ਝਾਤੀ ਮਾਰਾਂ ਤਾਂ ਇੱਕ ਉਲਝੀ ਹੋਈ ਚੁੱਪ ਜਿਹੀ ਕੁੜੀ ਦਿਸਦੀ ਹੈ ਜੋ ਆਪਣੇ ਤੱਕ ਪਹੁੰਚਦੀਆਂ ਸ਼ਬਦਾਂ ਦੀਆਂ ਤਿਤਲੀਆਂ ਨੂੰ ਅਹਿਸਾਸਾਂ ਦੇ ਫੁੱਲਾਂ 'ਤੇ ਬਿਠਾਉਂਦੀ ਰਹਿੰਦੀ ਸੀ। ਆਖ਼ਰ ਕੀ ਸੀ ਮੇਰੇ ਕੋਲ ਕਹਿਣ ਲਈ ਜਿਸ ਖ਼ਾਤਰ ਮੈਂ ਢੁਕਵੇਂ ਸ਼ਬਦ ਲੱਭਦੀ ਹੁੰਦੀ ਸੀ? ਅੱਜ ਮੈਂ ਨਜ਼ਮਾਂ ਅਤੇ ਗ਼ਜ਼ਲਾਂ ਵਿਚ ਜੋ ਅਹਿਸਾਸ ਪਰੋਏ ਹਨ, ਕੀ ਉਹ ਮੇਰੀ ਹੱਡ-ਬੀਤੀ ਹੈ ਜਾਂ ਜਗ-ਬੀਤੀ? ਇਹ ਸਵਾਲ ਜ਼ਿਹਨ ਵਿਚ ਉਤਰਦੇ ਹੀ ਮੈਨੂੰ ਅਨੇਕਾਂ ਹੀ ਕਿਰਦਾਰ ਆਪਣੇ ਅੰਦਰ ਨਜ਼ਰ ਆਉਣ ਲਗਦੇ ਹਨ।...*

**ਕਲਾ ਪਰਿਕਰਮਾ**

ਮੈਂ ਅਕਸਰ ਸੋਚਦੀ ਹਾਂ ਕਿ ਕਵਿਤਾ ਮੇਰੇ ਲਈ ਕੀ ਹੈ? ਮੇਰਾ ਇਸ ਨਾਲ ਰਿਸ਼ਤਾ ਕਿਵੇਂ ਜੁੜਿਆ? ਮੈਂ ਕਿਉਂ ਲਿਖਣਾ ਚਾਹੁੰਦੀ ਸੀ? ਮੈਂ ਕੀ ਲਿਖਣਾ ਚਾਹੁੰਦੀ ਸੀ? ਕੀ ਮੈਂ ਕਵਿਤਾ ਤੋਂ ਪਨਾਹ ਮੰਗੀ? ਜਾਂ ਕਵਿਤਾ ਨੇ ਮੈਨੂੰ ਚੁਣਿਆ? ਕੀ ਮੈਂ ਸਭ ਕੁਝ ਲਿਖ ਲਿਆ ਹੈ ਜਾਂ ਹਾਲੇ ਕੁਝ ਬਾਕੀ ਹੈ?

ਆਪਣੀ ਇਕੱਲਤਾ ਵਿਚ ਇਹਨਾਂ ਅਤੇ ਇਹਨਾਂ ਵਰਗੇ ਹੋਰ ਅਨੇਕਾਂ ਸਵਾਲਾਂ ਦੇ ਜਵਾਬ ਤਲਾਸ਼ਦਿਆਂ ਮੈਂ ਅਕਸਰ ਇਹ ਮਹਿਸੂਸ ਕੀਤਾ ਹੈ ਕਿ ਕਵਿਤਾ ਮੇਰੇ ਲਈ ਕੇਵਲ ਕੁਝ ਅਹਿਸਾਸਾਂ ਦਾ ਕਾਗ਼ਜ਼ 'ਤੇ ਉਤਰਨਾ ਨਹੀਂ ਹੈ ਬਲਕਿ ਇਹ ਮੇਰੀ ਮੁਕਤੀ ਦਾ ਮਾਰਗ ਹੈ। ਮੇਰੇ ਮਨ 'ਤੇ ਪਏ ਅਣਕਹੇ ਦੇ ਭਾਰ ਤੋਂ ਮੁਕਤੀ ਦਾ ਮਾਰਗ। ਮੇਰੇ ਅੰਦਰਲੇ ਸ਼ੋਰ ਅਤੇ ਬਾਹਰਲੀ ਚੁੱਪ ਤੋਂ ਮੁਕਤੀ ਦਾ ਮਾਰਗ। ਮੇਰੀ ਰੂਹ ਦੀ



**ਜੋਗਿੰਦਰ ਨੂਰਮੀਤ**
**ਫੋਨ: +91-98143-55992**

ਮੁਕਤੀ ਦਾ ਮਾਰਗ। ਇਸ ਰਾਹੀਂ ਮੈਂ ਆਪਣੇ ਅੰਦਰ ਦਾ ਹੁਜਰਾ ਸਾਫ਼ ਕੀਤਾ ਹੈ। ਇਹ ਮੇਰਾ ਰੇਚਨ ਹੈ। ਇਹ ਮੇਰੀ ਇਬਾਦਤ ਹੈ। ਜਿਵੇਂ ਲੋਕ ਰੋਜ਼ਾਨਾ ਆਪਣੇ ਇਸ਼ਟ ਨੂੰ ਧਿਆਉਂਦੇ ਹਨ, ਮੈਂ ਕਵਿਤਾ ਨੂੰ ਧਿਆਇਆ ਹੈ।

ਕਵਿਤਾ ਨਾਲ ਮੇਰਾ ਰਿਸ਼ਤਾ ਅੱਜ ਜਾਂ ਕੱਲ੍ਹ ਦਾ ਨਹੀਂ, ਹਮੇਸ਼ਾ ਦਾ ਹੈ। ਬਚਪਨ ਵੱਲ ਝਾਤੀ ਮਾਰਾਂ ਤਾਂ ਇੱਕ ਉਲਝੀ ਹੋਈ ਚੁੱਪ ਜਿਹੀ ਕੁੜੀ ਦਿਸਦੀ ਹੈ ਜੋ ਆਪਣੇ ਤੱਕ ਪਹੁੰਚਦੀਆਂ ਸ਼ਬਦਾਂ ਦੀਆਂ ਤਿਤਲੀਆਂ ਨੂੰ ਅਹਿਸਾਸਾਂ ਦੇ ਫੁੱਲਾਂ 'ਤੇ ਬਿਠਾਉਂਦੀ ਰਹਿੰਦੀ ਸੀ। ਆਖ਼ਰ ਕੀ ਸੀ ਮੇਰੇ ਕੋਲ ਕਹਿਣ ਲਈ ਜਿਸ ਖ਼ਾਤਰ ਮੈਂ ਢੁਕਵੇਂ ਸ਼ਬਦ ਲੱਭਦੀ ਹੁੰਦੀ ਸੀ? ਅੱਜ ਮੈਂ ਨਜ਼ਮਾਂ ਅਤੇ ਗ਼ਜ਼ਲਾਂ ਵਿਚ ਜੋ ਅਹਿਸਾਸ ਪਰੋਏ ਹਨ, ਕੀ ਉਹ ਮੇਰੀ ਹੱਡ-ਬੀਤੀ ਹੈ ਜਾਂ ਜਗ-ਬੀਤੀ? ਇਹ ਸਵਾਲ ਜ਼ਿਹਨ ਵਿਚ ਉਤਰਦੇ ਹੀ ਮੈਨੂੰ ਅਨੇਕਾਂ ਹੀ ਕਿਰਦਾਰ ਆਪਣੇ ਅੰਦਰ ਨਜ਼ਰ ਆਉਣ ਲਗਦੇ ਹਨ। ਇੱਕ ਔਰਤ ਦੇ ਤੌਰ 'ਤੇ ਮੈਂ ਕਦੇ ਖੁਦ ਨੂੰ ਅਗਨੀ ਪ੍ਰੀਖਿਆ ਦਿੰਦੀ ਸੀਤਾ ਮਹਿਸੂਸ ਕਰਦੀ ਹਾਂ, ਕਦੇ ਕੌਰਵ ਸਭਾ ਵਿਚ ਖੜ੍ਹੀ ਦੇਖਦੀ ਦ੍ਰੋਪਦੀ, ਕਦੇ ਜੜ ਹੋਈ ਅਹਿਲਿਆ, ਕਦੇ ਵਿਯੋਗ ਦੀ ਪੀੜ ਸਹਿੰਦੀ ਯਸ਼ੋਧਰਾ, ਕਦੇ ਜ਼ਹਿਰ ਦਾ ਪਿਆਲਾ ਪੀਂਦੀ ਮੀਰਾ ਅਤੇ ਕਦੇ ਮੋਹਨ-ਮੋਹਨ ਕੂਕਦੀ ਰਾਧਾ। ਸਮਾਜ ਵਿਚ ਵਿਚਰਦਿਆਂ ਇਸ ਔਰਤ ਦੇ ਜਾਮੇ ਵਿਚ ਜੋ ਕਿਰਦਾਰ ਮੈਂ ਨਿਭਾਏ ਜਾਂ ਆਪਣੇ ਆਲੇ-ਦੁਆਲੇ ਦੇਖੇ, ਮੈਨੂੰ ਆਪਣੇ




***ਜੋਗਿੰਦਰ ਨੂਰਮੀਤ ਦੀ ਕਿਤਾਬ 'ਨਜ਼ਰ ਤੋਂ ਸੁਪਨਿਆਂ ਤੱਕ' ਦਾ ਮੁਖੜਾ।***

ਅੰਦਰ ਸ਼ੋਰ ਕਰਦੇ ਮਹਿਸੂਸ ਹੁੰਦੇ ਹਨ। ਸਿਰਫ਼ ਔਰਤਾਂ ਹੀ ਨਹੀਂ, ਘੁੰਗਰੂ ਪਾ ਕੇ ਨੱਚਦਾ ਬੁੱਲ੍ਹਾ, ਐਨਲਹੱਕ ਦਾ ਨਾਰਾ ਲਗਾਉਂਦਾ ਮਨਸੂਰ, ਸੂਲੀ 'ਤੇ ਟੰਗਿਆ ਈਸਾ ਵੀ ਮੇਰੇ ਹੀ ਅੰਦਰ ਕਿਤੇ ਵਸਦੇ ਹਨ। ਹਰ ਉਹ ਮਨੁੱਖ ਜੋ ਬੀਜ ਦੀ ਕੋਈ ਨਸਲ ਹੈ ਜੋ ਦਬਿਆ ਰਹਿੰਦਾ ਹੈ ਪਰ ਕਦੇ ਮਰਦਾ ਨਹੀਂ ਅਤੇ ਹਾਲਾਤ ਅਨੁਕੂਲ ਹੋਣ 'ਤੇ ਪੁੰਗਰਦਾ ਹੈ, ਉਹ ਮੈਂ ਹੀ ਤਾਂ ਹਾਂ।

ਮੈਨੂੰ ਉਮੀਦ ਹੈ ਕਿ ਮੇਰੇ ਸ਼ਿਅਰਾਂ ਵਿਚਲੇ ਅਹਿਸਾਸ ਅਤੇ ਕਿਰਦਾਰ ਤੁਹਾਨੂੰ ਮੇਰੇ ਨਿੱਜ ਨਾਲ ਜੁੜੇ ਨਹੀਂ ਬਲਕਿ ਆਪਣੇ ਆਲੇ-ਦੁਆਲੇ ਨਾਲ ਜੁੜੇ ਮਹਿਸੂਸ ਹੋਣਗੇ। ਇਹਨਾਂ ਅਹਿਸਾਸਾਂ ਅਤੇ ਕਿਰਦਾਰਾਂ ਵਿਚ ਤੁਹਾਨੂੰ ਮੈਂ ਵੀ ਕਵਿਤਾ ਦੀ ਪਨਾਹ ਵਿਚ ਕਿਤੇ ਬੈਠੀ ਮਿਲਾਂਗੀ।

ਇਹ ਮੇਰੇ ਲਈ ਇੱਕ ਰਹਿਮਤ ਹੈ ਕਿ ਮੇਰੇ ਕੋਲ ਕਵਿਤਾ ਹੈ, ਗ਼ਜ਼ਲ ਹੈ, ਸ਼ਬਦ ਹਨ ਪਰ ਸੋਚਦੀ ਹਾਂ ਕਿ ਕਵਿਤਾ ਕੋਲ ਮੈਂ ਕਿਉਂ ਹਾਂ? ਉਸ ਨੇ ਮੈਨੂੰ ਕਿਉਂ ਲੱਭਿਆ? ਮੈਂ ਤਾਂ ਸ਼ਬਦਾਂ ਦੀਆਂ ਤਿਤਲੀਆਂ ਦੇ ਪਿੱਛੇ ਭੱਜਦੀ-ਭੱਜਦੀ ਕਿਤੇ ਗੁਆਚ ਗਈ ਸੀ। ਬਚਪਨ ਦੀ ਗੀਤਾਂ ਅਤੇ ਗ਼ਜ਼ਲਾਂ ਦੀ ਕਾਪੀ ਜੋ ਮੇਰਾ ਖ਼ਜਾਨਾ ਸੀ, ਮੈਂ ਆਪ ਹੱਥੀਂ ਜਲਾ ਦਿੱਤੀ ਸੀ। ਕਾਲਜ ਦੇ ਸਮੇਂ ਦੀ ਹਿੰਦੀ-ਉਰਦੂ ਸਾਹਿਤ ਦੀ ਖਿੱਚ ਜਿਵੇਂ ਮੱਧਮ ਪੈ ਗਈ ਸੀ। ਯੂਨੀਵਰਸਿਟੀ ਦੇ ਸਾਲਾਂ ਦਾ ਚੜ੍ਹਿਆ ਪੰਜਾਬੀ ਸਾਹਿਤ ਦਾ ਨਸ਼ਾ ਵੀ ਮੈਨੂੰ ਉੱਤਰ ਗਿਆ ਲਗਦਾ ਸੀ। ਇਹ ਉਹ ਸਮਾਂ ਸੀ ਜਦੋਂ ਮੈਂ ਮੰਨ ਲਿਆ ਕਿ ਲਿਖਣ ਲਈ ਮੈਨੂੰ ਮੁੜ ਜੰਮਣਾ ਪੈਣਾ ਹੈ। ਉਸ ਸਮੇਂ ਸਫ਼ਰ ਵਿਚ ਇੱਕ ਅਣਜਾਣ ਮੋੜ ਆਇਆ ਅਤੇ ਜ਼ਿੰਦਗੀ ਉਸ ਰਸਤੇ 'ਤੇ ਤੁਰ ਪਈ ਜੋ ਸਿੱਧਾ ਕਵਿਤਾ ਦੇ ਘਰ ਪਹੁੰਚਦਾ ਸੀ। ਕਵਿਤਾ ਨੇ ਉੱਠ ਕੇ ਮੇਰੇ ਲਈ ਦਰ ਖੋਲ੍ਹ ਦਿੱਤੇ ਜਿਵੇਂ ਮੇਰੀ ਹੀ ਉਡੀਕ ਕਰ ਰਹੀ ਹੋਵੇ। ਇਉਂ ਸਾਡਾ ਫੇਰ ਤੋਂ ਮੇਲ ਹੋਇਆ।

ਕਵਿਤਾ ਦੇ ਵਿਹੜੇ ਵਿਚ ਉਸ ਦੇ ਮੋਢੇ 'ਤੇ ਸਿਰ ਰੱਖ ਕੇ ਮੈਂ ਆਪਣੇ ਰਾਹ ਦੀ ਸਾਰੀ ਵਿੱਥਿਆ ਕਹੀ ਅਤੇ ਉਹ ਮੇਰੇ ਸ਼ਬਦਾਂ ਨੂੰ ਨਜ਼ਮਾਂ ਅਤੇ ਗ਼ਜ਼ਲਾਂ ਵਿਚ ਢਾਲਦੀ ਰਹੀ। ਇਸ ਵਾਰਤਾਲਾਪ ਦਾ ਹੁਣ ਤੱਕ ਦਾ ਹਾਸਿਲ 'ਨਜ਼ਰ ਤੋਂ ਸੁਪਨਿਆਂ ਤੱਕ' ਦੇ ਰੂਪ ਵਿਚ ਮੈਂ ਆਪ ਸਭ ਪਾਠਕਾਂ ਦੀ ਨਜ਼ਰ ਕਰਦੀ ਹਾਂ, ਇਸ ਆਸ ਨਾਲ ਕਿ ਇਹ ਪ੍ਰਵਾਹ ਇਸੇ ਤਰ੍ਹਾਂ ਨਿਰੰਤਰ ਚਲਦਾ ਰਹੇਗਾ।

ਇਸ ਕਿਤਾਬ ਲਈ ਮੈਂ ਸਭ ਤੋਂ ਪਹਿਲਾਂ ਕਾਦਰ ਦੀ ਸ਼ੁਕਰਗੁਜ਼ਾਰ ਹਾਂ ਜਿਸ ਨੇ ਮੇਰੇ ਹਿੱਸੇ ਸ਼ਬਦਾਂ ਦੇ ਕੁਝ ਮੋਤੀ ਲਿਖੇ। ਫਿਰ ਆਪਣੇ ਪਰਿਵਾਰ ਦੀ ਜਿਸ ਦੇ ਪਿਆਰ ਅਤੇ ਸਹਿਯੋਗ ਤੋਂ ਬਿਨਾਂ ਇਹ ਮੋਤੀ ਚੁਗਣਾ ਮੇਰੇ ਲਈ ਲਗਪਗ ਅਸੰਭਵ ਸੀ। ਆਪਣੇ ਤਖ਼ੱਲਸ 'ਨੂਰਮੀਤ' ਲਈ (ਜਿਸ ਦੀ ਭਾਲ ਵਿਚ ਮੈਂ ਇੱਕ ਉਮਰ ਗੁਜ਼ਾਰ ਦਿੱਤੀ) ਮੈਂ ਆਪਣੀਆਂ ਬੇਟੀਆਂ 'ਨੂਰ' ਅਤੇ 'ਮੀਤ' ਦੀ ਰਿਣੀ ਹਾਂ। ਜਦੋਂ ਮੈਨੂੰ ਇਹ ਮਹਿਸੂਸ ਹੋਇਆ ਕਿ ਇਸ ਕਾਇਨਾਤ ਵਿਚ ਉਹ ਮੇਰਾ ਇਕਲੌਤਾ ਸਰਮਾਇਆ ਹਨ, ਉਸ ਦਿਨ ਮੈਂ 'ਨੂਰਮੀਤ' ਹੋ ਗਈ।

ਗ਼ਜ਼ਲ ਦੇ ਖੇਤਰ ਵਿਚ ਆਪਣੀ ਰਹਿਨੁਮਾਈ ਲਈ ਮੈਂ ਜਗਜੀਤ ਕਾਫ਼ਿਰ ਜੀ ਦੀ ਤਹਿ-ਦਿਲੋਂ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਤੋਂ ਮੈਂ ਬਹਿਰਾਂ ਨੂੰ ਆਪਣੇ ਅੰਦਰ ਆਤਮਸਾਤ ਕਰ ਕੇ ਬੰਦਿਸ਼ ਵਿਚ ਅਹਿਸਾਸਾਂ ਨੂੰ ਪੂਰਾ ਉਤਾਰਨ ਦੀ ਜਾਚ ਸਿੱਖੀ। ਮੈਂ ਖ਼ੁਦ ਨੂੰ ਖ਼ੁਸ਼ਨਸੀਬ ਸਮਝਦੀ ਹਾਂ ਕਿ ਮੈਨੂੰ ਸਿਖਾਉਣ ਲਈ ਸੰਜੀਦਾ ਅਤੇ ਇਮਾਨਦਾਰ ਅਧਿਆਪਕ ਮਿਲਿਆ। ਉਹ ਅਕਸਰ ਕਹਿੰਦੇ ਹਨ ਕਿ 'ਇਲਮ ਵੰਡਣ ਨਾਲ ਹੋਰ ਵਧਦਾ ਹੈ।' ਸ਼ਾਲਾ! ਪਰਮਾਤਮਾ ਉਨ੍ਹਾਂ ਦੇ ਇਲਮ ਨੂੰ ਦੂਣ-ਸਵਾਇਆ ਕਰੇ।

ਮੇਰੇ ਸਭ ਦੋਸਤ-ਮਿੱਤਰ, ਭੈਣ-ਭਰਾ ਜਿਹਨਾਂ ਨੇ ਮੈਨੂੰ ਹੱਲਾਸ਼ੇਰੀ ਅਤੇ ਪ੍ਰੇਰਨਾ ਦਿੱਤੀ, ਮੇਰੀਆਂ ਸਖੀਆਂ ਜੋ ਮੇਰੀਆਂ ਗ਼ਜ਼ਲਾਂ 'ਚੋਂ ਮੇਰੇ ਮਨ ਦਾ ਹਾਲ ਪੜ੍ਹ ਲੈਂਦੀਆਂ ਹਨ, ਮੈਂ ਸਭ ਦੀ ਸ਼ੁਕਰਗੁਜ਼ਾਰ ਹਾਂ। ਆਖ਼ਰੀ ਸ਼ੁਕਰਾਨਾ ਉਨ੍ਹਾਂ ਰੱਜੀਆਂ ਰੂਹਾਂ ਦਾ ਜਿਹਨਾਂ ਸਦਕਾ ਮੈਨੂੰ ਸਾਹਿਤ ਦੀ ਦੁਨੀਆ ਆਪਣੀ ਜਿਹੀ ਜਾਪਣ ਲੱਗ ਪਈ।

## ਨੂਰਮੀਤ ਦੀ ਕਿਤਾਬ ਪੜ੍ਹਦਿਆਂ

*ਨੂਰਮੀਤ ਦੀ ਪੁਸਤਕ ਪੜ੍ਹਦਿਆਂ ਕਈ ਸ਼ੇਅਰਾਂ ਕੋਲ ਰੁਕ ਗਿਆ। ਉਹ ਗ਼ਜ਼ਲ ਦੀ ਮਹਿਰਮ ਹੈ। ਸ਼ਿਲਪ ਵਿਚ ਸ਼ਿੱਦਤ ਨੂੰ ਸਮੋਣਾ ਜਾਣਦੀ ਹੈ। ਸੂਫ਼ੀਆਨਾ ਰੰਗ ਉਸ ਦੀ ਸ਼ਾਇਰੀ ਵਿਚ ਜਿੱਥੇ ਕਿਤੇ ਉੱਘੜਿਆ ਹੈ, ਹੈ। ਸਾਦਗੀ ਵਿਚ ਗਹਿਰਾਈ ਉਸ ਦਾ ਇਕ ਹੋਰ ਗੁਣ ਹੈ। ਖ਼ੂਬ ਖਿੜਿਆ ਮੁਹੱਬਤ ਦੇ ਸ਼ੇਅਰਾਂ ਵਿਚ ਵੀ ਸੱਜਰੇਪਨ ਤੇ ਸੁਹਿਰਦਤਾ ਦੀ ਲੋਅ ਹੈ। ਤੁਸੀਂ ਇਹ ਕਿਤਾਬ ਪੜ੍ਹੋਗੇ ਤਾਂ ਤੁਹਾਨੂੰ ਕਿਸੇ ਗਹਿਰੀਆਂ ਸੋਚਾਂ, ਸੰਵੇਦਨਾ ਅਤੇ ਕਲਪਨਾ ਵਾਲੇ ਹਿਰਦੇ ਨਾਲ ਗੁਫ਼ਤਗੂ ਜਿਹਾ ਅਨੁਭਵ ਹੋਵੇਗਾ। ਨੂਰਮੀਤ ਉਨ੍ਹਾਂ ਨਵੇਂ ਨਵੇਲਿਆਂ 'ਚੋਂ ਹੈ ਜੋ ਪੰਜਾਬੀ ਗ਼ਜ਼ਲ ਦੇ ਉਜਲੇ ਭਵਿੱਖ ਦੇ ਜ਼ਾਮਨੇ ਹਨ।* *-ਸੁਰਜੀਤ ਪਾਤਰ*

## ਸ਼ਬਦਾਂ ਦੀ ਸਿਰਜਕ ਨੂਰਮੀਤ

*ਜਦੋਂ ਜੋਗਿੰਦਰ ਨੂਰਮੀਤ ਨਾਲ ਮੇਰਾ ਰਾਬਤਾ ਹੋਇਆ ਤਾਂ ਉਸ ਅੰਦਰਲੀ ਸਿੱਖਣ ਦੀ ਪਿਆਸ ਕਹਿਣ ਦੀ ਤਾਂਘ ਅਤੇ ਇਲਮ ਦੀ ਭੁੱਖ ਨੇ ਮੈਨੂੰ ਹੈਰਾਨ ਕਰ ਦਿੱਤਾ। ਮੈਂ ਕਿਤੇ ਪੜ੍ਹਿਆ ਸੁਣਿਆ ਸੀ ਕਿ ਸ਼ਾਇਰੀ ਐਸੀ ਮਹਿਬੂਬਾ ਹੈ ਜਿਸ ਨੂੰ ਜਿੰਨੀ ਸ਼ਿੱਦਤ ਨਾਲ ਤੁਸੀਂ ਪਿਆਰ ਕਰਦੇ ਹੋ, ਉਹ ਓਨੀ ਹੀ ਸ਼ਿੱਦਤ ਨਾਲ ਤੁਹਾਡੇ 'ਤੇ ਮਿਹਰਬਾਨ ਹੁੰਦੀ ਹੈ ਅਤੇ ਨੂਰਮੀਤ ਇਸ਼ਕ ਕਰਦੀ ਹੈ ਸ਼ਾਇਰੀ ਨੂੰ, ਜਿਉਂਦੀ ਹੈ ਇਸ ਨੂੰ। ਉਸ ਦੀਆਂ ਗ਼ਜ਼ਲਾਂ ਵਿਚ ਨਜ਼ਾਕਤ ਹੈ, ਨਫ਼ਾਸਤ ਹੈ, ਬੇਬਾਕੀ ਹੈ ਅਤੇ ਬੇ-ਕਿਰਕੀ ਵੀ ਹੈ। ਮੌਲਾ ਕਰੇ ਜ਼ੋਰ-ਏ-ਕਲਮ ਔਰ ਜ਼ਿਆਦਾ...।* *-ਜਗਜੀਤ ਕਾਫ਼ਿਰ*

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 14 ਅਕਤੂਬਰ 2023 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-607



**ਪਹਿਲੋਂ ਸਿਰ ਦਿੱਤਾ ਫਿਰ ਮਿਲੀਆਂ ਸਰਦਾਰੀਆਂ,
ਨਿਭਾ ਕੇ ਸਾਹਾਂ ਨਾ.ਲ ਚੜ੍ਹੀਆਂ ਨਾਮ ਖੁਮਾਰੀਆਂ।
ਪੋਤਰੇ ਬਿਠਾ ਲਏ ਅੱਗੇ ਹੈ ਪ੍ਰੇਮ ਨਾ.ਲ ਸੰਵਾਰਦਾ,
ਸਿੱਖੀ ਦੀਆਂ ਕਰੂੰਬਲਾਂ ਤੱਕ ਖੁਸ਼ੀਆਂ ਨਿਹਾਰਦਾ।**

### ਕੈਪਸ਼ਨ ਮੁਕਾਬਲਾ-605



ਪਹਿਲੇ ਜੋਤੇ ਖ਼ਾਲ ਹੈ ਘੜਿਆ,
ਆ ਬੈਠ ਥਕੇਵਾਂ ਲਾਹੀਏ
ਟਿਫ਼ਨ ਦੇ ਵਿਚ ਲਿਆਂਦੀ,
ਰੁੱਖੀ ਮਿਸੀ ਬਹਿ ਕੇ ਖਾਈਏ।
ਊਚ-ਨੀਚ ਦਾ ਭੇਦ ਮਿਟਾ,
ਇਕ ਦੂਜੇ ਗਲ਼ ਲੱਗ ਜਾਈਏ
ਧਰਤੀ ਮਾਂ ਦੇ ਲਾਲ ਅਸੀਂ ਹਾਂ,
ਇਸਦਾ ਦਿੱਤਾ ਖਾਈਏ।
***-ਮਾਸਟਰ ਪ੍ਰੀਤਮ ਸਿੰਘ ਲੰਮੇ***
***ਫੋਨ: 1-925-325-2486***

---

ਸਾਉਣੀ ਤਾਂ ਪੂਰੀ ਪੱਕ ਗਈ,
ਹਾੜ੍ਹੀ ਦਾ ਆਇਆ ਖਿਆਲ,
ਨਹਿਰੀ ਪਾਣੀ ਉਡੀਕਦਿਆਂ,
ਨਾ.ਲ ਨਦੀਨ ਭਰਿਆ ਖਾ.ਲ ।
ਰੁੱਖੀ ਮਿੱਸੀ ਰੱਖਕੇ ਹੱਥ ਉੱਤੇ,
ਨਾ.ਲ ਅਚਾਰ-ਲੱਸੀ ਦੇ ਖਾਣ,
ਵਾਹ ਵਾਹ ਰੇ ਮੇਰੇ ਦਾਤਿਆ,
ਮਿਲ ਬੈਠੇ ਸੀਰੀ ਤੇ ਕਿਰਸਾਣ।
***-ਸੇਵਾ ਸਿੰਘ ਨੂਰਪੁਰੀ***

---

ਆਈ ਜਦੋਂ ਖਾਲ ਮਾਜਣ ਦੀ ਰੁੱਤ,
ਮੂੰਹ ਹਨੇਰੇ ਜੁੜ ਗਏ ਮਿੱਟੀ ਦੇ ਪੁੱਤ।
ਰੁੱਖੀ ਮਿੱਸੀ ਖਾ ਕੇ
ਸ਼ੁਕਰ ਮਨਾਉਂਦੇ ਨੇ,
ਅਗਲਾ ਜੋਤਾ ਲਾਉਣ ਦੀ
ਵਿਉਂਤ ਬਣਾਉਂਦੇ ਨੇ।

ਅੰਨਦਾਤੇ ਤੋਂ ਵੱਡਾ ਨਹੀਂ ਕੋਈ ਫਲਕੀਰ
ਭਾਵੇਂ ਕਰਜ਼ੇ ਨੇ ਕੀਤੀ
ਜਿੰਦ ਇਹਦੀ ਲੀਰੋ ਲੀਰ।
ਹਾੜੇ ਰੱਬਾ! ਨਾ ਕਰੀਂ ਫੰਦਾ
ਸਿਰ ਦੇ ਪਰਨੇ ਨੂੰ
ਇਹ ਦੇਵੇ ਵੰਨ ਸੁਵੰਨੇ ਸਾਨੂੰ
ਮੇਜ ਤੇ ਧਰਨੇ ਨੂੰ।
***-ਹਰਜੋਤ ਕੌਰ ਮਹੇਸ਼ਪੁਰਾ***
***ਫੋਨ: 734-883-6704***

---

ਵਿਚ ਟਿਫ਼ਨ ਦੇ ਆ ਗੀ ਹਾਜ਼ਰੀ
ਢੋਲੀ ਦੇ ਵਿਚ ਲੱਸੀ ਆਈ।
ਖਾ.ਲ ਬਣ ਗਿਆ ਡਾਈਨਿੰਗ ਟੇਬਲ
ਹਥੇ.ਲੀ ਦੀ ਹੈ ਪਲੇਟ ਬਣਾਈ।
ਜੱਟ ਸੀਰੀ ਵਿਚ ਫਰਕ ਰਿਹਾ ਨਾ
ਜਾਤ ਪਾਤ ਦੀ ਰੜਕ ਮੁਕਾਈ।
***-ਜਗਮੀਤ ਸਿੰਘ ਪੰਧੇਰ***
***ਫੋਨ: 98783-37222***

---

ਖਾਲ਼ਾਂ ਘੜ ਘੜ ਥੱਕੇ ਆੜਾਂ ਘੜਦੇ ਥੱਕੇ,
ਘਾਹ ਖੋਤਦਿਆਂ ਐਵੇਂ ਉਮਰ ਗੁਆਈ ਜੀ।
ਜਿੰਨਾ ਮਰਜ਼ੀ ਖੋਤੋ ਮੁੜ ਮੁੜ ਉੱਗਦਾ ਐ,
ਰੰਬੇ ਚੰਡ ਕੇ ਅੱਕੇ ਖਹਿੜਾ ਛੁੱਟਦਾ ਨਹੀਂ।
ਗੁਰਬਤ ਦੇ ਵਿਚ ਉਮਰ ਬੀਤ ਗਈ ਐ,
ਏਦੋਂ ਚੰਗੇ ਹੋਏ ਨਾ ਭੁੱਖ ਨਾਲ ਘੁਲਦੇ ਜੀ।
ਭੁੱਖੇ ਢਿੱਡ ਕਤੂਰੇ ਨੱਚਣ ਡੋਬੇ ਪੈਂਦੇ ਐ,
ਰੰਬੇ ਸੁੱਟੋ ਸ਼ਾਹਵੇਲਾ
ਬੰਨੇ ਬਹਿ ਖਾਈਏ ਜੀ।
***-ਕਲਵੰਤ ਸਿੰਘ ਸਹੋਤਾ***
***ਫੋਨ: 604-589-5919***

---

ਪੈਲੀ ਖੇਤ ਦੀ ਨਹੀਂ ਪਛਾਣਦੀ
ਹੱਥ ਕਿਸਦਾ ਉਸਦੀ
ਮਿੱਟੀ ਨਾਲ ਮਿੱਟੀ ਹੋ
ਅੰਨ ਅਨਾਜ ਉਗਾ
ਲੋਕਾਂ ਦਾ ਢਿੱਡ ਭਰ ਰਿਹਾ।
ਹੈ ਕਾਮਾ ਜਾਂ ਮਾਲਕ
ਧਰਤ ਮਾਂ ਵਿਤਕਰਾ ਨਹੀਂ ਕਰਦੀ
ਇਕੋ ਛਾਬਾ ਇਕੋ ਗੜਵੀ
ਰਲ ਬੈਠੇ ਬੰਨ੍ਹੇ ਸੁੱਕੀ ਮਿੱਸੀ ਖਾਂਦੇ।
***-ਦਰਸ਼ਨ ਪਾਲ ਦੋਸਾਂਝ***

*ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:*
***ਫੋਨ: 847-359-0746***

# ਗਲਤਫਹਿਮੀਆਂ ਅਤੇ ਵਧੀਕੀਆਂ ਦੀ ਸ਼ਿਕਾਰ ਸ਼ਖ਼ਸੀਅਤ -ਸੰਤ ਹਰਚੰਦ ਸਿੰਘ ਲੌਂਗੋਵਾਲ

ਸੰਤ ਹਰਚੰਦ ਸਿੰਘ ਲੌਂਗੋਵਾਲ (1932-1985) ਦੀ 35ਵੀਂ ਸ਼ਹੀਦੀ ਸ਼ਤਾਬਦੀ 'ਤੇ ਵੀ ਉਹੀ ਹਾਲਾਤ ਹਨ, ਜਿਹੜੇ ਸਿਆਸਤ ਦੇ ਪੈਰੋਂ ਸ਼ਹੀਦ ਹੋਣ ਵਾਲਿਆਂ ਦੇ ਅਕਸਰ ਹੋਇਆ ਕਰਦੇ ਹਨ। ਜਿਹੜੇ ਲੋਕ ਸੰਤ ਜੀ ਨੂੰ ਜਾਣਦੇ ਹਨ, ਉਨ੍ਹਾਂ ਨੂੰ ਪਤਾ ਹੈ ਕਿ ਉਹ ਇਕੱਲ ਵਿਚ ਵਲ੍ਹੇਟੀ ਹੋਈ ਬਹੁਰੰਗੀ ਸ਼ਖਸ਼ੀਅਤ ਸਨ। ਉਨ੍ਹਾਂ ਨੂੰ ਹਲੀਮੀ ਨਾਲ ਦਰਪੇਸ਼ ਦੁਸ਼ਵਾਰੀਆਂ ਨਾਲ ਨਿਭਣਾ ਆਉਂਦਾ ਸੀ। ਜਦੋਂ ਉਨ੍ਹਾਂ ਨੂੰ ਛੋਟੀ ਉਮਰੇ ਮਾਪਿਆਂ ਦੀ ਸਹਿਮਤੀ ਨਾਲ ਸੰਤਾਂ ਦੇ ਡੇਰੇ ਭੇਜਿਆ ਗਿਆ ਸੀ, ਉਸ ਨਾਲ ਉਨ੍ਹਾਂ ਦਾ ਬਚਪਨ ਅਜਿਹਾ ਹੱਥੋਂ ਨਿਕਲਿਆ ਕਿ



**ਬਲਕਾਰ ਸਿੰਘ ਪ੍ਰੋਫੈਸਰ**

ਫਿਰ ਹੱਥ ਹੀ ਨਹੀਂ ਆਇਆ ਸੀ। ਪਰ ਇਸ ਨਾਲ ਉਨ੍ਹਾਂ ਨੂੰ ਧਰਮ ਦੇ ਰੰਗ ਵਿਚ ਰਾਜ਼ੀ ਰਹਿਣ ਦੀ ਜਾਚ ਆ ਗਈ ਸੀ।

ਇਹੋ ਜਿਹੇ ਹਾਲਾਤ ਵਿਚ ਉਹ ਪਿੰਡ ਗਿਦੜਿਆਣੀ ਤੋਂ ਬਰਾਸਤਾ ਡੇਰਾ ਹੀਰੋਂ ਭਾਈ ਮਨੀ ਸਿੰਘ ਦੇ ਗੁਰਦੁਆਰੇ ਲੌਂਗੋਵਾਲ ਪਹੁੰਚ ਗਏ ਸਨ। ਉਸ ਵੇਲੇ ਤੋਂ ਮੇਰਾ ਉਨ੍ਹਾਂ ਨਾਲ ਸਬੰਧ ਰਿਹਾ ਸੀ, ਕਿਉਂਕਿ ਲੌਂਗੋਵਾਲ ਅਤੇ ਮੇਰੇ ਪਿੰਡ ਬਡਬਰ ਦਾ ਚਾਰ ਮੀਲ ਦਾ ਫਾਸਲਾ ਹੈ। ਉਹ ਮੂਲ ਰੂਪ ਵਿਚ ਸਿਆਸਤਦਾਨ ਬਿਲਕੁਲ ਨਹੀਂ ਸਨ ਅਤੇ ਸਿਆਸਤ ਵਿਚ ਆਉਣ ਤੋਂ ਲਗਾਤਾਰ ਕਤਰਾਉਂਦੇ ਵੀ ਰਹੇ ਸਨ। ਅਕਾਲੀ ਸਿਆਸਤਦਾਨ ਉਨ੍ਹਾਂ ਦੀ ਧਾਰਮਿਕ ਸਾਖ ਦਾ ਲਗਾਤਾਰ ਲਾਭ ਲੈਂਦੇ ਰਹੇ ਸਨ। ਇਸ ਦੀ ਸ਼ੁਰੂਆਤ 1969 ਵਿਚ ਪੈਪਸੂ ਦੇ ਰਹਿ ਚੁੱਕੇ ਮੁੱਖ ਮੰਤਰੀ ਬ੍ਰਿਸ਼ਭਾਨ ਨੂੰ ਵਿਧਾਨ ਸਭਾ ਦੀ ਚੋਣ ਵਿਚ ਹਰਾ ਕੇ ਹੋਈ ਸੀ। ਅਕਾਲੀ ਸਿਆਸਤਦਾਨਾਂ ਨੇ ਉਨ੍ਹਾਂ ਨੂੰ ਨਾਲ ਰੱਖਣ ਲਈ ਤਖਤ ਦਮਦਮਾ ਸਾਹਿਬ ਦਾ ਜਥੇਦਾਰ ਵੀ ਥਾਪਿਆ ਸੀ। ਸ਼੍ਰੋਮਣੀ ਕਮੇਟੀ ਵਿਚ ਵੀ ਉਹ ਅਹਿਮ ਭੂਮਿਕਾ ਨਿਭਾਉਂਦੇ ਰਹੇ ਸਨ। ਏਸੇ ਤਰ੍ਹਾਂ ਉਨ੍ਹਾਂ ਨੂੰ 1980 ਵਿਚ ਅਕਾਲੀ ਦਲ ਦਾ ਪ੍ਰਧਾਨ ਬਣਨਾ ਪੈ ਗਿਆ ਸੀ।

ਅਸਲ ਵਿਚ ਉਨ੍ਹਾਂ ਦੀ ਅਕਾਲੀ ਸਿਆਸਤ ਵਿਚ ਭੂਮਿਕਾ ਇਥੋਂ ਹੀ ਸ਼ੁਰੂ ਹੁੰਦੀ ਹੈ ਅਤੇ ਉਨ੍ਹਾਂ ਦੀ ਸ਼ਹੀਦੀ ਨਾਲ 1985 ਵਿਚ ਸਮਾਪਤ ਹੋ ਜਾਂਦੀ ਹੈ। ਇੰਨੇ ਕੁ ਸਮੇਂ ਵਿਚ ਉਨ੍ਹਾਂ ਨੇ ਸਥਾਪਤ ਆਗੂਆਂ ਨੂੰ ਇਸ ਕਰਕੇ ਪਿੱਛੇ ਛੱਡ ਦਿੱਤਾ ਸੀ ਕਿਉਂਕਿ ਉਨ੍ਹਾਂ ਨੇ ਵਿਰੋਧ ਦੀ ਸਿਆਸਤ ਦੀ ਥਾਂ ਤੇ ਸਹਿਯੋਗ ਦੀ ਸਿੱਖ ਸਿਆਸਤ ਦੀ ਲਕੀਰ ਖਿੱਚ ਦਿੱਤੀ ਸੀ। ਪਿਛਲੇ 34 ਸਾਲਾਂ ਤੋਂ ਸਿੱਖ ਸਿਆਸਤ ਵਿਚ ਉਨ੍ਹਾਂ ਨੂੰ ਸ਼ਾਂਤੀ ਦੇ ਮਸੀਹਾ ਅਤੇ ਅਮਰ ਸ਼ਹੀਦ ਕਹਿ ਕੇ, ਜਿਵੇਂ ਸਿਆਸਤ ਵਾਸਤੇ ਵਰਤਿਆ ਵੀ ਜਾ ਰਿਹਾ ਹੈ ਅਤੇ ਨਿੰਦਿਆ ਤੇ ਨਕਾਰਿਆ ਵੀ ਜਾ ਰਿਹਾ ਹੈ, ਉਹ ਸੰਤ ਜੀ ਨੂੰ ਸਮਝਣ ਵਿਚ ਸਹਾਈ ਨਹੀਂ ਹੋ ਰਿਹਾ। ਕੋਈ ਕਿਸ ਨੂੰ ਕਿਵੇਂ ਅਤੇ ਕਦੋਂ ਦੱਸੇ ਕਿ ਉਨ੍ਹਾਂ ਵਰਗਾ ਬਚਨਬੱਧ ਸਿੱਖ ਜਨਮ ਤੋਂ ਹੀ ਇਕੱਲਾਪੇ ਨਾਲ ਘੁਲਦਾ ਆ ਰਿਹਾ ਸੀ ਅਤੇ ਉਨ੍ਹਾਂ ਨੂੰ ਅਲੱਗ-ਥਲੱਗ ਕਰਨ ਦੀ ਸਿਆਸਤ ਕਿਸੇ ਕੰਮ ਨਾ ਆਈ ਹੈ ਅਤੇ ਨਾ ਹੀ ਆਉਣੀ ਹੈ। ਅਕਾਲੀ ਦਲ ਦਾ ਪ੍ਰਧਾਨ ਬਣਨ ਵੇਲੇ ਵੀ ਬਨਾਉਣ ਵਾਲੇ ਹੀ ਲੱਤਾਂ ਵੀ ਖਿੱਚੀ ਜਾ ਰਹੇ ਸਨ। 1982 ਵਿਚ ਸ੍ਰੀ ਅਕਾਲ ਤਖਤ ਸਾਹਿਬ ਤੋਂ ਸ਼ੁਰੂ ਕੀਤੇ ਮੋਰਚੇ ਦੇ ਮੁਖੀ ਵਜੋਂ ਉਹ ਹਿੰਸਕ ਰਾਜਨੀਤੀ ਨਾਲ ਨਿਭਣ ਦੀ ਜਿਸ ਤਰ੍ਹਾਂ ਕੋਸ਼ਿਸ਼ ਕਰਦੇ ਰਹੇ ਸਨ, ਇਸ ਨੂੰ ਧਿਆਨ ਵਿਚ ਰੱਖਾਂਗੇ ਤਾਂ ਸਮਝ ਸਕਾਂਗੇ ਕਿ ਉਨ੍ਹਾਂ ਰਾਹੀਂ ਸਥਾਪਤ ਹੋ ਰਿਹਾ ਸਿਆਸੀ ਮਾਡਲ ਮਰਨ ਮਾਰਨ ਦੀ ਰਾਜਨੀਤੀ ਨਾਲੋਂ ਨਿਖੜ ਕੇ ਤੁਰਨ ਦਾ ਉਹ ਸਿਆਸੀ ਸਾਹਸ ਅਤੇ ਕੋਸ਼ਿਸ਼ ਹੋ ਗਿਆ ਸੀ, ਜਿਸ ਦੀ ਸਿੱਖ ਸਿਆਸਤ ਨੂੰ ਉਸ ਵੇਲੇ ਵੀ ਤੇ ਹੁਣ ਵੀ ਬਹੁਤ ਲੋੜ ਹੈ।

ਇਸ ਰਾਹ ਨਹੀਂ ਤੁਰਾਂਗੇ ਤਾਂ ਗਲੋਬਲ ਹੋ ਗਈ ਸਿੱਖੀ ਨੂੰ ਪ੍ਰਾਂਤਕਤਾ ਦੇ ਸ਼ਿਕੰਜਿਆਂ ਵਿਚ ਕਸਣ ਦੀ ਸਿਆਸਤ ਕਰ ਰਹੇ ਹੋਵਾਂਗੇ। ਸੰਤ ਹੀ ਸੀ, ਜਿਨ੍ਹਾਂ ਕਾਰਨ ਗਰਮ ਖਿਆਲੀ ਧੜਿਆਂ ਵਿਚਕਾਰ ਭਰਾ ਮਾਰੂ ਲੜਾਈ ਰੁਕੀ ਰਹੀ ਸੀ। ਅਜਿਹਾ ਉਹ ਵਿਸ਼ਵਾਸ਼ ਦੇ ਰੰਗ ਵਿਚ ਪ੍ਰੇਰ ਕੇ ਅਤੇ ਗੁਰਭਾਈਆਂ ਦੇ ਹਵਾਲੇ ਨਾਲ ਕਰਦੇ ਰਹੇ ਸਨ। ਇਸ ਵੇਲੇ ਇਹ ਸਥਾਪਤ ਕਰਨਾ ਕੋਈ ਔਖਾ ਨਹੀਂ ਹੈ ਕਿ ਸਿੱਖ ਸਿਆਸਤ ਦੇ ਪੈਰੋਂ ਹੁੰਦੀਆਂ ਰਹੀਆਂ ਵਧੀਕੀਆਂ ਨਾਲ ਨਿਭਣ ਦੀ ਉਹ ਕੋਸ਼ਿਸ਼ ਕਰਦੇ ਰਹੇ ਸਨ। ਅਸਲ ਵਿਚ ਉਹ ਲੜਨਾ ਨਹੀਂ ਨਿਭਣਾ ਜਾਣਦੇ ਸਨ। ਇਹੋ ਜਿਹਾ ਸੁਭਾ ਭੁਲੇਖਿਆਂ ਨਾਲ ਨਹੀਂ ਬਚਨਬੱਧਤਾ ਨਾਲ ਹੀ ਬਣ ਸਕਦਾ ਹੈ। ਉਨ੍ਹਾਂ ਦੇ ਸਿਆਸੀ ਜੀਵਨ ਦੀਆਂ ਤ੍ਰੈਮੁਖੀ ਪ੍ਰਾਪਤੀਆਂ ਧਰਮ-ਯੁੱਧ ਮੋਰਚਾ, ਰਾਜੀਵ-ਲੌਂਗੋਵਾਲ ਸਮਝੌਤਾ ਅਤੇ ਸ਼ਹੀਦੀ ਹੀ ਹਨ। ਉਨ੍ਹਾਂ ਦਾ ਅਸਲ ਯੋਗਦਾਨ ਧਾਰਮਿਕ ਖੇਤਰ ਵਿਚ ਸੀ ਅਤੇ ਏਸੇ ਨਾਲ ਪ੍ਰਾਪਤ ਕੀਤੀ ਹੋਈ ਸਮਾਜਿਕ ਸਾਖ ਹੀ ਉਨ੍ਹਾਂ ਨਾਲ ਸਿੱਖ ਸਿਆਸਤ ਵਿਚ ਵੀ ਨਿਭਦੀ ਰਹੀ ਸੀ। ਉਨ੍ਹਾਂ ਦੀ ਸਿੱਖ-ਆਸਥਾ ਨੇ ਉਨ੍ਹਾਂ ਨੂੰ ਸਰਬੱਤ ਦੇ ਭਲੇ ਨਾਲ ਇਸ ਹੱਦ ਤੱਕ ਜੋੜਿਆ ਹੋਇਆ ਸੀ ਕਿ ਉਹ ਤਾਂ ਕਮਿਊਨਿਸਟਾਂ ਵੱਲੋਂ ਲਾਏ ਬੈਟਰਮੈਂਟ ਲੇਵੀ ਦੇ ਮੋਰਚੇ ਵਿਚ ਵੀ ਜੇਲ੍ਹ ਗਏ ਸਨ।





ਲੋਕ ਭਲਾਈ ਵਾਸਤੇ ਹੋ ਰਹੀ ਸਿਆਸਤ ਦਾ ਉਹ ਲਗਾਤਾਰ ਸਾਥ ਦੇਂਦੇ ਰਹੇ ਸਨ। ਇਸ ਵੇਲੇ ਸਿੱਖ ਸਿਆਸਤ ਦੀ ਸਾਖ ਜਿਸ ਹੱਦ ਤੱਕ ਥੱਲੇ ਆ ਗਈ ਹੈ, ਉਸ ਵਿਚੋਂ ਬਾਣੀ ਦੇ ਬੰਦਿਆਂ ਦੀ ਅਗਵਾਈ ਵਿਚ ਹੀ ਨਿਕਲਿਆ ਜਾ ਸਕਦਾ ਹੈ।

ਅਜਿਹੀ ਆਸ ਕਰਨ ਲੱਗਿਆਂ ਇਹ ਨਹੀਂ ਭੁੱਲਣਾ ਚਾਹੀਦਾ ਕਿ ਹਰੇਕ ਦਾ ਸਾਥ ਦੇਣ ਵਾਲੇ ਸੰਤ ਜੀ ਵਾਂਗ ਇਕੱਲਿਆਂ ਵੀ ਤੁਰਨਾ ਪੈ ਸਕਦਾ ਹੈ ਕਿਉਂਕਿ ਸਿੱਖ ਸਿਆਸਤ ਇਸ ਵੇਲੇ ਲਾਹੇ ਟੋਟਿਆਂ ਦੀ ਸਿਆਸਤ ਹੋ ਗਈ ਹੈ। ਵੈਸੇ ਵੀ ਸਿੱਖ ਸਿਆਸਤ ਨੂੰ ਇਹ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਸਿੱਖ-ਖੁਸ਼ਹਾਲੀ ਪੰਜਾਬ ਤੋਂ ਹਿਜਰਤ ਕਰ ਗਈ ਹੈ ਅਤੇ ਸਿੱਖ-ਖੁਸ਼ਹਾਲੀ ਨੂੰ ਸੁਰੱਖਿਅਤ ਕੀਤੇ ਜਾਣ ਵਾਲੇ ਰਾਹ ਸਿੱਖ ਸਿਆਸਤ ਨੂੰ ਤੁਰਨਾ ਪੈਣਾ ਹੈ। ਇਹ ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ ਨਾਹਰਿਆਂ ਅਤੇ ਫੱਟਿਆਂ ਦੀ ਸਿਆਸਤ ਦਾ ਜ਼ਮਾਨਾ ਨਹੀਂ ਰਿਹਾ।

ਅਕਾਲੀਅਤ, ਸਿੱਖ ਹਿਤਾਂ ਦੀ ਪਹਿਰੇਦਾਰੀ ਵਾਸਤੇ ਸੀ ਅਤੇ ਇਸ ਨੂੰ ਛੇਤੀ ਅਮੀਰ ਹੋਣ ਦੇ ਅਵਸਰ ਵਿਚ ਤਬਦੀਲ ਨਹੀਂ ਹੋਣ ਦੇਣਾ ਚਾਹੀਦਾ। ਸਿੱਖ ਭਾਈਚਾਰਾ, ਸਿੱਖ ਸਿਆਸਤ ਨਾਲੋਂ ਅੱਗੇ ਨਿਕਲ ਕੇ ਬਹੁ-ਸਭਿਆਚਾਰਕ ਵਰਤਾਰਿਆਂ ਨਾਲ ਸਫਲਤਾ ਸਹਿਤ ਨਿਭ ਰਿਹਾ ਹੈ ਅਤੇ ਜਿਸ ਵੀ ਦੇਸ਼ ਦਾ ਸਿੱਖ ਵਾਸੀ ਹੈ, ਉਥੋਂ ਦਾ ਚੰਗਾ ਸ਼ਹਿਰੀ ਹੋਣ ਦੀ ਗਵਾਹੀ ਭਰ ਰਿਹਾ ਹੈ। ਗੁਰੂ ਨੇ ਸਿੱਖ ਨੂੰ ਇਹ ਸੁਭਾ ਬਖਸ਼ਿਆ ਹੋਇਆ ਹੈ। ਏਸੇ ਦੀ ਸਿਆਸੀ ਪ੍ਰਤੀਨਿਧਤਾ ਕਰਨ ਦੀ ਕੋਸ਼ਿਸ਼ ਸੰਤ ਹਰਚੰਦ ਸਿੰਘ ਲੌਂਗੋਵਾਲ ਕਰਦੇ ਰਹੇ ਸਨ। ਇਸ ਬਾਰੇ ਸੋਚ-ਸਮਝ ਕੇ ਤੁਰਨ ਦੀ ਕੋਸ਼ਿਸ਼ ਕਰਾਂਗੇ ਤਾਂ ਸਮਝ ਸਕਾਂਗੇ ਕਿ ਸਿੱਖ ਸਿਆਸਤ ਨੂੰ ਸੇਵਾ ਦੇ ਰੰਗ ਵਿਚ ਰੰਗੇ ਬਿਨਾ ਸਿੱਖ ਵਿਰਾਸਤ ਦੀ ਦਾਹਵੇਦਾਰੀ ਨਹੀਂ ਕਰ ਸਕਾਂਗੇ।

---

## *ਪਾਟੇ ਪੰਨਿਆਂ ਦੀ ਅਧੂਰੀ ਇਬਾਰਤ – ਗਿਆਨੀ ਕੇਸਰ ਸਿੰਘ*

***(ਸਫਾ 14 ਦਾ ਬਾਕੀ)***

ਗਈ। ਜਨਰਲ ਮੋਹਨ ਸਿੰਘ ਅਤੇ ਪ੍ਰੀਤਮ ਸਿੰਘ ਆਜ਼ਾਦ ਹਿੰਦ ਫ਼ੌਜ ਨਾਲ ਸਰਗਰਮ ਹੋ ਗਏ। ਜਨਰਲ ਮੋਹਨ ਸਿੰਘ ਦੀ ਜਾਪਾਨੀਆਂ ਨਾਲ ਗੜਬੜ ਹੋ ਗਈ ਤੇ ਪ੍ਰੀਤਮ ਸਿੰਘ ਹਵਾਈ ਹਾਦਸੇ ਵਿਚ ਮਾਰਿਆ ਗਿਆ। ਉਸ ਪਿੱਛੋਂ ਰਾਸ ਬਿਹਾਰੀ ਬੋਸ (ਜੀਹਨੇ 1912 ਵਿਚ ਲਾਰਡ ਹਾਰਡਿੰਗ ਉਤੇ ਬੰਬ ਮਾਰਿਆ ਸੀ, ਜਾਂ ਸ਼ਾਇਦ ਮਰਵਾਇਆ ਸੀ), ਸਮਝੋ ਉਹ ਆਜ਼ਾਦ ਹਿੰਦ ਫ਼ੌਜ ਦੇ ਬੰਬ ਬਣਾਉਣ ਵਾਲੇ ਚੀਫ਼ ਬਣ ਗਏ। ਆਜ਼ਾਦ ਹਿੰਦ ਫ਼ੌਜ ਵਿਚ ਮੈਂ ਡਾਇਰੈਕਟਰ ਆਫ ਗਾਈਡੈਂਸ ਸੀ। ਮੈਨੂੰ ਜਾਪਾਨੀ ਵੀ ਆਉਂਦੀ ਸੀ। ਮੈਂ ਆਜ਼ਾਦ ਹਿੰਦ ਫ਼ੌਜ ਵਾਲਿਆਂ ਨੂੰ ਜਾਪਾਨੀ ਵੀ ਪੜ੍ਹਾਉਂਦਾ ਸੀ। ਜਦੋਂ ਜਾਪਾਨ ਗਿਆ ਤਾਂ ਉਥੇ ਛੇ ਮਹੀਨੇ ਲਾਏ ਸੀ। ਮਲਾਇਆ ਜਾ ਕੇ ਤਾਂ ਮੈਂ ਕਵਿਤਾ ਲਿਖਦਾ ਰਿਹਾ ਸਾਂ ਤੇ...।"

ਸ਼ਾਇਦ ਉਦੋਂ ਕੇਸਰ ਸਿੰਘ ਨੇ ਆਪਣੀ ਨਾਵਲਨਿਗਾਰੀ ਦੀ ਗੱਲ ਸ਼ੁਰੂ ਕਰਨੀ ਸੀ ਕਿ ਹਿੰਦੀ ਦੇ ਨਾਵਲਕਾਰ ਭੀਸ਼ਮ ਸਾਹਨੀ ਨੇ ਡਾਕਟਰ ਕੇਸਰ ਦੇ ਬੂਹੇ ਉਤੇ ਦਸਤਕ ਦੇ ਦਿੱਤੀ। ਦਸੰਬਰ ਦੇ ਨਿੱਘੇ ਦਿਨੀਂ ਯੂਨੀਵਰਸਿਟੀ ਵਿਚ ਕੋਈ ਕਾਨਫਰੰਸ ਸੀ। ਉਸ ਕਾਨਫਰੰਸ ਵਿਚ ਸ਼ਾਮਲ ਹੋਣ ਲਈ ਭੀਸ਼ਮ ਸਾਹਨੀ ਉਥੇ ਆਏ ਸਨ। ਉਹ ਸੈਰ ਕਰਦੇ ਹੋਏ ਉਧਰ ਆ ਗਏ ਸਨ। ਸਾਡੀ ਗੱਲਬਾਤ ਗੱਪ-ਸ਼ੱਪ ਵਿਚ ਬਦਲ ਗਈ।

ਭੀਸ਼ਮ ਸਾਹਨੀ ਦੇ ਜਾਣ ਤੋਂ ਬਾਅਦ ਮੈਂ ਟੇਪ-ਰਿਕਾਰਡਰ ਚੈੱਕ ਕੀਤਾ। ਗੱਲਬਾਤ ਠੀਕ ਰਿਕਾਰਡ ਹੋ ਰਹੀ ਸੀ।

"ਫਿਰ ਤੁਸੀਂ ਨਾਵਲਕਾਰੀ ਵੱਲ ਕਦੋਂ ਆਏ?" ਵਾਰ ਵਾਰ ਮੁਲਤਵੀ ਹੋ ਰਿਹਾ ਸੁਆਲ ਮੈਂ ਇਸ ਵਾਰ ਨਹੀਂ ਸੀ ਪੁੱਛਿਆ, ਪਰ ਕਮਾਲ ਇਹ ਹੋਈ ਕਿ ਕੇਸਰ ਸਿੰਘ ਨੇ ਜੁਆਬ ਦੇ ਦਿੱਤਾ।

"1953 ਵਿਚ ਮੈਂ ਆਪਣਾ ਪਹਿਲਾ ਨਾਵਲ 'ਲਹਿਰ ਵਧਦੀ ਗਈ' ਲਿਖਿਆ ਸੀ। ਇਹ ਨਾਵਲ ਆਜ਼ਾਦ ਹਿੰਦ ਫ਼ੌਜ ਬਾਰੇ ਸੀ। 'ਜੰਗੀ ਕੈਦੀ' ਨਾਵਲ ਮੈਂ ਇੰਗਲੈਂਡ ਜਾ ਕੇ ਲਿਖਿਆ ਸੀ। ਉਸ ਤੋਂ ਪਿੱਛੋਂ 'ਸ਼ਹੀਦ ਉਧਮ ਸਿੰਘ' ਤੇ 'ਮਦਨ ਲਾਲ ਢੀਂਗਰਾ' ਨਾਵਲ ਲਿਖੇ। 'ਹੀਰੋਸ਼ੀਮਾ' ਮੈਂ ਜਾਪਾਨ ਵਿਚ ਲਿਖਿਆ ਸੀ...ਪਤਾ ਨਹੀਂ ਹੁਣ ਕਿੰਨੇ ਕੁ ਨਾਵਲ ਬਣਦੇ ਆ!"

"ਮੇਰੇ ਹਿਸਾਬ ਨਾਲ ਤਾਂ ਹੁਣ ਤਕ ਤੁਹਾਡੇ ਛੱਬੀ ਨਾਵਲ ਹੋ ਜਾਂਦੇ ਨੇ, ਜੇ ਸੱਤ ਨਾਵਲਾਂ ਦੀ ਲੜੀ 'ਹਥਿਆਰਬੰਦ ਇਨਕਲਾਬ' ਨੂੰ ਆਪਾਂ ਸੱਤ ਨਾਵਲ ਗਿਣੀਏ ਤਾਂ।" ਮੈਂ ਜੋੜ ਲਾ ਕੇ ਦੱਸਿਆ। ਅੰਗਰੇਜ਼ੀ ਕਿਤਾਬਾਂ ਦੀ ਗਿਣਤੀ ਇਸ ਤੋਂ ਬਾਹਰ ਸੀ।

"ਹਾਂ, ਇੰਨੇ ਕੁ ਹੀ ਹੋਣਗੇ।...ਜਿਹੋ ਜਿਹੇ ਨਾਵਲ ਮੈਂ ਲਿਖਦਾ ਵਾਂ, ਇਹੋ ਜਿਹੇ ਨਾਵਲਾਂ ਲਈ ਖੋਜ ਦਾ ਕੰਮ ਬਹੁਤ ਔਖਾ ਹੁੰਦਾ ਏ। ਮੈਂ ਮਦਨ ਲਾਲ ਢੀਂਗਰਾ ਅਤੇ ਸ਼ਹੀਦ ਊਧਮ ਸਿੰਘ ਉਤੇ ਨਾਵਲ ਲਿਖਣਾ ਚਾਹੁੰਦਾ ਸਾਂ, ਪਰ ਉਸ ਵੇਲੇ ਦੇ ਦਸਤਾਵੇਜ਼ ਹਰ ਕੋਈ ਨਹੀਂ ਸੀ ਵੇਖ ਸਕਦਾ। ਕਿਸੇ ਅੰਗਰੇਜ਼ ਦੀ ਮਦਦ ਨਾਲ ਮੈਂ ਬਾਰ-ਐਟ-ਲਾਅ ਵਿਚ ਦਾਖ਼ਲਾ ਲੈ ਲਿਆ। ਕਾਨੂੰਨ ਦੇ ਵਿਦਿਆਰਥੀਆਂ ਨੂੰ ਉਹ ਦਸਤਾਵੇਜ਼ ਵੇਖਣ ਦੀ ਮਨਾਹੀ ਨਹੀਂ ਸੀ। ਉਥੇ ਖੋਜ ਕਰਦਿਆਂ ਮੈਨੂੰ ਸੱਤ ਸਾਲ ਲੱਗ ਗਏ। ਉਸ ਖੋਜ ਦੇ ਆਧਾਰ ਉਤੇ ਹੀ ਮੈਂ ਉਹ ਦੋਵੇਂ ਨਾਵਲ ਲਿਖੇ ਸਨ।"

"ਏਨੀ ਮਿਹਨਤ!...ਤੌਬਾ।"

"ਇਨ੍ਹਾਂ ਨਾਵਲਾਂ ਲਈ ਖੋਜ ਦਾ ਕੰਮ ਵੱਡਾ ਸੀ ਤੇ ਲਿਖਣ ਵਾਲਾ ਥੋੜ੍ਹਾ। 'ਸ਼ਹੀਦ ਊਧਮ ਸਿੰਘ' ਨਾਵਲ ਨੂੰ ਅੰਗਰੇਜ਼ੀ ਵਿਚ ਵੀ ਲਿਖਿਆ ਏ। ਇਸ ਵਿਚ ਸੁਜਾਨ ਸਿੰਘ ਨੇ ਵੀ ਮਦਦ ਕੀਤੀ ਸੀ। ਸੁਜਾਨ ਸਿੰਘ ਨੂੰ ਤਾਂ ਤੁਸੀਂ ਜਾਣਦੇ ਹੋਵੋਗੇ?"

"ਹਾਂ ਜੀ!...ਮੈਂ ਜਾਣਨਾਂ।"

"ਬਾਬਾ ਭਕਨਾ ਨਾਲ ਮੈਨੂੰ ਸੁਜਾਨ ਸਿੰਘ ਨੇ ਹੀ ਮਿਲਾਇਆ ਸੀ। ਇਹ ਗੱਲ 1955-56 ਦੀ ਹੈ। ਬਾਬੇ ਨੇ ਆਪਣਾ ਘਰ-ਘੁਰ ਵੇਚ ਕੇ ਸਕੂਲ ਖੋਲ੍ਹਿਆ ਸੀ। ਸੁਜਾਨ ਸਿੰਘ ਭਕਨੇ ਦੇ ਸਕੂਲ ਦਾ ਪ੍ਰਿੰਸੀਪਲ ਸੀ। ਬਾਬਾ ਭਕਨਾ ਨੇ ਸਾਨੂੰ ਦੁੱਧ ਪਿਆਇਆ ਤੇ ਮੈਨੂੰ ਆਖਿਆ, 'ਤੂੰ ਇਥੋਂ ਨਿਕਲ ਜਾ, ਵਿਦੇਸ਼ ਚਲਿਆ ਜਾ।' ਮੈਂ ਤੁਹਾਨੂੰ ਨਾਵਲ ਲਿਖਣ ਲਈ ਕੀਤੀ ਖੋਜ ਬਾਰੇ ਦੱਸਦਾ ਵਾਂ। ਮਲਾਇਆ ਰਹਿੰਦਿਆਂ ਮੈਂ ਹਰ ਸਾਲ ਹਫ਼ਤੇ ਵਾਸਤੇ ਬੈਂਕਾਕ ਤੋਂ ਮੈਕਸੀਕੋ ਦੀ ਹੱਦ ਤਕ ਜਾਂਦਾ ਸੀ। ਉਥੇ ਘਰ ਘਰ ਫਿਰ ਕੇ ਪ੍ਰਚਾਰ ਕਰਦਾ ਸੀ ਤੇ ਜਾਣਕਾਰੀ ਵੀ ਇਕੱਠੀ ਕਰਦਾ ਸੀ। ਇਹ ਸਾਰਾ ਕੁਝ ਮੈਂ ਬਾਬਾ ਚਰਨ ਸਿੰਘ ਭੜਿਆਣਾ ਅਤੇ ਬਾਬਾ ਭਕਨਾ ਦੇ ਕਹਿਣ ਉਤੇ ਕੀਤਾ।...ਉਥੇ ਇਕ ਕੇਸ ਹੈ ਜੀਹਦੇ ਅੱਠ ਹਜ਼ਾਰ ਸਫ਼ੇ ਨੇ। ਉਸ ਕੇਸ ਦੀ ਕਾਪੀ ਕਰਨ ਲਈ ਮੈਨੂੰ ਪੰਜ ਹਜ਼ਾਰ ਡਾਲਰ ਦੇਣੇ ਪਏ। ਉਹਦੀ ਕਾਪੀ ਇਥੇ ਕਿਸੇ ਕੋਲ ਨਹੀਂ। ਦੇਸ਼ ਭਗਤ ਯਾਦਗਾਰ ਵਾਲਿਆਂ ਕੋਲ ਵੀ ਨਹੀਂ, ਕਿਉਂਕਿ ਕੋਈ ਪੈਸੇ ਖਰਚ ਨਹੀਂ ਕਰਨਾ ਚਾਹੁੰਦਾ। ਕੋਈ ਟਾਈਮ ਖਰਚ ਨਹੀਂ ਕਰਦਾ, ਪਰ ਮੈਂ ਤਾਂ ਸਾਰਾ ਜ਼ੋਰ ਏਸੇ ਪਾਸੇ ਲਾ ਦਿੱਤਾ ਹੈ।...ਬਾਬਾ ਉਸਮਾਨ ਦੇ ਸਾਥੀ ਚਰਨ ਸਿੰਘ ਸੰਧੂ ਭੜਿਆਣਾ ਦੀ ਜੀਵਨੀ ਉਤੇ ਵੀ ਮੈਂ ਨਾਵਲ ਲਿਖਿਆ ਹੈ (ਵਾਰੇ ਸ਼ਾਹ ਦੀ ਮੌਤ)। ਉਹ 1947 ਤੋਂ ਬਾਅਦ ਵੀ ਭਾਰਤ ਨਹੀਂ ਸੀ ਜਾ ਸਕਿਆ ਤੇ ਕੈਲੀਫੋਰਨੀਆ ਵਿਚ ਵਸ ਗਿਆ ਸੀ। ਉਹ ਅਨਪੜ੍ਹ ਸੀ ਤੇ ਮੇਰਾ ਗੁਰੂ ਸੀ। ਦੇਸ਼ ਭਗਤ ਯਾਦਗਾਰ ਹਾਲ ਵਿਚ ਉਹਦੀ ਫੋਟੋ ਲੱਗੀ ਹੋਈ ਐ। ਜਿਹੜਾ ਸੰਗਮਰਮਰ ਲੱਗਾ ਹੋਇਆ ਹੈ, ਸਭ ਤੋਂ ਉਤੇ ਉਹਦਾ ਨਾਂ ਏ। ਦੇਸ਼ ਭਗਤ ਯਾਦਗਾਰ ਹਾਲ ਬਣਾਉਣ ਲਈ ਸਭ ਤੋਂ ਪਹਿਲਾਂ ਉਹਨੇ ਪੰਜ ਹਜ਼ਾਰ ਰੁਪਈਆ ਦਿੱਤਾ ਸੀ।...ਉਸ ਅਨਪੜ੍ਹ ਬੰਦੇ ਨੇ ਕੋਈ ਜਗ੍ਹਾ ਇਹੋ ਜਿਹੀ ਨਹੀਂ ਛੱਡੀ ਜਿਥੇ ਮੈਨੂੰ ਨਹੀਂ ਲੈ ਕੇ ਗਿਆ। ਮੇਰੀ ਇਕ ਲੱਤ ਨਿਊਯਾਰਕ ਹੁੰਦੀ ਸੀ ਤੇ ਦੂਜੀ ਵਾਸ਼ਿੰਗਟਨ। ਮੈਂ ਆਪਣਾ ਮਜ਼ਹਬ ਬਣਾ ਲਿਆ ਸੀ ਕਿ ਗ਼ਦਰ ਪਾਰਟੀ ਬਾਰੇ ਪੂਰਾ ਜਾਣਨਾ ਏ ਤੇ ਲਿਖਣਾ ਏ। ਮੈਂ ਉਨ੍ਹਾਂ ਬੰਦਿਆਂ ਨੂੰ ਵੀ ਮਿਲਿਆ ਸਾਂ ਜਿਨ੍ਹਾਂ ਨੂੰ ਬਾਅਦ ਵਿਚ ਫਾਂਸੀ ਲੱਗੀ ਸੀ। ਕੱਲ੍ਹ ਮੈਨੂੰ ਵੜੈਚ ਮਿਲਿਆ ਸੀ, ਅਖੇ ਅਹਿ ਅਹਿ ਬਾਕੀ ਐ, ਕੌਣ ਲਿਖੂ? ਵੜੈਚ ਨੇ ਮੈਨੂੰ ਅੱਗ ਲਾ ਦਿੱਤੀ। ਮੈਂ ਆਖਿਆ, ਜਿੰਨਾ ਚਿਰ ਜਿਊਨਾ ਵਾਂ, ਲਿਖਾਂਗਾ। ਗੱਲ ਇਹ ਐ ਕਿ ਸਿਹਤ ਬਹੁਤ ਖਰਾਬ ਐ, ਲੇਕਿਨ ਆਤਮਾ ਨਰੋਈ ਐ। ਹੁਣ ਸਫ਼ਰ ਨਹੀਂ ਹੁੰਦਾ। ਪੁੱਤਰ ਹੁਣ ਲੈ ਆਇਆ ਏ ਇਥੇ, ਜੇ ਸਾਬਤ-ਸਬੂਤ ਲੈ ਗਿਆ ਕੈਨੇਡਾ ਤਾਂ ਫਿਰ ਬਾਕੀ ਰਹਿੰਦਾ ਵੀ ਲਿਖੂੰ।"

"ਬਾਕੀ ਰਹਿੰਦਾ ਵੀ ਜ਼ਰੂਰ ਲਿਖੋਗੇ ਤੁਸੀਂ। ਰੱਬ ਤੁਹਾਡੀ ਉਮਰ ਲੰਮੀ ਕਰੇ।" ਮੈਂ ਕਿਹਾ।

"ਜ਼ਿਆਦਾ ਨਹੀਂ। ਬਸ ਤੀਹ ਕੁ ਵਰ੍ਹੇ ਹੋਰ ਮਿਲ ਜਾਣ ਤਾਂ ਮੈਂ ਆਪਣਾ ਕੰਮ ਪੂਰਾ ਕਰ ਲਊਂ। ਸਾਰਾ ਕੁਝ ਲਿਖ ਲਊਂ।" ਗਿਆਨੀ ਕੇਸਰ ਸਿੰਘ ਦੀਆਂ ਅੱਖਾਂ ਵਿਚ ਸ਼ਰਾਰਤ ਚਮਕੀ।

ਮੈਂ ਮੁਸਕਰਾਇਆ। ਮੈਂ ਟੇਪ ਰਿਕਾਰਡਰ ਵੱਲ ਧਿਆਨ ਮੋੜਿਆ। ਜਿਹੜੀ ਕੈਸਟ ਵਿਚ ਗੱਲਬਾਤ ਰਿਕਾਰਡ ਹੋ ਰਹੀ ਸੀ, ਉਹ ਮੁੱਕਣ ਵਾਲੀ ਸੀ। ਇਸ ਤੋਂ ਪਹਿਲਾਂ ਡਾਕਟਰ ਕੇਸਰ ਕੋਲੋਂ ਇਕ ਕੈਸਟ ਲੈ ਕੇ ਮੈਂ ਵਰਤ ਚੁੱਕਿਆ ਸਾਂ। ਇਕ ਹੋਰ ਕੈਸਟ ਮੰਗਣ ਦਾ ਮੇਰੇ ਵਿਚ ਹੀਆ ਨਹੀਂ ਸੀ। ਮੰਗਿਆਂ ਇਕ ਹੋਰ ਕੈਸਟ ਮਿਲਣ ਦੀ ਸੰਭਾਵਨਾ ਵੀ ਨਹੀਂ ਸੀ।

ਗਿਆਨੀ ਕੇਸਰ ਸਿੰਘ ਨੇ ਇਸ ਮੁਲਾਕਾਤ ਲਈ ਆਪਣੇ ਆਪ ਨੂੰ ਬਥੇਰਾ ਤੋੜ ਲਿਆ ਸੀ। ਥੱਕੇ ਹੋਏ ਨੇ ਰਾਤ ਦਾ ਲਿਬਾਸ ਪਹਿਨ ਲਿਆ ਸੀ।

ਗਿਆਨੀ ਕੇਸਰ ਸਿੰਘ ਨੂੰ ਹੁਣ ਆਰਾਮ ਕਰਨਾ ਚਾਹੀਦਾ ਸੀ। ਮੈਂ ਆਖਿਆ, "ਹੁਣ ਆਪਾਂ ਇਸ ਮੁਲਾਕਾਤ ਸਾਰਵੇਂ ਵਿਰਾਮ ਲਾ ਦੇਈਏ, ਪਰ ਇਸ ਤੋਂ ਪਹਿਲਾਂ ਕੋਈ ਜ਼ਰੂਰੀ ਗੱਲ ਜਿਹਤੀ ਕਹਿਣ ਨੂੰ ਤੁਹਾਡਾ ਮਨ ਕਰਦਾ ਹੋਵੇ, ਜ਼ਰੂਰ ਕਹਿ ਲਵੋ।"

ਗਿਆਨੀ ਕੇਸਰ ਸਿੰਘ ਨੇ ਲੰਮਾ ਸਾਹ ਭਰਿਆ ਤੇ ਆਪਣੀ ਗੱਲ ਕਹੀ, "ਵੇਖੋ ਜੀ! ਸਾਹਿਤ ਦੀ ਰਚਨਾ ਮੇਰਾ ਆਦਰਸ਼ ਨਹੀਂ। ਇਹ ਮੇਰਾ ਹਥਿਆਰ ਹੈ ਲੋਕ ਸੇਵਾ ਲਈ। ਲੋਕ ਸੇਵਾ ਕਰਨ ਵਾਲੇ ਯੋਧਿਆਂ ਦੇ ਪਾਏ ਪੂਰਨਿਆਂ ਉਤੇ ਕਰਮਯੋਗੀਆਂ ਦੀਆਂ ਕਥਾਵਾਂ ਨੂੰ ਨਵੀਆਂ ਕਰਨ ਲਈ ਸਾਹਿਤ ਰਚਨਾ ਇਕ ਰਾਹ ਹੈ। ਕਰਮਯੋਗ ਦੇ ਬੀਜ ਪੁੰਗਰਦੇ ਰਹਿਣ, ਸਿੱਟੇ ਲੱਗਦੇ ਰਹਿਣ। ਲੋਕਾਂ ਦੇ ਹੱਕਾਂ ਲਈ ਸੰਘਰਸ਼ ਕਰਨ ਵਾਲੇ ਯੋਧੇ ਪੈਦਾ ਹੁੰਦੇ ਰਹਿਣ ਤਾਂ ਕਿ ਕੋਈ ਜਰਵਾਣਾ ਚਿੱਟੇ ਦਿਨ, ਸਿਖਰ ਦੁਪਹਿਰੇ ਲੋਕਾਂ ਨੂੰ ਅਫ਼ੀਮੀ ਲੋਰੀਆਂ ਦੇ ਕੇ ਸੁਆ ਨਾ ਸਕੇ ਤੇ ਲੋਕ ਜਾਗਰਤ ਅਵਸਥਾ ਵਿਚ ਆਪਣਾ-ਆਪ ਪਛਾਣ ਸਕਣ। ਮੇਰੀ ਪ੍ਰਤੀਬੱਧਤਾ, ਮੇਰਾ ਮਜ਼ਹਬ ਤਾਂ ਲੋਕ ਹਨ। ਦਲਿਤ, ਨਿਤਾਣੇ, ਨਿਮਾਣੇ, ਕਿਰਤੀ ਲੋਕ ਅਤੇ ਉਹ ਲੋਕ ਜੋ ਆਪਣੇ ਤੇ ਆਪਣੇ ਲੋਕਾਂ ਦੇ ਹੱਕਾਂ ਦੀ ਰਾਖੀ ਲਈ ਸੀਸ ਨੂੰ ਤਲੀ ਉਤੇ ਧਰੀ ਫਿਰਦੇ ਹਨ।"

ਕੇਸਰ ਸਿੰਘ ਨੇ ਅਚਨਚੇਤੀ ਚੁੱਪ ਵੱਟ ਲਈ। ਉਸ ਚੁੱਪ ਵਿਚ ਪਤਾ ਨਹੀਂ, ਕੀ ਕੁਝ ਖੌਲ ਰਿਹਾ ਸੀ। ਉਸ ਹਉਕੇ ਵਰਗਾ ਸਾਹ ਭਰਿਆ, ਤੇ ਫਿਰ ਜਿਵੇਂ ਆਪਣੇ ਆਪ ਨਾਲ ਗੱਲ ਕੀਤੀ, "ਪਤਾ ਨਹੀਂ ਲੋਕ ਸ਼ਹੀਦਾਂ ਨੂੰ ਸ਼ਹੀਦ ਕਿਉਂ ਨਹੀਂ ਰਹਿਣ ਦਿੰਦੇ। ਸੋਹਣ ਲਾਲ ਪਾਠਕ ਸ਼ਹੀਦ ਹੈ, ਉਸ ਨੂੰ ਲੋਕਾਂ ਨੇ ਆਰੀਆ ਸਮਾਜੀ ਬਣਾ ਕੇ ਰੱਖ ਦਿੱਤਾ ਹੈ। ਊਧਮ ਸਿੰਘ ਸ਼ਹੀਦ ਹੈ, ਉਸ ਨੂੰ ਕੰਬੋਜ ਬਣਾ ਕੇ ਰੱਖ ਦਿੱਤਾ ਹੈ। ਭਗਤ ਸਿੰਘ ਨੂੰ ਕੋਈ ਸਿੱਖੀ ਵੱਲ ਖਿੱਚਦਾ ਹੈ, ਕੋਈ ਆਰੀਆ ਸਮਾਜੀ ਦੱਸਦਾ ਹੈ। ਕੋਈ ਕਹਿੰਦਾ ਹੈ, ਉਹ ਪੂਰਾ ਸੋਸ਼ਲਿਸਟ ਬਣ ਚੁੱਕਾ ਸੀ। ਹਰ ਕੋਈ ਸ਼ਹੀਦ ਉਤੇ ਆਪਣਾ ਕਬਜ਼ਾ ਜਮਾਉਣਾ ਚਾਹੁੰਦਾ ਹੈ। ਸ਼ਹੀਦ ਦਾ ਫ਼ਲਸਫ਼ਾ ਜ਼ੁਲਮ ਦਾ ਟਾਕਰਾ ਕਰਨਾ ਹੁੰਦਾ ਹੈ। ਸ਼ਹੀਦ ਨੂੰ ਇਨਸਾਨ ਕਿਉਂ ਨਹੀਂ ਰਹਿਣ ਦਿੰਦੇ ਦੁਨੀਆਂ ਦੇ ਭੁੱਲੜ ਤੇ ਖ਼ੁਦਗਰਜ਼ ਲੋਕ?"

—

ਕੇਸਰ ਸਿੰਘ ਨਾਲ ਮੇਰੀ ਉਹ ਆਖ਼ਰੀ ਮੁਲਾਕਾਤ ਸੀ। ਖੋਜਬੀਨ ਦੇ ਪੁਲੰਦੇ ਸਾਰੇ ਕਿਤਾਬਾਂ ਨਹੀਂ ਬਣੇ। ਰੱਬ ਤੋਂ ਮੰਗੇ ਹੋਏ ਉਹ ਤੀਹ ਵਰ੍ਹੇ ਕੇਸਰ ਸਿੰਘ ਦੀ ਉਮਰ ਵਿਚ ਜਮ੍ਹਾਂ ਹੋ ਜਾਂਦੇ ਤਾਂ ਗੱਲ ਹੋਰ ਹੋਣੀ ਸੀ। ਅਣਫਰੋਲਿਆ ਇਤਿਹਾਸ ਕੋਰੇ ਵਰਕਿਆਂ ਉਤੇ ਛਪ ਜਾਂਦਾ ਤਾਂ ਅਸੀਂ ਆਪਣੀ ਆਜ਼ਾਦੀ ਦਾ ਬੜਾ ਕੁਝ ਅੰਦਰਲਾ ਵੀ ਜਾਣ ਲੈਂਦੇ।


ਮੈਨੂੰ ਵੀ ਚਾਹੀਦਾ ਸੀ, ਵਾਧੂ ਕੈਸਟ ਆਪਣੇ ਕੋਲ ਰੱਖਦਾ। ਕੁਝ ਲੁਕਵੀਆਂ ਗੱਲਾਂ ਹੋਰ ਉਜਾਗਰ ਹੋ ਜਾਂਦੀਆਂ।

ਹੁਣ ਤਾਂ ਬਹੁਤ ਦੇਰ ਹੋ ਗਈ ਹੈ।

# ਢਾਹਾਂ ਪੁਰਸਕਾਰ ਜੇਤੂ ਪੁਸਤਕਾਂ

## ਦੀਪਤੀ ਬਬੂਟਾ ਦਾ ਕਹਾਣੀ ਸੰਗ੍ਰਹਿ 'ਭੁੱਖ ਇਉਂ ਸਾਹ ਲੈਂਦੀ ਹੈ'

'ਭੁੱਖ ਇਉਂ ਸਾਹ ਲੈਂਦੀ ਹੈ' ਪ੍ਰਬੁੱਧ ਕਹਾਣੀਕਾਰਾ ਦੀਪਤੀ ਬਬੂਟਾ ਦਾ ਚੌਥਾ ਕਹਾਣੀ ਸੰਗ੍ਰਹਿ ਹੈ, ਜਿਸ ਵਿਚ ਉਸ ਦੀਆਂ ਨੌਂ ਕਹਾਣੀਆਂ ਸ਼ਾਮਿਲ ਹਨ। ਉਸ ਦੀਆਂ ਕਹਾਣੀਆਂ ਦੇ ਵਿਸ਼ੇ ਨਵੇਂ ਹੀ ਨਹੀਂ, ਨਰੋਏ ਵੀ ਹਨ। ਇਨ੍ਹਾਂ ਕਹਾਣੀਆਂ ਦੇ ਪਾਤਰ ਆਰਥਿਕ, ਸਮਾਜਿਕ ਤੇ ਸਭਿਆਚਾਰਕ ਦਬਾਵਾਂ ਕਾਰਨ ਆਪਣੇ ਹਿੱਸੇ ਆਈ ਜ਼ਿੰਦਗੀ ਨੂੰ ਆਪਣੀ ਮਰਜ਼ੀ ਨਾਲ ਨਾ ਜਿਉਂ



**ਨਿਰੰਜਣ ਬੋਹਾ**
**ਫੋਨ: 89682-82700**


ਸਕਣ ਦੀ ਮਜਬੂਰੀ ਵਿਚੋਂ ਲੰਘਦਿਆਂ ਮਾਨਸਿਕ ਤੌਰ 'ਤੇ ਤਾਂ ਬਹੁਤ ਅਸ਼ਾਂਤ ਹਨ ਪਰ ਉਨ੍ਹਾਂ ਅੰਦਰਲੀ ਅਸ਼ਾਂਤੀ ਉਨ੍ਹਾਂ ਨੂੰ ਆਪਣੇ ਕਾਰਜ ਖੇਤਰ ਵਿਚ ਨਿਰੰਤਰ ਸਰਗਰਮ ਵੀ ਰੱਖਦੀ ਹੈ ਅਤੇ ਜੀਵਨ ਦੀ ਕੋਈ ਨਵੀਂ ਦਿਸ਼ਾ ਤਲਾਸ਼ ਕਰਨ ਦੀਆਂ ਕੋਸ਼ਿਸ਼ਾਂ ਨਾਲ ਵੀ ਜੁੜੀ ਹੋਈ ਹੈ। ਇਹ ਕਹਾਣੀਆਂ ਇਸ ਨੁਕਤੇ 'ਤੇ ਆਪਣਾ ਧਿਆਨ ਖਾਸ ਤੌਰ 'ਤੇ ਕੇਂਦਰਿਤ ਰੱਖਦੀਆਂ ਹਨ ਕਿ ਵੱਖ ਵੱਖ ਕਾਰਨਾਂ ਕਰਕੇ ਮਨੁੱਖ ਅੰਦਰ ਪੈਦਾ ਹੋਣ ਵਾਲੇ ਮਾਨਸਿਕ ਖਲਾਅ ਕਿਵੇਂ ਉਸਦੀ ਮਨੋ-ਅਵਸਥਾ ਦੀ ਦਿਸ਼ਾ ਤੇ ਦਸ਼ਾ ਨੂੰ ਪਲ ਪਲ ਬਦਲਦੇ ਹਨ ਤੇ ਕਿਵੇਂ ਉਹ ਆਪਣੇ ਸਹਿਜ ਨਾਲੋਂ ਟੁੱਟ ਕੇ ਭਟਕਣਾ ਦਾ ਸ਼ਿਕਾਰ ਹੁੰਦਾ ਹੈ। ਉਸ ਦੀਆਂ ਕਹਾਣੀਆਂ ਇਸ ਭਟਕਣਾ ਨੂੰ ਸ਼ਾਂਤ ਕਰਨ ਲਈ ਆਪਣੇ 'ਘਰ' ਨਾਲ ਜੁੜਨ ਦੀ ਸਲਾਹ ਵੀ ਦਿੰਦੀਆਂ ਹਨ।

ਸੰਗ੍ਰਹਿ ਦੀ ਪਹਿਲੀ ਕਹਾਣੀ 'ਵਸ਼ੀਕਰਨ' ਪਿੱਤਰੀ ਸੱਤਾ ਵੱਲੋਂ ਘਰ ਨਾਲ ਜੁੜੇ ਰਿਸ਼ਤਿਆਂ ਵਿਚ ਕੀਤੀ ਦਖਲਅੰਦਾਜ਼ੀ ਨੂੰ ਮਨੁੱਖ ਅੰਦਰ ਪੈਦਾ ਹੋਣ ਵਾਲੇ ਮਾਨਸਿਕ ਖਲਾਅ ਦਾ ਵੱਡਾ ਕਾਰਨ ਮੰਨਦੀ ਹੈ। ਕਹਾਣੀ ਦੀ ਪਾਤਰ ਸੰਗੀਤਾ ਅਰੋੜਾ ਦੇ ਮਨ ਵਿਚ ਆਪਣੇ ਜੀਵਨ ਸਾਥੀ ਵਜੋਂ ਆਪਣੇ ਕੁਲੀਗ ਅਧਿਆਪਕ ਅਭਿਜੀਤ ਦੀ ਤਸਵੀਰ ਸਮੋਈ ਹੈ, ਪਰ ਉਸਦਾ ਪਿਤਾ ਉਸ ਲਈ ਨਾਇਬ ਤਹਿਸੀਲਦਾਰ ਦੇ ਰੂਪ 'ਚ ਉੱਚੇ ਰੁਤਬੇ ਵਾਲਾ ਵਰ ਤਲਾਸ਼ਦਾ ਹੈ। ਪਿਤਾ ਦੇ ਪ੍ਰਭਾਵ ਵਿਚ ਆ ਕੇ ਉਹ ਆਪਣੀ ਇੱਛਾ ਦੇ ਉਲਟ ਰਜਨੀਸ਼ ਨਾਲ ਵਿਆਹ ਤਾਂ ਕਰਵਾ ਲੈਂਦੀ ਹੈ ਪਰ ਸ਼ਹਿਰੀ ਉੱਚ ਵਰਗ ਦੀ ਨਿੱਜਪ੍ਰਸਤ ਜ਼ਿੰਦਗੀ ਉਸ ਦੀਆਂ ਖਾਹਿਸ਼ਾਂ ਦੇ ਅਧੂਰਾ ਰਹਿਣ ਕਾਰਨ ਪੈਦਾ ਹੋਏ ਖਲਾਅ ਨੂੰ ਹੋਰ ਵੀ ਵਧਾ ਦਿੰਦੀ ਹੈ। ਫੇਸਬੁੱਕ ਦੇ ਮਾਧਿਅਮ ਰਾਹੀਂ ਆਪਣੀ ਪੁਰਾਣੀ ਚਾਹਤ ਨਾਲ ਰਿਸ਼ਤਾ ਜੋੜ ਕੇ ਉਹ ਫਿਰ ਤੋਂ ਆਪਣੇ ਅੰਦਰਲੇ ਖਲਾਅ ਨੂੰ ਭਰਨ ਦੀ ਕੋਸ਼ਿਸ਼ ਕਰਦੀ ਹੈ ਪਰ ਉਸਨੂੰ ਇਹ ਅਹਿਸਾਸ ਹੋਰ ਵੀ ਬੇ-ਚੈਨ ਕਰ ਦਿੰਦਾ ਹੈ ਕਿ ਅਭਿਜੀਤ ਹੁਣ ਉਸਨੂੰ ਸੰਗੀਤਾ ਵਜੋਂ ਨਹੀਂ ਸਗੋਂ ਨਵੇਂ ਰੁਤਬੇ ਵਾਲੀ ਤਹਿਸੀਲਦਾਰਨੀ ਵਜੋਂ ਹੀ ਭੋਗਣਾ ਚਾਹੁੰਦਾ ਹੈ। ਅੰਤ ਇਹ ਕਹਾਣੀ ਘਰ ਤੋਂ ਬਾਹਰ ਮਾਨਸਿਕ ਸਕੂਨ ਦੀ ਭਾਲ ਵਿਚ ਭਟਕ ਰਹੀ ਨਾਰੀ ਨੂੰ ਫਿਰ ਤੋਂ ਘਰ ਨਾਲ ਜੋੜਨ ਵਿਚ ਹੀ ਅਹਿਮ ਭੂਮਿਕਾ ਨਿਭਾਉਂਦੀ ਹੈ।

ਕਹਾਣੀ 'ਮੁਕਤੀ ਤੋਂ ਪਾਰ' ਦੇ ਪਾਤਰ ਵੈਰਾਗ ਤੇ ਹੱਠ ਕਰਮ ਰਾਹੀਂ ਮੁਕਤੀ ਹਾਸਿਲ ਕਰਨ ਦੇ ਭਰਮ ਤੋਂ ਮੁਕਤ ਹੋ ਕੇ ਦੁਬਾਰਾ ਘਰ ਨਾਲ ਹੀ ਜੁੜਦੇ ਹਨ। ਇਸ ਕਹਾਣੀ ਦਾ ਪਾਤਰ ਰਿਸ਼ੀ ਵਿਵੇਕਮੁਨੀ ਚਾਹੇ ਕੁਲਦੇਵ ਦੇ ਆਸ਼ਰਮ ਵਿਚ ਯੋਗ ਸਾਧਨਾ ਕਰਦਿਆਂ ਹੀ ਜੁਆਨ ਹੋਇਆ ਹੈ ਪਰ ਉਸਦੇ ਅਵਚੇਤਨ ਵਿਚ ਪਿਆ ਘਰ ਦਾ ਪਿਆਰ ਅਕਸਰ ਉਸਦੀ ਸਾਧਨਾ 'ਤੇ ਹਾਵੀ ਪ੍ਰਭਾਵੀ ਰਹਿੰਦਾ ਹੈ। ਜਨਮ ਸਮੇਂ ਹੀ ਆਸ਼ਰਮ ਦੀ ਭੇਟ ਚੜ੍ਹਾਇਆ ਗਿਆ ਬੱਚਾ ਚੰਦਰ ਦੇਵ ਵੀ ਆਪਣੀ ਮਾਂ ਤੇ ਆਪਣੇ ਪਰਿਵਾਰ ਬਾਰੇ ਬਹੁਤ ਕੁਝ ਜਾਨਣ ਦੀ ਜਗਿਆਸਾ ਰੱਖਦਾ ਹੈ। ਭਾਵੇਂ ਕਹਾਣੀ ਦੀ ਪਾਤਰ ਵਿਧੀ ਆਪਣੀ ਸੱਸ ਤੇ ਪਤੀ ਦੇ ਦਬਾਅ ਹੇਠ ਆ ਕੇ ਆਪਣੀ ਚੌਥੀ ਸੰਤਾਨ ਨੂੰ ਆਸ਼ਰਮ ਵਿਚ ਭੇਟ ਚੜ੍ਹਾ ਦਿੰਦੀ ਹੈ ਪਰ ਇਸ ਕਾਰਜ ਨੂੰ ਉਸਦੀ ਮਾਨਸਿਕ ਸਵੀਕ੍ਰਿਤੀ ਹਾਸਿਲ ਨਹੀਂ ਹੈ। ਕਹਾਣੀ ਦੇ ਅੰਤ 'ਤੇ ਬਾਲਕ ਚੰਦਰ ਦੇਵ ਵੱਲੋਂ ਵਿਧੀ ਵਿਚੋਂ ਆਪਣੀ ਮਾਂ ਨੂੰ ਵੇਖਣਾ, ਉਸਨੂੰ ਵਿਧੀ ਵੱਲ ਜਾਂਦਿਆਂ ਰੋਕਣ ਵੇਲੇ ਵਿਵੇਕਮੁਨੀ ਦੇ ਹੱਥਾਂ ਦੀ ਪਕੜ ਢਿੱਲੀ ਹੋਣਾ ਅਤੇ ਵਿਧੀ ਦਾ ਆਸ਼ਰਮ ਵੱਲ ਦੌੜਣ ਦਾ ਘਟਨਾਕ੍ਰਮ ਜਦੋਂ ਇੱਕੋ ਸਮੇਂ ਵਾਪਰਦਾ ਹੈ ਤਾਂ ਇਸ ਨਾਲ ਇਹ ਧਾਰਨਾ ਵੀ ਸਥਾਪਿਤ ਹੋ ਜਾਂਦੀ ਹੈ ਕਿ 'ਘਰ' ਨਾਲ ਜੁੜੇ ਪਿਆਰ ਦੀ ਭਾਵਨਾ ਹੱਠ ਕਰਮ ਤੇ ਵੈਰਾਗ ਦੀ ਭਾਵਨਾ ਦੇ ਮੁਕਾਬਲੇ ਵਿਚ ਬਹੁਤ ਸ਼ਕਤੀਸ਼ਾਲੀ ਹੁੰਦੀ ਹੈ।

ਕਹਾਣੀ 'ਵੱਸ ਅੱਖੀਆਂ ਦੇ ਕੋਲ' ਪਤੀ ਪਤਨੀ ਵਿਚਕਾਰਲੇ ਭਾਵਨਾਤਮਕ ਰਿਸ਼ਤੇ ਦੀ ਮਜ਼ਬੂਤੀ ਨੂੰ ਹੋਰ ਬਲ ਪ੍ਰਦਾਨ ਕਰਨ ਦੀ ਵਚਨਬੱਧਤਾ ਨਾਲ ਜੁੜੀ ਹੋਈ ਹੈ। ਕਹਾਣੀ ਵਿਚਲੇ ਬੇਬੇ ਤੇ ਬਾਪੂ ਘਰ ਵਿਚ ਹਮੇਸ਼ਾ ਹੀ ਆਪਸ ਵਿਚ ਲੜਦੇ ਝਗੜਦੇ ਵਿਖਾਈ ਦਿੰਦੇ ਹਨ ਪਰ ਜਦੋਂ ਪਰਿਵਾਰਕ ਜ਼ਿੰਮੇਵਾਰੀ ਨਿਭਾਉਣ ਦੇ ਮੰਤਵ ਨਾਲ ਬੇਬੇ ਨੂੰ ਘਰ ਤੋਂ ਬਾਹਰ ਦੂਸਰੇ ਮੁਲਕ ਵਿਚ






ਜਾਣਾ ਪੈਂਦਾ ਹੈ ਤਾਂ ਦੋਹਾਂ ਅੰਦਰਲੀ ਪਰਸਪਰ ਖਿੱਚ ਪਤੀ ਪਤਨੀ ਦੇ ਰਿਸ਼ਤੇ ਤੇ ਘਰ ਦੀ ਅਹਿਮੀਅਤ ਨੂੰ ਭਾਵਪੂਰਤ ਢੰਗ ਨਾਲ ਰੂਪਮਾਨ ਕਰ ਜਾਂਦੀ ਹੈ।

ਕਹਾਣੀ 'ਔਖੀ ਘੜੀ' ਆਪਣੇ ਸਵੈਮਾਣ ਤੇ ਘਰ ਨੂੰ ਬਚਾਉਣ ਦੀ ਲੜਾਈ ਲੜ ਰਹੀ ਭਾਰਤੀ ਔਰਤ ਦੀ ਮਨੋਦਸ਼ਾ ਨੂੰ ਸਜੀਵ ਰੂਪ ਵਿਚ ਰੂਪਮਾਨ ਕਰਦੀ ਹੈ। ਵਕੀਲ ਅਵਿਨਾਸ਼ ਨਾਲ ਵਿਆਹੀ ਕਿਰਨ ਦੀ ਸਹਿਜ ਤੇ ਸੁਖਾਲੇ ਢੰਗ ਨਾਲ ਚੱਲ ਰਹੀ ਜ਼ਿੰਦਗੀ ਵਿਚ ਪਹਿਲੀ ਔਖੀ ਘੜੀ ਉਸ ਵੇਲੇ ਆਉਂਦੀ ਹੈ, ਜਦੋਂ ਉਸਦਾ ਪਤੀ ਆਪਣੀ ਦਫ਼ਤਰ ਵਿਚ ਰੱਖੀ ਕੰਪਿਊਟਰ ਅਪਰੇਟਰ ਕੁੜੀ ਅਨੀਤਾ ਦੇ ਰੂਪ 'ਤੇ ਮੋਹਿਤ ਹੋ ਕੇ ਆਪਣੀ ਪਤਨੀ ਨਾਲ ਮਾਨਸਿਕ ਦੂਰੀ ਬਣਾ ਲੈਂਦਾ ਹੈ। ਪਤੀ ਪਤਨੀ ਵਿਚਲਾ ਤਣਾਓ ਪਹਿਲਾਂ ਟਕਰਾਓ ਵਿਚ ਤਬਦੀਲ ਹੁੰਦਾ ਹੈ ਤੇ ਫਿਰ ਨੌਬਤ ਤਲਾਕ ਦੀ ਮੰਗ ਤੱਕ ਪਹੁੰਚ ਜਾਂਦੀ ਹੈ। ਭਾਵੇਂ ਪਤੀ ਤੋਂ ਵੱਖ ਹੋਣ ਤੋਂ ਬਾਅਦ ਵੀ ਉਹ ਆਪਣੇ ਹੱਕਾਂ ਦੀ ਲੜਾਈ ਜਾਰੀ ਰੱਖਦੀ ਹੈ ਪਰ ਜਦੋਂ ਉਸਦਾ ਪੁੱਤਰ ਗੰਭੀਰ ਬਿਮਾਰੀ ਦਾ ਸ਼ਿਕਾਰ ਹੋ ਕੇ ਹਸਪਤਾਲ ਵਿਚ ਪਹੁੰਚ ਜਾਂਦਾ ਹੈ ਤਾਂ ਇੱਕ ਮਾਂ ਦੀ ਮਮਤਾ ਉਸਨੂੰ ਝੁਕਣ ਲਈ ਮਜਬੂਰ ਕਰ ਦਿੰਦੀ ਹੈ।

ਕਹਾਣੀ 'ਬਲੈਕ ਹੋਲ' ਜੀਵਨ ਦੀ ਕੁਦਰਤੀ ਧਾਰਾ ਨਾਲੋਂ ਟੁੱਟ ਕੇ ਮਕਾਨਕੀ ਜੀਵਨ ਜਾਂਚ ਵੱਲ ਵਧ ਰਹੇ ਮਨੁੱਖ ਨੂੰ ਇਸਦੇ ਘਾਤਕ ਨਤੀਜਿਆਂ ਤੋਂ ਅਗਾਹ ਕਰਦੀ ਹੈ ਤਾਂ ਆਉਣ ਵਾਲੀਆਂ ਮਨੁੱਖੀ ਪੀੜ੍ਹੀਆਂ ਨੂੰ ਦਰਪੇਸ਼ ਮੁਸ਼ਕਲਾਂ ਦਾ ਕਿਆਸ ਕਰ ਕੇ ਹੀ ਰੂਹ ਕੰਬ ਉੱਠਦੀ ਹੈ। ਹਵਾ ਤੇ ਪਾਣੀ ਵਰਗੇ ਕੁਦਰਤੀ ਸਰੋਤਾਂ ਦੀ ਹੋ ਰਹੀ ਦੁਰਵਰਤੋਂ ਕਾਰਨ ਕਹਾਣੀ ਵੱਲੋਂ ਦਰਸਾਏ ਮਨੁੱਖੀ ਵਿਨਾਸ਼ ਦੇ ਵੇਰਵੇ ਭਾਵੇਂ ਅਜੇ ਕਲਪਿਤ ਹੀ ਵਿਖਾਈ ਦਿੰਦੇ ਹਨ ਪਰ ਕਹਾਣੀ ਵਿਚਲੀ ਇਹ ਚਿਤਾਵਨੀ ਬਹੁਤ ਦਮਦਾਰ ਹੈ ਕਿ ਕੁਦਰਤ ਨਾਲ ਹੋ ਰਹੇ ਖਿਲਵਾੜ ਦੀ ਅੱਤ ਇਸ ਕਲਪਨਾ ਨੂੰ ਹਕੀਕਤ ਵਿਚ ਵੀ ਬਦਲ ਸਕਦੀ ਹੈ।

ਕਹਾਣੀ 'ਭੁੱਖ ਇਉਂ ਸਾਹ ਲੈਂਦੀ ਹੈ' ਭੁੱਖ ਦੇ ਸਾਹ ਲੈਣ ਦੀ ਪ੍ਰਕਿਰਿਆ ਵਿਚੋਂ ਹੀ ਭੁੱਖ ਤੇ ਹਬੜੇਵੇਂ ਵਿਚਲੇ ਫਰਕ ਨੂੰ ਦਰਸਾਉਂਦੀ ਹੈ। ਭੁੱਖ ਦੀ ਅਸੀਮਤਾ ਹਬੜੇਵੇਂ ਨੂੰ ਜਨਮ ਦਿੰਦੀ ਹੈ ਤੇ ਹਬੜੇਵਾਂ ਕਦੇ ਖਤਮ ਨਾ ਹੋਣ ਵਾਲੀ ਮ੍ਰਿਗ ਤ੍ਰਿਸ਼ਣੀ ਦੌੜ ਵਿਚ ਬਦਲ ਜਾਂਦਾ ਹੈ। ਕਹਾਣੀ ਅਨੁਸਾਰ ਪੈਸੇ ਤੇ ਸ਼ੁਹਰਤ ਦੀ ਅੰਤਹੀਣ ਭੁੱਖ ਪੇਟ ਦੀ ਭੁੱਖ ਨਾਲੋਂ ਕਈ ਗੁਣਾ ਵੱਧ ਖਤਰਨਾਕ ਹੁੰਦੀ ਹੈ। ਪੇਟ ਭਰ ਜਾਣ 'ਤੇ ਤਾਂ ਇੱਕ ਭੁੱਖਾ ਮਨੁੱਖ ਨਿਸ਼ਚਿਤ ਸਮੇਂ ਲਈ ਤ੍ਰਿਪਤ ਵੀ ਹੋ ਜਾਂਦਾ ਹੈ ਪਰ ਆਪਣੇ ਫੈਲਾਓ, ਵਿਖਾਵੇ ਤੇ ਪੈਸੇ ਦੀ ਭੁੱਖ ਜੀਵਨ ਨੂੰ ਹਮੇਸ਼ਾ ਲਈ ਰਸਹੀਣ ਬਣਾ ਦਿੰਦੀ ਹੈ। ਕਹਾਣੀ ਦੇ ਅੰਤ ਵਿਚ ਜਦੋਂ ਦਾਦਾ ਆਪਣੇ ਪੋਤੇ ਦੀਆਂ ਬੰਦ ਮੁੱਠੀਆਂ ਨੂੰ ਆਪਣੇ ਹੱਥਾਂ ਵਿਚ ਘੁੱਟਦਾ ਹੈ ਤਾਂ ਉਸਨੂੰ ਮਿਲਣ ਵਾਲੀ ਮਾਨਸਿਕ ਤ੍ਰਿਪਤੀ ਰਾਹੀਂ ਕਹਾਣੀ ਦਾ ਪਾਠਕ ਵੀ ਆਪਣੇ ਆਪ ਨੂੰ ਤ੍ਰਿਪਤ ਹੋਇਆ ਮਹਿਸੂਸ ਕਰਦਾ ਹੈ।

ਕਹਾਣੀ 'ਪੰਜਵਾਂ ਮੋਢਾ' ਬਜ਼ੁਰਗ ਮਾਪਿਆਂ ਨੂੰ ਮਰਨ ਤੋਂ ਬਾਅਦ ਪੁੱਤਰਾਂ ਵੱਲੋਂ ਮੋਢਾ ਦਿੱਤੇ ਜਾਣ ਦੀ ਰਵਾਇਤ 'ਤੇ ਬਹੁਤ ਸਾਰੇ ਸੁਆਲੀਆਂ ਚਿੰਨ੍ਹ ਲਾਉਂਦੀ ਹੈ। ਕਹਾਣੀਕਾਰਾ ਦੀਆਂ ਨਜ਼ਰਾਂ ਵਿਚ ਜੇ ਇਹ ਮੋਢੇ ਮਾਪਿਆਂ ਦੇ ਜਿਉਂਦੇ ਜੀਅ ਉਨ੍ਹਾਂ ਦਾ ਸਹਾਰਾ ਨਹੀਂ ਬਣਦੇ ਤਾਂ ਉਨ੍ਹਾਂ ਦੇ ਮਰਨ ਤੋਂ ਬਾਅਦ ਵੀ ਕੋਈ ਅਰਥ ਨਹੀਂ ਰੱਖਦੇ। ਬਜ਼ੁਰਗ ਮਾਤਾ ਗੁਰਦੇਵ ਕੌਰ ਸਾਰੀ ਉਮਰ ਆਪਣੇ ਪਰਿਵਾਰ ਨੂੰ ਪੈਰਾਂ ਸਿਰ ਖੜ੍ਹਾ ਰੱਖਣ ਦੀ ਘਾਲਣਾ ਘਾਲਦੀ ਰਹੀ ਹੈ ਪਰ ਉਸਦੇ ਬੁਢਾਪੇ ਵੇਲੇ ਉਸਦੇ ਚਾਰੇ ਪੁੱਤਰਾਂ ਦੇ ਮੋਢੇ ਆਪਣੀ ਮਾਂ ਦਾ ਬੋਝ ਚੁੱਕਣ ਤੋਂ ਇਨਕਾਰੀ ਹੋ ਜਾਂਦੇ ਹਨ। ਭਾਵੇਂ ਉਸਦੇ ਵੱਡੇ ਪੁੱਤਰ ਚੰਨਦੀਪ ਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਉਨ੍ਹਾਂ ਦੀ ਮਾਂ ਸੰਤਾਲੀ ਦੇ ਦੰਗਿਆਂ ਦੀ ਵਰ੍ਹਦੀ ਅੱਗ ਵਿਚ ਕਿਵੇਂ ਉਸ ਤੇ ਉਸਦੀ ਭੈਣ ਨੂੰ ਬਚਾ ਕੇ ਆਪਣੇ ਨਾਲ ਭਾਰਤ ਲਿਆਈ ਸੀ ਪਰ ਉਸਦੀ ਪਤਨੀ ਦਾ ਦਬਾਅ ਉਸ 'ਤੇ ਭਾਰੂ ਪੈ ਜਾਂਦਾ ਹੈ। ਅਜਿਹੇ ਸਮੇਂ ਉਸਦੀ ਵਿਆਹੀ ਵਰ੍ਹੀ ਧੀ ਵੀਰਪਾਲ ਦਾ ਪੰਜਵਾਂ ਮੋਢਾ ਨਿਰਸੁਆਰਥ ਭਾਵ ਨਾਲ ਉਸ ਵੱਲ ਵਧਦਾ ਹੈ। ਭਾਵੇਂ ਇਸ ਕਹਾਣੀ ਦਾ ਵਿਸ਼ਾ ਪਾਠਕਾਂ ਲਈ ਨਵਾਂ ਨਹੀਂ ਹੈ ਪਰ ਇਸ ਦੇ ਨਿਭਾਅ ਦੀਆਂ ਨਵੀਆਂ ਕਲਾਤਮਿਕ ਜੁਗਤਾਂ ਇਸ ਦੀ ਪੜ੍ਹਣ ਯੋਗਤਾ ਨੂੰ ਵਧਾਉਣ ਵਾਲੀਆਂ ਹਨ।

ਕਹਾਣੀ 'ਓਪਰੀ ਹਵਾ' ਸਰੀਰਕ ਤੇ ਮਾਨਸਿਕ ਜਬਰ ਦੀ ਅੱਤ ਹੋਣ 'ਤੇ ਕਿਸੇ ਮਨੁੱਖ ਅੰਦਰ ਪੈਦਾ ਹੋਣ ਵਾਲੀਆਂ ਬਗਾਵਤੀ ਭਾਵਨਾਵਾਂ ਦੀ ਨਿਸ਼ਾਨਦੇਹੀ ਕਰਦੀ ਹੈ।

ਬਬੂਟਾ ਦੀਆਂ ਕਹਾਣੀਆਂ ਵਿਚਲਾ ਕਥਾ ਰਸ ਇਨ੍ਹਾਂ ਦੀ ਪੜ੍ਹਣ ਯੋਗਤਾ ਨੂੰ ਨਿਰੰਤਰ ਬਣਾਈ ਰੱਖਦਾ ਹੈ। ਉਸਦੀ ਕਹਾਣੀ 'ਭੁੱਖ ਇਉਂ ਸਾਹ ਲੈਂਦੀ ਹੈ' ਤੇ 'ਸਿਰਫ ਐਨੀ ਮੇਰੀ ਬਾਤ' ਵਿਚਲਾ ਕਥਾ ਬਿਰਤਾਂਤ ਕਈ ਥਾਈਂ ਵਾਰਤਕ ਨੁਮਾ ਵੇਰਵਿਆਂ ਨੂੰ ਵੀ ਆਪਣੇ ਨਾਲ ਤੋਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਪਾਠਕੀ ਧਿਆਨ ਦੀ ਇਕਾਗਰਤਾ ਉਸ ਤਰ੍ਹਾਂ ਨਹੀਂ ਬਣੀ ਰਹਿੰਦੀ ਜਿਵੇਂ ਉਸ ਦੀਆਂ ਬਾਕੀ ਕਹਾਣੀਆਂ ਦੇ ਪਾਠ ਦੌਰਾਨ ਬਣੀ ਰਹੀ ਹੈ। ਸਮੁੱਚੇ ਤੌਰ 'ਤੇ ਇਸ ਪੁਸਤਕ ਦਾ ਪਾਠ ਮਾਨਸਿਕ ਤ੍ਰਿਪਤੀ ਦੇਣ ਵਾਲਾ ਹੈ। 'ਮੁਕਤੀ ਤੋਂ ਪਾਰ' ਤੇ 'ਓਪਰੀ ਬਲਾਂ' ਵਰਗੀਆਂ ਬਹੁ-ਪਰਤੀ ਕਹਾਣੀਆਂ ਤਾਂ ਕਦੇ ਕਦੇ ਹੀ ਪੜ੍ਹਨ ਨੂੰ ਮਿਲਦੀਆਂ ਹਨ। ਕਹਾਣੀਕਾਰਾ ਕੋਲ ਪਾਤਰਾਂ ਦੇ ਮਨੋਵਿਗਿਆਨ ਦੀਆਂ ਅੰਤਰੀਵੀ ਪਰਤਾਂ ਨੂੰ ਉਨ੍ਹਾਂ ਦੀ ਮੌਲਿਕਤਾ ਤੇ ਸ਼ੁੱਧਤਾ ਸਮੇਤ ਰੂਪਮਾਨ ਕਰਨ ਵਾਲੀ ਕੌਸ਼ਲਤਾ ਤੇ ਸੰਵੇਦਨਾਤਮਕ ਭਾਸ਼ਾ ਹੈ। ਇਸ ਪੁਸਤਕ ਸਾਜ਼ਿਲਦ ਪੁਸਤਕ ਨੂੰ ਸਪਤਰਿਸ਼ੀ ਪ੍ਰਕਾਸ਼ਨ ਚੰਡੀਗੜ੍ਹ ਨੇ ਛਾਪਿਆ ਹੈ।

## ਅਣ-ਬੋਲੇ ਬੋਲਾਂ ਵਿਚਲੀ ਊਰਜਾ ਨੂੰ ਦਰਸਾਉਂਦੀਆਂ ਬਲੀਜੀਤ ਦੀਆਂ ਕਹਾਣੀਆਂ 'ਉੱਚੀਆਂ ਆਵਾਜ਼ਾਂ'

ਬਲੀਜੀਤ ਦੀ ਪਹਿਲੀ ਕਹਾਣੀਆਂ ਦੀ ਪੁਸਤਕ 2006 ਵਿਚ ਪ੍ਰਕਾਸ਼ਿਤ ਹੋਈ, ਦੂਸਰੀ 2010 ਵਿਚ ਤੇ ਤੀਸਰੀ ਸੰਨ 2022 ਦੇ ਅੰਤਲੇ ਪੜਾਅ 'ਤੇ। ਇਨ੍ਹਾਂ ਤਿੰਨਾਂ ਪੁਸਤਕਾਂ ਵਿਚ ਉਸ ਦੀਆਂ ਦਸ ਦਸ ਕਹਾਣੀਆਂ ਸ਼ਾਮਿਲ ਹਨ। ਇਸ ਤਰ੍ਹਾਂ ਉਸ ਨੇ ਆਪਣੇ ਤਿੰਨ ਦਹਾਕਿਆਂ ਤੋਂ ਲੰਬੇ ਸਾਹਿਤਕ ਸਫਰ ਦੌਰਾਨ ਸਿਰਫ਼ ਤੀਹ ਕੁ ਕਹਾਣੀਆਂ ਹੀ ਲਿਖੀਆਂ ਨੇ। ਏਨੀ ਧੀਮੀ ਰਫਤਾਰ ਵਿਚ ਕਹਾਣੀ ਸਿਰਜਣਾ ਕਰ ਕੇ ਵੀ ਜੇ ਉਹ ਪੰਜਾਬੀ ਕਹਾਣੀ ਬਾਰੇ ਹੁੰਦੀ ਹਰ ਚਰਚਾ ਵਿਚ ਮੌਜੂਦ ਰਹਿੰਦਾ ਹੈ ਤਾਂ ਇਹ ਉਸ ਦੀਆਂ ਕਹਾਣੀਆਂ ਦੀ ਚਿਰ ਸਥਾਈ ਜਿਉਣ ਯੋਗਤਾ ਦਾ ਹੀ ਕਮਾਲ ਹੈ। ਭਾਵੇਂ ਉਸ ਦੀਆਂ ਕਹਾਣੀਆਂ ਵਿਚਲੀ ਵਿਚਾਰਧਾਰਕ ਊਰਜਾ ਇਨ੍ਹਾਂ ਦੀ ਪੜ੍ਹਨ ਯੋਗਤਾ ਨੂੰ ਵਧਾਉਂਦੀ ਹੈ ਪਰ ਇਨ੍ਹਾਂ ਦਾ ਪਾਠ ਕਥਾਰਸ ਭਰਪੂਰ ਕਹਾਣੀਆਂ ਵਾਂਗ ਸਹਿਜਤਾ ਨਾਲ ਨਹੀਂ ਕੀਤਾ ਜਾ ਸਕਦਾ। ਉਸ ਦੀਆਂ ਕਹਾਣੀਆਂ ਦੇ ਭਾਵ ਬੋਧ ਤੱਕ ਪਹੁੰਚਣ ਲਈ ਪਾਠਕਾਂ ਨੂੰ ਕਹਾਣੀਆਂ ਦੇ ਪਾਤਰਾਂ ਵਾਂਗ ਹੀ ਅਸਹਿਜ ਹੋਣਾ ਪੈਂਦਾ ਹੈ। ਪਾਠਕ ਨੂੰ ਅਸਹਿਜ ਤੇ ਬੇ-ਚੈਨ ਕਰ ਕੇ ਆਪਣੇ ਵਿਸ਼ਾ ਵਸਤੂ ਦੇ ਅੰਤਰੀਵੀ ਬੋਧ ਤੱਕ ਲੈ ਕੇ ਜਾਣ ਵਾਲੀਆਂ ਕਹਾਣੀਆਂ ਦੀ ਉਮਰ ਅਕਸਰ ਲੰਮੀ ਹੁੰਦੀ ਹੈ ਤੇ ਇਹ ਖਾਸੀਅਤ ਉਸ ਦੀਆਂ ਕਹਾਣੀਆਂ ਦੇ ਹਿੱਸੇ ਵੀ ਆਈ ਹੈ। ਉਹ ਆਪਣੀਆਂ ਕਹਾਣੀਆਂ ਦੇ ਪਾਤਰਾਂ ਨੂੰ ਦਰਪੇਸ਼ ਮਨੋ-ਸਮਾਜਿਕ ਸਮੱਸਿਆਵਾਂ ਦੇ ਸਮਾਧਾਨ ਲਈ ਸਿੱਧੇ ਰੂਪ ਵਿਚ ਦਿਸ਼ਾ ਨਿਰਦੇਸ਼ਕ ਦੀ ਭੂਮਿਕਾ ਨਹੀ ਨਿਭਾਉਂਦਾ ਸਗੋਂ ਉਨ੍ਹਾਂ ਅੰਦਰਲੇ




ਮਾਨਸਿਕ ਕੁਹਰਾਮ ਵੱਲੋਂ ਗ੍ਰਹਿਣ ਕੀਤੀ ਜਾ ਸਕਦੀ ਭਵਿੱਖਤ ਦਿਸ਼ਾ ਬਾਰੇ ਸੋਚਣ ਦਾ ਫੈਸਲਾ ਪਾਠਕਾਂ 'ਤੇ ਹੀ ਛੱਡ ਦਿੰਦਾ ਹੈ। ਇਸ ਤਰ੍ਹਾਂ ਉਸ ਦੀਆਂ ਕਹਾਣੀਆਂ ਬੋਲੇ ਨਾਲ ਅਣਬੋਲੇ ਵਿਚਾਰਾਂ ਦਾ ਉਸਾਰ ਵਧੇਰੇ ਕਰਦੀਆਂ ਹਨ ਤੇ ਇਹ ਅਣ ਬੋਲਿਆ ਪਾਠਕਾਂ ਦੀ ਸੋਚਣ ਪ੍ਰਕਿਰਿਆ ਨੂੰ ਹੋਰ ਗੰਭੀਰ ਬਣਾਉਣ ਵਾਲਾ ਸਾਬਤ ਹੁੰਦਾ ਹੈ।

ਸੰਗ੍ਰਹਿ ਦੀ ਪਹਿਲੀ ਕਹਾਣੀ 'ਕਿਸੇ ਪਾਤਰ ਦੀ ਉਡੀਕ ਵਿਚ' ਮਾਨਵੀ ਰਿਸ਼ਤਿਆਂ ਵਿਚਲੇ ਨਿੱਘ ਨੂੰ ਉਸਦੀ ਸਮੁੱਚਤਾ ਸਮੇਤ ਮਾਨਣ ਦੀ ਕਲਾ ਬਾਰੇ ਬਹੁਤ ਮਾਰਮਿਕ ਤੇ ਭਾਵਪੂਰਤ ਬਿਰਤਾਂਤ ਸਿਰਜਦੀ ਹੈ। ਕਹਾਣੀ ਵਿਚਲੇ ਬਿਰਤਾਂਤਕਾਰ ਪਾਤਰ ਨੂੰ ਇਸ ਨਿੱਘ ਦਾ ਅਹਿਸਾਸ ਆਪਣੇ ਗੁਆਂਢੀ ਗੋਰੇ ਕਿਰਾਏਦਾਰ ਜੈਕ ਫਰੇਜ਼ਰ ਤੇ ਉਸਦੀ ਪਤਨੀ ਲਿੱਲੀ ਦੀ ਸੰਗਤ ਵਿਚੋਂ ਹੁੰਦਾ ਹੈ। ਉਨ੍ਹਾਂ ਦੇ ਕਿਰਾਏ ਵਾਲਾ ਘਰ ਛੱਡ ਕੇ ਚਲੇ ਜਾਣ ਤੋਂ ਬਾਅਦ ਉਹ ਆਪਣੇ ਅੰਦਰਲੇ ਖਲਾਅ ਨੂੰ ਭਰਨ ਲਈ ਉਨ੍ਹਾਂ ਜਿਹੇ ਹੀ ਕਿਸੇ ਪਾਤਰ ਦੀ ਉਡੀਕ ਕਰਦਾ ਹੈ ਤਾਂ ਉਸ ਅੰਦਰ ਪੈਦਾ ਹੋਏ ਖੁਦ ਉਨ੍ਹਾਂ ਵਰਗੇ ਬਣਨ ਦੇ ਭਾਵ ਇਸ ਕਹਾਣੀ ਦਾ ਹਾਸਲ ਬਣ ਜਾਂਦੇ ਹਨ।

ਕਹਾਣੀ 'ਮੌਤ ਦੀ ਉਡੀਕ ਵਿਚ' ਹਰ ਮਨੁੱਖ ਅੰਦਰ ਸਦੀਵੀ ਤੌਰ 'ਤੇ ਮੌਜੂਦ ਲੰਮੀ ਉਮਰ ਭੋਗਣ ਦੀ ਲਾਲਸਾ ਬਾਰੇ ਸੰਵਾਦ ਰਚਾਉਂਦਿਆਂ ਅਜੋਕੇ ਪਦਾਰਥਕ ਯੁੱਗ ਵਿਚ ਇਸ ਲਾਲਸਾ ਵੱਲੋਂ ਗ੍ਰਹਿਣ ਕੀਤੇ ਨਵੇਂ ਅਰਥਾਂ ਦੀ ਨਿਸ਼ਾਨਦੇਹੀ ਕਰਦੀ ਹੈ। ਜਦੋਂ ਅੰਧਰਗ ਦਾ ਸ਼ਿਕਾਰ ਹੋਈ ਮਾਂ ਦੀ ਲੰਬੀ ਉਮਰ ਉਸ ਲਈ ਨਰਕ-ਕੁੰਭ ਸਾਬਤ ਹੋਣ ਦੇ ਨਾਲ ਉਸਦੀ ਸੰਭਾਲ ਕਰਨ ਵਾਲੇ ਪਰਿਵਾਰਕ ਮੈਂਬਰਾਂ ਲਈ ਵੀ ਵੱਡਾ ਮਾਨਸਿਕ ਸੰਤਾਪ ਬਣ ਜਾਂਦੀ ਹੈ ਤਾਂ ਦੋਹੇਂ ਧਿਰਾਂ ਉਸਦੀ ਮੌਤ ਨੂੰ ਤੀਬਰਤਾ ਨਾਲ ਉਡੀਕਣ ਲੱਗਦੀਆਂ ਹਨ। ਕਹਾਣੀ ਬੁੱਢੀ ਮਾਂ ਵੱਲੋਂ ਮੰਗ ਕੇ ਲਈ ਮੌਤ ਨਾਲੋਂ ਆਪਣੇ ਪਾਤਰ ਡਾ. ਸਿੰਗਲਾ ਦੀ ਮੌਤ ਨੂੰ ਜੀਵਨ ਦਾ ਬਿਹਤਰ ਅੰਤ ਕਰਾਰ ਦਿੰਦੀ ਹੈ, ਜਿਹੜੀ ਅਚਨਚੇਤੀ ਹੀ ਉਸਨੂੰ ਭਵਿੱਖ ਦੇ ਦੁੱਖਾਂ ਤੋਂ ਛੁਟਕਾਰਾ ਦਿਵਾ ਜਾਂਦੀ ਹੈ।

ਕਹਾਣੀ 'ਰੇਤ ਦੇ ਘਰ' ਬਚਪਨ ਵਿਚ ਰੇਤ ਦੇ ਘਰਾਂ ਨੂੰ ਬਣਾਉਣ ਵੇਲੇ ਦੀ ਸਮਝ, ਮਾਸੂਮੀਅਤ ਤੇ ਮੁਹੱਬਤ ਨੂੰ ਅਜੋਕੇ ਸਮੇਂ ਦੌਰਾਨ ਬਣਾਏ ਜਾ ਰਹੇ ਪੱਕੇ ਘਰਾਂ ਦੀ ਭਾਵਨਾ ਨਾਲ ਤੁਲਨਾਉਂਦੀ ਹੈ ਤਾਂ ਕਹਾਣੀ ਦੇ ਮੁੱਖ ਪਾਤਰ ਨੂੰ ਆਪਣੀ ਮੁੱਠੀ ਵਿਚੋਂ ਰੇਤ ਵਾਂਗ ਬਹੁਤ ਕੁਝ ਕਿਰ ਜਾਣ ਦਾ ਅਹਿਸਾਸ ਹੁੰਦਾ ਹੈ। ਇਸ ਤਰ੍ਹਾਂ ਜਦੋਂ ਕਹਾਣੀ 'ਹਨੇਰੇ ਦੀ ਫਰਦ' ਤਰੱਕੀ ਦੇ ਨਾਂ 'ਤੇ ਪਿੰਡਾਂ ਦੇ ਹੋ ਰਹੇ ਤੇਜ਼ ਰਫਤਾਰ ਸ਼ਹਿਰੀਕਰਨ ਦੇ ਨਤੀਜਿਆਂ ਨੂੰ ਦਰਸਾਉਂਦੀ ਹੈ ਤਾਂ ਪਾਠਕ ਇਹ ਸੋਚ ਕੇ ਧੁਰ ਅੰਦਰ ਤੱਕ ਬੇ-ਚੈਨ ਹੋ ਜਾਂਦਾ ਹੈ ਕਿ ਪੇਂਡੂ ਘਰਾਂ ਦੀ ਥਾਂ 'ਤੇ ਉਸਰੇ ਸ਼ੋਅ ਰੂਮਾਂ ਦੀਆਂ ਨੀਹਾਂ ਹੇਠ ਉਨ੍ਹਾਂ ਦੇ ਪੁਰਖਿਆਂ ਦੀਆਂ ਬਹੁਤ ਸਾਰੀਆਂ ਪੈੜਾਂ ਦੱਬ ਗਈਆਂ ਹਨ। ਇਹ ਕਹਾਣੀ ਮਨੁੱਖੀ ਅਤੀਤ ਦਾ ਹਿੱਸਾ ਬਣਦੇ ਜਾ ਰਹੇ ਮੋਹਖੋਰੇ ਰਿਸ਼ਤਿਆਂ ਨੂੰ ਤਲਾਸ਼ ਕਰਦਿਆਂ ਆਪਣੇ ਪਾਠਕਾਂ ਨੂੰ ਵੀ ਇਸ ਤਲਾਸ਼ ਦਾ ਚੇਤੰਨ ਹਿੱਸਾ ਬਣਾਉਣਾ ਲੋਚਦੀ ਹੈ।




ਕਹਾਣੀ 'ਨਮਸ਼ਕਾਰ' ਪੇਟ ਦੀ ਭੁੱਖ ਤੇ ਪੈਸੇ ਦੀ ਭੁੱਖ ਵਿਚਲੇ ਫਰਕ ਨੂੰ ਸੂਖਮ ਕਲਾਤਮਿਕ ਛੋਹਾਂ ਰਾਹੀਂ ਰੂਪਮਾਨ ਕਰਦੀ ਹੈ। ਕਹਾਣੀ ਅਨੁਸਾਰ ਪੈਸੇ ਦੀ ਭੁੱਖ ਹਉਮੈ ਤੇ ਹੰਕਾਰ ਭਰੇ ਟਕਰਾਵਾਂ ਨੂੰ

(ਬਾਕੀ ਅਗਲੇ ਸਫੇ 'ਤੇ)

# ਜਿਸ ਨੇ 'ਜੇ' ਜਿੱਤ ਲਈ ਉਸ ਨੇ ਜ਼ਿੰਦਗੀ ਦੀ ਜੰਗ ਜਿੱਤ ਲਈ

ਸਾਡੀ ਮਾਂ (ਜਿਸ ਨੂੰ ਅਸੀਂ ਬੀਬੀ ਕਹਿੰਦੇ ਸੀ) ਅਕਸਰ ਇਕ ਗੱਲ ਕਿਹਾ ਕਰਦੀ ਸੀ- ਭਲਾ 'ਜੇ' ਵੀ ਵਿਆਹੀ ਐ ਕਿਸੇ ਨੇ? ਬਾਲਪਨ ਵਿਚ ਸਾਨੂੰ ਇਸ ਗਲ ਦੀ ਸਮਝ ਨਾਂ ਪੈਣੀ ਕਿ ਇਹ 'ਜੇ' ਕਿਸ ਕੋਕੋ ਦਾ ਨਾਮ ਹੈ, ਕੋਈ 'ਜੇ' ਨਾਲ ਵਿਆਹ ਕਿਉਂ ਕਰਾਉਣਾ ਚਾਹੇਗਾ ਅਤੇ ਇਹ 'ਆਕੜਖੋਰ ਜੇ' ਵਿਆਹ ਕਰਨੋਂ ਨਾਂਹ ਕਿਉਂ ਕਰਦੀ ਐ? ਵਡਿਆਂ ਹੋ ਕੇ ਇਸ ਦੇ ਸਹੀ ਅਰਥ



ਪ੍ਰੋ. ਜਸਵੰਤ ਸਿੰਘ ਗੰਡਮ
ਫੋਨ: +91 98766-55055

ਪਤਾ ਲਗੇ (ਵੈਸੇ ਇਹ ਵੀ ਪਤਾ ਨਹੀਂ ਕਿ ਪਤਾ ਲਗੇ ਵੀ ਕਿ ਨਹੀਂ!)

ਜੇ, ਜਦ, ਤਦ, ਯਦੀ, ਪਰ-ਪਰੰਤੂ, ਅਗਰ-ਮਗਰ, 'ਇਫਜ਼ ਐਂਡ ਬਟਜ਼' ਬੇਸ਼ਕ ਵੱਖ ਵੱਖ ਭਾਸ਼ਾਵਾਂ (ਹਿੰਦੀ, ਉਰਦੂ, ਫਾਰਸੀ, ਅੰਗਰੇਜ਼ੀ) ਦੇ ਸ਼ਬਦ ਹਨ ਪਰ ਅਰਥ ਸਭ ਦਾ ਕਰੀਬ ਇਕੋ ਜਿਹਾ ਹੀ ਹੈ। ਬਹਾਨੇਬਾਜ਼ੀ, ਰੋਕਾਂ, ਝਾਕਾ, ਬੇਯਕੀਨੀ, ਸ਼ਰਤਾਂ ਜਾਂ ਮਨ ਹਰਾਮੀ ਹੁੱਜਤਾਂ ਢੇਰ! ਇਹੀ ਅਰਥ ਹਨ ਇਹਨਾਂ ਢੁੱਚਰੀ ਸ਼ਬਦਾਂ ਦੇ।

ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨਕੋਸ਼ ਅਨੁਸਾਰ 'ਜੇ' ਸਰਵਨਾਮ ਹੈ ਅਤੇ 'ਜੋ' ਦਾ ਬਹੁਵਚਨ ਹੈ। ਉਹ ਵਿਚਿਤ੍ਰ ਨਾਟਕ ਦਾ ਹਵਾਲਾ ਵੀ ਦਿੰਦੇ ਹਨ-"ਜੇ ਅਪਨੇ ਗੁਰ ਤੇ ਮੁਖ ਫਿਰਹੇ"॥ਉਹ ਇਸ ਦਾ ਅਰਥ 'ਯਦਿ' ਅਤੇ 'ਅਗਰ' ਵੀ ਕਰਦੇ ਹਨ ਅਤੇ ਜਪੁਜੀ ਸਾਹਿਬ 'ਚੋਂ ਹਵਾਲਾ ਦਿੰਦੇ ਹਨ-"ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ"(ਅੰਗ2)॥ ਉਹ ਇਸ ਦਾ ਫਾਰਸੀ ਹਵਾਲਾ ਵੀ ਦਿੰਦੇ ਹਨ। ਇਕ ਹੋਰ ਅਰਥ ਕਰਦਿਆਂ ਉਹ 'ਜੋ/ਜਉ' ਦਾ ਭਾਵ 'ਜੇਹੜਾ' ਦਸਦੇ ਹਨ ਅਤੇ ਹਵਾਲਾ ਦਿੰਦੇ ਹਨ-"ਜੋ ਆਇਆ ਸੋ ਸਭੁ ਕੋ ਜਾਸੀ"॥(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1047)।

ਕੋਲਿਨਜ਼ ਇੰਗਲਿਸ਼ ਡਿਕਸ਼ਨਰੀ ਅਨੁਸਾਰ ਅੰਗਰੇਜ਼ੀ ਦੇ ਸ਼ਬਦ 'ਇਫ' ਅਤੇ 'ਬਟ' ਓਲਡ ਹਾਈ ਜਰਮਨ, ਓਲਡ ਸੈਕਸਨ ਰਾਹੀਂ ਓਲਡ ਇੰਗਲਿਸ਼ ਵਿਚ ਪ੍ਰਵੇਸ਼ ਕੀਤੇ। 'ਇਫ' ਜਿਫ, ਏਫ ਅਤੇ ਇਬਾ ਰਾਹੀਂ ਅਤੇ ਬਟ ਬਿਯੂਜ਼ਨ, ਬਿਊਟਨ ਰਾਹੀਂ ਬੁਟਾਨ (ਜਿਸ ਦਾ ਅਰਥ ਬਾਹਰ ਹੋਣਾ/ਜਾਣਾ ਸੀ) ਆਪਣੇ ਮੌਜੂਦਾ ਰੂਪ ਵਿਚ ਪੁੱਜੇ।

ਜਿਥੋਂ ਤਕ ਅੰਗਰੇਜ਼ੀ ਦੇ ਮੁਹਾਵਰੇ 'ਇਫਜ਼ ਐਂਡ ਬਟਜ਼' ਦਾ ਸਵਾਲ ਹੈ ਤਾਂ ਔਕਸਫੌਰਡ, ਕੈਂਬਰਿਜ ਅਤੇ ਮੇਰੀਅਮ ਵੈਬਸਟਰ ਡਿਕਸ਼ਨਰੀਆਂ ਅਨੁਸਾਰ ਇਸ ਦਾ 1600ਵਿਆਂ ਤਕ ਪਹਿਲਾ ਰੂਪ ਇਫਜ਼ ਅਤੇ ਐਂਡਜ਼ ਸੀ।

ਇਸ ਅਗਰ-ਮਗਰ ਬਾਰੇ ਅੰਗਰੇਜ਼ੀ ਕਵੀ ਰੌਬਰਟ ਬਰਾਊਨਿੰਗ (1812-89) ਨੇ ਆਪਣੀ ਪ੍ਰਸਿਧ ਕਵਿਤਾ 'ਦ ਲਾਸਟ ਰਾਈਡ ਟੂਗੈਦਰ'('ਮਹਿਬੂਬਾ ਨਾਲ ਆਖਰੀ ਘੋੜਸਵਾਰੀ) ਵਿਚ ਬਾਖੂਬੀ ਬਿਆਨ ਕੀਤਾ ਹੈ। ਆਸ਼ਕ ਆਪਣੇ ਅਮੋੜਵੇਂ ਇਸ਼ਕ ਨੂੰ ਸਵੀਕਾਰਦਾ ਹੋਇਆ ਆਪਣੀ ਮਹਿਬੂਬਾ ਕੋਲੋਂ ਇਕ ਆਖਰੀ ਸਵਾਰੀ ਦੀ ਮੰਗ ਕਰਦੈ ਜੋ ਮੰਨੀ ਜਾਂਦੀ ਹੈ। ਇਸ ਨਾਟਕੀ ਇਕਬਚਨੀ ਵਿਚ ਆਸ਼ਕ ਇਸ 'ਤੇ ਪ੍ਰਸੰਨਤਾ ਪ੍ਰਗਟ ਕਰਦਿਆਂ ਕਹਿੰਦੈ-'ਜੇ ਮੈਂ ਔਹ ਕਿਹਾ ਹੁੰਦਾ, ਜੇ ਮੈਂ ਆਹ ਕੀਤਾ ਹੁੰਦਾ/ਹੋ ਸਕਦੈ ਕੁਝ ਲਾਭ ਹੋ ਜਾਂਦੇ ਪਰ ਇਹ ਵੀ ਤਾਂ ਹੋ ਸਕਦਾ ਸੀ ਕਿ ਜੋ ਮਿਲਿਆ ਉਹ ਵੀ ਨਾ ਮਿਲਦਾ"! ਉਹ ਅਤਿਅੰਤ ਆਸ਼ਾਵਾਦੀ ਹੁੰਦਿਆਂ ਸੋਚਦੈ ਕਿ ਕੀ ਪਤੈ ਇਹ ਆਖਰੀ ਘੋੜ ਸਵਾਰੀ ਦਾ ਪਲ ਸਦੀਵੀ ਹੋ ਨਿਬੜੇ!

ਭਾਈ, 'ਜੇ ਹੋਵਨ ਦਿਨ ਪਧਰੇ, ਭੁਜੇ ਉਗਣ ਮੋਠ'!

ਰੁਡਯਾਰਡ ਕਿਪਲਿੰਗ ਨੇ ਤਾਂ ਇਕ ਕਵਿਤਾ ਦਾ ਸ਼ੀਰਸ਼ਕ ਹੀ 'ਇਫ' ਰਖਿਐ। 1895 ਵਿਚ ਲਿਖੀ ਅਤੇ 1910 ਵਿਚ ਪਹਿਲੀ ਵਾਰ ਛਪੀ ਇਸ ਕਵਿਤਾ ਵਿਚ ਕਵੀ ਆਪਣੇ ਪੁੱਤਰ ਨੂੰ ਨੇਕ ਸਲਾਹਾਂ ਦਿੰਦਿਆਂ ਅਨੇਕਾਂ ਵਾਰ 'ਜੇ'(ਇਫ) ਦਾ ਪ੍ਰਯੋਗ ਕਰਦੈ।

1956 ਦੀ ਹਿੰਦੀ ਫਿਲਮ 'ਕਰ ਭਲਾ' ਵਿਚ ਇਕ ਗੀਤ ਹੈ-'ਦੀਵਾਨੇ ਅਗਰ-ਮਗਰ ਕਾਹੇ ਸੋਚੇ, ਦੀਵਾਨੇ...2/ਮਾਰੇ ਦਿਲ ਪੇ ਤੀਰ ਨਜ਼ਰ ਲਗਾ ਲੇ ਨਿਸ਼ਾਨੇ"। ਆਹ ਹੁਣੇ ਜਿਹੀ ਆਈ ਇਕ ਫਿਲਮ 'ਸ਼ਿਕਾਰ'(2020) ਵਿਚ ਵੀ ਇਕ ਗੀਤ ਹੈ-"ਯੇ ਅਗਰ ਮਗਰ ਛੋੜ ਬਹਾਨਾ..."।

'ਜੇ, ਪਰ-ਪਰੰਤੂ, ਅਗਰ-ਮਗਰ' ਕੁਝ ਨਾ ਕਰਨ ਦੇ ਢਕੌਂਸਲੇ ਹਨ। ਕਹਿੰਦੇ ਹਨ ਅੱਜ ਤਾਂ ਕੰਮ ਕੱਲ੍ਹ ਤੇ ਨਾਂ ਟਾਲੋ। ਪਰ ਅਜੋਕੇ ਕਾਹਲਭਰੇ ਅਤੇ ਡਿਜਿਟਲ ਜ਼ਮਾਨੇ ਵਿਚ ਤਾਂ ਕਿਹਾ ਜਾਂਦੈ 'ਕੱਲ੍ਹ ਨਾਮ ਕਾਲ ਦਾ'। ਇਸ ਲਈ 'ਜੋ ਕਲ੍ਹ ਕਰੇ ਸੋ ਅੱਜ, ਜੋ ਅੱਜ ਕਰੇ ਸੋ ਅਬ (ਹੁਣ)'! 1965 ਦੀ ਕਲਾਸਿਕ ਹਿੰਦੀ ਫਿਲਮ 'ਵਕਤ' ਦਾ ਇਕ ਗੀਤ ਹੈ-"ਆਗੇ ਭੀ ਜਾਨੇ ਨਾ ਤੂ ਪੀਛੇ ਭੀ ਜਾਨੇ ਨਾ ਤੂ, ਜੋ ਭੀ ਹੈ ਬਸ ਜਹੀ ਇਕ ਪਲ ਹੈ"। ਅਜੋਕੀਆਂ ਫਿਲਮਾਂ 'ਹੇ ਬੇਬੀ' (2007) ਅਤੇ 'ਕੱਲ੍ਹ ਹੋ ਨਾ ਹੋ'(2003) ਇਸ ਨੂੰ ਵਖਰੇ ਅੰਦਾਜ਼ ਵਿਚ ਕਹਿੰਦੀਆਂ ਹਨ-"ਹੇ ਬੇਬੀ! ਜੀਅ ਲੇਨੇ ਦੇ ਇਸ ਪਲ ਕੋ, ਕੱਲ੍ਹ ਕੀ ਸੋਚੇਂਗੇ ਕੱਲ੍ਹ ਕੋ" ਅਤੇ "ਹਰ ਪਲ ਯਹਾਂ ਜੀਅ ਭਰ ਕੇ ਜੀਓ ਜੋ ਹੈ ਸਮਾਂ ਕੱਲ੍ਹ ਹੋ ਨਾ ਹੋ"।

ਪੀ.ਬੀ.ਸ਼ੈਲੀ (1792-1822) ਆਪਣੀ ਇਕ ਕਵਿਤਾ 'ਟੂ ਏ ਸਕਾਈਲਾਰਕ' ਵਿਚ ਬਹੁਤ ਸੁੰਦਰ ਲਿਖਦੈ-"ਅਸੀਂ ਅੱਗਾ-ਪਿੱਛਾ ਝਾਕਦੇ ਰਹਿੰਦੇ ਹਾਂ ਅਤੇ ਉਸ ਗੱਲ ਉਪਰ ਝੁਰਦੇ ਰਹਿੰਦੇ ਹਾਂ ਜੋ ਮਿਲੀ ਨਹੀਂ। ਇਸ ਕਾਰਨ ਹੀ ਸਾਡੇ ਸਭ ਤੋਂ ਸੁਹਿਰਦ ਹਾਸੇ ਉਦਾਸ ਖਿਆਲਾਂ ਨਾਲ ਭਰਪੂਰ ਹੁੰਦੇ ਹਨ; ਸਾਡੇ ਸਭ ਤੋਂ ਮਿੱਠੇ-ਪਿਆਰੇ ਗੀਤ ਉਹੀ ਹੁੰਦੇ ਹਨ ਜੋ ਸਭ ਤੋਂ ਵਧੇਰੇ ਉਦਾਸਾਕੁਨ ਹੁੰਦੇ ਹਨ!"

ਅਸੀਂ ਟਾਲਾ ਵਟਣ ਵਿਚ ਮਾਹਿਰ ਹਾਂ। 'ਹੁਣ' ਦੇ ਹਤਿਆਰੇ! ਸਾਡੇ ਤਾਂ ਇਥੇ ਜੇ ਕੋਈ ਇਹ ਕਹੇ ਕਿ 'ਬਸ ਹੁਣੇ ਆਇਆ' ਤਾਂ ਸਮਝੋ ਇਕ-ਅੱਧ ਘੰਟਾ ਲਾ ਕੇ ਆਊ; ਜੇ ਕੋਈ ਕਹੇ ਕਿ 'ਰੀਣ ਕੁ ਦੇਰ ਨਾਲ ਆਊਂ' ਤਾਂ ਸਮਝੋ ਆਥਣੇ ਆਊ ਅਤੇ ਜੇ 'ਜ਼ਰਾ ਠਹਿਰ ਕੇ' ਆਉਣ ਦਾ ਵਾਅਦਾ ਕਰਕੇ ਜਾਏ ਤਾਂ ਫਿਰ ਤਾਂ ਸਮਝੋ ਅਗਲੇ ਦਿਨ ਹੀ ਆਊ!

ਜੋ ਸਮਾਂ ਨਹੀਂ ਸਾਂਭਦੇ, ਸਮਾਂ ਉਨ੍ਹਾਂ ਨੂੰ ਨਹੀਂ ਸਾਂਭਦਾ।

ਜਿਨ੍ਹਾਂ ਨੇ 'ਜੇ' ਵਿਆਹ ਲਈ, ਉਨ੍ਹਾਂ ਨੇ ਜ਼ਿੰਦਗੀ ਦੀ ਜੰਗ ਜਿਤ ਲਈ! ਲਾਰੇ-ਲੱਪੇ, ਟਾਲ-ਮਟੋਲ, ਢਿੱਲ-ਮੱਠ ਨਾਂ ਕਿਸੇ ਰਾਹ ਪਾਉਂਦੇ ਹਨ, ਮੰਜ਼ਿਲ 'ਤੇ ਤਾਂ ਭਲਾ ਕੀ ਪਹੁੰਚਾਉਣਗੇ!

ਉਰਦੂ ਸ਼ਾਇਰ ਰਾਹਤ ਇੰਦੌਰੀ ਨੇ ਖੂਬ ਕਿਹੈ-

"ਤੂਫਾਨੋ ਸੇ ਆਂਖ ਮਿਲਾਓ, ਸੈਲਾਬੋਂ ਪਰ ਵਾਰ ਕਰੋ
ਮਲਾਹੋਂ ਕਾ ਚੱਕਰ ਛੋੜੋ, ਤੈਰ ਕੇ ਦਰਿਆ ਪਾਰ ਕਰੋ"!

ਅੰਤਿਕਾ-'ਜੇ' ਬਾਰੇ ਇਕ ਪੇਂਡੂ ਟੋਟਕੇ ਦਾ ਜ਼ਿਕਰ ਕਰਦੇ ਹਾਂ। ਅਖੇ 'ਜੇ ਭੂਆ ਦੇ ਮੁੱਛਾਂ ਹੁੰਦੀਆਂ ਤਾਂ ਉਹ ਚਾਚਾ ਹੁੰਦੀ (ਵੈਸੇ ਤਇਆ ਵੀ ਹੋ ਸਕਦੀ ਸੀ!)"

(ਟੋਟਕੇ ਦਾ ਇੱਕ-ਅੱਧ ਅਸਲੀ ਸ਼ਬਦ ਤਾਂ ਹੋਰ ਹੈ ਪਰ ਉਹ ਲਿਖਣਯੋਗ ਨਹੀਂ ਹੈ)

# ਵਿਰਾਸਤ ਨਾਲ ਜੁੜੇ ਲੋਕਾਂ ਦੀ ਕਹਾਣੀ 'ਪਿੰਡ ਅਮਰੀਕਾ'

ਭਾਵੇਂਕਿ ਪਿਛਲੇ ਕੁਝ ਸਾਲਾਂ ਤੋਂ ਬਹੁਤੀਆਂ ਪੰਜਾਬੀ ਫਿਲਮਾਂ ਦਾ ਨਿਰਮਾਣ ਵਿਦੇਸ਼ਾਂ ਵਿਚ ਹੋ ਰਿਹਾ ਹੈ ਪ੍ਰੰਤੂ ਅਫ਼ਸੋਸ ਕਿ ਇਹ ਫ਼ਿਲਮਾਂ ਆਪਣੇ ਅਸਲ ਵਿਸ਼ੇ ਤੋਂ ਭਟਕ ਕੇ ਰਹਿ ਜਾਂਦੀਆਂ ਹਨ। ਪਰਵਾਸੀ ਪੰਜਾਬੀਆਂ ਦਾ ਉਹ ਸੱਚ ਅੱਖੋਂ ਪਰੋਖੇ ਹੋ ਜਾਂਦਾ ਹੈ ਜੋ ਚਿਰਾਂ ਤੋਂ ਇਕ ਕੋੜੀ ਪ੍ਰੰਪਰਾ ਦਾ ਕੌੜਾ ਸੱਚ ਹੈ। ਲੇਖਕ ਨਿਰਦੇਸ਼ਕ ਸਿਮਰਨ ਸਿੰਘ ਨੇ ਆਪਣੀ ਫ਼ਿਲਮ 'ਪਿੰਡ ਅਮਰੀਕਾ' ਰਾਹੀਂ ਪਰਵਾਸੀ ਪੰਜਾਬੀਆਂ ਦੀ ਜ਼ਿੰਦਗੀ ਨੂੰ ਬਹੁਤ ਨੇੜੇ

ਸੁਰਜੀਤ ਜੱਸਲ
ਫੋਨ: 98146-07737

ਤੋਂ ਵਿਖਾਉਣ ਦਾ ਯਤਨ ਕੀਤਾ ਹੈ। ਇਸ ਵਿਚ ਜਿੱਥੇ ਅਨੇਕਾਂ ਚੰਗੇ ਪੱਖ ਹਨ, ਉਥੇ ਕੁਝ ਮਾੜੇ ਪੱਖ ਵੀ ਇਸ ਦਾ ਹਿੱਸਾ ਬਣੇ ਹਨ। ਖਾਸ ਕਰਕੇ ਰਿਸ਼ਤਿਆਂ ਦੀ ਅਪਣੱਤਾ-ਆੜ 'ਚ ਆਪਣੇ ਸਕੇ ਸਬੰਧੀਆਂ (ਮਾਪਿਆਂ) ਨੂੰ ਪੰਜਾਬ ਤੋਂ ਆਪਣੇ ਕੋਲ ਬੁਲਾਉਣਾ ਤਾਂ ਕਿ ਉਹ ਨੌਕਰਾਂ ਵਾਂਗ ਉਨ੍ਹਾਂ ਦੇ ਕੰਮ 'ਤੇ ਜਾਣ ਮਗਰੋਂ ਬੱਚਿਆਂ ਨੂੰ ਸਾਂਭ ਸਕਣ, ਘਰ ਦੀ ਸਾਫ ਸਫਾਈ, ਭਾਂਡੂ ਪੋਚਾ, ਰੋਟੀ ਟੁੱਕ ਕਰਦੇ ਰਹਿਣ। ਭਾਵੇਂਕਿ ਅਜਿਹੀ ਸੋਚ ਸਭ ਦੀ ਨਹੀਂ ਹੁੰਦੀ ਪਰ 'ਹੁੰਦੇ' ਜ਼ਰੂਰ ਹਨ।

ਦੂਜੇ ਪਾਸੇ ਇਹ ਫ਼ਿਲਮ ਵਿਦੇਸ਼ਾਂ ਵਿਚ ਰਹਿੰਦੇ ਉਨ੍ਹਾਂ ਲੋਕਾਂ ਦੀ ਕਹਾਣੀ ਹੈ ਜੋ ਆਪਣੀ ਰੋਜ਼ੀ ਰੋਟੀ ਲਈ ਪਿੰਡ ਛੱਡ ਆਏ ਪਰੰਤੂ ਪਿੰਡ ਨੇ ਉਨ੍ਹਾਂ ਨੂੰ ਨਹੀਂ ਛੱਡਿਆ। ਭਾਵੇਂ ਜ਼ਿੰਮੇਵਾਰੀਆਂ ਦਾ ਬੋਝ ਢੋਂਹਦੇ ਬੁੱਢੇ ਹੋ ਗਏ ਪਰ ਆਪਣੀ ਵਿਰਾਸਤ, ਸੱਭਿਆਚਾਰ ਨਾਲੋਂ ਟੁੱਟੇ ਨਹੀਂ।ਜਿਸ ਵਿਰਾਸਤ ਨੂੰ ਅਸਲ ਪੰਜਾਬ ਦੇ ਲੋਕ ਭੁਲਦੇ ਜਾ ਰਹੇ ਹਨ, ਇਨ੍ਹਾਂ ਨੇ ਵਿਦੇਸ਼ਾਂ ਵਿਚ ਰਹਿ ਕੇ ਵੀ ਸਾਂਭਣ ਦਾ ਯਤਨ ਕੀਤਾ ਹੈ। ਇਹ ਫ਼ਿਲਮ ਇਕ ਪਰਿਵਾਰਕ ਕਹਾਣੀ ਹੈ ਜਿਸ ਵਿਚ ਦਾਦਾ-ਪੋਤਾ ਦਾ



ਪਿਆਰ, ਨੂੰਹ ਸੱਸ ਦੀ ਨੋਕ ਝੋਕ ਹੈ, ਅੱਲ੍ਹੜ ਦਿਲਾਂ ਦੀ ਮੁਹੱਬਤੀ ਬਾਤ ਹੈ, ਇਸ ਤੋਂ ਇਲਾਵਾ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਲੋਕਾਂ ਦੀ ਸਾਂਝ ਦਿਖਾਈ ਗਈ ਹੈ। ਇਸ ਵਿਚ ਜ਼ਿੰਦਗੀ ਦੇ ਹਰੇਕ ਰੰਗ ਨੂੰ ਪੇਸ਼ ਕੀਤਾ ਗਿਆ ਹੈ।

ਲਾਇਨਜ਼ ਫ਼ਿਲਮਜ਼ ਪ੍ਰੋਡਕਸ਼ਨ ਹਾਊਸ ਅਤੇ ਸਿਮਰਨ ਪ੍ਰੋਡਕਸ਼ਨ ਦੇ ਬੈਨਰ ਹੇਠ ਬਣੀ ਇਸ ਫ਼ਿਲਮ 'ਪਿੰਡ ਅਮਰੀਕਾ' ਦੇ ਨਿਰਮਾਤਾ ਡਾ. ਹਰਚੰਦ ਸਿੰਘ ਯੂ.ਐਸ.ਏ. ਹਨ। ਫ਼ਿਲਮ ਵਿਚ ਅਮਰ ਨੂਰੀ, ਬੀ.ਕੇ ਸਿੰਘ ਰੱਖੜਾ, ਭਿੰਦਾ ਔਜਲਾ, ਪ੍ਰੀਤੋ ਸਾਹਨੀ, ਮਾਸਟਰ ਸੁਹੇਲ ਸਿੱਧੂ, ਕਮਲਜੀਤ ਨੀਰੂ, ਅਸ਼ੋਕ ਟਾਂਗਰੀ, ਮਲਕੀਤ ਮੀਤ, ਜਸਵੀਰ ਨਿੱਝਰ ਸਿੱਧੂ, ਡਾ. ਹਰਚੰਦ ਸਿੰਘ, ਪ੍ਰੀਤੀ ਰਾਏ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ। ਫ਼ਿਲਮ ਦੇ ਗੀਤ ਫਿਰੋਜ਼ ਖਾਨ, ਅਮਰ ਨੂਰੀ, ਅਲਾਪ ਸਿਕੰਦਰ, ਸਾਰੰਗ ਸਿਕੰਦਰ ਤੇ ਰਵੀ ਬਿੰਦ ਨੇ ਗਾਏ ਹਨ। ਇਨ੍ਹਾਂ ਗੀਤਾਂ ਨੂੰ ਬਾਬਾ ਨਜ਼ਮੀ, ਪ੍ਰੀਤ ਸੋਹਲ, ਮਲਕੀਤ ਮੀਤ ਅਤੇ ਜੀਤਾ ਉਪਲ ਨੇ ਲਿਖਿਆ ਹੈ। ਸੰਗੀਤ ਅਹਿਮਦ ਅਲੀ ਅਤੇ ਸਾਰੰਗ ਸਿਕੰਦਰ ਨੇ ਦਿੱਤਾ ਹੈ। ਫ਼ਿਲਮ ਦੇ ਲੇਖਕ ਨਿਰਦੇਸ਼ਕ ਸਿਮਰਨ ਸਿੰਘ ਨੇ ਦੱਸਿਆ ਕਿ ਇਹ ਫ਼ਿਲਮ ਵਿਦੇਸ਼ਾਂ ਵਿਚ ਰਹਿੰਦੇ ਉਨ੍ਹਾਂ ਲੋਕਾਂ ਦੀ ਕਹਾਣੀ ਹੈ ਜੋ ਅੱਜ ਵੀ ਆਪਣੀਆਂ ਜੜ੍ਹਾਂ ਨਾਲ ਜੁੜੇ ਹੋਏ ਹਨ। ਇਸ ਫ਼ਿਲਮ ਨੂੰ ਬਣਾਉਣ ਦਾ ਖਿਆਲ ਉਸਨੂੰ ਤਦ ਆਇਆ ਜਦ ਉਨ੍ਹਾਂ ਅਮਰੀਕਾ ਰਹਿੰਦੇ ਇਕ ਬਜ਼ੁਰਗ ਮਾਤਾ ਪੁਸ਼ਪਾ ਜੀ ਦੇ ਘਰ ਵਿਚ ਪੁਰਾਤਨ ਵਿਰਸੇ ਦੀ ਨਿਸ਼ਾਨੀ ਪਿੱਤਲ, ਕਾਂਸੀ ਦੇ ਬਰਤਨਾਂ ਸਮੇਤ ਪੰਜਾਬ ਦੇ ਰਵਾਇਤੀ ਭਾਂਡੇ ਛੱਜ, ਮਧਾਣੀਆਂ ਆਦਿ ਨੂੰ ਇਕ ਵਿਰਾਸਤੀ ਅਜਾਇਬ ਘਰ ਵਜੋਂ ਵੇਖਿਆ। ਮੈਂ ਸੋਚਿਆ ਕਿ ਪੰਜਾਬ ਤੋਂ ਦੂਰ ਆ ਕੇ ਵੀ ਪੰਜਾਬ ਦਾ ਕਲਚਰ ਇਨ੍ਹਾਂ ਲੋਕਾਂ ਤੋਂ ਵੱਖ ਨਹੀਂ ਹੋਇਆ, ਜਦ ਮੈਂ ਇਸ ਕਲਚਰ ਦੀ ਇਕ ਫੋਟੋ 'ਅਮਰੀਕਾ ਵਿਚ ਵਸਿਆ ਪਿੰਡ' ਕੈਪਸ਼ਨ ਲਿਖ ਕੇ ਫੇਸਬੁਕ 'ਤੇ ਪਾਈ ਤਾਂ ਲੋਕਾਂ ਨੇ ਬਹੁਤ ਪਸੰਦ ਕੀਤੀ ਤੇ ਇਸ ਬਾਰੇ ਫ਼ਿਲਮ ਬਣਾਉਣ ਦੀ ਸਲਾਹ ਦਿੱਤੀ।

ਪਿਛਲੇ 25 ਸਾਲਾਂ ਤੋਂ ਫ਼ਿਲਮ ਕਲਾ ਨਾਲ ਜੁੜੇ ਲੇਖਕ, ਨਿਰਦੇਸ਼ਕ, ਸੰਗੀਤ ਨਿਰਦੇਸ਼ਕ ਸਿਮਰਨ ਸਿੰਘ ਯੂ.ਐਸ.ਏ. ਇਸ ਤੋਂ ਪਹਿਲਾਂ ਫ਼ਿਲਮ 'ਪੁੰਨਿਆ ਦੀ ਰਾਤ, ਦਿੱਲੀ ਤੋਂ ਲਾਹੌਰ' ਅਤੇ 'ਪੱਗੜੀ ਸਿੰਘ ਦਾ ਤਾਜ' ਬਤੌਰ ਸੰਗੀਤ ਨਿਰਦੇਸ਼ਕ ਕਰ ਚੁੱਕੇ ਹਨ। ਲੇਖਕ ਅਤੇ ਡਾਇਰੈਕਟਰ ਵਜੋਂ ਉਸਨੇ ਅਨੇਕਾਂ ਧਾਰਮਿਕ ਡਾਕੂਮੈਂਟਰੀ ਅਤੇ ਸੰਗੀਤਕ ਐਲਬਮਾਂ ਪੰਜਾਬੀ ਲੋਕਾਂ ਨੂੰ ਦਿੱਤੀਆਂ ਹਨ। ਇਹ ਪੰਜਾਬੀ ਫ਼ਿਲਮ 'ਪਿੰਡ ਅਮਰੀਕਾ' ਉਸ ਦੀ ਪਹਿਲੀ ਵੱਡੀ ਫ਼ਿਲਮ ਹੈ ਜਿਸ ਲਈ ਉਹ ਪਿਛਲੇ ਕਈ ਸਾਲਾਂ ਤੋਂ ਸੰਘਰਸ਼ਸ਼ੀਲ ਰਿਹਾ। ਅਮੈਰਿਕਾ ਦੇ ਸਿਆਟਲ ਸ਼ਹਿਰ ਦਾ ਵਸਨੀਕ ਸਿਮਰਨ ਸਿੰਘ ਵਧਾਈ ਦਾ ਪਾਤਰ ਹੈ ਜਿਸਨੇ ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀਆਂ ਦੀ ਮਨੋਦਿਸ਼ਾ ਨੂੰ ਟੋਂਹਦਿਆਂ ਇਸ ਫ਼ਿਲਮ ਦਾ ਨਿਰਮਾਣ ਕੀਤਾ ਹੈ। ਅਕਤੂਬਰ ਨੂੰ ਰਿਲੀਜ਼ ਹੋ ਰਹੀ ਪੰਜਾਬੀ ਫ਼ਿਲਮ ਪਿੰਡ ਅਮਰੀਕਾ ਪੰਜਾਬੀ ਫ਼ਿਲਮ ਜਗਤ ਵਿਚ ਇਕ ਵਿਲੱਖਣ ਪੇਸ਼ਕਾਰੀ ਹੋਵੇਗੀ।

(ਪਿਛਲੇ ਸਫੇ ਦਾ ਬਾਕੀ)

ਹੀ ਜਨਮ ਦਿੰਦੀ ਹੈ ਪਰ ਪੇਟ ਦੀ ਭੁੱਖ ਮਿਟਾਉਣ ਲਈ ਮਨੁੱਖ ਲੜ-ਮਰ ਵੀ ਸਕਦਾ ਹੈ ਤੇ ਅਧੀਨਗੀ ਦੀਆਂ ਸਿਖਰਾਂ ਵੀ ਛੂਹ ਸਕਦਾ ਹੈ। ਪੇਟੋਂ ਭੁੱਖੇ ਮਨੁੱਖ ਵੱਲੋਂ ਰੱਜੇ ਮਨੁੱਖ ਕੋਲੋਂ ਕੁੱਤੇ ਨੂੰ ਪਾਈ ਜਾਣ ਵਾਲੀ ਰੋਟੀ ਖੋਹ ਕੇ ਭੱਜਣਾ ਤੇ ਇਸਦੀ ਪ੍ਰਾਪਤੀ ਹੋਣ 'ਤੇ ਆਪਣਾ ਸਿਰ ਆਪਣੇ ਢਿੱਡ ਤੱਕ ਲਿਜਾ ਕੇ ਨਮਸਕਾਰ ਕਰਨਾ ਕਹਾਣੀ ਵੱਲੋਂ ਸਿਰਜਿਆ ਪੇਟ ਦੀ ਭੁੱਖ ਦਾ ਬਹੁਤ ਹੀ ਕਲਾਸਿਕ ਬਿਰਤਾਂਤ ਹੈ।

ਕਹਾਣੀ 'ਨੂਣ' ਦੇ ਪਾਠ ਨੇ ਇੱਕ ਪਾਠਕ ਦੇ ਤੌਰ 'ਤੇ ਮੈਨੂੰ ਵਧੇਰੇ ਅਸਹਿਜ ਕੀਤਾ ਹੈ ਇਸ ਲਈ ਇਸ ਕਹਾਣੀ ਦਾ ਜ਼ਿਕਰ ਵੀ ਮੈਂ ਵਿਸ਼ੇਸ਼ ਤੌਰ 'ਤੇ ਹੀ ਕਰਨਾ ਚਾਹਾਂਗਾ। ਕਿਸੇ ਦੇ ਖਾਧੇ ਲੂਣ ਨੂੰ ਹਰਾਮ ਨਾ ਕਰਨ ਨਾਲ ਜੁੜੀ ਲੋਕ ਉਕਤੀ ਦੀ ਜਿਹੜੀ ਭਾਵਪੂਰਤ ਵਿਆਖਿਆ ਇਹ ਕਹਾਣੀ ਕਰਦੀ ਹੈ, ਉਹ ਪਾਠਕਾਂ ਨੂੰ ਧੁਰ ਅੰਦਰ ਤੱਕ ਬੇ-ਚੈਨ ਕਰਨ ਵਾਲੀ ਹੈ। ਜਦੋਂ ਕਹਾਣੀ ਨਮਕ ਹਲਾਲੀ ਦੀ ਕੋਈ ਸਟੀਕ ਉਦਾਹਰਣ ਤਲਾਸ਼ ਕਰਦੀ ਹੈ ਤਾਂ ਉਸਨੂੰ ਇਸ ਮਾਮਲੇ ਵਿਚ ਮਨੁੱਖੀ ਜਗਤ ਨਾਲੋਂ ਬੇ-ਜ਼ੁਬਾਨ ਤੇ ਬੇ-ਸਮਝ ਸਮਝਿਆ ਜਾਂਦਾ ਪਸ਼ੂ ਜਗਤ ਵੱਧ ਅੱਗੇ ਵਿਖਾਈ ਦਿੰਦਾ ਹੈ। ਇਸ ਕਹਾਣੀ ਵਿਚਲਾ ਮੁਰਦਾ ਪਸ਼ੂਆਂ ਦੀ ਖੱਲ ਉਤਾਰਣ ਵਾਲਾ ਸੁਦਾਗਰ ਆਪਣੀਆਂ ਪਰਿਵਾਰਕ ਲੋੜਾਂ ਦੀ ਪੂਰਤੀ ਲਈ ਪੰਦਰਾਂ ਰੁਪਏ ਵਿਚ ਇਕ ਮਰੀਅਲ ਜਿਹੀ ਕੱਟੀ ਖਰੀਦ ਕੇ ਉਸਦੀ ਸੇਵਾ ਸੰਭਾਲ ਕਰਦਾ ਹੈ ਤਾਂ ਉਹ ਕੱਟੀ ਬਿੰਗੇ ਸਿੰਗਾਂ ਵਾਲੀ ਮੱਝ ਦੇ ਰੂਪ ਵਿਚ ਆਪਣੀ ਸੰਭਾਲ ਤੇ ਖਾਧੇ ਨੂਣ ਦਾ ਮੁੱਲ ਕਿਸ਼ਤ ਦਰ ਕਿਸ਼ਤ ਪਰਿਵਾਰ ਨੂੰ ਮੋੜਦੀ ਹੈ। ਪਰਿਵਾਰ ਦੀਆਂ ਬਹੁਤ ਸਾਰੀਆਂ ਆਰਥਿਕ ਲੋੜਾਂ ਉਸ ਵੱਲੋਂ ਦਿੱਤੇ ਦੁੱਧ ਨੂੰ ਵੇਚ ਕੇ ਪੂਰੀਆਂ ਹੁੰਦੀਆਂ ਹਨ ਤੇ ਆਪਣੇ ਹਰ ਸੂਏ 'ਤੇ ਉਸ ਵੱਲੋਂ ਦਿੱਤੇ ਕਟਰੂ ਵੀ ਰੁਪਏ ਬਣ ਕੇ ਸੁਦਾਗਰ ਦੀ ਫਤੂਹੀ ਦੀ ਜੇਬ ਵਿਚ ਪੈਂਦੇ ਹਨ। ਜਦੋਂ ਬੁੱਢੀ ਹੋਣ 'ਤੇ ਉਹ ਪਰਿਵਾਰ ਦਾ ਸਹਾਰਾ ਬਨਣ ਤੋਂ ਅਸਮਰੱਥ ਹੋ ਜਾਂਦੀ ਹੈ ਤਾਂ ਵੀ ਖਟੀਕਾਂ ਕੋਲ ਵੇਚੇ ਜਾਣ 'ਤੇ ਸੌ ਰੁਪਏ ਹੋਰ ਸੁਦਾਗਰ ਦੀ ਜੇਬ ਵਿਚ ਪੈ ਜਾਂਦੇ ਹਨ। ਆਪਣੇ ਪਾਠਕਾਂ ਨੂੰ ਵਿਚਲਿਤ ਕਰਨ ਵਾਲਾ ਅਚਣਚੇਤੀ ਵਰਤਾਰਾ ਉਸ ਸਮੇਂ ਵਾਪਰਦਾ ਹੈ ਜਦੋਂ ਬਿੰਗੇ ਸਿੰਗਾਂ ਵਾਲੀ ਉਹ ਮੱਝ ਸਹਾਰਨਪੁਰ ਜਾਣ ਵਾਲੇ ਟਰੱਕ ਵਿਚ ਲੱਦਣ ਤੋਂ ਪਹਿਲਾਂ ਹੀ ਦਮ ਤੋੜ ਕੇ ਆਪਣੇ ਖਾਧੇ ਨੂਣ ਦਾ ਰਹਿੰਦਾ ਮੁੱਲ ਮੋੜਨ ਲਈ ਵਾਪਸ ਉਸ ਸਥਾਨ 'ਤੇ ਪਹੁੰਚ ਜਾਂਦੀ ਹੈ ਜਿੱਥੇ ਸੁਦਾਗਰ ਮਰੇ ਪਸ਼ੂਆਂ ਦੀ ਖੱਲ ਲਾਹੁੰਦਾ ਹੈ। ਸੁਦਾਗਰ ਦੀ ਆਤਮਿਕ ਆਵਾਜ਼ ਬਣ ਕੇ ਨਿਕਲਿਆ 'ਨੂਣ' 'ਨੂਣ' ਸ਼ਬਦ ਉਸ ਅੰਦਰ ਪੈਦਾ ਹੋਣ ਵਾਲੀ ਅਹਿਸਾਨਮੰਦੀ ਦੇ ਵੀ ਪ੍ਰਤੀਕ ਹਨ ਤੇ ਇਸ ਕਹਾਣੀ ਦੀ ਜਿੰਦ ਜਾਨ ਵੀ। ਕਹਾਣੀ ਦਾ ਅੰਤਲਾ ਵਾਕ "ਪ੍ਰਸਿੰਨੀ... ਇਹਨੂੰ ਕਿਹੜਾ ਮਾਸਟਰ ਪੜ੍ਹਾ ਗਿਆ ਬਈ ਮੈਂ ਚਮੜੇ ਦਾ ਕੰਮ ਕਰਦਾਂ??" ਇਸ ਅਹਿਸਾਨਮੰਦੀ ਦਾ ਸਿਖਰ ਸਿਰਜ ਕੇ ਇਸਨੂੰ ਮਨੁੱਖੀ ਸਮਾਜ ਦੀ ਵੱਡੀ ਲੋੜ ਵਜੋਂ ਉਭਾਰਦੇ ਹਨ।

ਕਹਾਣੀ 'ਸਿਰ ਦੇ ਵਾਲ' ਸੰਨ ਚੁਰਾਸੀ ਵਿਚ ਦਿੱਲੀ ਵਿਚ ਹੋਏ ਸਿੱਖ ਕਤਲੇਆਮ ਦੇ ਹਵਾਲੇ ਨਾਲ ਧਰਮ ਤੇ ਇਸਦੀ ਰਹਿਤ ਮਰਿਆਦਾ ਦੀ ਆਪਣੇ ਢੰਗ ਨਾਲ ਵਿਆਖਿਆ ਕਰਦੀ ਹੈ। ਸੰਨ ਚੁਰਾਸੀ ਦੇ ਦਿੱਲੀ ਕਤਲੇਆਮ ਦੇ ਸਮੇਂ ਦੌਰਾਨ ਰਜੀਵ ਦੇ ਦੋਸਤ ਸੰਨੀ ਤੇ ਮੈਂ (ਬਿਰਤਾਂਤਕਾਰ) ਇਸ ਗੱਲ ਨੂੰ ਲੈ ਕੇ ਬੇਹੱਦ ਚਿੰਤਤ ਹਨ ਕਿ ਦੇਹਰਾਦੂਨ ਵੱਲ ਗਏ ਰਜੀਵ ਦੇ ਸੁਰੱਖਿਅਤ ਹੋਣ ਬਾਰੇ ਕੋਈ ਖਬਰ ਸਾਰ ਨਹੀਂ ਮਿਲ ਰਹੀ। ਸੰਨੀ ਤੇ ਉਸਦਾ ਪਰਿਵਾਰ ਮੋਦੀਪੁਰਮ ਰਹਿ ਰਹੇ ਸੰਨੀ ਦੇ ਅੰਕਲ ਗੁਰਸੇਵਕ ਦੀ ਸੁੱਖ ਸਾਂਦ ਲਈ ਵੀ ਚਿੰਤਤ ਹੈ ਪਰ ਕੇਸਾਧਾਰੀ ਹੋਣ ਕਾਰਨ ਦੰਗਿਆਂ ਦੀ ਬਲਦੀ ਅੱਗ ਵਿਚ ਉਹ ਉਸਦਾ ਪਤਾ ਲੈਣ ਲਈ ਪੰਜਾਬ ਤੋਂ ਬਾਹਰ ਜਾਣ ਦਾ ਜੋਖ਼ਮ ਨਹੀਂ ਉਠਾ ਸਕਦੇ। ਇਸ ਸਮੇਂ ਕਹਾਣੀ ਦਾ ਬਿਰਤਾਂਤਕਾਰ ਆਪਣੀ ਹਿੰਦੂਆਂ ਵਰਗੀ ਦਿੱਖ ਤੇ ਮੋਨੇ ਹੋਣ ਨੂੰ ਢਾਲ ਬਣਾ ਕੇ ਪਹਿਲੋਂ ਦੇਹਰਾਦੂਨ ਰਜੀਵ ਕੋਲ ਪਹੁੰਚਦਾ ਹੈ ਤੇ ਫਿਰ ਉਹ ਦੋਵੇਂ ਮੋਦੀਪੁਰਮ ਸੰਨੀ ਦੇ ਅੰਕਲ ਗੁਰਸੇਵਕ ਲਾਂਬੇ ਦੇ ਘਰ ਪੁੱਜਦੇ ਹਨ ਤਾਂ ਸਿਰੇ ਦੇ ਤਣਾਉਪੂਰਨ ਮਾਹੌਲ ਵਿਚ ਵੀ ਮਾਨਵਤਾ ਆਪਣੇ ਜਿਉਂਦੇ ਹੋਣ ਦਾ ਸਬੂਤ ਦੇ ਜਾਂਦੀ ਹੈ। 'ਮੈਂ' ਰੂਪੀ ਬਿਰਤਾਂਤਕਾਰ ਭਾਵੇਂ ਕਿਸੇ ਧਾਰਮਿਕ ਮਰਿਆਦਾ ਦਾ ਧਾਰਨੀ ਨਹੀਂ ਹੈ ਅਤੇ ਸਮੋਕਿੰਗ ਵੀ ਕਰਦਾ ਹੈ ਫਿਰ ਵੀ ਉਸ ਅੰਦਰਲੀ ਪੰਜਾਬੀ ਕੌਮੀਅਤ 'ਬੋਲੇ ਸੋ ਨਿਹਾਲ' ਦੇ ਜੈਕਾਰੇ ਦਾ ਜੁਆਬ 'ਸਤਿ ਸ੍ਰੀ ਅਕਾਲ' ਵਜੋਂ ਹੀ ਦਿੰਦੀ ਹੈ।

ਕਹਾਣੀ 'ਉੱਚੀਆਂ ਆਵਾਜ਼ਾਂ' ਆਪਣੇ ਪਾਤਰ ਰਾਮ ਮੂਰਤੀ ਦੀਆਂ ਅੱਖਾਂ ਵਿਚ ਉਤਰੇ ਚਿੱਟੇ ਮੋਤੀਏ ਦੇ ਬਹਾਨੇ ਨਾਲ ਸਮਾਜਿਕ ਵਿਵਸਥਾ ਦੀਆਂ ਅੱਖਾਂ ਵਿਚਲੇ ਮੁਨਾਫੇਖੋਰੀ ਤੇ ਵਿਤਕਰੇਬਾਜ਼ੀ ਦੇ ਮੋਤੀਏ ਬਿੰਦ 'ਤੇ ਨਿਸ਼ਾਨਾ ਸੇਧਦੀ ਹੈ। ਇਹ ਮੋਤੀਆ ਬਿੰਦ ਜਦੋਂ ਰੱਬੀ ਦਰਜਾ ਰੱਖਦੇ ਡਾਕਟਰੀ ਪੇਸ਼ੇ ਦੀਆਂ ਅੱਖਾਂ ਵਿਚ ਉਤਰ ਆਉਂਦਾ ਹੈ ਤਾਂ ਮਰੀਜ਼ਾਂ ਨਾਲ ਵੀ ਮੁਨਾਫਾ ਆਧਾਰਤ ਵਿਤਕਰੇਬਾਜ਼ੀ ਦੀ ਸ਼ੁਰੂਆਤ ਹੋ ਜਾਂਦੀ ਹੈ। ਇਸ ਕਿੱਤੇ ਵਿਚ ਪੈਦਾ ਹੋਈ ਅਸੰਵੇਦਨਹੀਣਤਾ 'ਤੇ ਇਸ ਤੋਂ ਕਰੂਰ ਵਿਅੰਗ ਹੋਰ ਕੀ ਹੋ ਸਕਦਾ ਹੈ ਕਿ ਹਸਪਤਾਲ ਵੱਲੋਂ ਖਾਣਾ ਵੀ ਕੇਵਲ ਉਨ੍ਹਾਂ ਹੀ ਮਰੀਜ਼ਾਂ ਨੂੰ ਦਿੱਤਾ ਜਾਂਦਾ ਹੈ ਜਿਨ੍ਹਾਂ ਦਾ ਇਲਾਜ ਬੀਮਾ ਕੰਪਨੀ ਰਾਹੀਂ ਹੋਣ ਕਾਰਨ ਮੋਟੇ ਮੁਨਾਫੇ ਦੀ ਉਮੀਦ ਹੈ।

ਉਸ ਦੀਆਂ ਕਹਾਣੀਆਂ ਵਿਚਲੇ ਅਨੁਭਵ ਵੀ ਦੂਜੇ ਕਹਾਣੀਕਾਰਾਂ ਨਾਲੋਂ ਵੱਖਰੇ ਹਨ ਤੇ ਇਨ੍ਹਾਂ ਅਨੁਭਵਾਂ ਨੂੰ ਅਭਿਵਿਅਕਤੀ ਵਿਚ ਬਦਲਣ ਸਬੰਧੀ ਉਸਦਾ ਅੰਦਾਜ਼ ਵੀ ਵੱਖਰਾ ਹੈ। ਉਸ ਦੀਆਂ ਕਹਾਣੀਆਂ ਦੀਆਂ ਬਹੁਤ ਸਾਰੀਆ ਪਰਤਾਂ ਹਨ। ਮੈਂ ਕੇਵਲ ਆਪਣੀ ਪਸੰਦ ਦੀਆਂ ਉਨ੍ਹਾਂ ਪਰਤਾਂ ਦੀ ਗੱਲ ਕੀਤੀ ਹੈ ਜਿਹੜੀਆਂ ਮੇਰੀਆਂ ਜਗਿਆਸੂ ਬਿਰਤੀਆਂ ਦੀ ਤ੍ਰਿਪਤੀ ਵਿਚ ਸਹਾਈ ਬਣੀਆਂ ਹਨ। ਹਰ ਪਾਠਕ ਇਨ੍ਹਾਂ ਵਿਚੋਂ ਆਪਣੇ ਲਈ ਕੁਝ ਨਵਾਂ ਤਲਾਸ਼ ਕਰ ਸਕਦਾ ਹੈ। ਭਾਵੇਂ ਇਹ ਕਹਾਣੀਆਂ ਕਈ ਥਾਈਂ ਪਾਠਕਾਂ ਨੂੰ ਆਪਣੇ ਬੋਧ ਵਿਚਲੇ ਕੋਡ ਨੂੰ ਡੀਕੋਡ ਕਰਨ ਦੀ ਚੁਣੌਤੀ ਵੀ ਦਿੰਦੀਆਂ ਹਨ ਪਰ ਜਦੋਂ ਪਾਠਕ ਇਸ ਕੋਡ ਨੂੰ ਖੋਲ੍ਹ ਲੈਂਦਾ ਹੈ ਤਾਂ ਉਹ ਕਹਾਣੀਕਾਰ ਦੀ ਮਨੋ ਵਿਸ਼ਲੇਸ਼ਣੀ ਯੋਗਤਾ ਦੀ ਪ੍ਰਸ਼ੰਸਾ ਕੀਤੇ ਬਿਨਾਂ ਨਹੀਂ ਰਹਿ ਸਕਦਾ।

# ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ)- ਵਰ ਕਿ ਸਰਾਪ

ਪਿਛਲੇ ਕੁਝ ਸਾਲਾਂ ਵਿਚ ਆਧੁਨਿਕ ਟੈਕਨਾਲੋਜੀ ਦੀ ਤਰੱਕੀ ਨੇ ਮਨੁੱਖ ਨੂੰ ਹੈਰਾਨ ਅਤੇ ਪ੍ਰੇਸ਼ਾਨ ਕੀਤਾ ਹੈ ਅਤੇ ਗੰਭੀਰ ਪ੍ਰਸ਼ਨ ਵੀ ਪੈਦਾ ਕੀਤੇ ਹਨ। ਕੀ ਇਹ ਆਧੁਨਿਕ ਟੈਕਨਾਲੋਜੀ ਜਿਥੇ ਮਨੁੱਖ ਲਈ ਬਹੁਤ ਸਾਰੀਆਂ ਸਹੂਲਤਾਂ ਪੈਦਾ ਕਰ ਰਹੀ ਹੈ ਉਥੇ ਇਹ ਮਨੁੱਖ ਲਈ ਕਿਧਰੇ ਸਰਾਪ ਤਾਂ ਨਹੀਂ ਬਣ ਰਹੀ? ਭਾਵੇਂ ਇਹ ਸੋਸ਼ਲ ਮੀਡੀਆ ਹੋਵੇ, ਸਮਾਰਟ ਫ਼ੋਨ ਹੋਣ ਜਾਂ ਸੁੱਖ-ਸਹੂਲਤਾਂ ਵਾਲੀਆਂ ਵਸਤਾਂ ਜਿਹੜੀਆਂ ਅਸੀਂ ਆਮ ਜੀਵਨ ਵਿਚ ਵਰਤਦੇ ਹਾਂ। ਪਰ ਖੋਜ ਇਥੇ ਵੀ ਨਹੀਂ ਰੁਕੀ ਅਤੇ ਹੁਣ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਦੀ ਆਮਦ ਨੇ ਮਨੁੱਖ ਨੂੰ ਸੋਚਾਂ ਵਿਚ ਜ਼ਰੂਰ ਪਾ ਦਿਤਾ ਹੈ ਕਿ ਇਸ ਨਾਲ ਜੀਵਨ ਵਿਚ ਕਿਸ ਤਰ੍ਹਾਂ ਦੀ ਉਥਲ-ਪੁਥਲ ਪੈਦਾ ਹੋਵੇਗੀ?

ਪਿਛਲੇ ਕੁਝ ਸਾਲਾਂ ਵਿਚ ਆਰਟੀਫੀਸ਼ੀਅਲ ਇੰਟੈਲੀਜੈਂਸ ਅਸਾਧਾਰਨ ਰਫ਼ਤਾਰ ਨਾਲ ਅੱਗੇ ਵਧੀ ਹੈ। ਅੱਜ ਇਹ ਅਵਾਰਡ-ਜੇਤੂ, ਕਲਾਮਈ ਸਕ੍ਰਿਪਟਾਂ ਲਿਖਣ ਦੇ ਸਮਰੱਥ ਹੈ ਜਿਨ੍ਹਾਂ ਨੂੰ ਅਸਲ ਫਿਲਮਾਂ ਵਿਚ ਬਦਲਿਆ ਜਾ ਸਕਦਾ ਹੈ। ਚੈਟਜੀਪੀਟੀ (ChatGPT) ਨਵੀਨਤਮ ਐਪ ਹੈ ਜਿਸਨੇ ਤਕਨੀਕੀ ਅਤੇ ਮੀਡੀਆ ਦੇ ਲੋਕਾਂ ਨੂੰ ਹੈਰਾਨ ਕਰ ਦਿੱਤਾ ਹੈ। ਇਹ ਐਪ ਅਜੇਹੀ ਲਿਖਤ ਤਿਆਰ ਕਰਦਾ ਹੈ ਕਿ ਇਹ ਦੱਸਣਾ ਅਸੰਭਵ ਹੁੰਦਾ ਹੈ ਕਿ ਕੀ ਇਹ ਲਿਖਤ ਮਨੁੱਖ ਜਾਂ ਮਸ਼ੀਨ ਦੁਆਰਾ ਤਿਆਰ ਕੀਤੀ ਗਈ ਹੈ?

ਕੁਝ ਸਮਾਂ ਪਹਿਲਾਂ, ਖੋਜ ਕੰਪਨੀ ਓਪਨਏਆਈ ਨੇ ਚੈਟਜੀਪੀਟੀ (chatGPT) ਨੂੰ ਜਾਰੀ ਕੀਤਾ। ਇਹ ਇੱਕ ਭਾਸ਼ਾ ਮਾਡਲ ਹੈ ਜੋ ਇੱਕ ਉਪਭੋਗਤਾ ਦੁਆਰਾ ਪ੍ਰਦਾਨ ਕੀਤੇ ਖਾਸ ਵਿਚਾਰਾਂ ਦੇ ਆਧਾਰ 'ਤੇ ਸ਼ਾਨਦਾਰ ਢੰਗ ਨਾਲ ਢਾਂਚਾਗਤ ਦਲੀਲਾਂ ਦਾ ਨਿਰਮਾਣ ਕਰ ਸਕਦਾ ਹੈ। ਅਜੇਹਾ ਸਿਸਟਮ ਜੋ ਅੱਗੇ ਆਉਣ ਵਾਲੇ ਸ਼ਬਦਾਂ ਦੀ ਭਵਿੱਖਬਾਣੀ ਕਰਨ ਲਈ ਔਨਲਾਈਨ ਟੈਕਸਟ ਦੇ ਇੱਕ ਵਿਸ਼ਾਲ ਭੰਡਾਰ ਦੀ ਵਰਤੋਂ ਕਰਦਾ ਹੈ। ਇਹ ਐਪ ਮਸ਼ਹੂਰ ਲੇਖਕਾਂ ਦੀ ਸ਼ੈਲੀ ਵਿਚ ਨਵੀਆਂ ਕਹਾਣੀਆਂ ਲਿਖਣ, ਅਤੇ ਉਨ੍ਹਾਂ ਵਿਦਿਆਰਥੀਆਂ ਲਈ ਲੇਖ ਲਿਖਣ ਦੇ ਯੋਗ ਹੈ ਜੋ ਅੰਗਰੇਜ਼ੀ ਦੇ ਪੇਪਰ, ਆਈਲੈਟਸ ਜਾਂ ਟੌਫ਼ਲ ਵਰਗੇ ਇਮਤਿਹਾਨਾਂ ਵਿਚ ਆਸਾਨੀ ਨਾਲ ਪਾਸ ਹੋ ਸਕਦੇ ਹਨ। ਇਸ ਐਪ ਦੀ ਵਰਤੋਂ ਨੇ ਅਧਿਆਪਕਾਂ ਵਿਚ ਚਿੰਤਾ ਪੈਦਾ ਕਰ ਦਿੱਤੀ ਹੈ, ਜੋ ਅਸਾਨੀ ਨਾਲ ਆਮ ਵਿਦਿਆਰਥੀ ਵਰਗੀ ਲਿਖਤ ਨੂੰ ਪੈਦਾ ਕਰ ਸਕਦਾ ਹੈ।

ਸਕੂਲ ਵਿਚ ਨਕਲ ਮਾਰਨਾ ਕੋਈ ਨਵੀਂ ਗੱਲ ਨਹੀਂ ਹੈ, ਪਰ ਚੈਟਜੀਪੀਟੀ (chatGPT) ਵਰਗੇ ਐਪ ਪਿਛਲੇ ਸਮੇਂ ਵਿਚ ਵਿਦਿਆਰਥੀਆਂ ਦੁਆਰਾ ਵਰਤੇ ਗਏ ਢੰਗ ਤਰੀਕਿਆਂ ਤੋਂ ਸਪਸ਼ਟ ਤੌਰ 'ਤੇ ਵੱਖਰੇ ਹਨ। ਇਨ੍ਹਾਂ ਐਪਾਂ ਦੁਆਰਾ ਤਿਆਰ ਕੀਤੀ ਗਈ ਲਿਖਤ ਪੂਰੀ ਤਰ੍ਹਾਂ ਅਸਲੀ ਲੱਗਦੀ ਹੈ ਜਿਸਨੂੰ ਸਭ ਤੋਂ ਵਧੀਆ ਸਾਹਿਤਕ ਚੋਰੀ ਦੇ ਸੌਫ਼ਟਵੇਅਰ ਦੁਆਰਾ ਵੀ ਪਕੜਿਆ ਨਹੀਂ ਜਾ ਸਕਦਾ। ਇਹ ਐਪ ਵਿਦਿਆਰਥੀਆਂ ਨੂੰ ਉਹ ਜਾਣਕਾਰੀ ਵੀ ਪ੍ਰਦਾਨ ਕਰਦਾ ਹੈ ਜੋ ਉਨ੍ਹਾਂ ਨੂੰ ਆਪਣੇ ਆਪ ਲੱਭਣੀ ਚਾਹੀਦੀ ਹੈ।

ਪਰ ਕੁਝ ਅਧਿਆਪਕ ChatGPT ਨੂੰ ਇੱਕ ਸੰਕੇਤ ਦੇ ਤੌਰ 'ਤੇ ਦੇਖਦੇ ਹਨ ਜੋ ਹਰ ਪੱਧਰ 'ਤੇ ਸਕੂਲਾਂ ਵਿਚ ਵਰਤਿਆ ਜਾਵੇਗਾ। ਉਨ੍ਹਾਂ ਦੀ ਦਲੀਲ ਹੈ ਕਿ ਧੋਖਾਧੜੀ ਨੂੰ ਜੜ੍ਹੋਂ ਪੁੱਟਣਾ ਅਸੰਭਵ ਹੋਵੇਗਾ, ਕਿਉਂਕਿ ਇਹ ਨਿਰਧਾਰਤ ਕਰਨ ਲਈ ਕੋਈ ਅਜੇਹਾ ਤਰੀਕਾ ਨਹੀਂ ਹੋਵੇਗਾ ਕਿ ਇਹ ਲਿਖਤ ਪ੍ਰਮਾਣਿਕ ਹੈ ਜਾਂ ਮਸ਼ੀਨ ਦੁਆਰਾ ਬਣਾਈ ਗਈ ਹੈ। ਪਰ ਇਸ ਐਪ ਨਾਲ ਲਿਖਣ ਦੀ ਕਲਾ ਜਿਵੇਂ ਕਿ ਵਿਸ਼ਲੇਸ਼ਣ, ਆਲੋਚਨਾਤਮਕ ਸੋਚ, ਰਚਨਾਤਮਕਤਾ ਅਤੇ ਵਿਸ਼ੇਸ਼ ਦਲੀਲ ਨੂੰ ਲਿਖਤ ਵਿਚ ਪੇਸ਼ ਕਰਨ ਦੀ ਯੋਗਤਾ ਖਤਮ ਹੋ ਜਾਵੇਗੀ ।

ਕੁਝ ਦਾ ਕਹਿਣਾ ਹੈ ਕਿ ਇਹ ਚਿੰਤਾਵਾਂ ਬੇਲੋੜੀਆਂ ਹਨ। ਉਹ ਕਹਿੰਦੇ ਹਨ ਕਿ ਇਸ ਐਪ ਦੁਆਰਾ ਲਿਖੀ ਗਈ ਲਿਖਤ ਵਿਚ ਕੁਝ ਖਾਲੀ ਥਾਵਾਂ ਵਿਦਿਆਰਥੀ ਵਲੋਂ ਭਰਨੀਆਂ ਹੁੰਦੀਆਂ ਹਨ ਜਿਸ ਨਾਲ ਅਧਿਆਪਕ ਪਤਾ ਲਗਾ ਸਕਦਾ ਕਿ ਇਹ ਲਿਖਤ ਐਪ ਨੇ ਤਿਆਰ ਕੀਤੀ ਹੈ ਜਾਂ ਵਿਦਿਆਰਥੀ ਦੀ ਮੂਲ ਲਿਖਤ ਹੈ।

ਕੁਝ ਮਾਪੇ ਇਸ ਐਪ 'ਤੇ ਖੁਸ਼ ਹਨ ਅਤੇ ਇਸਨੂੰ ਬੱਚਿਆਂ ਦੀ ਲਿਖਣ-ਕਲਾ ਅਤੇ ਭਾਸ਼ਾ ਨੂੰ ਵਧੇਰੇ ਪਹੁੰਚਯੋਗ ਬਣਾਉਣ ਦੇ




ਤਰੀਕੇ ਵਜੋਂ ਦੇਖਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਟੈਕਸਟ ਜਨਰੇਟਰ ਉਨ੍ਹਾਂ ਵਿਦਿਆਰਥੀਆਂ ਦੀ ਮਦਦ ਕਰਨ ਲਈ ਪ੍ਰਮੁੱਖ ਸਾਧਨ ਹੋ ਸਕਦਾ ਹੈ ਜੋ ਲਿਖਣ ਲਈ ਸੰਘਰਸ਼ ਕਰਦੇ ਹਨ, ਕਿਉਂਕਿ ਅੰਗਰੇਜ਼ੀ ਉਨ੍ਹਾਂ ਦੀ ਪਹਿਲੀ ਭਾਸ਼ਾ ਨਹੀਂ ਹੈ। ਕੁਝ ਦਾ ਤਰਕ ਹੈ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਸਕੂਲਾਂ ਨੂੰ ਇਸ ਬਾਰੇ ਹੋਰ ਰਚਨਾਤਮਕ ਢੰਗ ਨਾਲ ਸੋਚਣ ਲਈ ਮਜਬੂਰ ਕਰੇਗਾ ਕਿ ਉਹ ਵਿਦਿਆਰਥੀਆਂ ਨੂੰ ਲਿਖਣਾ ਕਿਵੇਂ ਸਿਖਾਉਂਦੇ ਹਨ? ਇਹ ਐਪ ਵਿਦਿਅਕ ਅਦਾਰਿਆਂ ਨੂੰ ਪਾਠਕ੍ਰਮ ਵਿਚ ਸੁਧਾਰ ਕਰਨ ਲਈ ਪ੍ਰੇਰਿਤ ਵੀ ਕਰ ਸਕਦਾ ਹੈ।

ਇਹ ਪੁੱਛੇ ਜਾਣ 'ਤੇ ਕੀ ਆਰਟੀਫੀਸ਼ੀਅਲ ਇੰਟੈਲੀਜੈਂਸ ਅਕਾਦਮਿਕ ਲੇਖ ਲਿਖਣ ਨੂੰ ਖਤਮ ਕਰ ਦੇਵੇਗਾ, ਚੈਟਜੀਪੀਟੀ ਤਿਆਰ ਕਰਨ ਵਾਲਿਆਂ ਨੇ ਕੋਈ ਚਿੰਤਾ ਨਹੀਂ ਜ਼ਾਹਰ ਕੀਤੀ। ਉਨ੍ਹਾਂ ਦਾ ਕਹਿਣਾ ਹੈ ਕਿ ਹਾਲਾਂਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਤਕਨਾਲੋਜੀ ਨੇ ਕੁਦਰਤੀ ਭਾਸ਼ਾ ਦੀ ਪ੍ਰਕਿਰਿਆ ਵਿਚ ਬਹੁਤ ਤਰੱਕੀ ਕੀਤੀ ਹੈ ਅਤੇ ਪਰੂਫ ਰੀਡਿੰਗ ਅਤੇ ਵਿਆਕਰਣ ਦੀ ਜਾਂਚ ਵਰਗੇ ਕੰਮਾਂ ਵਿਚ ਸਹਾਇਤਾ ਕਰ ਸਕਦੀ ਹੈ। ਇਹ ਵਰਤਮਾਨ ਵਿਚ ਅਕਾਦਮਿਕ ਲਿਖਤ ਦਾ ਮੁੱਖ ਹਿੱਸਾ ਹੈ, ਪਰ ਇਹ ਗੰਭੀਰ ਸੋਚ ਅਤੇ ਵਿਸ਼ਲੇਸ਼ਣ ਨੂੰ ਪੂਰੀ ਤਰ੍ਹਾਂ ਦੁਹਰਾਉਣ ਦੇ ਸਮਰੱਥ ਨਹੀਂ ਹੈ। ਪਰ ਇਹ ਸਪੱਸ਼ਟ ਹੋਣ ਵਿਚ ਕਈ ਸਾਲ ਲੱਗ ਸਕਦੇ ਹਨ ਕਿ ਕੀ ਆਰਟੀਫੀਸ਼ੀਅਲ ਇੰਟੈਲੀਜੈਂਸ ਨਵ-ਸਿਖਿਆਰਥੀਆਂ ਲਈ ਵਰ ਹੈ ਜਾਂ ਸਰਾਪ।

ਇਕ ਵਿਦਿਅਕ ਅਦਾਰੇ ਦੇ ਮੁਖੀ ਦਾ ਮੰਨਣਾ ਹੈ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਨਾਲ ਇਕ ਧੋਖੇਬਾਜ਼ ਅਕਾਦਮਿਕ ਖ਼ਤਰਾ ਦਰਪੇਸ਼ ਹੈ। ਆਰਟੀਫੀਸ਼ੀਅਲ ਇੰਟੈਲੀਜੈਂਸ ਵਿਚ ਕ੍ਰਾਂਤੀ ਨੇ ਨਵੇਂ ਸ਼ਕਤੀਸ਼ਾਲੀ ਆਟੋਮੈਟਿਕ ਲਿਖਣ ਦੇ ਸਾਧਨ ਬਣਾਏ ਹਨ। ਇਹ ਉਹ ਮਸ਼ੀਨਾਂ ਹਨ ਜੋ ਸਕੂਲ ਅਤੇ ਯੂਨੀਵਰਸਿਟੀ ਦੇ ਪੇਪਰਾਂ ਵਿਚ ਧੋਖਾਧੜੀ ਕਰਨ ਦੇ ਅਨੁਕੂਲ ਹਨ ਜਿਸ ਨੂੰ ਫੜਨਾ ਮੁਸ਼ਕਲ ਹੈ ਭਾਵੇਂ ਪੂਰੀ ਤਰ੍ਹਾਂ ਅਸੰਭਵ ਨਹੀਂ ਹੈ।

ਯਾਦ ਰਹਿਣਾ ਚਾਹੀਦਾ ਹੈ ਕਿ ਮਨੁੱਖੀ ਸਿਰਜਣਾਤਮਕਤਾ ਕਿਤੇ ਜ਼ਿਆਦਾ ਸ਼ਕਤੀਸ਼ਾਲੀ ਹੈ, ਅਤੇ ਕੌਣ ਜਾਣਦਾ ਹੈ ਕਿ ਭਵਿੱਖ ਵਿਚ ਅਜਿਹੀ ਰਚਨਾਤਮਕਤਾ ਨੂੰ ਆਰਟੀਫੀਸ਼ੀਅਲ ਇੰਟੈਲੀਜੈਂਸ ਨਾਲ ਹੋਰ ਵੀ ਵਧਾਇਆ ਜਾ ਸਕੇ।

ਹੁਣ ਆਰਟੀਫੀਸ਼ੀਅਲ ਇੰਟੈਲੀਜੈਂਸ ਤਾਂ ਸਦਾ ਰਹੇਗੀ ਭਾਵੇਂ ਸਾਨੂੰ ਇਹ ਪਸੰਦ ਹੋਵੇ ਜਾਂ ਨਾ। ਬੇਈਮਾਨ ਵਿਦਿਆਰਥੀਆਂ ਨੂੰ ਇਨ੍ਹਾਂ ਸ਼ਾਰਟਕੱਟਾਂ ਦੀ ਵਰਤੋਂ ਕਰਨ ਦੀ ਯੋਗਤਾ ਪ੍ਰਦਾਨ ਕਰੇਗੀ। ਇਹ ਸਿੱਧੇ ਤੌਰ 'ਤੇ ਸਾਹਿਤਕ ਚੋਰੀ, ਅਤੇ ਉਨ੍ਹਾਂ ਕੰਪਨੀਆਂ ਲਈ ਇਕ ਵਪਾਰਕ ਨੁਸਖਾ ਵੀ ਹੈ ਜੋ ਪੇਪਰ, ਹੋਮਵਰਕ, ਅਤੇ ਟੈਸਟ ਦੇ ਜਵਾਬ ਵੇਚਦੀਆਂ ਹਨ।

ਆਰਟੀਫੀਸ਼ੀਅਲ ਇੰਟੈਲੀਜੈਂਸ ਸਦਕਾ ਹੀ ਸਾਈਬਰ ਕ੍ਰਾਈਮ ਵਿਚ ਵਾਧਾ ਹੋ ਰਿਹਾ ਹੈ ਕਿਉਂਕਿ ਕਿਸੇ ਵੀ ਵਿਅਕਤੀ ਦੀ ਆਵਾਜ਼ ਦੀ ਕਾਪੀ ਕਰ ਕੇ, ਹੂਬਹੂ ਉਸਦੀ ਆਵਾਜ਼ ਤੇ ਲਹਿਜ਼ੇ ਵਿਚ ਉਸਦੇ ਨੇੜਲੇ ਸਕੇ ਸਬੰਧੀ ਨੂੰ ਫ਼ੋਨ ਕਰ ਕੇ ਠੱਗੀ ਮਾਰਨ ਦੇ ਕੇਸ ਵੀ ਆਉਣੇ ਸ਼ੁਰੂ ਹੋ ਗਏ ਹਨ। ਹੈ। ਉੜੀਸਾ ਵਿਚ ਤਾਂ ਆਰਟੀਫੀਸ਼ੀਅਲ ਇੰਟੈਲੀਜੈਂਸ ਰਾਹੀਂ ਇਕ ਐਂਕਰ ਉੜੀਆ ਵਿਚ ਖ਼ਬਰਾਂ ਵੀ ਪੜ੍ਹਨ ਲੱਗ ਪਈ ਹੈ। ਕਰਨਾਟਕਾ ਵਿਚ ਇਕ ਐਨਜੀਓ ਆਰਟੀਫੀਸ਼ੀਅਲ ਇੰਟੈਲੀਜੈਂਸ ਨੂੰ ਲੋਕਾਂ ਰਾਹੀਂ ਲੋਕਾਂ ਵਾਸਤੇ ਵਰਤੋਂ ਕਰਨ ਦਾ ਅਨੋਖਾ ਤਜਰਬਾ ਕਰ ਰਹੀ ਹੈ ਜਿਸ ਰਾਹੀਂ ਵੱਖ ਵੱਖ ਕਬੀਲਿਆਂ ਦੀਆਂ ਉਪ-ਬੋਲੀਆਂ ਦਾ ਡਾਟਾ ਬਣਾ ਕੇ ਵੱਡੇ ਕਾਰਪੋਰੇਟ ਅਦਾਰਿਆਂ ਨੂੰ ਵੇਚ ਕੇ, ਇਸਦਾ ਕੁਝ ਹਿੱਸਾ ਆਮ ਲੋਕਾਂ ਨੂੰ ਦੇ ਕੇ ਆਮ ਲੋਕਾਂ ਦੀ ਆਮਦਨੀ ਵਧਾਈ ਜਾ ਰਹੀ ਹੈ।

ਪਰ ਫ਼ਿਕਰ ਵਾਲੀ ਗੱਲ ਇਹ ਹੈ ਕਿ ਜੇਕਰ ਆਰਟੀਫੀਸ਼ੀਅਲ ਇੰਟੈਲੀਜੈਂਸ ਰਾਹੀਂ ਫ਼ਿਲਮਾਂ ਦੀਆਂ ਸਕ੍ਰਿਪਟਾਂ ਲਿਖੀਆਂ ਜਾਣ ਲੱਗੀਆਂ ਅਤੇ ਐਕਟਰਾਂ ਦੀਆਂ ਅਵਾਜ਼ਾਂ ਵਿਚ ਡਾਇਲਾਗ ਬੋਲੇ ਜਾਣ ਲੱਗ ਪਏ ਤਾਂ ਫ਼ਿਲਮਾਂ ਦੇ ਲੇਖਕ, ਗੀਤਕਾਰ, ਐਕਟਰ ਆਦਿ ਸਾਰੇ ਵਿਹਲੇ ਹੋ ਜਾਣਗੇ। ਹੁਣ ਤਾਂ ਆਰਟੀਫੀਸ਼ੀਅਲ ਇੰਟੈਲੀਜੈਂਸ ਰਾਹੀਂ ਕਈ ਮਰਹੂਮ ਗਾਇਕਾਂ ਦੇ ਗੀਤ ਵੀ ਮਾਰਕਿਟ ਵਿਚ ਆ ਰਹੇ ਜਿਨ੍ਹਾਂ ਵਿਚ ਉਨ੍ਹਾਂ ਗਾਇਕਾਂ ਦੀ ਡਿਜੀਟਲ ਫੋਟੋ ਰਾਹੀਂ ਫ਼ਿਲਮਾਂਕਣ ਕੀਤਾ ਹੁੰਦਾ ਹੈ।

ਆਰਟੀਫੀਸ਼ੀਅਲ ਇੰਟੈਲੀਜੈਂਸ ਇਸ ਕਦਰ ਕਾਰਪੋਰੇਟ ਅਦਾਰਿਆਂ ਵਿਚ ਦਾਖ਼ਲ ਹੋ ਗਈ ਹੈ ਕਿ ਐਮਾਜ਼ੋਨ ਅਦਾਰਾ ਇਕ ਲੱਖ ਤੋਂ ਵੱਧ ਰੋਬੋਟਾਂ ਦੀ ਵਰਤੋਂ ਨਾਲ ਕਾਮਿਆਂ ਦੀਆਂ ਹੜਤਾਲਾਂ ਅਤੇ ਕੰਮ ਦੇ ਸੀਮਤ ਘੰਟਿਆਂ ਤੋਂ ਸੁਰਖ਼ਰੂ ਹੋ ਗਿਆ ਹੈ ਕਿਉਂਕਿ ਰੋਬੋਟ ਤਾਂ 24/7 ਕੰਮ ਕਰਦੇ ਹਨ।

ਇਹ ਵੀ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਹੀ ਵਰਤੋਂ ਹੈ ਕਿ ਅਸੀਂ ਹੁਕਮ ਕਰਦੇ ਹਾਂ ਕਿ ਹੇ ਸੀਰੀ! ਇਸ ਕਮਰੇ ਦਾ ਪੱਖਾ ਚਲਾ ਦੇ, ਉਸ ਕਮਰੇ ਦੀਆਂ ਲਾਈਟਾਂ ਜਗਾ ਦੇ, ਟੀਵੀ ਆਨ ਕਰਦੇ, ਫ਼ਲਾਨਾ ਚੈਨਲ ਲਗਾ ਦੇ ਤੇ ਫਲਾਨੇ ਨੂੰ ਫ਼ੋਨ ਮਿਲਾ ਦੇ। ਆਈਫ਼ਲ ਟਾਵਰ ਕਦੋਂ ਬਣਿਆ ਸੀ? ਜੀਪੀਐਸ ਵਿਚ ਵੀ ਤਾਂ ਆਰਟੀਫੀਸ਼ੀਅਲ ਇੰਟੈਲੀਜੈਂਸ ਰਾਹੀਂ ਸਟੋਰ ਕੀਤੀ ਜਾਣਕਾਰੀ, ਬੋਲ ਕੇ ਸਾਡਾ ਮਾਰਗ ਦਰਸ਼ਕ ਕਰਦੀ ਹੈ। ਇਕੱਲਤਾ ਭੋਗ ਰਹੇ ਵਿਅਕਤੀ ਤਾਂ ਸੀਰੀ ਨਾਲ ਹਰ ਤਰ੍ਹਾਂ ਦੀਆਂ ਗੱਲਾਂ ਕਰ ਕੇ ਆਪਣਾ ਸਮਾਂ ਪਾਸ ਕਰਦੇ ਹਨ ਕਿਉਂਕਿ ਸੀਰੀ ਨਾਲ ਤੁਸੀਂ ਕਿਸੇ ਵੀ ਵਿਸ਼ੇ ਬਾਰੇ ਗੱਲ ਕਰ ਸਕਦੇ ਹੋ। ਹੁਣ ਤਾਂ ਆਰਟੀਫੀਸ਼ੀਅਲ ਇੰਟੈਲੀਜੈਂਸ ਹੀ ਸਾਥੀ ਬਣ ਰਹੀ ਏ ਦਿਲ ਦੀਆਂ ਗੱਲਾਂ ਕਰਨ ਲਈ।

ਪਰ ਸਭ ਤੋਂ ਜ਼ਿਆਦਾ ਮਹੱਤਵਪੂਰਨ ਹੈ ਕਿ ਜਦੋਂ ਵੀ ਕੋਈ ਨਵੀਂ ਟੈਕਨਾਲੋਜੀ ਆਉਂਦੀ ਹੈ ਤਾਂ ਘਬਰਾਹਟ ਹੋਣੀ ਲਾਜ਼ਮੀ ਹੁੰਦੀ ਹੈ। ਇਹ ਤਾਂ ਵਰਤਣ ਵਾਲੇ ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਸਿਹਤਮੰਦ ਤਰੀਕੇ ਨਾਲ ਇਸ ਨੂੰ ਵਰਤਣ ਲਈ ਤਿਆਰ ਰਹੇ ਤਾਂ ਕਿ ਨਵੀਂ ਤਕਨਾਲੋਜੀ ਨੂੰ ਉਸਾਰੂ ਅਤੇ ਚੰਗੇਰੇ ਰੂਪ ਵਿਚ ਵਰਤਿਆ ਜਾਵੇ।

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ।***

# ਮਸ਼ੀਨੀ ਸਿਆਣਪ ਅਤੇ ਪੰਜਾਬੀ ਭਾਸ਼ਾ

ਤਬਦੀਲੀ ਇਸ ਬ੍ਰਹਿਮੰਡ ਦਾ ਕੇਂਦਰੀ ਨੁਕਤਾ ਹੈ। ਇਸ ਲਈ ਕੁਝ ਨੁਕਤੇ ਆਪਾਂ ਤਬਦੀਲੀ ਰਾਹੀਂ ਸਮਝਦੇ ਹਾਂ। ਕਾਗਜ਼ ਆਉਣ ਨਾਲ ਬਾਕੀ ਛਾਪੇਖਾਨੇ ਦੇ ਢੰਗ ਤੇ ਸਾਧਨ ਬਦਲ ਗਏ ਭਾਵ ਪਹਿਲਾਂ ਧਾਤ, ਕੱਪੜਾ ਆਦਿ ਬਹੁਤ ਸਾਰੇ ਸਾਧਨ ਸਨ ਜਿਨ੍ਹਾਂ ਉਪਰ ਛਾਪਿਆ ਜਾਂਦਾ ਹੀ। ਇਸੇ ਤਰ੍ਹਾਂ ਸਕਰੀਨ ਆਉਣ ਨਾਲ ਦ੍ਰਿਸ਼ ਮਾਧਿਅਮ ਤੇ ਪੇਸ਼ਕਾਰੀ ਦੇ ਸਾਰੇ ਮਾਧਿਅਮ ਬਦਲ ਗਏ, ਹੁਣ ਕਾਗਜ਼ ਵਾਲੀਆਂ ਚੀਜ਼ਾਂ ਵੀ ਸਕਰੀਨ ਰਾਹੀਂ ਪੇਸ਼ ਹੋਣ ਲੱਗੀਆਂ ਹਨ। ਇਸੇ ਤਰ੍ਹਾਂ ਦੀ ਤਬਦੀਲੀ ਦਾ ਇਕ ਪੜਾਅ



ਡਾ. ਪਰਮਜੀਤ ਸਿੰਘ ਕੱਟੂ
ਰਾਸ਼ਟਰੀ ਫ਼ਿਲਮ ਪੁਰਸਕਾਰ ਵਿਜੇਤਾ ਫ਼ਿਲਮਸਾਜ਼

ਮਸ਼ੀਨੀ ਸਿਆਣਪ (AI) ਹੈ ਜਿਸ ਨੇ ਮਨੁੱਖੀ ਸਿਆਣਪ ਦਾ ਬਦਲ ਪੇਸ਼ ਕਰਨ ਦੀ ਸੰਭਾਵਨਾ ਬਣਾ ਦਿੱਤੀ ਹੈ।

ਆਰਟੀਫੀਸ਼ੀਅਲ ਇੰਟੈਲੀਜੈਂਸ (AI) ਮਸ਼ੀਨਾਂ ਜਾਂ ਸੌਫਟਵੇਅਰ ਦੀ ਬੁੱਧੀ ਹੈ, ਮਨੁੱਖਾਂ ਜਾਂ ਜਾਨਵਰਾਂ ਦੀ ਬੁੱਧੀ ਦੇ ਉਲਟ। ਸੌਖੇ ਸ਼ਬਦਾਂ ਵਿਚ ਸਮਝਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਸੂਚਨਾ ਤਕਨਾਲੋਜੀ ਨੇ ਐਨਾ ਵਿਕਾਸ ਕਰ ਲਿਆ ਕਿ ਕੰਪਿਊਟਰ ਆਧਾਰਤ ਮਸ਼ੀਨਾਂ ਹੁਣ ਮਨੁੱਖਾਂ ਵਾਂਗੂੰ ਸੋਚ ਸਕਣਗੀਆਂ ਜਾਂ ਲਗਭਗ ਸੋਚਣ ਲੱਗ ਚੁੱਕੀਆਂ ਹਨ। ਆਰਟੀਫੀਸ਼ੀਅਲ ਇੰਟੈਲੀਜੈਂਸ (AI) ਦੇ ਉਭਾਰ ਨੇ ਉਦਯੋਗਾਂ, ਅਰਥਚਾਰਿਆਂ ਅਤੇ ਜੀਵਨਸ਼ੈਲੀ ਨੂੰ ਮੁੜ ਆਕਾਰ ਦੇਣ ਵਾਲੇ ਸਮਾਜ ਦੇ ਲਗਭਗ ਹਰ ਖੇਤਰ ਵਿਚ ਪ੍ਰਵੇਸ਼ ਕਰ ਲਿਆ ਹੈ। ਮਨੁੱਖੀ ਸਭਿਅਤਾ ਦੇ ਵਿਕਾਸ ਵਿਚ ਮਸ਼ੀਨੀ ਸਿਆਣਪ (AI) ਹੁਣ ਤਕ ਕੀਤੀ ਗਈ ਸਿਖ਼ਰਲੀ ਖੋਜ ਮੰਨੀ ਜਾ ਰਹੀ ਹੈ। ਇਸ ਲਈ ਇਹ ਮਨੁੱਖੀ ਇਤਿਹਾਸ ਵਿਚ ਨਿਵੇਕਲਾ, ਅਹਿਮ ਅਤੇ ਅਨੇਕਾਂ ਸ਼ੰਕਿਆਂ/ਖ਼ਤਰਿਆਂ ਵਾਲਾ ਸਿਖਰਲਾ ਪੜਾਅ ਵੀ ਬਣ ਰਹੀ ਹੈ। ਪ੍ਰਮਾਣੂ-ਸ਼ਕਤੀ ਦੀ ਖੋਜ ਅਤੇ ਮਨੁੱਖ ਦੇ ਕਲੋਨ ਤੋਂ ਬਾਅਦ ਦੀ ਸਭ ਤੋਂ ਵਧੇਰੇ ਸ਼ੰਕਾਵਾਂ ਤੇ ਖ਼ਤਰਿਆਂ ਦੀ ਲੱਭਤ ਬਣਦੀ ਜਾ ਰਹੀ ਹੈ।

ਭਾਸ਼ਾ ਨਾਲ ਸਬੰਧਿਤ ਮਸ਼ੀਨੀ ਸਿਆਣਪ ਦੀ ਕੇਂਦਰੀ ਐਪ ਚੈਟ ਜੀਪੀਟੀ ਹੈ। ਇਹ ਮਨੁੱਖ ਵਾਂਗ ਭਾਸ਼ਾ ਦੀ ਵਰਤੋਂ ਕਰਨ ਲੱਗੀ ਹੈ। ਇਸ ਹਵਾਲੇ ਨਾਲ ਜੇਕਰ ਸਮਕਾਲੀ ਸਥਿਤੀ ਦਾ ਜਾਇਜ਼ਾ ਲਿਆ ਜਾਵੇ ਤਾਂ ਚੈਟ ਜੀਪੀਟੀ ਨੂੰ ਜਿਹੜੇ ਵੱਡੇ ਮੁਲਕਾਂ ਨੇ ਬੈਨ ਕੀਤਾ ਹੋਇਆ ਹੈ ਉਨ੍ਹਾਂ ਵਿਚ ਚੀਨ, ਰੂਸ, ਕਿਊਬਾ, ਇਟਲੀ, ਸੀਰੀਆ ਆਦਿ ਪ੍ਰਮੁੱਖ ਹਨ। ਚੈਟ ਜੀਪੀਟੀ ਤੋਂ ਬਿੰਗ ਅਤੇ ਬਾਰਡ ਵੀ ਮੈਦਾਨ ਵਿਚ ਹਨ। ਇਸ ਦੇ ਨਾਲ ਹੀ 2 ਮਈ 2023 ਤੋਂ ਦੁਨੀਆਂ ਦੇ ਫ਼ਿਲਮ ਜਗਤ ਦੇ ਸਭ ਤੋਂ ਵੱਡੇ ਉਦਯੋਗ ਹਾਲੀਵੁੱਡ ਦੇ ਲੇਖਕਾਂ ਨੇ ਮਸ਼ੀਨੀ ਸਿਆਣਪ (AI) ਦੇ ਖਿਲਾਫ਼ ਹੜਤਾਲ ਕੀਤੀ ਹੋਈ ਹੈ। ਇਸ ਹੜਤਾਲ ਵਿਚ ਅਦਾਕਾਰਾਂ ਨੇ ਵੀ ਸ਼ਮੂਲੀਅਤ ਕਰ ਦਿੱਤੀ ਹੈ। ਇਹ ਸਪਸ਼ਟ ਰੂਪ ਵਿਚ ਮਸ਼ੀਨੀ ਸਿਆਣਪ (AI) ਦੇ ਫ਼ਿਲਮ ਉਦਯੋਗ ਉਪਰ ਹੋਣ ਵਾਲੇ ਪ੍ਰਭਾਵਾਂ ਅਤੇ ਮਨੁੱਖੀ ਸਿਰਜਕਾਂ ਦੇ ਵਿਹਲੇ ਹੋ ਜਾਣ ਦੇ ਖਤਰੇ ਕਰਕੇ ਕੀਤੀ ਗਈ ਹੜਤਾਲ ਹੈ ਕਿਉਂਕਿ ਮਸ਼ੀਨੀ ਸਿਆਣਪ ਨਾਲ ਕੁਝ ਘੰਟਿਆਂ ਵਿਚ ਹੀ ਪੂਰੀ ਫ਼ਿਲਮ ਦੀ ਸਕ੍ਰਿਪਟ ਲਿਖੀ ਜਾ ਸਕਦੀ ਹੈ। ਇਸ ਗੱਲ ਤੋਂ ਸਾਫ਼ ਪਤਾ ਚਲਦਾ ਹੈ ਕਿ ਆਉਣ ਵਾਲੇ ਸਮੇਂ ਵਿਚ ਸਿਰਜਣਾ ਦੇ ਮਾਇਨੇ ਬਦਲ ਜਾਣਗੇ ਜਾਂ ਇਉਂ ਕਹਿ ਲਈਏ ਕਿ ਜ਼ਿੰਦਗੀ ਦੇ ਹੀ ਮਾਇਨੇ ਬਦਲ ਜਾਣਗੇ।

ਇਸ ਖੇਤਰ ਵਿਚ ਸਭ ਤੋਂ ਵੱਡੀ ਹਲਚਲ ਇਹ ਹੋਈ ਕਿ ਮਸ਼ੀਨੀ ਸਿਆਣਪ (AI) ਦੇ ਪਿਤਾਮਾ ਕਹੇ ਜਾਂਦੇ ਜਿਓਫ਼ਰੀ ਹਿੰਟਨ ਨੇ ਇਸ ਖੇਤਰ ਵਿਚੋਂ ਆਪਣਾ ਅਸਤੀਫ਼ਾ ਦੇ ਦਿੱਤਾ ਹੈ। ਉਸ ਨੇ ਨਾਲ ਹੀ ਇਹ ਚੇਤਾਵਨੀ ਵੀ ਦਿੱਤੀ ਹੈ ਕਿ ਮਸ਼ੀਨੀ ਸਿਆਣਪ ਜਿਸ ਪੱਧਰ ਉਪਰ ਸਿਆਣੀ ਹੋ ਰਹੀ ਹੈ ਇਸ ਕਾਰਨ ਆਉਣ ਵਾਲੇ 5 ਸਾਲਾਂ ਵਿਚ ਹੀ ਦੁਨੀਆਂ ਦੇ ਤਬਾਹ ਹੋਣ ਦਾ ਖ਼ਤਰਾ ਬਣ ਗਿਆ ਹੈ। ਸਿਆਣਿਆਂ ਦਾ ਇਕ ਧੜਾ ਇਸ ਦੌਰ ਨੂੰ ਉਤਰ-ਮਾਨਵਵਾਦ ਦੇ ਨਾਂ ਨਾਲ ਪਰਿਭਾਸ਼ਿਤ ਕਰ ਰਿਹਾ ਹੈ। ਭਾਵ ਇਹ ਦੌਰ ਹੁਣ ਮਨੁੱਖ ਦੀ ਸਰਦਾਰੀ ਜਾਂ ਮਨੁੱਖ ਦੀ ਕੇਂਦਰੀ ਭੂਮਿਕਾ ਦੀ ਥਾਂ ਕੁਦਰਤ, ਮਸ਼ੀਨ ਅਤੇ ਮਨੁੱਖ ਦੇ ਸਾਂਝੇ ਸਹਿਹੋਂਦ ਵਾਲੇ ਰਿਸ਼ਤੇ ਉਪਰ ਟਿਕਿਆ ਹੋਵੇਗਾ।


ਜਦੋਂ ਦਹਾਕਾ ਪਹਿਲਾਂ ਯੂਨੈਸਕੋ ਦੀ ਭਾਸ਼ਾਵਾਂ ਬਾਰੇ ਰਿਪੋਰਟ ਆਈ ਸੀ ਕਿ ਦੁਨੀਆਂ ਦੀਆਂ ਬਹੁਤ ਸਾਰੀਆਂ ਭਾਸ਼ਾਵਾਂ ਖਤਮ ਹੋ ਜਾਣਗੀਆਂ ਤਾਂ ਪੰਜਾਬੀ ਅਕਾਦਮਿਕਤਾ ਨੇ ਇਸ ਬਾਰੇ ਇਕ ਗੰਭੀਰ ਸੰਵਾਦ ਰਚਾਇਆ ਸੀ ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਕੇਂਦਰੀ ਭੂਮਿਕਾ ਨਿਭਾਉਂਦਿਆਂ ਇਸ ਸੰਕਟਮਈ ਸਥਿਤੀ ਨਾਲ ਜੂਝਣ ਲਈ ਪੰਜਾਬੀ ਦ੍ਰਿਸ਼ਟੀ 2020 ਦਾ ਦਸਤਾਵੇਜ਼ ਵੀ ਤਿਆਰ ਕੀਤਾ ਸੀ ਪਰ ਉਸ ਉਪਰ ਬਹੁਤਾ ਅਮਲ ਨਹੀਂ ਹੋ ਸਕਿਆ। ਇਸ ਦਾ ਸਿੱਧਾ ਸਿੱਟਾ ਇਹ ਦੇਖਿਆ ਜਾ ਸਕਦਾ ਹੈ ਕਿ ਬਹੁਤ ਸਾਰੇ ਕਾਲਜਾਂ ਵਿਚੋਂ ਐਮ.ਏ. ਪੰਜਾਬੀ ਬੰਦ ਹੋ ਚੁੱਕੀ ਹੈ ਅਤੇ ਪ੍ਰਮੁੱਖ ਯੂਨੀਵਰਸਿਟੀਆਂ ਵਿਚ ਵੀ ਐਮ.ਏ. ਪੰਜਾਬੀ ਦੀਆਂ ਸੀਟਾਂ ਖਾਲੀ ਰਹਿ ਰਹੀਆਂ ਹਨ। ਮਸ਼ੀਨੀ ਸਿਆਣਪ ਨੇ ਪੰਜਾਬੀ ਭਾਸ਼ਾ ਅਤੇ ਸਾਹਿਤ ਲਈ ਵੀ ਇਕ ਗੰਭੀਰ ਸੰਕਟ ਤੇ ਸੰਭਾਵਨਾ ਵਜੋਂ ਵਿਚਰਨਾ ਹੈ। ਅਸੀਂ ਆਪਣੇ ਵਿਸ਼ੇ ਵਿਚ ਕਾਫ਼ੀ ਕੁਝ ਚੰਗਾ ਕਰਨ ਦੀ ਕੋਸ਼ਿਸ਼ ਕੀਤੀ ਹੋਵੇਗੀ ਪਰ ਕੁਝ ਗੱਲਾਂ ਸਾਡੇ ਅਵੇਸਲੇਪਣ ਦੀ ਮਿਸਾਲ ਵੀ ਹਨ। ਜਿਵੇਂ ਕਿ ਸਦੀ ਪਹਿਲਾਂ ਹੋਂਦ ਵਿਚ ਆਇਆ ਪੰਜਾਬੀ ਨਾਟਕ ਭਾਵੇਂ ਸਟੇਜ ਨਾਲ ਜੁੜਿਆ ਹੋਇਆ ਮਾਧਿਅਮ ਹੈ ਪਰ ਸਾਡੇ ਵਿਦਵਾਨਾਂ ਨੇ ਇਸ ਦੇ ਲਿਖਤ ਪਾਠ ਭਾਵ ਨਾਟਕ ਦੀ ਸਕ੍ਰਿਪਟ ਨੂੰ ਪੰਜਾਬੀ ਦੇ ਸਿਲੇਬਸਾਂ ਦਾ ਹਿੱਸਾ ਬਣਾਇਆ। ਪਰ ਇਸ ਸਾਰੇ ਮਸਲੇ ਵਿਚੋਂ ਨਾਟਕ ਤੋਂ ਬਾਅਦ ਤਕਨੀਕੀ ਵਿਕਾਸ ਦੇ ਅਗਲੇ ਪੜਾਅ ਉਪਰ ਸਾਹਮਣੇ ਆਈ ਫ਼ਿਲਮ ਨੂੰ ਤੇ ਇਸ ਦੀ ਸਕ੍ਰਿਪਟ ਨੂੰ ਅਸੀਂ ਵਿਸਾਰੀ ਰੱਖਿਆ ਹੈ। ਪੰਜਾਬੀ ਯੂਨੀਵਰਸਿਟੀ ਦੇ ਕਈ ਸੈਮੀਨਾਰਾਂ ਵਿਚ ਇਹ ਗੱਲ ਵੀ ਉਭਰ ਕੇ ਸਾਹਮਣੇ ਆਈ ਕਿ ਸਾਹਿਤ ਦੇ ਵਿਦਵਾਨਾਂ ਨੇ ਗੀਤ ਨੂੰ ਬਹੁਤ ਤਵੱਜੋ ਨਹੀਂ ਦਿੱਤੀ, ਇਸ ਲਈ ਪੰਜਾਬੀ ਸਾਹਿਤ ਦਾ ਛਿੰਦਾ ਪੁੱਤ ਗੀਤ ਮੰਡੀ ਦੇ ਧੱਕੇ ਚੜ੍ਹ ਤੇ ਪੰਜਾਬ ਦੀ ਕਮਾਊ ਧੀ ਫ਼ਿਲਮ ਦੀ ਸਕ੍ਰਿਪਟ ਉਪਰ ਕਿਸੇ ਦੀ ਸਵੱਲੀ ਨਜ਼ਰ ਨਹੀਂ ਪਈ।

ਕਿਸੇ ਭਾਸ਼ਾ ਦੀ ਤਰੱਕੀ ਵਿਚ ਉਸ ਦਾ ਸਿੱਖਿਆ ਪ੍ਰਬੰਧ ਤੇ ਭਾਸ਼ਾ ਆਧਾਰਿਤ ਅਦਾਰਿਆਂ ਦਾ ਮੁੱਖ ਯੋਗਦਾਨ ਹੁੰਦਾ ਹੈ ਭਾਵੇਂ ਸਾਹਿਤ, ਸਿਨੇਮਾ ਤੇ ਕਲਾ ਦੇ ਹੋਰ ਸਾਧਨ, ਪੱਤਰਕਾਰੀ ਵੀ ਬਹੁਤ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ। ਇਨ੍ਹਾਂ ਸਾਰੇ ਖੇਤਰਾਂ ਵਿਚ ਸਮਕਾਲੀ ਤਕਨੀਕ ਦੀ ਵਰਤੋਂ ਨਿਰਧਾਰਤ ਕਰਦੀ ਹੈ ਕਿ ਕੋਈ ਭਾਸ਼ਾ ਕਿੰਨਾ ਕੁ ਵਿਕਾਸ ਕਰ ਸਕਦੀ ਹੈ।

ਪੰਜਾਬੀ ਵਿਚ ਤਕਨੀਕੀ ਤੌਰ 'ਤੇ ਫੌਂਟ/ਅੱਖਰ/ਟਾਈਪਿੰਗ ਪੱਧਰ 'ਤੇ ਕਾਫੀ ਕੰਮ ਹੋ ਚੁੱਕਾ ਹੈ। ਫੌਂਟ ਤਬਦੀਲੀ ਆਦਿ ਵੀ ਕਾਬਿਲੇਤਾਰੀਫ਼ ਹੈ। ਫੋਟੋ ਤੋਂ ਅੱਖਰ ਪਰਿਵਰਤਨ ਦਾ ਮੁਢਲਾ ਕਾਰਜ ਹੋ ਚੁੱਕਾ ਹੈ ਪਰ ਬੋਲ ਤੋਂ ਅੱਖਰ/ਪਾਠ (speech to text) ਜਿਹੇ ਮਹੱਤਵਪੂਰਨ ਖੇਤਰਾਂ ਵਿਚ ਕਾਰਜ ਹੋਣਾ ਬਾਕੀ ਹੈ। ਇਹ ਸਾਰੇ ਮੁਢਲੇ ਪੜਾਅ ਵੀ ਪੰਜਾਬੀ ਵਿਚ ਹਾਲੇ ਅਸੀਂ ਪਾਰ ਕਰਨੇ ਹਨ। ਇਸ ਦੇ ਨਾਲ ਹੀ ਮਸ਼ੀਨੀ ਸਿਆਣਪ ਲਈ ਇੰਟਰਨੈੱਟ ਉਪਰ ਕਿਸੇ ਵੀ ਭਾਸ਼ਾ ਦਾ ਉਪਲਬਧ ਡਾਟਾ ਬਹੁਤ ਮਹੱਤਵਪੂਰਨ ਹੁੰਦਾ ਹੈ, ਜਿਸ ਵਿਚ ਪੰਜਾਬੀ ਭਾਸ਼ਾ ਹਾਲੇ ਕਾਫ਼ੀ ਪਿੱਛੇ ਹੈ। ਆਸ ਕਰਦੇ ਹਾਂ ਕਿ ਅਸੀਂ ਇਸ ਖੇਤਰ ਵਿਚ ਲੋੜੀਂਦੀ ਤਿਆਰੀ ਕਰ ਸਕਾਂਗੇ।

# ਹਨੇਰੇ ਰਾਹ

**ਕੈਨੇਡਾ ਵੱਸਦੇ ਲਿਖਾਰੀ ਹਰਪ੍ਰੀਤ ਸੇਖਾ (ਕੈਨੇਡਾ) ਦਾ ਨਾਵਲ 'ਹਨੇਰੇ ਰਾਹ' ਟਰੱਕਿੰਗ ਸਨਅਤ ਨਾਲ ਜੁੜੀਆਂ ਹਕੀਕਤਾਂ ਦੇ ਰੂ-ਬ-ਰੂ ਕਰਵਾਉਂਦਾ ਹੈ। ਬਤੌਰ ਲਿਖਾਰੀ ਉਹਦੀ ਅੱਖ ਉਹ ਹਨੇਰੇ ਖੂੰਜੇ ਵੀ ਫਰੋਲ ਲੈਂਦੀ ਹੈ ਜਿਹੜੇ ਆਮ ਕਰ ਕੇ ਅੱਖਾਂ ਤੋਂ ਓਹਲੇ ਰਹਿ ਜਾਂਦੇ ਹਨ। ਉਸ ਦੀ ਮਾਨਵਤਾਵਾਦੀ ਅਤੇ ਯਥਾਰਥਵਾਦੀ ਪਹੁੰਚ ਉਸ ਦੀਆਂ ਰਚਨਾਵਾਂ ਲਈ ਸੋਨੇ 'ਤੇ ਸੁਹਾਗੇ ਵਾਲਾ ਕੰਮ ਕਰਦੀ ਹੈ। 'ਹਨੇਰੇ ਰਾਹ' ਅਸਲ ਵਿਚ ਮੁਸੀਬਤਾਂ ਝਾਗਦੇ ਮਨੁੱਖ ਦੇ ਰਾਹ ਰੁਸ਼ਨਾਉਣ ਵੱਲ ਵਧਾਏ ਕਦਮ ਹਨ।**




## ਕਾਂਡ ਗਿਆਰਾਂ

## ਤੁਸੀਂ ਪੜ੍ਹ ਚੁੱਕੇ ਹੋ...

***ਕੈਨੇਡਾ ਵਿਚ ਇੱਕ ਹਾਦਸੇ ਦੌਰਾਨ ਗੁਰਸੀਰ ਸਿੰਘ ਦੇ ਭਣੋਈਏ ਦੀ ਮੌਤ ਹੋ ਜਾਂਦੀ ਹੈ। ਆਪਣੇ ਟੱਬਰ ਦੀ ਸਲਾਹ ਅਤੇ ਹੋਰ ਗਿਣਤੀਆਂ-ਮਿਣਤੀਆਂ ਤੋਂ ਬਾਅਦ ਉਹ ਭਣੋਈਏ ਦੇ ਸਸਕਾਰ ਮੌਕੇ ਕੈਨੇਡਾ ਪੁੱਜ ਜਾਂਦਾ ਹੈ। ਇਸੇ ਤਰ੍ਹਾਂ ਇਕ ਹੋਰ ਨੌਜਵਾਨ ਕਰਨਵੀਰ ਦੀ ਕਹਾਣੀ ਹੈ ਜੋ ਸਪੇਨ ਤੋਂ ਕੈਨੇਡਾ ਪੁੱਜਿਆ ਹੈ। ਕੈਨੇਡਾ ਵਿਚ ਆਪਣੇ ਪੈਰ ਲਾਉਣ ਲਈ ਜਗਸੀਰ ਅਤੇ ਕਰਨਵੀਰ ਦੀ ਜੱਦੋ-ਜਹਿਦ ਸ਼ੁਰੂ ਹੋ ਜਾਂਦੀ ਹੈ। ਕਰਨਵੀਰ ਨੂੰ ਟਰੱਕ ਦਾ ਲਾਇਸੈਂਸ ਲੈਣ ਲਈ ਜੋ ਜਫਰ ਪਾਲਣੇ ਪੈ ਰਹੇ ਹਨ, ਉਹ ਆਪਣੀ ਕਹਾਣੀ ਆਪ ਹੈ। ਟਰੱਕ ਸਨਅਤ ਵਿਚ ਪੈਰ-ਪੈਰ 'ਤੇ ਧੱਕਾ ਅਤੇ ਸ਼ੋਸ਼ਣ। ਫਿਰ ਗੁਰਸੀਰ ਦੀ ਪਤਨੀ ਅਮ੍ਰਿਤ ਅਤੇ ਭਰਾ ਬਲਵੀਰ ਵੀ ਕੈਨੇਡਾ ਪੁੱਜ ਜਾਂਦਾ ਹੈ। ਹੁਣ ਪੜ੍ਹੋ ਇਸ ਤੋਂ ਅਗਾਂਹ...***

ਗੁਰਸੀਰ

ਨੀਂਦ ਖੁੱਲ੍ਹੀ ਤਾਂ ਗੁਰਸੀਰ ਨੇ ਛੇਤੀ ਨਾਲ਼ ਆਪਣਾ ਫੋਨ ਚੁੱਕ ਕੇ ਦੇਖਿਆ। ਸ਼ਮਿੰਦਰ ਦਾ ਕੋਈ ਸੁਨੇਹਾ ਨਹੀਂ ਸੀ। ਕੁਝ ਪਲ ਉਹ ਫੋਨ ਵੱਲ ਦੇਖਦਾ ਰਿਹਾ। ਫਿਰ ਉਸ ਨੇ ਸੋਚਿਆ ਕਿ ਐਨੀ ਸਵੇਰੇ ਉਸ ਦਾ ਸੁਨੇਹਾ ਹੋ ਵੀ ਨਹੀਂ ਸੀ ਸਕਦਾ। ਜੇ ਕੋਈ ਲੋਡ ਹੋਵੇਗਾ ਵੀ ਤਾਂ ਇਸ ਬਾਰੇ ਦਸ-ਗਿਆਰਾਂ ਵਜੇ ਤੋਂ ਪਹਿਲਾਂ ਸੁਨੇਹਾ ਨਹੀਂ ਸੀ ਮਿਲਣਾ। ਰਾਤ ਗੁਰਸੀਰ ਨੂੰ ਉਮੀਦ ਸੀ ਪਰ ਰਾਤ ਕੋਈ ਸੁਨੇਹਾ ਨਹੀਂ ਸੀ ਆਇਆ। ਗੁਰਸੀਰ ਨੇ ਟਰੱਕ ਦੇ ਪਰਦੇ ਹਟਾ ਕੇ



**ਹਰਪ੍ਰੀਤ ਸੇਖਾ**
**ਫੋਨ: +1-778-231-1189**

ਬਾਹਰ ਦੇਖਿਆ। ਸੂਰਜ ਦੀਆਂ ਕਿਰਨਾਂ ਨਾਲ਼ ਧਰਤੀ 'ਤੇ ਵਿਛੀ ਬਰਫ਼ ਲਿਸ਼ਕਾਂ ਮਾਰ ਰਹੀ ਸੀ। ਗੁਰਸੀਰ ਦੇ ਚਿੱਤ 'ਚ ਆਈ ਕਿ ਉਹ ਉੱਠ ਕੇ ਤਿਆਰ ਹੋ ਕੇ ਬੈਠ ਜਾਵੇ। ਜਿਉਂ ਹੀ ਸ਼ਮਿੰਦਰ ਦਾ ਲੋਡ ਬਾਰੇ ਸੁਨੇਹਾ ਮਿਲੇਗਾ, ਉਹ ਤੁਰੰਤ ਚੱਲ ਪਵੇਗਾ। ਉਸ ਨੇ ਆਪਣਾ ਕੰਬਲ ਪਾਸੇ ਕੀਤਾ ਅਤੇ ਉੱਠ ਕੇ ਅੰਗੜਾਈ ਲਈ। ਉਸ ਨੂੰ ਕੱਛਾਂ ਵਿਚੋਂ ਬਦਬੂ ਆਈ। 'ਅੱਜ ਸ਼ਾਵਰ ਲੈ ਹੀ ਲਵਾਂ?' ਉਸ ਦੇ ਚਿੱਤ 'ਚ ਆਈ ਪਰ ਅਗਲੇ ਹੀ ਪਲ ਉਸ ਨੇ ਸੋਚਿਆ, 'ਕਿੱਥੇ ਦਸ ਡਾਲਰ ਖ਼ਰਾਬ ਕਰੂੰ। ਕੱਲ੍ਹ ਵਾਂਗ ਹੀ ਡੰਗ ਸਾਰ ਲੈਨੇ ਆਂ।' ਕੱਲ੍ਹ ਉਸ ਨੇ ਤੌਲੀਆ ਗਿੱਲਾ ਕਰ ਕੇ ਆਪਣੇ ਪਿੰਡੇ 'ਤੇ ਫੇਰ ਲਿਆ ਸੀ। ਤਿੰਨ ਦਿਨ ਪਹਿਲਾਂ, ਟਰੱਕ ਵਿਚ ਡੀਜ਼ਲ ਭਰਵਾਉਣ ਮੌਕੇ ਮਿਲਿਆ ਕੂਪਨ ਵਰਤ ਕੇ ਉਹ ਨਹਾਤਾ ਸੀ। ਟਰੱਕ ਉਦੋਂ ਤੋਂ ਹੀ ਖੜ੍ਹਾ ਸੀ। ਉਸ ਤੋਂ ਮਗਰੋਂ ਡੀਜ਼ਲ ਨਹੀਂ ਸੀ ਭਰਵਾਇਆ ਤੇ ਉਹ ਨਹਾਤਾ ਵੀ ਨਹੀਂ ਸੀ। ਗੁਰਸੀਰ ਨੇ ਟੂਥਪੇਸਟ, ਬੁਰਸ਼ ਤੇ ਡੀਓਡਰੈਂਟ ਵਗੈਰਾ ਵਾਲੇ ਬੈਗ ਨੂੰ ਤੌਲੀਏ ਉੱਪਰ ਰੱਖਿਆ ਅਤੇ ਮੋਟੇ ਕੱਪੜੇ ਪਾਉਣ ਲੱਗ ਪਿਆ। ਫਿਰ ਉਸ ਨੇ ਆਪਣੇ ਖਾਣੇ ਵਾਲ਼ਾ ਬੈਗ ਫਰੋਲਿਆ। ਉਸ ਵਿਚ ਦੋ ਪਿੰਨੀਆਂ ਹਾਲੇ ਪਈਆਂ ਸਨ। 'ਚੱਲ ਅੱਜ ਦੇ ਬ੍ਰੇਕਫਾਸਟ ਦਾ ਸਰ ਜਾਵੇਗਾ', ਉਸ ਨੇ ਸੋਚਿਆ ਤੇ ਉਹ ਟਰੱਕ ਸਟਾਪ ਦੀ ਇਮਾਰਤ ਵੱਲ ਤੁਰ ਲਿਆ। ਗ਼ੁਸਲਖਾਨੇ ਵਿਚੋਂ ਆਪਣੀ ਨਿਤਾ-ਪ੍ਰਤੀ ਤੋਂ ਵਿਹਲਾ ਹੋ ਕੇ ਬਾਹਰ ਆਇਆ ਤਾਂ ਟਰੱਕ ਸਟਾਪ ਦੀ ਰਸੋਈ ਵਿਚੋਂ ਉੱਠਦੀ ਗਰਮ ਖਾਣੇ ਦੀ ਮਹਿਕ ਨੇ ਉਸ ਦੇ ਕਦਮ ਓਧਰ ਮੋੜ ਦਿੱਤੇ। 'ਐਹੋ ਜਿਹਾ ਕੁਝ ਖਾ ਕੇ ਢਿੱਡ ਭਰ ਲਵਾਂ ਕਿ ਦੁਪਿਹਰੇ ਕੁਝ ਖਾਣਾ ਨਾ ਪਵੇ', ਉਸ ਨੇ ਸੋਚਿਆ। ਫਿਰ ਉਸ ਨੂੰ ਆਪਣੇ ਸਾਥੀ ਡਰਾਈਵਰ ਦਾ ਕਿਹਾ ਯਾਦ ਆ ਗਿਆ। ਉਸ ਨੇ ਵਾਅਦਾ ਕੀਤਾ ਸੀ ਕਿ ਜਦੋਂ ਲੋਡ ਮਿਲ ਗਿਆ, ਉਹ ਇਕ ਅੱਧੇ ਡੰਗ ਦਾ ਖਾਣਾ ਆਪਣੀ ਭੂਆ ਦੇ ਘਰੋਂ ਲੈ ਆਵੇਗਾ। ਉਹ ਮਾਂਟਰੀਅਲ ਪਹੁੰਚਣ ਸਾਰ ਹੀ ਉਸ ਦੇ ਘਰ ਚਲਾ ਗਿਆ ਸੀ। ਗੁਰਸੀਰ ਨੇ ਕੌਫ਼ੀ ਦਾ ਕੱਪ ਖ਼ਰੀਦਿਆ ਅਤੇ ਆਪਣੇ ਟਰੱਕ ਵੱਲ ਮੁੜ ਪਿਆ। ਨਾਲ਼ ਵਾਲੇ ਟਰੱਕ ਦਾ ਡਰਾਈਵਰ ਬਾਹਰ ਖੜ੍ਹਾ ਸਿਗਰਟ ਫੂਕ ਰਿਹਾ ਸੀ। ਗੁਰਸੀਰ ਦੇ ਨੇੜੇ ਪਹੁੰਚਦਿਆਂ ਉਹ ਬੋਲਿਆ, "ਲੁਕਸ ਲਾਈਕ ਯੂ ਆਰ ਰੈਡੀ ਟੂ ਰੋਲ- ਲਗਦੈ ਕਿ ਤੂੰ ਤਿਆਰੀ 'ਚ ਹੈਂ।"

"ਨੋ, ਸਟਿੱਲ ਵੇਟਿੰਗ- ਨਾ, ਹਾਲੇ ਉਡੀਕ ਕਰਦੈਂ।" ਗੁਰਸੀਰ ਨੇ ਹੌਲ਼ੀ ਆਵਾਜ਼ 'ਚ ਕਿਹਾ।

"ਕੋਈ ਨਾ ਫ਼ਿਕਰ ਨਾ ਕਰ, ਮਿਲ ਜਾਵੇਗਾ।"

"ਮਿਲ ਜਾਵੇ ਤਾਂ ਚੰਗੈ, ਅੱਜ ਤੀਜਾ ਦਿਨ ਐ। ਇਸ ਤਰ੍ਹਾਂ ਉਡੀਕ ਕਰਨੀ ਬਹੁਤ ਔਖੀ ਐ।"

"ਔਖੀ ਤਾਂ ਹੈ।"

"ਮੇਰੀ ਤਾਂ ਫਰਿੱਜ ਵੀ ਖਾਲੀ ਹੋ ਗਈ ਹੈ।"

"ਇਸ ਤਰ੍ਹਾਂ ਉਡੀਕ ਵੇਲੇ ਤੇਰੀ ਕੰਪਨੀ ਖਾਣੇ ਦਾ ਭੱਤਾ ਨਹੀਂ ਦਿੰਦੀ?"

"ਖਾਣੇ ਦਾ ਭੱਤਾ ਤਾਂ ਕੀ, ਉਹ ਤਾਂ ਉਡੀਕ ਕਰਨ ਦਾ ਵੀ ਕੁਝ ਨਹੀਂ ਦਿੰਦੀ।"

"ਤੂੰ ਮਜ਼ਾਕ ਕਰਦੈਂ?"

"ਨਹੀਂ ਸੱਚ-ਮੁੱਚ ਇਸ ਤਰ੍ਹਾਂ ਹੀ ਹੈ।"

"ਫਿਰ ਤੂੰ ਕਿਉਂ ਐਸੀ ਕੰਪਨੀ ਵਿਚ ਫਸਿਆ ਹੋਇਐਂ? ਟਰੱਕ ਡਰਾਈਵਰਾਂ ਦੀਆਂ ਤਾਂ ਬਹੁਤ ਨੌਕਰੀਆਂ।"

"ਮੈਂ ਇਕ ਕੰਪਨੀ ਨਾਲ਼ ਬੱਝਵੇਂ ਵਰਕ ਪਰਮਿਟ 'ਤੇ ਹਾਂ। ਦੋ ਸਾਲ ਕੰਪਨੀ ਨਹੀਂ ਬਦਲ ਸਕਦਾ।"

"ਤੈਨੂੰ ਮੁੱਢਲੇ ਭੱਤੇ ਤਾਂ ਮਿਲਣੇ ਹੀ ਚਾਹੀਦੇ ਆ। ਇਹ ਕੈਨੇਡਾ ਹੈ। ਕੰਪਨੀ ਤੇਰੇ ਨਾਲ਼ ਇਸ ਤਰ੍ਹਾਂ ਨਹੀਂ ਕਰ ਸਕਦੀ। ਤੈਨੂੰ ਉਨ੍ਹਾਂ ਨਾਲ਼ ਗੱਲ ਕਰਨੀ ਚਾਹੀਦੀ ਹੈ।"

'ਤੈਨੂੰ ਹੋਰ ਕੀ ਕੀ ਦੱਸਾਂ, ਜਿਹੜਾ ਕੁਝ ਤੇਰੇ ਇਸ ਕੈਨੇਡਾ 'ਚ ਕੰਪਨੀਆਂ ਕੱਚੇ ਬੰਦਿਆਂ ਨਾਲ਼ ਕਰਦੀਐਂ", ਗੁਰਸੀਰ ਦੇ ਚਿੱਤ 'ਚ ਆਈ ਪਰ ਉਸ ਨੇ ਕਿਹਾ ਨਹੀਂ। ਉਹ ਬੋਲਿਆ, "ਠੰਢ ਲਗਦੀ ਐ। ਮੈਂ ਅੰਦਰ ਬੈਠਦਾਂ।" ਇਹ ਆਖ ਕੇ ਗੁਰਸੀਰ ਟਰੱਕ 'ਚ ਚੜ੍ਹ ਗਿਆ। ਪਿੰਨੀਆਂ ਖਾ ਕੇ ਉਸ ਨੇ ਆਪਣਾ ਫੋਨ ਚਲਾ ਲਿਆ। ਫੋਨ ਦਾ ਡਾਟਾ ਆਪਣੀ ਸੀਮਾ ਤੋਂ ਉੱਪਰ ਹੋ ਗਿਆ ਸੀ। ਉਹ ਉਡੀਕ ਵਾਲੀਆਂ ਦੋਹੇਂ ਰਾਤਾਂ ਯੂਟਿਊਬ ਦੇਖਦਾ ਰਿਹਾ ਸੀ। ਗੁਰਸੀਰ ਨੇ ਫੋਨ ਪਾਸੇ ਰੱਖ ਦਿੱਤਾ। ਡਰਾਈਵਰ ਦੀ ਕਹੀ ਗੱਲ ਕਿ ਮੁੱਢਲੇ ਭੱਤੇ ਤਾਂ ਮਿਲਣੇ ਹੀ ਚਾਹੀਦੇ ਆ, ਉਸ ਦੇ ਦਿਮਾਗ਼ 'ਚ ਮੁੜ ਮੁੜ ਚੱਕਰ ਕੱਟਣ ਲੱਗੀ। ਗੁਰਸੀਰ ਨੇ ਸੋਚਿਆ, 'ਵਿਹਲਾ ਬੈਠਾਂ। ਕੋਈ ਕਮਾਈ ਨਹੀਂ। ਨਾ ਕੰਮ 'ਤੇ ਹਾਂ, ਨਾ ਛੁੱਟੀ ਐ। ਵਿਚ ਵਿਚਾਲੇ ਲਟਕੀ ਜਾਨੈ। ਅੱਜ ਵੀ ਪਤਾ ਨੀ ਮਿਲੂ ਲੋਡ ਕਿ ਨਹੀਂ", ਇਹ ਸੋਚਦਿਆਂ ਗੁਰਸੀਰ ਦਾ ਮਨ ਕਾਹਲਾ ਪੈਣ ਲੱਗਾ। ਕੁਝ ਦੇਰ ਬਾਅਦ ਉਸ ਨੇ ਸ਼ਮਿੰਦਰ ਨੂੰ ਫੋਨ ਮਿਲਾ ਲਿਆ। ਬੋਲਿਆ, "ਭਾਅ ਜੀ, ਕੱਢੋ ਲੋਡ ਕਿੱਧਰੋਂ। ਵਿਹਲੇ ਦਾ ਟੈਮ ਕਿਹੜਾ ਨਿਕ਼ਲਦੈ।"

"ਲੋਡ ਮੈਂ ਕਛਿਹਰੇ 'ਚੋਂ ਕੱਢ ਕੇ ਦੇਣਾ ਇਆ? ਜਦੋਂ ਆ ਗਿਆ, ਦੇ ਦਊਂ। ਮੇਰਾ ਕਿਹੜਾ ਜੀਅ ਕਰਦੈ ਟਰੱਕ ਖੜ੍ਹਾ ਰੱਖਣ ਨੂੰ।" ਸ਼ਮਿੰਦਰ ਦੇ ਬੋਲ ਸੁਣ ਕੇ ਗੁਰਸੀਰ ਆਪਣੇ ਆਪ ਨੂੰ ਕੋਸਣ ਲੱਗਾ ਕਿ ਕਿਉਂ ਉਸ ਨੇ ਫੋਨ ਕਰ ਲਿਆ। ਉਸ ਦਾ ਮਨ ਹੋਰ ਉਚਾਟ ਹੋ ਗਿਆ। ਉਸ ਨੂੰ ਆਪਣੇ ਡਰਾਈਵਰ ਸਾਥੀ 'ਤੇ ਖਿਝ ਚੜ੍ਹਨ ਲੱਗੀ ਜਿਹੜਾ ਆਰਾਮ ਨਾਲ਼ ਆਪਣੀ ਰਿਸ਼ਤੇਦਾਰੀ 'ਚ ਜਾ ਟਿਕਿਆ ਸੀ। 'ਹੋਰ ਨੀ ਤਾਂ ਫੋਨ ਕਰ ਕੇ ਰੋਟੀ ਪਾਣੀ ਦਾ ਹੀ ਪੁੱਛ ਲੈਂਦਾ', ਗੁਰਸੀਰ ਦੇ ਚਿੱਤ 'ਚ ਆਈ। ਆਪਣੇ ਮਨ ਨੂੰ ਹੋਰ ਪਾਸੇ ਪਾਉਣ ਲਈ ਗੁਰਸੀਰ ਨੇ ਸੋਚਿਆ ਕਿ ਉਹ ਬਾਹਰ ਨਿਕ਼ਲ ਕੇ ਕੁਝ ਦੇਰ ਟਹਿਲ ਲਵੇ ਪਰ ਠੰਢ ਬਾਰੇ ਸੋਚ ਕੇ ਘੇਸਲ ਮਾਰ ਲਈ। ਕੁਝ ਦੇਰ ਬਾਅਦ ਸ਼ਮਿੰਦਰ ਦਾ ਫੋਨ ਆ ਗਿਆ। ਉਹ ਬੋਲਿਆ, "ਮੈਂ ਤੈਨੂੰ ਐਡਰੈੱਸ ਟੈਕਸਟ ਕਰਦਾ ਇਆਂ। ਉੱਥੋਂ ਟਰੇਲਰ ਲੋਡ ਕਰਵਾ ਲਿਆ। ਗਿਆਨੀ ਆਉਂਦਾ ਇਆ ਮਾਂਟਰੀਅਲ। ਜਦੋਂ ਤਕ ਉਸ ਨੇ ਪਹੁੰਚਣਾ ਇਆ, ਤੂੰ ਲੋਡ ਕਰਵਾ ਲਵੇਂਗਾ। ਉਸ ਨਾਲ਼ ਟਰੇਲਰ ਵਟਾ ਲਵੀਂ। ਤੂੰ ਤਾਂ ਵਿਹਲਾ ਈ ਬੈਠਾ ਇਆਂ। ਉਹਦਾ ਟਾਈਮ ਬਚ ਜਾਊ।"

ਗੁਰਸੀਰ ਕਹਿਣਾ ਚਾਹੁੰਦਾ ਸੀ, 'ਤੇ ਮੇਰਾ ਲੋਡ?' ਉਹ ਸੋਚ ਹੀ ਰਿਹਾ ਸੀ ਕਿ ਇਹ ਪੁੱਛੇ ਜਾਂ ਨਾ, ਸ਼ਮਿੰਦਰ ਨੇ ਆਪ ਹੀ ਦੱਸ ਦਿੱਤਾ। ਉਸ ਨੇ ਕਿਹਾ, "ਧਾਡਾ ਲੋਡ ਆਥਣ ਤਕ ਤਿਆਰ ਹੋਊ।"

"ਠੀਕ ਐ ਜੀ।" ਗੁਰਸੀਰ ਨੇ ਢਿੱਲੀ ਆਵਾਜ਼ 'ਚ ਕਿਹਾ ਤੇ ਟਰੱਕ ਦਾ ਇੰਜਣ ਚਾਲੂ ਕਰ ਲਿਆ। ਟਰੱਕ ਦੇ ਦੁਆਲੇ ਗੇੜਾ ਕੱਢਣ ਲਈ ਉਹ ਬਾਹਰ ਨਿਕਲਿਆ। ਨਾਲ਼ ਵਾਲੇ ਟਰੱਕ ਦਾ ਡਰਾਈਵਰ ਬੋਲਿਆ, "ਲਗਦਾ ਹੈ ਚੰਗੀ ਖ਼ਬਰ ਹੈ?"

"ਨਹੀਂ। ਮੈਂ ਇਕ ਵਗਾਰ ਕਰਨ ਚੱਲਿਆ ਹਾਂ।"

"ਕੀ ਮਤਲਬ? ਕੱਲ੍ਹ ਵਾਂਗ ਫਿਰ ਟਰੱਕ ਦੀ ਕੋਈ ਮੁਰੰਮਤ ਕਰਵਾਉਣ ਵਾਲੀ ਐ?" ਡਰਾਈਵਰ ਨੇ ਪੁੱਛਿਆ। ਗੁਰਸੀਰ ਨੇ ਰਾਤ ਉਸ ਨੂੰ ਦੱਸਿਆ ਸੀ ਕਿ ਕੰਪਨੀ ਮਾਲਕ ਨੇ ਉਸ ਨੂੰ ਵਿਹਲਾ ਹੋਣ ਕਰ ਕੇ ਟਰੱਕ ਦੀ ਸਰਵਿਸ ਕਰਵਾਉਣ ਲਈ ਕਿਹਾ ਸੀ, ਜਿੱਥੇ ਉਸ ਦੀ ਸਾਰੀ ਦਿਹਾੜੀ ਲੱਗ ਗਈ ਸੀ। ਇਹ ਸੁਣ ਕੇ ਡਰਾਈਵਰ ਬੋਲਿਆ ਸੀ, "ਇਹ ਤਾਂ ਵਧੀਆ ਹੈ। ਵਿਹਲੇ ਸਮੇਂ ਦਾ ਸਹੀ ਉਪਯੋਗ। ਨਾ਼ਲੇ ਕੰਪਨੀ ਦਾ ਕੰਮ ਹੋ ਗਿਆ, ਨਾ਼ਲੇ ਤੂੰ ਨਹੀਂ ਵਿਹਲਾ ਬੈਠਿਆ। ਤੈਨੂੰ ਇਸ ਕੰਮ ਦਾ ਚੋਖਾ ਮੁਆਵਜ਼ਾ ਮਿਲਿਆ ਹੋਵੇਗਾ?"

"ਨਾ। ਇਹ ਤਾਂ ਮੁਫ਼ਤ ਦੀ ਵਗਾਰ ਸੀ।"

"ਫੇਰ ਕੀ ਫਾਇਦਾ। ਕੰਪਨੀ ਦਾ ਕੰਮ ਹੈ, ਉਹ ਆਪ ਕਰਵਾਉਣ।" ਇਹ ਸੁਣ ਕੇ ਗੁਰਸੀਰ ਚੁੱਪ ਕਰ ਗਿਆ ਸੀ ਪਰ ਹੁਣ ਉਹ ਚੁੱਪ ਨਹੀਂ ਸੀ ਹੋਇਆ। ਉਸ ਨੇ ਦੱਸ ਦਿੱਤਾ ਸੀ ਕਿ ਉਹ ਕਿਸ ਕੰਮ ਚੱਲਿਆ ਸੀ। ਸੁਣ ਕੇ ਡਰਾਈਵਰ ਬੋਲਿਆ, "ਕਮਾਲ ਐ! ਸ਼ਿਪਿੰਗ ਕੰਪਨੀਆਂ ਤਾਂ ਟਰੱਕ ਕੰਪਨੀਆਂ ਨੂੰ ਟਰੱਕ ਲੱਦਣ ਤੇ ਖਾਲੀ ਕਰਨ ਦੇ ਸਮੇਂ ਦਾ ਖਰਚਾ ਦਿੰਦੀਆਂ ਹਨ। ਫੇਰ ਤੁਹਾਡੀ ਕੰਪਨੀ ਅੱਗੇ ਡਰਾਈਵਰਾਂ ਨੂੰ ਕਿਉਂ ਨਹੀਂ ਦਿੰਦੀ?"

"ਦਿੰਦੀ ਐ ਸਾਡੀ ਕੰਪਨੀ ਵੀ ਪਰ ਪੱਕੇ ਡਰਾਈਵਰਾਂ ਨੂੰ, ਸਾਨੂੰ ਨਹੀਂ।"

"ਓਹ ਬੰਦਿਆ, ਕਿੱਧਰ ਫਸਿਆ ਹੋਇਐਂ ਤੂੰ। ਬਹੁਤ ਛਿੱਲ ਲਾਹੁੰਦੀ ਐ ਤੇਰੀ ਕੰਪਨੀ ਤੇਰੀ।"

"ਆਵਦੀ ਕੰਪਨੀ 'ਚ ਦੇਖ ਮੇਰੇ ਵਾਸਤੇ ਕੋਈ ਨੌਕਰੀ। ਕਰ ਕੋਈ ਮਦਦ।"

"ਸਾਡੀ ਕੰਪਨੀ ਐੱਲ ਐੱਮ ਆਈ ਏ ਦੇ ਚੱਕਰਾਂ 'ਚ ਨੀਂ ਪੈਂਦੀ। ਉਸ ਨੂੰ ਬਥੇਰੇ ਕਨੇਡੀਅਨ ਡਰਾਈਵਰ ਹੀ ਮਿਲ ਜਾਂਦੇ ਹਨ।" ਇਹ ਸੁਣ ਕੇ ਗੁਰਸੀਰ ਨੇ ਟਰੱਕ ਦੁਆਲੇ ਗੇੜਾ ਦਿੱਤਾ ਅਤੇ ਟਰੱਕ 'ਚ ਚੜ੍ਹ ਗਿਆ।


ਗਿਆਨੀ ਵਾਸਤੇ ਟਰਾਲਾ ਲੋਡ ਕਰਵਾਉਣ ਜਾਂਦੇ ਗੁਰਸੀਰ ਦੇ ਮਨ ਵਿਚ ਆਈ, 'ਜੇ ਆਵਦੇ ਸ਼ਹਿਰ 'ਚ ਉਡੀਕ ਕਰਨੀ ਪੈ ਜਾਵੇ, ਘੱਟੋ-ਘੱਟ ਘਰ ਤਾਂ ਹੁੰਨੈ। ਖਾਣਾ ਤਾਂ ਘਰੋਂ ਖਾਨਾਂ। ਹੁਣ ਨਾ਼ਲੇ ਘਰਵਾ਼ਲੀ ਤੋਂ ਦੂਰ ਨਾ਼ਲੇ ਕਮਾਈ ਕੋਈ ਨਹੀਂ। ਕਰਦੈਂ ਜਾ ਕੇ ਸ਼ਮਿੰਦਰ ਨਾ਼ਲ ਗੱਲ। ਘੱਟੋ-ਘੱਟ ਖਾਣੇ ਤੇ ਸ਼ਾਵਰ ਜੋਗੇ ਹੀ ਦੇ ਦਿਆ ਕਰੇ।'

'ਕਿਤੇ ਉਹ ਗੁੱਸੇ ਨਾ ਹੋ ਜਾਵੇ?' ਗੁਰਸੀਰ ਅੰਦਰ ਡਰ ਉੱਠਿਆ।

'ਵੱਧ ਤੋਂ ਵੱਧ ਇਨਕਾਰ ਹੀ ਕਰ ਦੇਊ। ਮੂੰਹ 'ਚ ਤਾਂ ਨੀ ਪਾ ਲਊ।' ਗੁਰਸੀਰ ਉਧੇੜ-ਬੁਣ 'ਚ ਪੈ ਗਿਆ।

--- ---

ਮਾਂਟਰੀਅਲ ਤੋਂ ਮੁੜਦੇ ਗੁਰਸੀਰ ਨੂੰ ਰੈਵਲਸਟੋਕ ਸ਼ਹਿਰ ਟੱਪ ਕੇ ਘਰ ਨੇੜੇ ਹੀ ਪ੍ਰਤੀਤ ਹੋਣ ਲੱਗ ਪਿਆ। ਉਸ ਨੇ ਸ਼ਮਿੰਦਰ ਨੂੰ ਫੋਨ ਕਰ ਕੇ ਕਿਹਾ, "ਭਾਅ ਜੀ, ਟਰੇਲਰ ਅਨਲੋਡ ਕਰਵਾਉਣ ਦੀ ਚਾਰ ਤੋਂ ਪੰਜ ਵਜੇ ਵਾਲੀ ਅਪੁਇੰਟਮੈਂਟ ਬੁੱਕ ਕਰਵਾ ਦਿਓ। ਮੈਂ ਤਿੰਨ ਵੱਜਦੇ ਨੂੰ ਪਹੁੰਚ ਜਾਣੈ ਸਰੀ। ਮੂਹਰੇ ਰਾਹ ਸਾਫ਼ ਐ।" ਗੁਰਸੀਰ ਨੇ ਸੋਚਿਆ ਸੀ ਕਿ ਉਹ ਟਰਾਲਾ ਖਾਲੀ ਕਰਵਾ ਕੇ ਟਰੱਕ ਨੂੰ ਯਾਰਡ ਵਿਚ ਖੜ੍ਹਾ ਕਰ ਕੇ ਅੱਠ ਕੁ ਵਜੇ ਤਕ ਘਰ ਪਹੁੰਚ ਜਾਵੇਗਾ ਤੇ ਨਹਾਉਂਦਿਆਂ ਕਰਦਿਆਂ ਸਵਾ ਕੁ ਗਿਆਰਾਂ ਤਕ ਛੁੱਟੀ ਵਾਲੇ ਮੂਡ 'ਚ ਹੋ ਜਾਵੇਗਾ। ਉਦੋਂ ਤਕ ਅਮ੍ਰਿਤ ਕੰਮ ਤੋਂ ਮੁੜ ਆਵੇਗੀ। ਉਸ ਨੇ ਸਪੀਡ ਥੋੜ੍ਹੀ ਹੋਰ ਵਧਾ ਦਿੱਤੀ। ਉਸ ਨੂੰ ਲਗਦਾ ਸੀ ਜਿਵੇਂ ਅਮ੍ਰਿਤ ਨੂੰ ਮਿਲਿਆਂ ਮੁਦਤਾਂ ਬੀਤ ਗਈਆਂ ਹੋਣ। ਬਾਹਰ ਬਰਫ਼ ਨਾ਼ਲ ਕੱਜੇ ਹੈਮਲੌਕ ਦੇ ਦਰਖ਼ਤ ਉਸ ਨੂੰ ਖ਼ੂਬਸੂਰਤ ਲੱਗਣ ਲੱਗੇ। ਦਰਖ਼ਤਾਂ ਦੀਆਂ ਵਿਰਲੀਆਂ ਟਾਵੀਆਂ ਕੁਝ ਟਾਹਣੀਆਂ ਤੋਂ ਬਰਫ਼ ਝੜ ਗਈ ਸੀ। ਉਨ੍ਹਾਂ ਥਾਵਾਂ ਤੋਂ ਦਰਖ਼ਤਾਂ ਦੀ ਹਰਿਆਵਲ ਝਲਕ ਰਹੀ ਸੀ। ਗੁਰਸੀਰ ਨੂੰ ਉਹ ਘੁੰਢ 'ਚੋਂ ਝਾਕਦੀ ਸਜ ਵਿਆਹੀ ਮੁਟਿਆਰ ਵਰਗੇ ਲੱਗੇ। ਉਸ ਦੇ ਚੇਤਿਆਂ ਵਿਚ ਉਹ ਦਿਨ ਆ ਗਿਆ ਜਿਸ ਦਿਨ ਉਹ ਅਮ੍ਰਿਤ ਨੂੰ ਆਪਣੇ ਨਾ਼ਲ ਸਕਾਮਿਸ਼ ਸ਼ਹਿਰ ਲੈ ਗਿਆ ਸੀ।



ਸਕਾਮਿਸ਼ ਸ਼ਹਿਰ ਦਾ ਇਕ ਅੰਬਰੀ ਨਜ਼ਾਰਾ।

ਅਮ੍ਰਿਤ ਨੂੰ ਕੈਨੇਡਾ ਆਇਆਂ ਹਾਲੇ ਕੁਝ ਦਿਨ ਹੀ ਹੋਏ ਸਨ। ਗੁਰਸੀਰ ਨੂੰ ਸਕਾਮਿਸ਼ ਸ਼ਹਿਰ ਦਾ ਲੋਡ ਮਿਲ ਗਿਆ ਸੀ। ਉੱਥੇ ਜਾਣ ਲਈ ਡੇਢ ਕੁ ਘੰਟਾ ਲੱਗਣਾ ਸੀ। ਉਹ ਇਕੱਲਾ ਡਰਾਈਵਰ ਸੀ। ਉਹ ਅਮ੍ਰਿਤ ਨੂੰ ਆਪਣੇ ਨਾ਼ਲ ਲੈ ਗਿਆ। ਟਰੱਕ ਦੇਸੀ ਟੂ ਸਕਾਈ ਹਾਈਵੇ 'ਤੇ ਪਹੁੰਚਣ ਸਾਰ ਹੀ ਅਮ੍ਰਿਤ ਚਹਿਕਣ ਲੱਗੀ ਸੀ। ਇਕ ਪਾਸੇ ਦੂਰ ਤੱਕ ਫੈਲੇ ਸਮੁੰਦਰ ਦਾ ਨੀਲਾ ਪਾਣੀ ਤੇ ਦੂਜੇ ਪਾਸੇ ਚਟਾਨੀ ਪਰਬਤ। ਉਹ ਕਦੇ ਪਹਾੜਾਂ ਵੱਲ ਦੇਖਦੀ, ਕਦੇ ਪਾਣੀ ਵੱਲ। ਕਦੇ ਰਾਹ ਵਿਚ ਪੈਂਦੇ ਛੋਟੇ ਛੋਟੇ ਟਾਪੂਆਂ ਵੱਲ, ਕਦੇ ਦੂਰ ਜਾਂਦੀ ਫੈਰੀ ਵੱਲ ਦੇਖ ਕੇ ਆਖਦੀ, "ਸ਼ੀਰ, ਓਹ ਦੇਖੋ ਸਮੁੰਦਰੀ ਜਹਾਜ਼।" ਉਸ ਨੂੰ ਐਨੀ ਖੁਸ਼ ਦੇਖ ਕੇ ਗੁਰਸੀਰ ਦਾ ਮਨ ਵੀ ਖਿੜ ਗਿਆ। ਉਸ ਦਾ ਜੀਅ ਕੀਤਾ ਕਿ ਟਰੱਕ ਪਾਸੇ 'ਤੇ ਰੋਕ ਦੇਵੇ। ਸਕਾਮਿਸ਼ ਸ਼ਹਿਰ ਦੇ ਨੇੜੇ ਪਹੁੰਚ ਕੇ ਵਾਈਟ ਬਾਰਕ ਪਾਈਨ ਦੇ ਦਰਖ਼ਤਾਂ ਵੱਲ ਦੇਖਦੀ ਅਮ੍ਰਿਤ ਬੋਲੀ, "ਸ਼ੀਰ, ਐਧਰ ਦੇਖੋ। ਪੱਥਰ ਦੇ ਪਹਾੜ ਐ। ਇਹ ਦਰਖ਼ਤ ਪੱਥਰਾਂ 'ਚ ਕਿਵੇਂ ਜੜ੍ਹਾਂ ਲਾਉਂਦੇ ਹੋਣਗੇ?"

"ਦੇਖ ਲੈ। ਨਾ਼ਲੇ ਕਿੰਨੀ ਉਚਾਈ 'ਤੇ ਖੜ੍ਹੇ ਐ। ਸਿਆਲਾਂ 'ਚ ਵੀ ਹਰੇ ਭਰੇ ਰਹਿੰਦੇ ਆ। ਸ਼ਹਿਰ ਵਾਲੇ ਦਰਖ਼ਤਾਂ ਦੇ ਤਾਂ ਸਿਆਲਾਂ 'ਚ ਸਾਰੇ ਪੱਤੇ ਝੜ ਜਾਂਦੇ ਆ। ਜਵਾਂ ਰੁੰਡ-ਮਰੁੰਡ ਹੋ ਜਾਂਦੇ ਆ।"

"ਆਪਣੇ ਵਾਂਗੂੰ।" ਆਖ ਕੇ ਅਮ੍ਰਿਤ ਖਿੜ-ਖਿੜਾ ਕੇ ਹੱਸ ਪਈ। ਗੁਰਸੀਰ ਨੂੰ ਲੱਗਾ ਜਿਵੇਂ ਅਮ੍ਰਿਤ ਨੇ ਜਹਾਜ਼ ਦੀ ਟਿਕਟ ਲਈ ਵੇਚੀਆਂ ਟੂੰਮਾਂ ਕਰ ਕੇ ਇਹ ਕਿਹਾ ਹੋਵੇ। ਉਹ ਬੋਲਿਆ, "ਬੱਸ ਦੇਖਦੀ ਜਾਹ! ਰੁੱਤ ਆਉਣ ਦੇ, ਫੇਰ ਵੇਖੀਂ!"

ਅਮ੍ਰਿਤ ਦਾ ਉਸ ਦਿਨ ਵਾ਼ਲਾ ਖਿੜਿਆ ਚਿਹਰਾ ਯਾਦ ਕਰ ਕੇ ਗੁਰਸੀਰ ਅੰਦਰ ਉਸ ਨੂੰ ਮਿਲਣ ਦੀ ਤਾਂਘ ਹੋਰ ਤੀਬਰ ਹੋ ਗਈ। ਉਸ ਨੇ ਟਰੱਕ ਹੋਰ ਤੇਜ਼ ਕਰ ਲਿਆ ਪਰ ਅੱਗੇ ਚੇਸ ਤੇ

***(ਬਾਕੀ ਸਫਾ 25 'ਤੇ)***

***ਸ਼ਮਿੰਦਰ ਬੋਲਿਆ, "ਜਦੋਂ ਜੌਬ ਲੈਣੀ ਸੀ, ਓਦੋਂ ਹੋਰ ਕੰਪਨੀਆਂ 'ਚ ਨੀ ਗਿਆ? ਬਿਨਾਂ ਤਜਰਬੇ ਵਾਲਿਆਂ ਨੂੰ ਫੜਾਉਂਦੀਆਂ ਟਰੱਕ ਇਹ ਹੋਰ ਕੰਪਨੀਆਂ? ਐਡੇ ਐਡੇ ਮਹਿੰਗੇ ਟਰੱਕ ਥੋਡੇ ਹਵਾਲੇ ਕਰ ਦਿੰਨੇ ਇਆਂ ਅਸੀਂ। ਜਦੋਂ ਥੋੜ੍ਹਾ ਜਾ ਤਜਰਬਾ ਹੋਜੇ, ਥੋਨੂੰ ਹੋਰ ਕੰਪਨੀਆਂ ਦਿਸਣ ਲੱਗ ਜਾਂਦੀਆਂ ਇਆ। ਐਡੀ ਛੇਤੀ ਨੀ ਭੁੱਲ ਜਈਦਾ।" ਸ਼ਮਿੰਦਰ ਕੁਝ ਪਲ ਚੁੱਪ ਰਹਿ ਕੇ ਫਿਰ ਬੋਲਿਆ, "ਪਤੈ ਕਿੰਨਾ ਕੰਪੀਟੀਸ਼ਨ ਇਆ? ਰੇਟ ਘਟਾ ਕੇ ਮਸਾਂ ਕੰਟ੍ਰੈਕਟ ਲੈਨੇ ਇਆਂ।"***

# ਮੋਦੀ ਦੇ ਰਾਜ ਵਿਚ ਹਿੰਦੂਤਵ ਦੇ ਮਨੁੱਖਤਾ ਵਿਰੁੱਧ ਜੁਰਮ

***ਉਘੇ ਪੱਤਰਕਾਰ ਹਰਤੋਸ਼ ਸਿੰਘ ਬੱਲ ਜੋ 'ਦਿ ਕਾਰਵਾਂ' ਮੈਗਜ਼ੀਨ ਦੇ ਕਾਰਜਕਾਰੀ ਸੰਪਾਦਕ ਅਤੇ 'ਵਾਟਰਸ ਕਲੋਜ ਓਵਰ ਅਸ: ਏ ਜਰਨੀ ਅਲੌਂਗ ਦੀ ਨਰਮਦਾ' ਨਾਂ ਦੀ ਚਰਚਿਤ ਕਿਤਾਬ ਦੇ ਲੇਖਕ ਹਨ, ਨੇ ਆਪਣੇ ਇਸ ਲੰਮੇ ਲੇਖ ਵਿਚ ਮੋਦੀ ਰਾਜ ਦੇ ਕੁਝ ਬੇਹੱਦ ਕਰੂਰ ਪੱਖਾਂ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ ਹੈ। ਇਸ ਲੰਮੇ ਲੇਖ ਦੀ ਪਹਿਲੀ ਕਿਸ਼ਤ ਆਪਣੇ ਪਾਠਕਾਂ ਨਾਲ ਸਾਂਝੀ ਕੀਤੀ ਜਾ ਰਹੀ ਹੈ। ਅੱਜ ਦੇ ਦੌਰ ਦੀ ਇਸ ਅਹਿਮ ਲਿਖਤ ਦਾ ਤਰਜਮਾ ਸਾਡੇ ਕਾਲਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।***

ਲੱਗਭੱਗ ਤਿੰਨ ਚਾਰ ਹਜ਼ਾਰ ਸਾਲ ਪਹਿਲਾਂ ਯੂਰੇਸ਼ੀਅਨ ਸਟੈਪੀ ਤੋਂ ਲੋਕਾਂ ਦੇ ਇੱਥੇ ਆਉਣ ਤੋਂ ਬਾਅਦ ਦੇ ਹਜ਼ਾਰਾਂ ਸਾਲਾਂ 'ਚ ਭਾਰਤੀ ਆਬਾਦੀ ਜ਼ਬਰਦਸਤ ਮੰਥਨ ਵਿਚੋਂ ਲੰਘੀ ਹੈ। ਅੱਜ ਲੱਗਭੱਗ ਹਰ ਭਾਰਤੀ ਵਿਚ ਸਟੈਪੀ ਅਤੇ ਮੌਜੂਦਾ ਸਿੰਧ ਘਾਟੀ ਦੀ ਆਬਾਦੀ ਦੇ ਜੀਨਾਂ ਦੇ ਵੱਖ-ਵੱਖ ਅਨੁਪਾਤ ਦਾ ਮਿਸ਼ਰਨ ਹੈ; ਤੇ ਫਿਰ ਹਜ਼ਾਰਾਂ ਸਾਲਾਂ ਦੇ ਮਿਸ਼ਰਨ ਤੋਂ ਬਾਅਦ ਉਹ ਮੰਥਨ ਜਿਸ ਨੇ ਸਾਨੂੰ ਪੈਦਾ ਕੀਤਾ, ਉਹ ਰੁਕ ਗਿਆ।

ਅਨੁਵੰਸ਼ਿਕੀਵਾਦੀ ਡੇਵਿਡ ਰਾਈਕ ਅਨੁਸਾਰ, ਭਾਰਤ ਦੀ ਆਬਾਦੀ ਬਹੁਤ ਵੱਡੀ ਤਾਂ ਹੈ ਪਰ ਕੁਲ ਮਿਲਾ ਕੇ ਇਹ ਛੋਟੇ-ਛੋਟੇ ਸਮੂਹਾਂ ਦਾ ਵੱਡਾ ਗੁੱਛਾ ਹੈ। ਰਾਈਕ ਲਿਖਦਾ ਹੈ, "ਇੱਕੋ ਪਿੰਡ ਵਿਚ ਇਕੱਠੇ ਰਹਿਣ ਵਾਲੇ ਭਾਰਤੀ ਜਾਤੀ ਸਮੂਹਾਂ ਦਰਮਿਆਨ ਅਨੁਵੰਸ਼ਿਕ (ਜੈਨੇਟਿਕ)



ਫ਼ਰਕ ਦਾ ਪੱਧਰ ਆਮ ਤੌਰ 'ਤੇ ਉੱਤਰੀ ਅਤੇ ਦੱਖਣੀ ਯੂਰਪੀ ਲੋਕਾਂ ਦਰਮਿਆਨ ਜੈਨੇਟਿਕ ਫ਼ਰਕ ਨਾਲੋਂ ਦੋ ਤੋਂ ਤਿੰਨ ਗੁਣਾ ਜ਼ਿਆਦਾ ਹੈ। ਭਾਰਤ ਵਿਚ ਸ਼ਾਇਦ ਹੀ ਕੋਈ

**ਹਰਤੋਸ਼ ਸਿੰਘ ਬੱਲ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਅਜਿਹਾ ਸਮੂਹ ਹੋਵੇ ਜੋ ਜਨਸੰਖਿਆ ਦੇ (ਡੈਮੋਗ੍ਰਾਫਿਕ) ਲਿਹਾਜ਼ ਨਾਲ ਬਹੁਗਿਣਤੀ ਕਿਹਾ ਜਾ ਸਕਦਾ ਹੈ।" ਉਹ ਲਿਖਦਾ ਹੈ ਕਿ ਇਸ ਦੇ ਉਲਟ "ਚੀਨ ਦੇ ਹਾਨ ਅਸਲ ਵਿਚ ਵੱਡੀ ਆਬਾਦੀ ਹਨ ਜੋ ਹਜ਼ਾਰਾਂ ਸਾਲਾਂ ਤੋਂ ਵਿਆਪਕ ਤੌਰ 'ਤੇ ਮਿਕਸ ਹੋ ਰਹੇ ਹਨ।

ਇਕ ਦੂਜੇ ਤੋਂ ਵੱਖਰੇ ਇਨ੍ਹਾਂ ਸਹਿ-ਨਸਲੀ ਸਮੂਹਾਂ ਨੂੰ ਜਿਨ੍ਹਾਂ ਨੂੰ ਅੱਜ ਅਸੀਂ ਜਾਤਾਂ ਕਹਿੰਦੇ ਹਾਂ, ਉਨ੍ਹਾਂ ਨੂੰ ਵਰਣ ਅਨੁਸਾਰ ਸ਼੍ਰੇਣੀਬੱਧ ਕੀਤਾ ਗਿਆ ਹੈ। ਜਾਤੀਆਂ ਦੀ ਇਸ ਦਰਜਾਬੰਦੀ ਦੀ ਸ਼ੁਰੂਆਤ ਕਿਤੇ ਨਾ ਕਿਤੇ ਉਦੋਂ ਹੋਈ ਹੋਵੇਗੀ ਜਦੋਂ ਆਪਸ 'ਚ ਮਿਕਸ ਹੋਣ ਦਾ ਦੌਰ ਖ਼ਤਮ ਹੋ ਗਿਆ ਸੀ ਜਾਂ ਉਸ ਤੋਂ ਤੁਰੰਤ ਬਾਅਦ। ਰਾਈਕ ਦਾ ਕਹਿਣਾ ਹੈ, "ਜਾਤੀ ਪ੍ਰਣਾਲੀ ਵਿਚ ਘੱਟੋ-ਘੱਟ 4600 ਅਤੇ ਕੁਝ ਦੇ ਅਨੁਸਾਰ ਤਾਂ 40,000 ਦੇ ਕਰੀਬ ਸਹਿ-ਜਾਤੀ ਸਮੂਹ ਸ਼ਾਮਲ ਹਨ। ਵਰਣ ਪ੍ਰਣਾਲੀ ਵਿਚ ਹਰੇਕ ਦਾ ਖ਼ਾਸ ਦਰਜਾ ਹੈ ਪਰ ਮਜ਼ਬੂਤ ਤੇ ਪੇਚੀਦਾ ਸਹਿ-ਗੋਤਰੀ ਨਿਯਮ ਵੱਖ-ਵੱਖ ਜਾਤੀਆਂ ਦੇ ਲੋਕਾਂ ਨੂੰ ਇਕ ਦੂਜੇ ਨਾਲ ਘੁਲਣ-ਮਿਲਣ ਤੋਂ ਰੋਕਦੇ ਹਨ, ਭਾਵੇਂ ਉਹ ਇਕ ਹੀ ਵਰਣ ਪੱਧਰ ਦੇ ਹੋਣ।"

ਅੱਜ ਇਹ ਪਤਾ ਲਗਾਉਣਾ ਮੁਸ਼ਕਿਲ ਹੈ ਕਿ ਦਰਜਾਬੰਦੀ 'ਚ ਅਪਮਾਨਜਨਕ ਦਰਜਿਆਂ 'ਤੇ ਪਹੁੰਚਾਏ ਗਏ ਲੋਕਾਂ ਨੇ ਇਸ ਸਥਿਤੀ ਨੂੰ ਕਿਵੇਂ ਸਵੀਕਾਰ ਕਰ ਲਿਆ। ਕੋਈ ਵੀ ਸਮੂਹ ਅਜਿਹੀ ਸਥਿਤੀ ਨੂੰ ਖ਼ੁਸ਼ੀ-ਖ਼ੁਸ਼ੀ ਸਵੀਕਾਰ ਕਰਨ ਵਾਲਾ ਤਾਂ ਨਹੀਂ ਸੀ। ਸੰਭਵ ਤੌਰ 'ਤੇ ਇਸ ਲਈ ਧਾਰਮਿਕ ਵਾਜਬੀਅਤ ਅਤੇ ਤਾਕਤ ਦੀ ਵਰਤੋਂ ਦੀ ਜ਼ਰੂਰਤ ਪਈ ਹੋਵੇਗੀ ਤਾਂ ਜੋ ਅਜਿਹੇ ਭਾਈਚਾਰੇ ਇਸ ਸਥਿਤੀ ਨੂੰ ਚੁਣੌਤੀ ਨਾ ਦੇ ਸਕਣ। ਹਾਲਾਂਕਿ ਉਪਰੋਕਤ ਦਾਅਵਾ ਕਾਲਪਨਿਕ ਜਾਂ ਅਨੁਮਾਨਤ ਹੈ ਅਤੇ ਇਸ ਦੀ ਪੁਸ਼ਟੀ ਕਰਨਾ ਜਾਂ ਇਸ ਦੇ ਹੱਕ ਵਿਚ ਸਬੂਤ ਜੁਟਾਉਣਾ ਮੁਸ਼ਕਿਲ ਹੈ ਪਰ ਹੁਣ ਸਾਡੇ ਸਾਹਮਣੇ ਉਹੋ ਜਿਹਾ ਕੁਝ ਹੀ ਹੋ ਰਿਹਾ ਹੈ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਧੀਨ ਭਾਰਤ ਦੇ ਮੁਸਲਮਾਨਾਂ ਦੀ ਸਥਿਤੀ/ਦਰਜੇ ਵਿਚ ਗਿਰਾਵਟ ਅਤੇ ਉਨ੍ਹਾਂ ਦਾ ਹਾਸ਼ੀਏ 'ਤੇ ਧੱਕੇ ਜਾਣਾ।

ਵੱਖਰੇ ਪੈਮਾਨੇ 'ਤੇ, ਇਸ ਵਿਚ ਲੱਗਭੱਗ ਉਹ ਸਾਰੇ ਕਾਰਕ ਮੌਜੂਦ ਹਨ ਜੋ ਆਬਾਦੀ ਨੂੰ ਉਨ੍ਹਾਂ ਜਾਤੀਆਂ ਤੋਂ ਹੇਠਾਂ ਰੱਖਦੇ ਹਨ ਜੋ ਆਪਣੇ ਆਪ ਨੂੰ ਉੱਚ ਜਾਤੀਆਂ ਕਹਿੰਦੇ ਹਨ। ਇਨ੍ਹਾਂ ਵਿਚ ਅੰਤਰ-ਵਿਆਹ 'ਤੇ ਪਾਬੰਦੀ, ਆਬਾਦੀ ਨੂੰ ਭੀੜੀਆਂ ਬਸਤੀਆਂ 'ਚ ਧੱਕਣਾ, ਭੋਜਨ ਨੂੰ ਖ਼ਾਸ ਭਾਈਚਾਰਿਆਂ ਨਾਲ ਜੋੜਨਾ ਅਤੇ ਸਮਾਜਿਕ ਸੱਤਾ ਸੰਰਚਨਾ ਵਿਚ ਭਾਗੀਦਾਰੀ ਤੋਂ ਵਾਂਝੇ ਕਰਨਾ ਸ਼ਾਮਿਲ ਹੈ।

ਮੋਦੀ ਅਤੇ ਭਾਰਤੀ ਜਨਤਾ ਪਾਰਟੀ ਦੇ ਸੱਤਾ ਵਿਚ ਆਉਣ ਨਾਲ ਇਹ ਅਮਲ ਕਿਵੇਂ ਤੇਜ਼ ਹੋਇਆ, ਇਸ ਦੀਆਂ ਬੇਸ਼ੁਮਾਰ ਮਿਸਾਲਾਂ ਹਨ।





***ਅਹਿਸਾਨ ਜਾਫਰੀ ਆਪਣੀ ਧੀ ਨਾਲ ਅਤੇ (ਸੱਜੇ) 24 ਸਾਲਾ ਹਾਦੀਆ 27 ਨਵੰਬਰ 2017 ਨੂੰ 'ਲਵ ਜਹਾਦ' ਦੇ ਕੇਸ ਵਿਚ ਸੁਪਰੀਮ ਕੋਰਟ ਵਿਚ ਪੇਸ਼ ਹੋਣ ਜਾਂਦੀ ਹੋਈ।***

ਜਿਵੇਂ 'ਦਿ ਕਾਰਵਾਂ' ਨੇ ਆਪਣੇ ਅਗਸਤ 2023 ਦੇ ਅੰਕ ਵਿਚ ਰਿਪੋਰਟ ਛਾਪੀ ਸੀ, ਉੱਤਰਾਖੰਡ ਵਿਚ ਇਹ ਤਾਕਤਾਂ ਮੁਸਲਮਾਨਾਂ ਦੇ ਨਸਲੀ ਸਫ਼ਾਏ ਦੀ ਕੋਸ਼ਿਸ਼ ਕਰ ਰਹੀਆਂ ਹਨ ਕਿਉਂਕਿ ਉਨ੍ਹਾਂ ਨੇ ਇਸ ਨੂੰ ਦੇਵਭੂਮੀ ਜਾਂ ਹਿੰਦੂਆਂ ਦੀ ਪਵਿੱਤਰ ਧਰਤੀ ਵਜੋਂ ਪਰਿਭਾਸ਼ਿਤ ਕਰ ਦਿੱਤਾ ਹੈ। ਜੁਲਾਈ ਮਹੀਨੇ ਹਰਿਆਣਾ ਦੇ ਨੂਹ ਜ਼ਿਲ੍ਹੇ ਵਿਚ ਸ਼ੁਰੂ ਹੋਈ ਫਿਰਕੂ ਹਿੰਸਾ ਵੀ ਇਸੇ ਯੋਜਨਾ ਦਾ ਹਿੱਸਾ ਹੈ ਜੋ ਕਈ ਦਿਨਾਂ ਤੱਕ ਰਾਜ ਦੇ ਹੋਰ ਹਿੱਸਿਆਂ ਵਿਚ ਵੀ ਫੈਲ ਗਈ।

ਸੰਘ ਪਰਿਵਾਰ ਅਤੇ ਹਿੰਦੂਤਵ ਵਿਚਾਰਧਾਰਾ ਨੂੰ ਮੰਨਣ ਵਾਲੀਆਂ ਕਈ ਕੱਟੜ ਅਤਿਵਾਦੀ ਜਥੇਬੰਦੀਆਂ ਇਨ੍ਹਾਂ ਹੋ ਰਹੇ ਜੁਰਮਾਂ 'ਚ ਸ਼ਾਮਿਲ ਹਨ। ਅਜਿਹੀਆਂ ਜਥੇਬੰਦੀਆਂ ਦੇ ਮੈਂਬਰਾਂ ਦੀ ਹਿੰਸਾ ਦੁਆਰਾ ਅਤੇ 2014 ਤੋਂ ਭਾਜਪਾ ਸਰਕਾਰਾਂ ਦੁਆਰਾ ਪਾਸ ਕੀਤੇ ਕਈ ਕਾਨੂੰਨਾਂ ਰਾਹੀਂ ਇਨ੍ਹਾਂ ਜੁਰਮਾਂ ਨੂੰ ਅੰਜਾਮ ਦਿੱਤਾ ਜਾ ਰਿਹਾ ਹੈ। ਇਹ ਉਹ ਜੁਰਮ ਹਨ ਜੋ ਸਪਸ਼ਟ ਤੌਰ 'ਤੇ 1998 ਦੀ ਰੋਮ ਕਨਵੈਨਸ਼ਨ ਜਿਸ ਨੇ ਅੰਤਰਰਾਸ਼ਟਰੀ ਅਪਰਾਧਿਕ ਅਦਾਲਤ ਦੀ ਨੀਂਹ ਰੱਖੀ ਸੀ, ਦੇ ਤਹਿਤ ਮਨੁੱਖਤਾ ਵਿਰੁੱਧ ਜੁਰਮਾਂ ਦੇ ਘੇਰੇ 'ਚ ਆਉਂਦੇ ਹਨ।

ਮੁਸਲਮਾਨਾਂ ਨੂੰ ਹਾਸ਼ੀਏ 'ਤੇ ਧੱਕਣ ਦਾ ਕੰਮ ਪੜਾਵਾਰ ਕੀਤਾ ਗਿਆ ਹੈ। ਇੱਥੇ ਮੈਂ ਇਨ੍ਹਾਂ ਵਿਚੋਂ ਹਰੇਕ ਪੜਾਅ ਬਾਰੇ ਆਪਣੀ ਗੱਲ ਰੱਖਾਂਗਾ। ਮੈਂ ਹਿੰਦੂਤਵ ਦੇ ਉਸ ਕਦਮ ਤੋਂ ਆਪਣੀ ਗੱਲ ਸ਼ੁਰੂ ਕਰਾਂਗਾ ਜਿਸ ਨੂੰ ਇਹ ਜਾਤਾਂ ਦੇ ਘੁਲਣ-ਮਿਲਣ ਨੂੰ ਰੋਕਣਾ ਕਹਿੰਦੇ ਹਨ। ਹਿੰਦੂ ਧਰਮ ਗ੍ਰੰਥ ਜਾਤੀਆਂ ਦੇ ਆਪਸੀ ਮਿਸ਼ਰਨ ਨਾਲ ਭਰੇ ਪਏ ਹਨ। ਭਗਵਦ ਗੀਤਾ ਵਿਚ ਅਰਜੁਨ ਕ੍ਰਿਸ਼ਨ ਨੂੰ ਕਹਿੰਦੇ ਹਨ: 'ਅਧਰਮ ਦੇ ਵਧਣ ਨਾਲ ਔਰਤਾਂ ਪਲੀਤ ਹੋ ਜਾਂਦੀਆਂ ਹਨ। ਔਰਤਾਂ ਦੇ ਪਲੀਤ ਹੋਣ ਨਾਲ ਮਿਸ਼ਰਤ ਵਰਣ ਪੈਦਾ ਹੁੰਦੇ ਹਨ। ਇਸ ਤਰ੍ਹਾਂ ਇਨ੍ਹਾਂ ਮਿਸ਼ਰਤ ਵਰਣ ਪੈਦਾ ਕਰਨ ਵਾਲੇ ਵਿਕਾਰਾਂ ਦੇ ਕਾਰਨ ਕੁਲ ਦਾ ਨਾਸ਼ ਕਰਨ ਵਾਲਿਆਂ ਦੇ ਜਾਤੀ-ਧਰਮ (ਵਰਣਧਰਮ) ਨਸ਼ਟ ਹੋ ਜਾਂਦੇ ਹਨ।'

ਗੀਤਾ ਅਪਵਾਦ ਨਹੀਂ ਹੈ। ਮਹਾਂਭਾਰਤ ਦੇ ਸੰਖੇਪ ਐਡੀਸ਼ਨ ਦਾ ਤਕਰੀਬਨ ਕੋਈ ਵੀ ਭਾਗ ਪਾਠਕ ਨੂੰ ਉਪਰੋਕਤ ਕਿਸਮ ਦੀਆਂ ਚਿਤਾਵਨੀਆਂ ਦਿੰਦਾ ਹੈ। ਇਨ੍ਹਾਂ ਵਿਚ ਇਕ ਅਜਿਹੇ ਸਮਾਜ ਦੇ ਪਤਨ ਦਾ ਦਾਅਵਾ ਹੈ ਜਿੱਥੇ ਜਾਤਾਂ ਇਕ ਦੂਜੇ ਨਾਲ ਸਬੰਧ ਕਾਇਮ ਕਰਦੀਆਂ ਹਨ। ਰਾਜੇ ਦੇ ਫਰਜ਼ਾਂ ਦੀ ਚਰਚਾ ਕਰਦੇ ਸਮੇਂ ਸ਼ਾਂਤੀ ਪਰਵ ਦੀਆਂ ਇਨ੍ਹਾਂ ਚਿਤਾਵਨੀਆਂ 'ਤੇ ਗ਼ੌਰ ਕਰੋ:

'ਰਾਜੇ ਦੀ ਸਰਪ੍ਰਸਤੀ ਤੋਂ ਬਿਨਾਂ, ਹਰ ਤਰ੍ਹਾਂ ਦੀ ਬੇਇਨਸਾਫ਼ੀ ਸ਼ੁਰੂ ਹੋ ਜਾਂਦੀ ਹੈ। ਵਰਣ ਮਿਸ਼ਰਨ ਫੈਲਦਾ ਹੈ ਅਤੇ ਰਾਜ ਅਕਾਲ ਨਾਲ ਤਬਾਹ ਹੋ ਜਾਂਦਾ ਹੈ...

ਜੋ ਵਿਅਕਤੀ ਕਿਸੇ ਪਿੰਡ ਜਾਂ ਘਰ ਨੂੰ ਅੱਗ ਲਗਾਵੇ, ਚੋਰੀ ਕਰੇ ਜਾਂ ਵਿਭਚਾਰ ਦੁਆਰਾ ਜਾਤੀ ਦਾ ਮਿਸ਼ਰਨ ਫੈਲਾਉਣ ਦੀ ਕੋਸ਼ਿਸ਼ ਕਰੇ, ਅਜਿਹੇ ਮੁਜਰਿਮ ਦੀ ਵੱਖ-ਵੱਖ ਤਰੀਕਿਆਂ ਨਾਲ ਹੱਤਿਆ ਕਰ ਦੇਣੀ ਚਾਹੀਦੀ ਹੈ।

ਜਦੋਂ ਰਾਜਾ ਪਾਪਾਂ 'ਤੇ ਕਾਬੂ ਨਹੀਂ ਪਾਉਂਦਾ ਤਾਂ ਜਾਤ ਦਾ ਮਿਸ਼ਰਨ ਫੈਲ ਜਾਂਦਾ ਹੈ ਅਤੇ ਕੁਲੀਨ ਪਰਿਵਾਰਾਂ ਵਿਚ ਵੀ ਪਾਪੀ, ਰਾਕਸ਼, ਅਪਾਹਜ ਜਾਂ ਮੋਟੀ ਜੀਭ ਵਾਲੇ ਬੱਚੇ ਜੰਮਣੇ ਸ਼ੁਰੂ ਹੋ ਜਾਂਦੇ ਹਨ।'

ਸਮੇਂ ਦੇ ਬੀਤਣ ਨਾਲ, ਚਿਤਾਵਨੀਆਂ ਬਹੁਤ ਅਸਰਦਾਰ ਸਾਬਤ ਹੋਈਆਂ। ਰਾਈਕ ਨੇ ਆਂਧਰਾ ਪ੍ਰਦੇਸ ਦੇ ਵੈਸ਼ ਲੋਕਾਂ ਦੀ ਮਿਸਾਲ ਦਿੱਤੀ ਹੈ। ਇਨ੍ਹਾਂ ਨੂੰ ਦੋ ਤੋਂ ਤਿੰਨ ਹਜ਼ਾਰ ਸਾਲ ਪਿੱਛੇ ਤੱਕ ਪੜਤਾਲਿਆ ਜਾ ਸਕਦਾ ਹੈ। ਰਾਈਕ ਲਿਖਦਾ ਹੈ, "ਇਸ ਦਾ ਮਤਲਬ ਇਹ ਸੀ ਕਿ ਬੰਦਿਸ਼ ਤੋਂ ਬਾਅਦ, ਵੈਸ਼ਾਂ ਦੇ ਪੁਰਖਿਆਂ ਨੇ ਸਖ਼ਤ ਅੰਤਰ-ਵਿਆਹ ਬਣਾਈ ਰੱਖਿਆ ਸੀ ਜਿਸ ਨਾਲ ਹਜ਼ਾਰਾਂ ਸਾਲਾਂ ਤੱਕ ਲਾਜ਼ਮੀ ਤੌਰ 'ਤੇ ਉਨ੍ਹਾਂ ਦੇ ਸਮੂਹ ਵਿਚ ਕੋਈ ਅਨੁਵੰਸ਼ਿਕ ਮਿਸ਼ਰਨ ਨਹੀਂ ਹੋਇਆ। ਇੱਥੋਂ ਤੱਕ ਕਿ ਇਨ੍ਹਾਂ ਵੈਸ਼ਾਂ ਵਿਚ ਜੇ ਹਰ ਪੀੜ੍ਹੀ ਵਿਚ ਇਕ ਫ਼ੀ ਸਦੀ ਵੀ ਮਿਲਾਵਟ ਹੁੰਦੀ ਤਾਂ ਪਾਬੰਦੀ ਦੀ ਪਾਲਣਾ ਨਾ ਹੋਣ ਦੇ ਸੰਕੇਤ ਮਿਲਦੇ।"

ਇਨ੍ਹਾਂ ਮਹਾਂਕਾਵਾਂ ਅਤੇ ਅੱਜ ਦੇ ਸੰਘ ਪਰਿਵਾਰ ਵਿਚਕਾਰ ਹਜ਼ਾਰਾਂ ਸਾਲਾਂ ਤੋਂ ਵੱਧ ਦਾ ਫ਼ਾਸਲਾ ਹੈ ਪਰ ਨਜ਼ਰੀਆ ਉਹੀ ਬਣਿਆ ਹੋਇਆ ਹੈ। ਮੋਦੀ ਦੇ ਸੱਤਾ 'ਚ ਆਉਣ ਦੇ ਕੁਝ ਮਹੀਨਿਆਂ ਦੇ ਅੰਦਰ ਹੀ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਦੇ ਮੁਖੀ ਮੋਹਨ ਭਾਗਵਤ ਨੇ ਕਿਹਾ, "ਆਉਣ ਵਾਲੀ ਪੀੜ੍ਹੀ ਦੀਆਂ ਕੁੜੀਆਂ ਨੂੰ 'ਲਵ ਜਹਾਦ' ਦਾ ਮਤਲਬ ਅਤੇ ਇਸ ਦੇ ਜਾਲ ਤੋਂ ਆਪਣੇ ਆਪ ਨੂੰ ਬਚਾਉਣ ਦੇ ਤਰੀਕੇ ਦੱਸੇ ਜਾਣੇ ਚਾਹੀਦੇ ਹਨ।" ਜਿਵੇਂ ਭਾਗਵਤ ਦੇ ਸ਼ਬਦਾਂ ਤੋਂ ਸੰਕੇਤ ਮਿਲਦਾ ਹੈ, ਹਿੰਦੂਤਵੀ ਜਥੇਬੰਦੀਆਂ ਨੇ ਆਪਣੀਆਂ ਮਰਦ-ਪ੍ਰਧਾਨ ਧਾਰਨਾਵਾਂ ਨੂੰ ਧਿਆਨ ਵਿਚ ਰੱਖਦੇ ਹੋਏ ਆਪਣੇ ਆਪ ਨੂੰ ਹਿੰਦੂ ਔਰਤਾਂ ਦੀ ਲਿੰਗਕਤਾ ਦੇ ਰਖਵਾਲੇ ਵਜੋਂ ਤਾਇਨਾਤ ਕਰ ਲਿਆ ਹੈ। ਇਸ ਤੋਂ ਇਲਾਵਾ 'ਲਵ ਜਹਾਦ' ਸ਼ਬਦ ਇਸ ਗੱਲ ਵਿਚ ਕੋਈ ਭੁਲੇਖਾ ਨਹੀਂ ਰਹਿਣ ਦਿੰਦਾ ਕਿ ਔਰਤਾਂ ਨੂੰ ਕਥਿਤ ਤੌਰ 'ਤੇ ਕੌਣ 'ਫਸਾਉਂਦਾ' ਹੈ; ਇਸ ਤੋਂ ਪਤਾ ਲੱਗਦਾ ਹੈ ਕਿ ਮੁਸਲਮਾਨਾਂ ਨਾਲ ਗ਼ਲਤ ਸਬੰਧ ਦੀ ਵੱਖਰੇ ਤੌਰ 'ਤੇ ਸ਼ਨਾਖ਼ਤ ਕਰਨ ਦੀ ਜ਼ਰੂਰਤ ਹੈ। ਦੂਜੇ ਪਾਸੇ, ਮੁਸਲਿਮ ਕੱਟੜਵਾਦ ਨੂੰ ਵੀ ਮੁਸਲਿਮ ਔਰਤਾਂ ਦੀ ਲਿੰਗਕਤਾ ਨੂੰ ਕੰਟਰੋਲ ਕਰਨ ਅਤੇ ਉਨ੍ਹਾਂ ਦੀ ਪਸੰਦ ਨੂੰ ਨਿਰਦੇਸ਼ਤ ਕਰਨ ਦੀ ਇਹੀ ਜ਼ਰੂਰਤ ਮਹਿਸੂਸ ਹੁੰਦੀ ਹੈ ਪਰ ਇਹ ਤੁਲਨਾ ਅਜਿਹੇ ਰਾਜ ਵਿਚ ਬੇਲੋੜੀ ਹੈ ਜੋ ਕੱਟੜਵਾਦ ਨੂੰ ਦੂਜੇ ਨਾਲੋਂ ਜ਼ਿਆਦਾ ਹਮਾਇਤ ਦਿੰਦਾ ਹੈ ਅਤੇ ਇਸੇ ਉਦੇਸ਼ ਨਾਲ ਆਪਣੇ ਸਾਜ਼ੋ-ਸਮਾਨ ਦਾ ਇਸਤੇਮਾਲ ਕਰਦਾ ਹੈ।

ਪੁਰਾਤਨ ਮਹਾਂਕਾਵਾਂ ਦੇ ਰਚੇਤਿਆਂ ਵਾਂਗ ਆਰ.ਐੱਸ.ਐੱਸ. ਇਹ ਗੱਲ ਜਾਣਦਾ ਹੈ ਕਿ ਹਿੰਦੂ-ਮੁਸਲਿਮ ਜੋੜੇ ਸਿਰਫ਼ ਸਾਡੀ ਨਸਲ ਦੇ ਸਭ ਤੋਂ ਪੁਰਾਣੇ ਆਵੇਗ, ਯਾਨੀ ਇਕ ਦੂਜੇ ਵੱਲ ਆਕਰਸ਼ਿਤ ਹੋ ਰਹੇ ਹਨ। ਇਹ ਅਜਿਹਾ ਆਵੇਗ ਹੈ ਜਿਸ ਉੱਪਰ ਸੌਖਿਆਂ ਬੰਦਿਸ਼ ਨਹੀਂ ਲਗਾਈ ਜਾ ਸਕਦੀ। ਇਹ ਔਖੇ ਤੋਂ ਔਖੇ ਹਾਲਾਤ ਵਿਚ ਵੀ ਉੱਭਰ ਕੇ ਸਾਹਮਣੇ ਆਉਂਦਾ ਹੈ।

ਭਾਵ, ਇਸ ਦੀ ਰੋਕਥਾਮ ਲਈ ਲਗਾਤਾਰ ਹਿੰਸਾ ਦੀ ਜ਼ਰੂਰਤ ਹੁੰਦੀ ਹੈ ਜਿਸ ਨੂੰ ਸਿਰਫ਼ ਹਿੰਦੂਤਵ ਰਾਜ ਦੀ ਚੁੱਪ ਅਤੇ ਸਰਗਰਮ ਮਿਲੀਭੁਗਤ ਨਾਲ ਹੀ ਕਾਇਮ ਰੱਖਿਆ ਜਾ ਸਕਦਾ ਹੈ। ਇਹ ਅਜਿਹੇ ਵਿਆਹਾਂ ਉੱਪਰ ਪਾਬੰਦੀਆਂ ਦੀ ਰੋਕਥਾਮ ਦੇ ਕਾਨੂੰਨੀ ਇਤਿਹਾਸ ਤੋਂ ਜ਼ਾਹਿਰ ਹੈ।

ਵਕੀਲ ਚੰਦਰ ਉਦੈ ਸਿੰਘ ਇਕ ਵਿਸ਼ਲੇਸ਼ਣ ਵਿਚ ਕਹਿੰਦੇ ਹਨ ਕਿ 2022 ਦੇ ਅੰਤ ਤੱਕ ਗਿਆਰਾਂ ਭਾਰਤੀ ਰਾਜਾਂ ਵਿਚ ਲਵ ਜਹਾਦ ਦੇ ਕਾਨੂੰਨ ਸਨ। ਉਨ੍ਹਾਂ ਕਿਹਾ, "ਪਰ ਗਿਣਤੀ ਕਰਨੀ ਔਖੀ ਹੁੰਦੀ ਜਾ ਰਹੀ ਹੈ।"

***ਖਾਣ-ਪੀਣ ਸੰਬੰਧੀ ਬੰਦਿਸ਼ਾਂ ਦੇ ਮਾਮਲੇ 'ਚ ਵੀ ਇਹੀ ਕਹਾਣੀ ਹੈ। ਮਰਹੂਮ ਇਤਿਹਾਸਕਾਰ ਡੀ.ਐਨ. ਝਾਅ ਨੇ ਵੇਦਾਂ ਦਾ ਡੂੰਘਾਈ ਨਾਲ ਅਧਿਐਨ ਕਰਨ ਤੋਂ ਬਾਅਦ ਦੱਸਿਆ ਹੈ ਕਿ ਗਊ ਮਾਸ ਪੁਜਾਰੀ ਵਰਗ ਦਾ ਮਨਪਸੰਦ ਭੋਜਨ ਸੀ ਪਰ ਇਹ ਗ੍ਰੰਥ ਮਹਾਨ ਬੰਦਿਸ਼ ਤੋਂ ਪਹਿਲਾਂ ਦੇ ਹਨ।***

ਕੁਝ, ਜਿਵੇਂ 2019 ਵਿਚ ਹਿਮਾਚਲ ਅਤੇ 2021 ਵਿਚ ਗੁਜਰਾਤ ਅਤੇ ਮੱਧ ਪ੍ਰਦੇਸ਼ ਨੇ ਆਪਣੇ ਪੁਰਾਣੇ 'ਧਰਮ ਦੀ ਆਜ਼ਾਦੀ' ਕਾਨੂੰਨਾਂ ਦੇ ਲਈ ਨਵੇਂ ਸਖ਼ਤ ਕਾਨੂੰਨ ਬਣਾਏ ਹਨ ਜਿਨ੍ਹਾਂ ਦਾ ਮਨੋਰਥ ਹਿੰਦੂ ਔਰਤਾਂ ਨੂੰ ਧਰਮ ਤੋਂ ਬਾਹਰ ਵਿਆਹ ਕਰਨ ਤੋਂ ਰੋਕਣਾ ਹੈ।

ਉੜੀਸਾ (1967), ਛੱਤੀਸਗੜ੍ਹ (1968), ਅਰੁਣਾਚਲ ਪ੍ਰਦੇਸ਼ (1978) ਅਤੇ ਝਾਰਖੰਡ (2017) ਵਿਚ ਧਰਮ-ਬਦਲੀ ਰੋਕਣ ਲਈ ਕਾਨੂੰਨ ਹਨ ਪਰ ਇਹ ਕਾਨੂੰਨ ਵਿਆਹ ਵਰਗੇ ਨਿੱਜੀ ਖੇਤਰ ਵਿਚ ਨਹੀਂ ਘੁਸਦੇ। ਉਂਝ ਨਵੇਂ ਕਾਨੂੰਨਾਂ, ਜਿਵੇਂ ਉੱਤਰਾਖੰਡ (2018), ਉੱਤਰ ਪ੍ਰਦੇਸ਼ (2020), ਕਰਨਾਟਕ (2021) ਅਤੇ ਹਰਿਆਣਾ (2022) ਨੇ 'ਲਵ ਜਹਾਦ ਦੇ ਵਧ ਰਹੇ ਰੁਝਾਨ' ਦੇ ਵਿਰੁੱਧ ਲੜਨ ਦੇ ਐਲਾਨੀਆ ਉਦੇਸ਼ ਨਾਲ ਨਿਧੜਕ ਕਾਨੂੰਨ ਬਣਾਏ ਹਨ।

ਤਰੀਕਾਂ ਦਰਸਾਉਂਦੀਆਂ ਹਨ ਕਿ ਕਿਵੇਂ ਧਰਮ-ਬਦਲੀ ਵਿਰੁੱਧ ਮੌਜੂਦਾ ਤੁਅੱਸਬ ਜੋ 2014 ਤੋਂ ਪਹਿਲੇ ਕਾਨੂੰਨ ਵਿਚ ਜ਼ਾਹਿਰ ਸੀ, ਨੂੰ ਹੁਣ ਇਕ ਵੱਖਰੇ ਹੀ ਦਰਜੇ 'ਤੇ ਪਹੁੰਚਾਇਆ ਗਿਆ ਹੈ।

ਲਵ ਜਹਾਦ ਕਾਨੂੰਨਾਂ ਦੇ ਹਮਾਇਤੀ ਅਕਸਰ ਇਸ ਤਰ੍ਹਾਂ ਦੀਆਂ ਦਲੀਲਾਂ ਦਿੰਦੇ ਹਨ। ਮਿਸਾਲ ਲਈ, ਉਤਰਾਖੰਡ ਵਿਚ ਅਜਿਹੇ ਇਕ ਬਿੱਲ ਦੇ ਨਾਲ ਜੁੜੇ ਉਦੇਸ਼ਾਂ ਅਤੇ ਕਾਰਨਾਂ ਦੇ ਬਿਆਨ ਵਿਚ ਜ਼ਿਕਰ ਕੀਤਾ ਗਿਆ ਹੈ ਕਿ ਅਜਿਹੇ 'ਕਈ ਤਰ੍ਹਾਂ ਦੇ ਕੇਸ' ਹਨ ਜਿਨ੍ਹਾਂ ਵਿਚ "ਲੋਕ ਆਪਣੇ ਧਰਮ ਨੂੰ ਲੁਕਾ ਕੇ ਲੜਕੀਆਂ ਨਾਲ ਵਿਆਹ ਕਰ ਰਹੇ ਹਨ ਅਤੇ ਵਿਆਹ ਤੋਂ ਬਾਅਦ ਲੜਕੀਆਂ ਦਾ ਧਰਮ-ਬਦਲ ਕੇ ਉਨ੍ਹਾਂ ਨੂੰ ਆਪਣੇ ਧਰਮ ਵਿਚ ਰਲਾ ਰਹੇ ਹਨ।" ਇਨ੍ਹਾਂ ਮਿਸਾਲਾਂ ਦੇ ਆਧਾਰ 'ਤੇ ਚੰਦਰ ਉਦੈ ਸਿੰਘ ਲਿਖਦੇ ਹਨ, "ਉਤਰਾਖੰਡ ਵਿਧਾਨ ਸਭਾ ਨੇ ਕਾਨੂੰਨ ਬਣਾਇਆ ਹੈ ਜੋ ਨਾ ਸਿਰਫ਼ ਪਿਆਰ ਨੂੰ ਜੁਰਮ ਮੰਨਦਾ ਹੈ ਸਗੋਂ ਅੰਤਰ-ਧਰਮ ਵਿਆਹਾਂ ਨੂੰ ਵੀ ਰੱਦ ਕਰਦਾ ਹੈ, ਵਿਆਹ ਤੋਂ ਪਹਿਲਾਂ ਜਾਂ ਬਾਅਦ ਵਿਚ ਧਰਮ ਪਰਿਵਰਤਨ ਦੀ ਸੂਰਤ 'ਚ।" ਇਹ ਕੋਈ ਰਹੱਸ ਨਹੀਂ ਹੈ ਕਿ ਇਹ ਕਾਨੂੰਨ ਕਿਸ ਨੂੰ ਨਿਸ਼ਾਨਾ ਬਣਾਉਂਦੇ ਹਨ। 'ਦਿ ਗਾਰਡੀਅਨ' ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਅਗਸਤ 2021 ਤੱਕ ਉੱਤਰ ਪ੍ਰਦੇਸ਼ ਵਿਚ ਲਵ ਜਹਾਦ ਕਾਨੂੰਨ ਦੇ ਤਹਿਤ 208 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਸਾਰੇ ਦੇ ਸਾਰੇ 208 ਮੁਸਲਮਾਨ ਸਨ।

ਜਿਉਂ-ਜਿਉਂ ਇਹ ਗ੍ਰਿਫ਼ਤਾਰੀਆਂ ਹੋ ਰਹੀਆਂ ਹਨ, ਅਜਿਹੇ ਮਾਮਲਿਆਂ ਵਿਚ ਹਿੰਸਾ ਦੀਆਂ ਘਟਨਾਵਾਂ ਵਧ ਰਹੀਆਂ ਹਨ। ਰਾਜ ਦੀ ਮਿਲੀਭੁਗਤ ਅਤੇ ਯੋਜਨਾ ਆਮ ਗੱਲ ਹੋ ਜਾਂਦੀ ਹੈ। ਕਹਾਣੀਆਂ ਅਖ਼ਬਾਰਾਂ ਦੇ ਅੰਦਰਲੇ ਪੰਨਿਆਂ ਵਿਚ ਚਲੀਆਂ ਜਾਂਦੀਆਂ ਹਨ।

ਖਾਣ-ਪੀਣ ਸੰਬੰਧੀ ਬੰਦਿਸ਼ਾਂ ਦੇ ਮਾਮਲੇ 'ਚ ਵੀ ਇਹੀ ਕਹਾਣੀ ਹੈ। ਮਰਹੂਮ ਇਤਿਹਾਸਕਾਰ ਡੀ.ਐਨ. ਝਾਅ ਨੇ ਵੇਦਾਂ ਦਾ ਡੂੰਘਾਈ ਨਾਲ ਅਧਿਐਨ ਕਰਨ ਤੋਂ ਬਾਅਦ ਦੱਸਿਆ ਹੈ ਕਿ ਗਊ ਮਾਸ ਪੁਜਾਰੀ ਵਰਗ ਦਾ ਮਨਪਸੰਦ ਭੋਜਨ ਸੀ ਪਰ ਇਹ ਗ੍ਰੰਥ ਮਹਾਨ ਬੰਦਿਸ਼ ਤੋਂ ਪਹਿਲਾਂ ਦੇ ਹਨ। ਹਜ਼ਾਰਾਂ ਸਾਲਾਂ ਦੇ ਮਿਸ਼ਰਨ 'ਚ ਜਦੋਂ ਵੈਦਿਕ ਲੋਕ ਅਤੇ ਸਿੰਧ ਘਾਟੀ ਦੇ ਵਾਸੀ ਦੋਵੇਂ ਪਸ਼ੂਆਂ ਦਾ ਮਾਸ ਖਾਂਦੇ ਸਨ, ਤਦ ਪੁਜਾਰੀ ਵਰਗ ਨੂੰ ਸ਼੍ਰਮਣ 'ਅਧਰਮੀਆ' (ਯਾਨੀ ਗੈਰ-ਬ੍ਰਾਹਮਣ ਪਰੰਪਰਾ ਜੋ ਕਿਰਤ ਦੁਆਰਾ ਮੋਕਸ਼ ਪ੍ਰਾਪਤੀ ਦੇ ਮਾਰਗ ਨੂੰ ਮੰਨਦੀ ਹੈ ਅਤੇ ਜਿਸ ਦੇ ਲਈ ਮਨੁੱਖ ਦੀ ਜ਼ਿੰਦਗੀ ਵਿਚ ਈਸ਼ਵਰ ਦੀ ਨਹੀਂ ਕਿਰਤ ਦੀ ਆਵਸ਼ੱਕਤਾ ਹੈ) ਦੇ ਵਿਚਾਰਾਂ ਦੀ ਚੁਣੌਤੀ ਦਾ ਸਾਹਮਣਾ ਕਰਨਾ ਪਿਆ। ਬ੍ਰਾਹਮਣਾਂ ਦੇ ਉਲਟ 'ਅਧਰਮੀਆਂ' ਦਾ ਮੰਨਣਾ ਸੀ ਕਿ ਗਿਆਨ ਦੀ ਖੋਜ ਲੋਕਾਂ ਦੇ ਕਿਸੇ ਇਕ ਸਮੂਹ ਤੱਕ ਸੀਮਿਤ ਨਹੀਂ ਹੋਣੀ ਚਾਹੀਦੀ। ਆਮ ਤੌਰ 'ਤੇ ਉਨ੍ਹਾਂ ਦੇ ਦਰਵਾਜ਼ੇ ਸਾਰੇ ਇੱਛਕ ਲੋਕਾਂ ਲਈ ਖੁੱਲ੍ਹੇ ਸਨ। ਇਹ ਵਿਚਾਰ ਬੁੱਧ ਧਰਮ ਤੋਂ ਲੈ ਕੇ ਜੈਨ ਧਰਮ ਤੱਕ ਵੱਖ-ਵੱਖ ਸੰਪਰਦਾਵਾਂ ਵਿਚ ਪ੍ਰਗਟ ਹੋਏ।

ਸਭ ਤੋਂ ਵੱਡੀ ਕਾਮਯਾਬੀ ਬੋਧੀਆਂ ਨੂੰ ਮਿਲੀ। ਬੀ.ਆਰ. ਅੰਬੇਡਕਰ ਆਪਣੀ ਰਚਨਾ 'ਦਿ ਅਨਟੱਚਏਬਲ' ਵਿਚ ਲਿਖਦੇ ਹਨ, "ਬੁੱਧ

***(ਬਾਕੀ ਅਗਲੇ ਸਫੇ 'ਤੇ)***

ਧਰਮ ਦੇ ਫੈਲਣ ਕਾਰਨ ਸ਼ਾਹੀ ਦਰਬਾਰ ਅਤੇ ਲੋਕਾਂ ਵਿਚ ਬ੍ਰਾਹਮਣਾਂ ਦੀ ਸਾਰੀ ਸ਼ਕਤੀ ਅਤੇ ਮਾਣ-ਤਾਣ ਖੁੱਸ ਗਿਆ।” ਬ੍ਰਾਹਮਣਵਾਦ ਨੇ ਆਖ਼ਿਰਕਾਰ ਜੀਵ ਹੱਤਿਆ ਨਾ ਕਰਨ ਜਾਂ ਮਾਸ ਖਾਣ ਉੱਪਰ ਪਾਬੰਦੀ ਬੁੱਧ ਧਰਮ ਦੇ ਬਹੁਤ ਸਾਰੇ ਮੂਲ ਵਿਚਾਰਾਂ ਨੂੰ ਅਪਣਾ ਕੇ ਇਸ ਚੁਣੌਤੀ ਨਾਲ ਨਜਿੱਠਿਆ। ਬ੍ਰਾਹਮਣਵਾਦੀ ਵਿਵਸਥਾ ਮਾਸ ਨੂੰ ਤਿਆਗ ਕੇ, ਜੋ ਕਦੇ ਉਨ੍ਹਾਂ ਦੀ ਸ਼ਕਤੀ ਦਾ ਇਨਾਮ ਸੀ, ਪੁਰੋਹਿਤੀ ਸਰਵਉੱਚਤਾ ਦਾ ਦਾਅਵਾ ਕਰਨ ਦੀ ਦੂਜੀ ਇੰਤਹਾ 'ਤੇ ਪਹੁੰਚ ਗਈ। ਉਨ੍ਹਾਂ ਦਾ ਸਭ ਤੋਂ ਵਧੀਆ ਮਾਸ ਸਭ ਤੋਂ ਵਰਜਿਤ ਹੋ ਗਿਆ।” ਅੰਬੇਡਕਰ ਕਹਿੰਦੇ ਹਨ, “ਸ਼ਾਕਾਹਾਰੀ ਬਣੇ ਤੋਂ ਬਿਨਾਂ ਬ੍ਰਾਹਮਣ ਆਪਣੇ ਵਿਰੋਧੀਆਂ ਤੋਂ ਖੁੱਸ ਚੁੱਕੀ ਜ਼ਮੀਨ ਮੁੜ ਪ੍ਰਾਪਤ ਨਹੀਂ ਸੀ ਕਰ ਸਕਦੇ।”

ਇਸ ਉਲਟ-ਫੇਰ ਨੇ ਉਨ੍ਹਾਂ ਲੋਕਾਂ ਨੂੰ ਜੋ ਮਰੇ ਹੋਏ ਜਾਨਵਰਾਂ ਦਾ ਮਾਸ ਖਾਂਦੇ ਸਨ ਜੋ ਪ੍ਰੋਟੀਨ ਦਾ ਸਭ ਤੋਂ ਸਸਤਾ ਸਰੋਤ ਹੈ, ਦਰਜਾਬੰਦੀ ਦੇ ਅੰਦਰ ਅਤੇ ਜ਼ਿਆਦਾ ਬਦਨਾਮੀ ਦੀ ਹਾਲਤ 'ਚ ਸੁੱਟ ਦਿੱਤਾ। ਅੰਬੇਡਕਰ ਨੇ ਲਿਖਿਆ ਕਿ ਮੁੱਖ ਭਾਈਚਾਰਿਆਂ ਨੂੰ 'ਅਛੂਤ' ਮੰਨਿਆ ਜਾਂਦਾ ਹੈ ਜੋ “ਮਰੀਆਂ ਗਾਵਾਂ ਖਾਂਦੇ ਹਨ ਅਤੇ ਜੋ ਮਰੀਆਂ ਗਾਵਾਂ ਖਾਂਦੇ ਹਨ, ਉਹੀ ਛੂਤ-ਛਾਤ ਨਾਲ ਕਲੰਕਿਤ ਹੁੰਦੇ ਹਨ। ਛੂਤ-ਛਾਤ ਅਤੇ ਮਰੀਆਂ ਗਾਵਾਂ ਦੀ ਵਰਤੋਂ ਵਿਚਕਾਰ ਸਬੰਧ ਏਨਾ ਵੱਡਾ ਅਤੇ ਏਨਾ ਗੂੜ੍ਹਾ ਹੈ ਕਿ ਇਹ ਥੀਸਿਸ ਕਿ ਇਹ ਛੂਤ-ਛਾਤ ਦੀ ਜੜ੍ਹ ਹੈ, ਵਿਵਾਦ ਰਹਿਤ ਜਾਪਦਾ ਹੈ।” ਅੱਜ ਇਸ ਵਰਜਿਤ, ਕਦੇ ਖਾਧੇ ਜਾਣ ਵਾਲੇ ਭੋਜਨ ਦੇ ਖ਼ਪਤਕਾਰ ਦੇ ਰੂਪ 'ਚ ਇਹੀ ਕਲੰਕ ਮੁਸਲਮਾਨਾਂ ਉੱਪਰ ਥੋਪਿਆ ਜਾ ਰਿਹਾ ਹੈ। ਹਿੰਸਾ, ਰਾਜਤੰਤਰ ਦੀ ਵਿਧਾਨਕ ਵਰਤੋਂ ਅਤੇ ਪੁਲਿਸ ਦੇ ਜ਼ੋਰ ਜਬਰ ਦਾ ਤਕਰੀਬਨ ਉਹੀ ਪੈਟਰਨ ਲਵ ਜਹਾਦ ਦੇ ਮਾਮਲੇ 'ਚ ਵੀ ਦੁਹਰਾਇਆ ਜਾ ਰਿਹਾ ਹੈ।

ਝਾਅ ਨੇ ਲਿਖਿਆ ਹੈ ਕਿ ਕਿਵੇਂ ਬ੍ਰਾਹਮਣਾਂ ਦੇ ਗਊ ਮਾਸ ਖਾਣ ਦੇ ਇਤਿਹਾਸ ਨੂੰ ਭਾਰਤ ਵਿਚ ਇਸਲਾਮ ਨਾਲ ਜੋੜ ਕੇ ਨਜ਼ਰਅੰਦਾਜ਼ ਕੀਤਾ ਗਿਆ। ਇਕ ਇੰਟਰਵਿਊ ਵਿਚ ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦੀ ਕਿਤਾਬ 'ਹੋਲੀ ਕਾਉ: ਬੀਫ ਇਨ ਇੰਡੀਅਨ ਡਾਇਟਰੀ ਟ੍ਰੇਡੀਸ਼ਨਜ' ਉਨ੍ਹਾਂ ਗ੍ਰੰਥਾਂ ਦੇ ਅਧਿਐਨਾਂ 'ਤੇ ਆਧਾਰਿਤ ਹੈ ਜੋ ਦਰਸਾਉਂਦੇ ਹਨ ਕਿ “ਵੈਦਿਕ ਕਾਲ ਵਿਚ ਗਊ ਮਾਸ ਖਾਣਾ ਕਾਫ਼ੀ ਆਮ ਸੀ, ਜਦੋਂ ਅਕਸਰ ਪਸ਼ੂਆਂ ਦੀ ਬਲੀ ਦਿੱਤੀ ਜਾਂਦੀ ਸੀ।” ਉਨ੍ਹਾਂ ਕਿਹਾ ਕਿ ਬਾਅਦ ਵਿਚ ਇੰਝ ਲੱਗਿਆ ਕਿ ਬ੍ਰਾਹਮਣਾਂ ਨੇ ਇਸ ਪ੍ਰਥਾ ਨੂੰ ਅਛੂਤ ਜਾਤੀਆਂ 'ਚ ਪਹੁੰਚਾ ਦਿੱਤਾ। “ਮੱਧਕਾਲ ਦੌਰਾਨ ਖਾਣ ਲਈ ਗਊਆਂ ਨੂੰ ਮਾਰਨ ਦੀ ਪ੍ਰਥਾ ਮੁਸਲਮਾਨਾਂ ਨਾਲ ਵੀ ਜੁੜੀ ਹੋਈ ਸੀ।” ਝਾਅ ਨੇ ਕਿਹਾ ਕਿ ਉਨ੍ਹੀਵੀਂ ਸਦੀ ਦੇ ਦੂਜੇ ਅੱਧ ਤੋਂ “ਗਊ ਨੂੰ ਤੇਜ਼ੀ ਨਾਲ 'ਹਿੰਦੂ' ਪਛਾਣ ਦੇ ਪ੍ਰਤੀਕ ਵਜੋਂ ਦੇਖਿਆ ਜਾਣ ਲੱਗਾ ਹੈ - ਮੁਸਲਮਾਨਾਂ ਨੂੰ ਗਊ ਮਾਸ ਖਾਣ ਵਾਲਿਆਂ ਵਜੋਂ ਦਰਸਾਇਆ ਗਿਆ ਅਤੇ ਹਿੰਦੂ ਸੱਜੇ ਪੱਖੀਆਂ ਨੇ ਹਮੇਸ਼ਾ ਇਹ ਗ਼ਲਤ ਦਾਅਵਾ ਕੀਤਾ ਹੈ ਕਿ ਭਾਰਤ ਵਿਚ ਗਊ ਮਾਸ ਖਾਣ ਦਾ ਰਿਵਾਜ ਮੁਸਲਮਾਨਾਂ ਨੇ ਲਿਆਂਦਾ।”



ਪਹਿਲੀ ਨਵੰਬਰ 2022 ਨੂੰ ਅੰਮ੍ਰਿਤਸਰ ਵਿਚ ਗਊ ਪੂਜਾ ਦਿਵਸ ਮੌਕੇ ਵੱਛੇ ਨੂੰ ਪੂਜਣ ਦੀ ਝਲਕ।

ਕਿਤਾਬ ਦੇ ਸਵਾਗਤ ਸਮਾਰੋਹ ਵਿਚ ਅੱਜ ਦੀਆਂ ਘਟਨਾਵਾਂ ਬਾਰੇ ਭਵਿੱਖਬਾਣੀ ਮਿਲਦੀ ਹੈ। ਝਾਅ ਨੇ ਉਨ੍ਹਾਂ ਮੁਸ਼ਕਿਲਾਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਦਾ ਸਾਹਮਣਾ ਉਨ੍ਹਾਂ ਨੂੰ 2001 ਵਿਚ ਕਰਨਾ ਪਿਆ ਜਦੋਂ ਉਨ੍ਹਾਂ ਦੀ ਕਿਤਾਬ ਛਪੀ: “ਇਕ ਹਿੰਦੂਤਵ ਬ੍ਰਿਗੇਡ ਨੇ ਮੇਰੇ ਘਰ ਵਿਚ ਭੰਨਤੋੜ ਕੀਤੀ, ਮੇਰੀ ਕਿਤਾਬ ਦੀਆਂ ਕਾਪੀਆਂ ਸਾੜੀਆਂ ਅਤੇ ਮੇਰੀ ਗ੍ਰਿਫ਼ਤਾਰੀ ਦੀ ਮੰਗ ਕੀਤੀ। ਮੈਨੂੰ ਮੌਤ ਸਮੇਤ ਹਰ ਤਰ੍ਹਾਂ ਦੀਆਂ ਧਮਕੀਆਂ ਮਿਲੀਆਂ।”

ਮੌਤ ਦੀ ਧਮਕੀ ਕੋਈ ਹੈਰਾਨੀ ਵਾਲੀ ਗੱਲ ਨਹੀਂ ਸੀ। ਹੁਣ ਤਾਂ ਇਸ ਨੂੰ ਹਿੰਦੂਤਵ ਦੀ ਪ੍ਰਵਾਨਗੀ ਮਿਲ ਗਈ ਹੈ। ਹਿੰਦੁਸਤਾਨ ਟਾਈਮਜ਼ ਵਿਚ 2017 ਦੀ ਇਕ ਸੁਰਖ਼ੀ ਕਹਿੰਦੀ ਹੈ: “2010 ਤੋਂ ਗਊ ਨਾਲ ਜੁੜੀ ਹਿੰਸਾ ਵਿਚ ਮਾਰੇ ਗਏ ਲੋਕਾਂ ਵਿਚੋਂ 86 ਫ਼ੀ ਸਦੀ ਮੁਸਲਮਾਨ ਹਨ; 97 ਫ਼ੀ ਸਦੀ ਹਮਲੇ ਮੋਦੀ ਸਰਕਾਰ ਦੇ ਸੱਤਾ ਵਿਚ ਆਉਣ ਤੋਂ ਬਾਅਦ ਹੋਏ।” ਇਸ ਖ਼ਬਰ ਦੇ ਕੁਝ ਮਹੀਨਿਆਂ ਦੇ ਅੰਦਰ ਨਫ਼ਰਤੀ ਹਿੰਸਾ ਨੂੰ ਦਰਜ ਕਰਨ ਵਾਲਾ ਹਿੰਦੁਸਤਾਨ ਟਾਈਮਜ਼ ਦਾ ਟਰੈਕਰ ਬੰਦ ਕਰ ਦਿੱਤਾ ਗਿਆ ਅਤੇ ਇਸ ਦੇ ਸੰਪਾਦਕ ਨੂੰ ਅਸਤੀਫ਼ਾ ਦੇਣ ਲਈ ਮਜਬੂਰ ਕਰ ਦਿੱਤਾ ਗਿਆ। ਇਹ ਆਖ਼ਰੀ ਸਾਲ ਸੀ ਜਦੋਂ ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਨੇ ਲਿੰਚਿੰਗ ਅਤੇ ਨਫ਼ਰਤੀ ਜੁਰਮਾਂ ਦੇ ਅੰਕੜੇ ਇਕੱਠੇ ਕੀਤੇ ਸਨ। ਬਾਅਦ ਵਿਚ ਗ੍ਰਹਿ ਮੰਤਰਾਲੇ ਨੇ ਸੰਸਦ ਨੂੰ ਦੱਸਿਆ ਕਿ ਇਸ ਨੂੰ ਇਸ ਕਰ ਕੇ ਰੋਕ ਦਿੱਤਾ ਗਿਆ ਕਿਉਂਕਿ “ਅੰਕੜੇ ਭਰੋਸੇਯੋਗ ਨਹੀਂ ਸਨ ਕਿਉਂਕਿ ਇਨ੍ਹਾਂ ਜੁਰਮਾਂ ਨੂੰ ਪਰਿਭਾਸ਼ਿਤ ਨਹੀਂ ਕੀਤਾ ਗਿਆ ਹੈ।”

24 ਜੂਨ 2023 ਨੂੰ ਮਹਾਰਾਸ਼ਟਰ ਵਿਚ ਗਊ ਹੱਤਿਆ ਦੇ ਸ਼ੱਕ 'ਚ ਅਫਾਨ ਅਬਦੁਲ ਅੰਸਾਰੀ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ ਅਤੇ ਇਸ ਸਾਲ ਤੋਂ ਅਜਿਹੀਆਂ ਕਈ ਘਟਨਾਵਾਂ ਦੀ ਸੂਚੀ ਬਣਾਈ ਜਾ ਸਕਦੀ ਹੈ ਪਰ ਨਾ ਤਾਂ ਅੰਸਾਰੀ ਅਤੇ ਨਾ ਹੀ ਇਸ ਸਾਲ ਦੇ ਹੋਰ ਨਾਂ ਪਹਿਲੂ ਖ਼ਾਨ ਅਤੇ ਜੁਨੈਦ ਖ਼ਾਨ ਦੇ ਨਾਂ ਵਾਂਗ ਜਾਣੇ-ਪਛਾਣੇ ਹਨ ਜਿਨ੍ਹਾਂ ਨੂੰ 2017 ਵਿਚ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ ਸੀ। 2017 ਤੋਂ ਬਾਅਦ ਇਨ੍ਹਾਂ ਕਤਲਾਂ ਦੀ ਰਿਪੋਰਟਿੰਗ ਬਦਲ ਗਈ ਹੈ ਕਿਉਂਕਿ ਰਾਸ਼ਟਰ ਵਜੋਂ ਇਨ੍ਹਾਂ ਨੂੰ ਬਰਦਾਸ਼ਤ ਕਰਨ ਦੀ ਸਾਡੀ ਸਮਰੱਥਾ ਵਿਚ ਵਾਧਾ ਹੋਇਆ ਹੈ। ਹੈਰਾਨੀ ਦੀ ਗੱਲ ਨਹੀਂ ਕਿ ਕਾਨੂੰਨ ਏਨੇ ਸਖ਼ਤ ਕਰ ਦਿੱਤੇ ਗਏ ਹਨ ਕਿ ਅਜਿਹੀ ਕਿਸੇ ਵੀ ਘਟਨਾ ਵਾਲੀ ਥਾਂ ਤੋਂ ਬਰਾਮਦ ਕੀਤੇ ਗਏ ਕੁਝ ਗ੍ਰਾਮ ਮਾਸ ਉੱਪਰ ਪੁਲਿਸ ਦਾ ਓਨਾ ਹੀ ਜਾਂ ਸ਼ਾਇਦ ਉਸ ਤੋਂ ਵੀ ਜ਼ਿਆਦਾ ਧਿਆਨ ਜਾਂਦਾ ਹੈ ਜਿੰਨਾ ਹਜੂਮ ਵੱਲੋਂ ਮਾਰੇ ਗਏ ਮੁਸਲਮਾਨਾਂ ਦੀਆਂ ਲਾਸ਼ਾਂ ਵੱਲ ਜਾਂਦਾ ਹੈ।

ਜਿਵੇਂ ਆਕਾਰ ਪਟੇਲ 'ਅਵਰ ਹਿੰਦੂ ਰਾਸ਼ਟਰ' ਵਿਚ ਲਿਖਦੇ ਹਨ, ਗਊ ਹੱਤਿਆ ਦੇ ਵਿਰੁੱਧ ਕਾਨੂੰਨਾਂ ਦਾ ਸ਼ੁਰੂਆਤੀ ਉਦੇਸ਼ “ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਣਾ ਹੈ ਜਿਨ੍ਹਾਂ ਵਿਚੋਂ ਜ਼ਿਆਦਾਤਰ ਕਸਾਈ ਵਪਾਰ ਵਿਚ ਸ਼ਾਮਲ ਹਨ।” ਮਿਸਾਲ ਲਈ ਉੱਤਰ ਪ੍ਰਦੇਸ਼ ਸਰਕਾਰ ਨੇ ਕਥਿਤ ਗਊ ਹੱਤਿਆ ਲਈ ਮੁਸਲਮਾਨਾਂ ਦੇ ਖ਼ਿਲਾਫ਼ ਖੁੱਲ੍ਹਦਿਲੀ ਨਾਲ ਅਤਿਵਾਦ ਵਿਰੋਧੀ ਰਾਸ਼ਟਰੀ ਸੁਰੱਖਿਆ ਕਾਨੂੰਨ ਲਾਗੂ ਕੀਤਾ ਹੈ - ਜੋ ਉਨ੍ਹਾਂ ਨੂੰ ਬਿਨਾਂ ਮੁਕੱਦਮੇ ਜਾਂ ਬਿਨਾਂ ਰਸਮੀ ਦੋਸ਼ਾਂ ਦੇ ਜੇਲ੍ਹ ਭੇਜਣ ਦੀ ਇਜਾਜ਼ਤ ਦਿੰਦਾ ਹੈ। ਪਟੇਲ ਕਹਿੰਦੇ ਹਨ, “ਗੁਜਰਾਤ ਵਿਚ ਗਊ ਹੱਤਿਆ ਲਈ ਤਾਉਮਰ ਕੈਦ ਦੀ ਸਜ਼ਾ ਤਰਕ ਦੀ ਕਸੌਟੀ 'ਤੇ ਖ਼ਰੀ ਨਹੀਂ ਉਤਰਦੀ।” ਉਹ ਲਿਖਦੇ ਹਨ, ਭਾਵੇਂ ਗਊ ਹੱਤਿਆ 'ਤੇ ਪਾਬੰਦੀ ਲਾਉਣ ਦੀਆਂ ਕੋਸ਼ਿਸ਼ਾਂ ਨਵੀਆਂ ਨਹੀਂ ਹਨ ਪਰ ਭਾਜਪਾ ਦੇ ਰਾਜ ਤਹਿਤ ਲਿਆਂਦੇ ਗਏ ਕਾਨੂੰਨ 'ਸਨਕੀ' ਹਨ।

2003 ਵਿਚ ਭੋਪਾਲ ਵਿਚ ਰਹਿਣ ਅਤੇ ਰਿਪੋਰਟਿੰਗ ਕਰਨ ਸਮੇਂ ਮੈਂ ਹਿੰਦੂ ਬਹੁਗਿਣਤੀ ਵਾਲੇ ਖੇਤਰਾਂ ਤੋਂ ਮੁਸਲਮਾਨਾਂ ਅਤੇ ਮੁਸਲਿਮ ਬਹੁਗਿਣਤੀ ਵਾਲੇ ਖੇਤਰਾਂ ਤੋਂ ਹਿੰਦੂਆਂ ਦੀ ਹਿਜਰਤ ਦੇ ਵਰਤਾਰੇ ਵੱਲ ਧਿਆਨ ਦੇਣਾ ਸ਼ੁਰੂ ਕੀਤਾ। ਮੁਲਕ ਦੇ ਜ਼ਿਆਦਾਤਰ ਹਿੱਸਿਆਂ ਵਿਚ ਪਹਿਲਾਂ ਤੋਂ ਹੀ ਮੁਸਲਮਾਨ ਅਤੇ ਹਿੰਦੂ ਇਲਾਕੇ ਕਾਫ਼ੀ ਵੱਖਰੇ ਸਨ ਪਰ ਇਹ ਵਰਤਾਰਾ ਨਵਾਂ ਸੀ ਕਿਉਂਕਿ ਇਹ 2002 ਵਿਚ ਗੁਜਰਾਤ ਵਿਚ ਮੁਸਲਿਮ ਵਿਰੋਧੀ ਹਿੰਸਾ ਤੋਂ ਪ੍ਰੇਰਿਤ ਸੀ। ਜੋ ਮੁਸਲਮਾਨ ਛੱਡ ਕੇ ਜਾ ਰਹੇ ਸਨ, ਉਨ੍ਹਾਂ ਵਿਚੋਂ ਬਹੁਤ ਸਾਰਿਆਂ ਨੇ ਆਪਣਾ ਡਰ ਸੌਖੇ ਤੋਂ ਸੌਖੇ ਸ਼ਬਦਾਂ ਵਿਚ ਇਸ ਤਰ੍ਹਾਂ ਜ਼ਾਹਿਰ ਕੀਤਾ: ਕੌਣ ਅਹਿਸਾਨ ਜਾਫ਼ਰੀ ਬਣਨਾ ਚਾਹੁੰਦਾ ਹੈ?

ਗੁਲਬਰਗ ਸੁਸਾਇਟੀ ਜਿਸ ਵਿਚ ਬਹੁਤ ਸਾਰੇ ਮੁਸਲਮਾਨ ਰਹਿੰਦੇ ਸਨ ਪਰ ਜੋ ਹਿੰਦੂ ਇਲਾਕੇ ਵਿਚ ਸੀ, ਜਾਫ਼ਰੀ ਅਤੇ ਦਰਜਨਾਂ ਹੋਰਾਂ ਦਾ ਬੇਰਹਿਮੀ ਨਾਲ ਕਤਲ ਕੀਤਾ ਗਿਆ ਸੀ। ਜਾਫ਼ਰੀ ਉਹ ਵਿਅਕਤੀ ਸੀ ਜੋ ਸੰਸਦ ਮੈਂਬਰ ਰਹਿ ਚੁੱਕਾ ਸੀ ਅਤੇ ਜਿਸ ਨੇ ਅਜਿਹੇ ਖੇਤਰ ਵਿਚ ਰਹਿਣ ਦੀ ਚੋਣ ਕੀਤੀ ਜਿੱਥੇ ਮੁਸਲਮਾਨ ਦੀ ਗਿਣਤੀ ਜ਼ਿਆਦਾ ਨਹੀਂ ਸੀ। ਉਹ ਹਿੰਦੂਆਂ ਅਤੇ ਮੁਸਲਮਾਨਾਂ ਦੇ ਇਕੱਠੇ ਰਹਿਣ ਦੀ ਜ਼ਰੂਰਤ ਉੱਪਰ ਜ਼ੋਰ ਦੇਣ ਲਈ ਹਮੇਸ਼ਾ ਤਿਆਰ ਰਹਿੰਦਾ ਸੀ ਅਤੇ ਉਸ ਦੀ ਪਹੁੰਚ ਨਾ ਸਿਰਫ਼ ਅਹਿਮਦਾਬਾਦ ਦੇ ਸੀਨੀਅਰ ਪੁਲਿਸ ਅਧਿਕਾਰੀਆਂ ਤੱਕ ਸੀ ਸਗੋਂ ਮੋਦੀ ਤੋਂ ਲੈ ਕੇ ਭਾਜਪਾ ਦੇ ਸਾਰੇ ਆਗੂਆਂ ਤੱਕ ਸੀ। ਉਸ ਨੇ ਉਨ੍ਹਾਂ ਸਾਰਿਆਂ ਨੂੰ ਫ਼ੋਨ ਕੀਤੇ ਜਿਨ੍ਹਾਂ ਨੂੰ ਉਹ ਜਾਣਦਾ ਸੀ ਪਰ ਕਿਸੇ ਨੇ ਕੁਝ ਨਹੀਂ ਕੀਤਾ ਅਤੇ ਬਾਅਦ ਵਿਚ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਕੁਝ ਵੀ ਪਤਾ ਨਹੀਂ ਸੀ। ਭੀੜ ਨੇ ਉਸ ਨੂੰ ਮਾਰ ਦਿੱਤਾ।

ਕੁਝ ਸਾਲ ਬਾਅਦ ਤਹਿਲਕਾ ਲਈ ਕੰਮ ਕਰਦੇ ਹੋਏ ਮੈਂ ਇਕ ਲੜਕੇ ਨਾਲ ਗੁਲਬਰਗ ਸੁਸਾਇਟੀ ਗਿਆ ਜੋ ਹਮਲੇ ਦੌਰਾਨ ਸੁਸਾਇਟੀ ਦੇ ਅੰਦਰ ਸੀ। ਸਾਡੇ ਨਾਲ ਗੁਆਂਢੀ ਇਲਾਕੇ ਦਾ ਉਸ ਦਾ ਇਕ ਦੋਸਤ ਵੀ ਸੀ ਜਿੱਥੇ ਉਹ ਮੁੰਡਾ ਬਾਅਦ ਵਿਚ ਚਲਾ ਗਿਆ ਸੀ। ਉਹ ਹਿੰਦੂ ਸੀ। ਕਤਲੇਆਮ ਬਾਰੇ ਜੋ ਦੱਸਿਆ ਗਿਆ ਸੀ, ਉਸ ਨੂੰ ਉਹ ਖ਼ੁਦ ਦੇਖਣਾ ਚਾਹੁੰਦਾ ਸੀ। ਉਹ ਮੁੰਡਾ ਸਾਨੂੰ ਸੜੇ ਹੋਏ ਘਰਾਂ ਦੀ ਰਹਿੰਦ-ਖੂੰਹਦ, ਸੁਸਾਇਟੀ ਦੀਆਂ ਟੁੱਟੀਆਂ ਹੋਈਆਂ ਕੰਧਾਂ ਦਿਖਾਉਣ ਲੈ ਕੇ ਗਿਆ ਜਿਨ੍ਹਾਂ ਨੂੰ ਹਜੂਮ ਨੇ ਢਾਹ ਦਿੱਤਾ ਸੀ। ਜਦੋਂ ਅਸੀਂ ਉੱਥੇ ਜਾ ਰਹੇ ਸੀ ਤਾਂ ਗੁਜਰਾਤ ਪੁਲਿਸ ਆ ਗਈ ਅਤੇ ਉਨ੍ਹਾਂ ਨੇ ਸਾਨੂੰ ਇਕ ਘੰਟੇ ਤੋਂ ਵੱਧ ਸਮੇਂ ਲਈ ਨੇੜਲੇ ਥਾਣੇ ਵਿਚ ਹਿਰਾਸਤ ਵਿਚ ਰੱਖਿਆ। ਜਿਸ ਪੁਲਿਸ ਨੇ ਕਾਤਲ ਹਜੂਮ ਨੂੰ ਨਹੀਂ ਰੋਕਿਆ ਸੀ, ਉਹ ਹੁਣ ਉਨ੍ਹਾਂ ਲੋਕਾਂ ਦੇ ਉੱਥੇ ਜਾਣ ਉੱਪਰ ਰੋਕ ਲਗਾ ਰਹੀ ਸੀ ਜੋ ਕਦੇ ਉੱਥੇ ਕਾਲੋਨੀ ਦੇ ਅੰਦਰ ਰਹਿੰਦੇ ਸਨ। ਇਸ ਕਲੋਨੀ ਦੀ ਸੜੀ ਹੋਈ ਰਹਿੰਦ-ਖੂੰਹਦ ਉਸ ਮਿਲੀ-ਜੁਲੀ ਆਬਾਦੀ ਦੀ ਰਹਿੰਦ-ਖੂੰਹਦ ਸੀ ਜੋ ਕਦੇ ਇਸ ਸ਼ਹਿਰ ਵਿਚ ਇਕੱਠੀ ਰਹਿੰਦੀ ਸੀ।

ਅਹਿਸਾਨ ਜਾਫ਼ਰੀ ਮਾਮਲੇ ਨਾਲ ਪੈਦਾ ਹੋਏ ਡਰ ਨੇ ਉਸ ਅਮਲ ਨੂੰ ਤੇਜ਼ ਕਰ ਦਿੱਤਾ ਜੋ ਪਹਿਲਾਂ ਹੀ ਬਹੁਤ ਸਾਰੇ ਭਾਰਤੀ ਸ਼ਹਿਰਾਂ ਵਿਚ ਨਜ਼ਰ ਆ ਰਿਹਾ ਸੀ ਜਿੱਥੇ ਪੁਰਾਣਾ ਸ਼ਹਿਰ ਮੁੱਖ ਤੌਰ 'ਤੇ ਮੁਸਲਮਾਨ ਸੀ ਅਤੇ ਨਵਾਂ ਸ਼ਹਿਰ ਮੁੱਖ ਤੌਰ 'ਤੇ ਹਿੰਦੂ ਸੀ। ਪੁਰਾਣੇ ਸ਼ਹਿਰਾਂ ਵਿਚ ਰਹਿਣ ਵਾਲੇ ਹਿੰਦੂ ਉੱਥੋਂ ਜਾਣ ਸ਼ੁਰੂ ਹੋ ਗਏ ਸਨ ਪਰ ਇਹ ਉਨ੍ਹਾਂ ਮੁਸਲਮਾਨਾਂ ਲਈ ਵੀ ਸੱਚ ਸੀ ਜਿਨ੍ਹਾਂ ਨੇ ਚੰਗੀ ਜਾਇਦਾਦ ਬਣਾ ਲਈ ਸੀ - ਹੁਣ ਜੇ ਉਹ ਕਿਤੇ ਜਾਂਦੇ ਤਾਂ ਉਹ ਨਵੇਂ ਸ਼ਹਿਰ ਦੀਆਂ ਹੋਰ ਮੁਸਲਿਮ ਬਹੁ-ਗਿਣਤੀ ਵਾਲੀਆਂ ਬਸਤੀਆਂ ਵਿਚ ਹੀ ਜਾ ਸਕਦੇ ਸਨ। ***(ਚੱਲਦਾ)***

# ਹਨੇਰੇ ਰਾਹ

***(ਸਫਾ 23 ਦੀ ਬਾਕੀ)***

ਸੈਲਮਨਆਰਮ ਸ਼ਹਿਰਾਂ ਦੇ ਵਿਚਾਲੇ ਹਾਈਵੇ ਬੰਦ ਸੀ। ਬਰਫ਼ ਦੀ ਤਿਲਕਣ ਕਾਰਨ ਇਕ ਟਰੱਕ ਉਲਟ ਗਿਆ ਸੀ। ਉੱਥੇ ਅੜੇ ਖੜ੍ਹੇ ਗੁਰਸੀਰ ਦਾ ਚਿਹਰਾ ਮੁਰਝਾ ਗਿਆ। ਉਸ ਨੇ ਸ਼ਮਿੰਦਰ ਨੂੰ ਫੋਨ ਕਰਦਿਆਂ ਕਿਹਾ ਸੀ, “ਭਾਅ ਜੀ, ਹਾਈਵੇ ਬਾਰੇ ਥੋਨੂੰ ਪਤਾ ਲੱਗ ਈ ਗਿਆ ਹੋਣੈ। ਪਤਾ ਨੀਂ ਕਦੋਂ ਖੁੱਲ੍ਹੇ। ਟਰੇਲਰ ਅਨਲੋਡ ਕਰਨ ਦੀ ਕੱਲ੍ਹ ਦੀ ਅਪੁਇੰਟਮੈਂਟ ਕਰਦੋ ਪਰ ਢਾਈ ਵਜੇ ਤੋਂ ਬਾਅਦ ਦੀ ਕਰਿਓ। ਸਵੇਰੇ ਮੈਨੂੰ ਕੰਮ ਐ।” ਗੁਰਸੀਰ ਨੇ ਸੋਚਿਆ ਸੀ ਕਿ ਅਮ੍ਰਿਤ ਕੰਮ 'ਤੇ ਜਾਣ ਲਈ ਘਰੋਂ ਢਾਈ ਵਜੇ ਨਿਕਲ਼ਦੀ ਸੀ। ਉਹ ਉਸ ਤੋਂ ਬਾਅਦ ਹੀ ਟਰਾਲਾ ਖਾਲੀ ਕਰਵਾਉਣ ਜਾਏਗਾ।

ਗੁਰਸੀਰ ਰਾਤ ਨੂੰ ਬਾਰਾਂ ਵਜੇ ਸਰੀ ਪਹੁੰਚਿਆ।

--- --- ---

ਸਵੇਰੇ ਗੁਰਸੀਰ ਬਿਸਤਰੇ ਵਿਚ ਹੀ ਪਿਆ ਸੀ, ਜਦੋਂ ਉਸ ਦਾ ਫੋਨ ਖੜਕ ਪਿਆ। ਉਸ ਨੇ ਆਪਣੇ ਦੁਆਲੇ ਵਲੀ ਅਮ੍ਰਿਤ ਦੀ ਬਾਂਹ ਨੂੰ ਪੋਲਾ ਜਿਹਾ ਚੁੱਕ ਕੇ ਪਾਸੇ ਕੀਤਾ ਅਤੇ ਨਾਲ਼ ਵਾਲੇ ਮੇਜ਼ 'ਤੇ ਪਏ ਫੋਨ ਨੂੰ ਚੁੱਕ ਲਿਆ। ਅੱਗੋਂ ਸ਼ਮਿੰਦਰ ਬੋਲਿਆ, “ਗੁਰਸੀਰ, ਦਸ ਵਜੇ ਦੀ ਮਿਲੀ ਇਆ ਅਪੁਇੰਟਮੈਂਟ।”

“ਭਾਅ ਜੀ, ਮੈਂ ਕਿਹਾ ਸੀ ਢਾਈ ਤੋਂ ਬਾਅਦ ਦੀ ਲਿਓ।”

“ਅਗਲਿਆਂ ਨੂੰ ਸਮਾਨ ਚਾਹੀਦਾ ਇਆ। ਮੇਰੇ ਨੀ ਵੱਸ ਇਹ। ਟਾਈਮ ਨਾਲ਼ ਪਹੁੰਚ ਜਾਵੀਂ।”

“ਠੀਕ ਐ ਜੀ।” ਗੁਰਸੀਰ ਨੇ ਢਿੱਲੀ ਆਵਾਜ਼ 'ਚ ਕਿਹਾ।

“ਕੀਹਦਾ ਸਵੇਰੇ ਸਵੇਰੇ ਆ ਗਿਆ। ਸੌਣ ਵੀ ਨਹੀਂ ਦਿੰਦੇ। ਮਸਾਂ ਤਾਂ ਪੰਦਰਾਂ ਦਿਨਾਂ ਬਾਅਦ ਘਰ ਆਏ ਸੀ।” ਅਮ੍ਰਿਤ ਅਲ਼ਸਾਈ ਆਵਾਜ਼ 'ਚ ਬੋਲੀ।

“ਚੱਲ ਉੱਠ, ਚਾਹ ਚੂਹ ਬਣਾ। ਮੈਂ ਟਰੇਲਰ ਅਨਲੋਡ ਕਰਵਾਉਣ ਜਾਣੈ।”

“ਤੁਸੀਂ ਤਾਂ ਕਹਿੰਦੇ ਸੀ ਕਿ ਆਥਣੇ ਜਾਓਂਗੇ।”

“ਕਹਿੰਦਾ ਤਾਂ ਸੀ ਪਰ---।” ਆਖਦਾ ਗੁਰਸੀਰ ਚੁੱਪ ਕਰ ਗਿਆ।

“ਆਪਣਾ ਅੱਜ ਦਾ ਪ੍ਰੋਗਰਾਮ ਕੈਂਸਲ ਫਿਰ? ਮੈਂ ਤਾਂ ਉਡੀਕਦੀ ਸੀ ਕਿ ਕਦੋਂ ਘਰੇ ਆਵੋਂਗੇ ਤੇ ਕਦੋਂ 'ਕੱਠੇ ਮਾਲ ਜਾਵਾਂਗੇ।”

“ਅਗਲੀ ਵਾਰ 'ਤੇ ਜਾ ਪਈ ਗੱਲ।” ਆਖ ਕੇ ਗੁਰਸੀਰ ਬਿਸਤਰੇ 'ਚੋਂ ਨਿਕਲ਼ ਗਿਆ।

ਛੇਤੀ ਨਾਲ਼ ਗੁਰਸੀਰ ਤਿਆਰ ਹੋ ਕੇ ਬੋਲਿਆ, “ਮੈਂ ਕਾਰ ਲੈ ਚੱਲਿਐਂ। ਤੇਰੇ ਕੰਮ 'ਤੇ ਜਾਣ ਤੋਂ ਪਹਿਲਾਂ ਪਹਿਲਾਂ ਮੁੜ ਆਊਂ।” ਉਸ ਨੇ ਟਰੱਕ ਯਾਰਡ ਵਿਚ ਕਾਰ ਖੜ੍ਹਾਈ ਤੇ ਉੱਥੋਂ ਟਰੱਕ ਲੈ ਕੇ ਰਿਚਮੰਡ ਵੱਲ ਚੱਲ ਪਿਆ। ਜਿਸ ਦਰਵਾਜ਼ੇ ਮੂਹਰੇ ਗੁਰਸੀਰ ਨੇ ਟਰਾਲਾ ਲਾਉਣਾ ਸੀ, ਉਸ ਅੱਗੇ ਪਹਿਲਾਂ ਹੀ ਇਕ ਹੋਰ ਟਰਾਲਾ ਲੱਗਿਆ ਹੋਇਆ ਸੀ। ਗੁਰਸੀਰ ਨੇ ਘੜੀ ਦੇਖੀ। ਉਹ ਪੂਰੇ ਦਸ ਵਜਾ ਰਹੀ ਸੀ। ਗੁਰਸੀਰ ਟਰੱਕ ਵਿਚੋਂ ਨਿਕਲਿਆ ਅਤੇ ਆਪਣੀ ਪਹੁੰਚ ਬਾਰੇ ਦੱਸਣ ਇਮਾਰਤ ਦੇ ਅੰਦਰ ਚਲਿਆ ਗਿਆ। ਅੱਗੋਂ ਰਿਸੀਵਰ ਬੋਲਿਆ, “ਤੇਰੀ ਅਪੁਇੰਟਮੈਂਟ ਬਾਰਾਂ ਵਜੇ ਦੀ ਆ।”

“ਮੈਨੂੰ ਤਾਂ ਦਸ ਵਜੇ ਦਾ ਦੱਸਿਆ ਗਿਆ ਹੈ।”

“ਪਹਿਲਾਂ ਦਸ ਵਜੇ ਦੀ ਹੀ ਸੀ ਪਰ ਅਸੀਂ ਦਸਾਂ ਮਿੰਟਾਂ ਬਾਅਦ ਹੀ ਫੋਨ ਕਰ ਕੇ ਬਦਲੇ ਟਾਈਮ ਬਾਰੇ ਦੱਸ ਦਿੱਤਾ ਸੀ।”

ਉੱਥੋਂ ਬਾਹਰ ਨਿਕਲ਼ਦੇ ਗੁਰਸੀਰ ਨੇ ਛੋਟਾ ਦਰਵਾਜ਼ਾ ਠਾਹ ਦੇਣੇ ਬੰਦ ਕੀਤਾ ਅਤੇ ਬਾਹਰ ਆ ਕੇ ਹਵਾ 'ਚ ਹੀ ਆਪਣਾ ਢਿੱਡ ਹੌਲਾ ਕਰਨ ਲਈ ਕਿਹਾ, “ਭੈਣ ਦੇਣਿਓਂ, ਮੇਰੀ ਛੁੱਟੀ ਈ ਖ਼ਰਾਬ ਕਰਨੀ ਸੀ।” ਟਰੱਕ 'ਚ ਬੈਠ ਕੇ ਉਸ ਨੇ ਸ਼ਮਿੰਦਰ ਨੂੰ ਫੋਨ ਕਰ ਲਿਆ ਅਤੇ ਕਿਹਾ, “ਭਾਅ ਜੀ, ਓਹ ਤਾਂ ਕਹਿੰਦੇ ਬਾਰਾਂ ਵਜੇ ਦੀ ਅਪੁਇੰਟਮੈਂਟ ਐ।”

“ਹਾਂ ਬਾਰਾਂ ਦੀ ਉ ਈ ਇਆ। ਤੈਨੂੰ ਦੱਸਣੋਂ ਉੱਕ ਗਿਆ। ਚੱਲ ਦੋ ਘੰਟੇ ਈ ਇਆ, ਵੇਟ ਕਰਲਾ।” ਸ਼ਮਿੰਦਰ ਬੋਲਿਆ।

“ਠੀਕ ਐ ਜੀ।” ਗੁਰਸੀਰ ਨੇ ਢਿੱਲੀ ਆਵਾਜ਼ 'ਚ ਕਿਹਾ ਤੇ ਫੋਨ ਬੰਦ ਕਰ ਕੇ ਬੋਲਿਆ, “ਜੇ ਕੋਈ ਜਵਾਈ ਪੱਕਾ ਡਰਾਈਵਰ ਹੁੰਦਾ, ਫੇਰ ਦੇਖਦਾ ਤੈਨੂੰ ਉੱਕਦੇ ਨੂੰ। ਸਾਕ ਦੇਣੇ ਨੇ ਸਾਰਾ ਪ੍ਰੋਗ੍ਰਾਮ ਹੀ ਚੌਪਟ ਕਰਤਾ।” ਫਿਰ ਗੁਰਸੀਰ ਨੂੰ ਯਾਦ ਆ ਗਿਆ ਕਿ ਉਹ ਕਾਰ ਲੈ ਆਇਆ ਸੀ ਤੇ ਅਮ੍ਰਿਤ ਦੇ ਕੰਮ 'ਤੇ ਜਾਣ ਤੋਂ ਪਹਿਲਾਂ ਉਸ ਤੋਂ ਮੁੜ ਨਹੀਂ ਹੋਣਾ। ਇਹ ਦੱਸਣ ਲਈ ਉਸ ਨੇ ਅਮ੍ਰਿਤ ਨੂੰ ਫੋਨ ਮਿਲਾ ਲਿਆ। ਢਿੱਲੀ ਆਵਾਜ਼ 'ਚ ਬੋਲਿਆ, “ਅਮ੍ਰਿਤ, ਬੱਸ 'ਤੇ ਚਲੀ ਜਾਈਂ ਕੰਮ 'ਤੇ।”

ਅੱਗੋਂ ਅਮ੍ਰਿਤ ਬੋਲੀ, “ਕੈਮਰਾ ਔਨ ਕਰੋ। ਥੋਡੀ ਕਿਤੇ ਸ਼ਕਲ ਹੀ ਨਾ ਭੁੱਲ ਜਾਵਾਂ।” ਵੀਡੀਓ ਕਾਲ ਕਰ ਕੇ ਗੁਰਸੀਰ ਬੋਲਿਆ, “ਕਈ ਵਾਰੀ ਚਿੱਤ 'ਚ ਆਉਂਦੀ ਐ ਕਿ ਜਿੰਨੀ ਦੇਰ ਆਪਣੇ ਕੋਈ ਨਿਆਣਾ ਨੀ ਆਉਂਦਾ, ਤੈਨੂੰ ਵੀ ਟਰੱਕ ਦਾ ਲਸੰਸ ਦਿਵਾ ਕੇ ਨਾਲ਼ ਹੀ ਲੈ ਜਾਇਆ ਕਰਾਂ।”

“ਨਾਲ਼ੇ ਨਿਆਣਾ ਛੇਤੀ ਹੋਜੂ।” ਆਖ ਕੇ ਅਮ੍ਰਿਤ ਖਿੜਖੜਾ ਕੇ ਹੱਸ ਪਈ। ਫਿਰ ਸ਼ਰਮਾ ਕੇ ਬੋਲੀ, “ਕਿੱਡੀ ਬੇਸ਼ਰਮ ਹੋਗੀ ਮੈਂ।” ਗੁਰਸੀਰ ਦੇ ਅੰਦਰ ਤਰੰਗ ਉੱਠੀ। ਉਸ ਦਾ ਜੀਅ ਕੀਤਾ ਕਿ ਅਮ੍ਰਿਤ ਕੋਲ ਹੋਵੇ ਤਾਂ ਉਸ ਨੂੰ ਬਾਹਾਂ ਵਿਚ ਭਰ ਲਵੇ।

ਅਮ੍ਰਿਤ ਬੋਲੀ, “ਟਰੱਕ ਮੇਰੇ ਤੋਂ ਕਿੱਥੇ ਚੱਲਣੇ? ਕਾਰ ਤਾਂ ਮੈਂ ਡਰਦੀ ਮਾਰੀ ਦੂਰ ਨੀ ਚਲਾ ਕੇ ਲਿਜਾਂਦੀ।”

“ਬਹੁਤ ਜੋੜੇ ਏਦਾਂ ਟਰੱਕ ਚਲਾਉਂਦੇ ਆ। ਸਿਖਾ ਲੂੰ ਤੈਨੂੰ।”

“ਬਸ ਤੁਸੀਂ ਛੇਤੀ ਮੁੜ ਆਇਆ ਕਰੋ ਜਾਂ ਲੋਕਲ ਚਲਾਉਣ ਲੱਗ ਪਵੋ।”

ਅਮ੍ਰਿਤ ਨਾਲ਼ ਗੱਲਾਂ ਕਰਦਿਆਂ ਗੁਰਸੀਰ ਨੇ ਸੋਚਿਆ ਕਿ ਜੇ ਉਹ ਸਵੇਰੇ ਅਮ੍ਰਿਤ ਨੂੰ ਨਾਲ਼ ਹੀ ਲੈ ਆਉਂਦਾ, ਇਸ ਵੇਲੇ ਉਹ ਉਸ ਦੇ ਕੋਲ ਤਾਂ ਹੁੰਦੀ। ਅਮ੍ਰਿਤ ਨਾਲ਼ ਗੱਲਾਂ ਕਰਨ ਤੋਂ ਬਾਅਦ ਕੁਝ ਦੇਰ ਤਾਂ ਗੁਰਸੀਰ ਸਰੂਰ ਜਿਹੇ ਵਿਚ ਰਿਹਾ ਪਰ ਜਦੋਂ ਬਾਰਾਂ ਵਜੇ ਤਕ ਵੀ ਉਸ ਦਰਵਾਜ਼ੇ 'ਚੋਂ ਪਹਿਲਾ ਟਰੱਕ ਨਾ ਹਿੱਲਿਆ ਤਾਂ ਗੁਰਸੀਰ ਦੇ ਅੰਦਰ ਮੁੜ ਕਾਹਲ ਪੈਣ ਲੱਗੀ। ਉਸ ਦੇ ਦਿਮਾਗ਼ ਵਿਚ ਸਾਥੀ ਡਰਾਈਵਰ ਆ ਗਿਆ। ਉਸ ਕੋਲ ਬੀ ਸੀ ਦਾ ਲਾਈਸੰਸ ਨਹੀਂ ਸੀ। ਉਹ ਬੀ ਸੀ 'ਚ ਆ ਕੇ ਟਰਾਲਾ ਖਾਲੀ ਕਰਵਾਉਣ ਦੇ ਚੱਕਰ ਤੋਂ ਬਚ ਜਾਂਦਾ। 'ਗ਼ਲਤੀ ਹੀ ਕਰ ਲਈ ਬੀ ਸੀ ਦਾ ਲਾਈਸੰਸ ਲੈ ਕੇ', ਗੁਰਸੀਰ ਨੇ ਸੋਚਿਆ। 'ਇਹ ਤਾਂ ਪੀ ਐੱਨ ਪੀ ਦੀ ਫ਼ਾਈਲ ਲਾਉਣ ਤੋਂ ਪਹਿਲਾਂ ਲੈਣਾ ਹੀ ਸੀ ਪਰ ਸ਼ਮਿੰਦਰ ਮੇਰੇ ਨਾਲ਼ ਹੀ ਕਿਉਂ ਏਦਾਂ ਕਰਦੈ? ਪੱਕੇ ਡਰਾਈਵਰਾਂ ਨੂੰ ਨੀ ਭੇਜਦਾ ਛੁੱਟੀ ਵਾਲੇ ਦਿਨ ਲੋਡ-ਅਨਲੋਡ ਕਰਵਾਉਣ। ਆਪ ਜਾਂਦੈ ਉਨ੍ਹਾਂ ਦੇ ਟਰੇਲਰ ਲੋਡ-ਅਨਲੋਡ ਕਰਵਾਉਣ। ਉਨ੍ਹਾਂ ਨੂੰ ਟਰੱਕ ਚਲਾਈ ਦੇ ਪ੍ਰਤੀ ਮੀਲ ਸੈਂਟ ਵੀ ਵੱਧ ਦਿੰਦੈ', ਇਸ ਸੋਚ ਨਾਲ਼ ਉਸ ਦਾ ਅੰਦਰ ਰਿੱਝਣ ਲੱਗਾ। ਉਸ ਨੇ ਮਨ ਵਿਚ ਧਾਰ ਲਈ ਕਿ ਉਹ ਅੱਜ ਸ਼ਮਿੰਦਰ ਨਾਲ਼ ਗੱਲ ਕਰੇਗਾ।

ਸ਼ਮਿੰਦਰ ਆਪਣੇ ਦਫ਼ਤਰ ਵਿਚ ਹੀ ਸੀ, ਜਦੋਂ ਟਰਾਲਾ ਖਾਲੀ ਕਰਵਾ ਕੇ ਗੁਰਸੀਰ ਟਰੱਕ ਯਾਰਡ ਵਿਚ ਪਹੁੰਚਿਆ। ਉਹ ਸ਼ਮਿੰਦਰ ਦੇ ਦਫ਼ਤਰ 'ਚ ਜਾ ਕੇ ਬੋਲਿਆ, “ਭਾਅ ਜੀ ਇਕ ਰੁਕੈਸਅਟ ਕਰਨੀ ਸੀ।”

“ਹਾਂ, ਬੋਲ।” ਸ਼ਮਿੰਦਰ ਨੇ ਉਸ ਵੱਲ ਦੇਖਦਿਆਂ ਕਿਹਾ।

“ਦੇਖਲੋ ਭਾਅ ਜੀ, ਮੈਂ ਕਦੇ ਥੋਨੂੰ ਇਨਕਾਰ ਨੀ ਕੀਤਾ, ਜਿਹੜਾ ਮਰਜ਼ੀ ਲੋਡ ਚੁਕਵਾ ਦਿਓਂ ਜਿਹੜੇ ਮਰਜ਼ੀ ਟੈਮ 'ਤੇ ਪਰ ਮੈਨੂੰ ਆਹ ਘਰੋਂ ਬਾਹਰ ਵੇਟ ਕਰਨੀ ਬਹੁਤ ਔਖੀ ਲਗਦੀ ਐ।”

“ਇਹ ਤਾਂ ਜੌਬ ਦਾ ਹਿੱਸਾ ਇਆ। ਕਈ ਵਾਰੀ ਲੋਡ ਨਹੀਂ ਹੁੰਦਾ ਤਿਆਰ।”

ਗੁਰਸੀਰ ਦੇ ਮਨ ਵਿਚ ਆਈ, 'ਪੱਕੇ ਡਰਾਈਵਰਾਂ ਵਾਰੀ ਕਿਵੇਂ ਹੁੰਦੈ' ਪਰ ਉਸ ਨੇ ਇਹ ਨਹੀਂ ਕਿਹਾ ਸਗੋਂ ਬੋਲਿਆ, “ਭਾਅ ਜੀ, ਫੇਰ ਉਸ ਟਾਈਮ ਦਾ ਕੁਝ ਪੇਅ ਕਰ ਦਿਆ ਕਰੋ। ਜੇਬ 'ਚੋਂ ਖਰਚਾ ਕਰਨਾ ਪੈਂਦਾ। ਹੋਰ ਸਾਰੀਆਂ ਕੰਪਨੀਆਂ ਪੇਅ ਕਰਦੀਐਂ।”

ਗੁਰਸੀਰ ਨੇ ਇਹ ਆਖ ਕੇ ਸ਼ਮਿੰਦਰ ਵੱਲ ਦੇਖਿਆ। ਉਹ ਆਪਣੀ ਕੁਰਸੀ ਨੂੰ ਖੱਬੇ-ਸੱਜੇ ਹਿਲਾਉਣ ਲੱਗਾ ਸੀ। ਸ਼ਮਿੰਦਰ ਬੋਲਿਆ, “ਜਦੋਂ ਜੌਬ ਲੈਣੀ ਸੀ, ਓਦੋਂ ਹੋਰ ਕੰਪਨੀਆਂ 'ਚ ਨੀ ਗਿਆ? ਬਿਨਾਂ ਤਜਰਬੇ ਵਾਲਿਆਂ ਨੂੰ ਫੜਾਉਂਦੀਆਂ ਟਰੱਕ ਇਹ ਹੋਰ ਕੰਪਨੀਆਂ? ਐਡੇ ਐਡੇ ਮਹਿੰਗੇ ਟਰੱਕ ਥੋਡੇ ਹਵਾਲੇ ਕਰ ਦਿੰਨੇ ਇਆਂ ਅਸੀਂ। ਜਦੋਂ ਥੋੜ੍ਹਾ ਜਾ ਤਜਰਬਾ ਹੋਜੇ, ਥੋਨੂੰ ਹੋਰ ਕੰਪਨੀਆਂ ਦਿਸਣ ਲੱਗ ਜਾਂਦੀਆਂ ਇਆ। ਐਡੀ ਛੇਤੀ ਨੀ ਭੁੱਲ ਜਈਦਾ।” ਸ਼ਮਿੰਦਰ ਕੁਝ ਪਲ ਚੁੱਪ ਰਹਿ ਕੇ ਫਿਰ ਬੋਲਿਆ, “ਪਤੈ ਕਿੰਨਾ ਕੰਪੀਟੀਸ਼ਨ ਇਆ? ਰੇਟ ਘਟਾ ਕੇ ਮਸਾਂ ਕੰਟ੍ਰੈਕਟ ਲੈਨੇ ਇਆਂ। ਜੇ ਸਾਨੂੰ ਵੀ ਵੱਡੀਆਂ ਟਰੱਕਿੰਗ ਕੰਪਨੀਆਂ ਵਾਲੇ ਰੇਟ ਮਿਲਣ ਲੱਗ ਜਾਣ, ਅਸੀਂ ਕਿਹੜਾ ਥੋਨੂੰ ਨਾ ਦੇਈਏ ਹੋਰ ਬੈਨੀਫਿਟ। ਥੋਨੂੰ ਲਗਦਾ ਮੈਂ ਪਤਾ ਨੀ ਕਿੱਡਾ ਕੁ ਮਿਲੀਅਨੇਅਰ ਇਆਂ। ਇਹ ਕੰਪਨੀ ਇਕ ਦਿਨ 'ਚ ਨੀ ਖੜ੍ਹੀ ਹੋਗੀ। ਬਥੇਰੇ ਸਾਲ ਚਲਾਇਆ ਇਆ ਟਰੱਕ ਮੈਂ ਵੀ।” ਗੁਰਸੀਰ ਦੇ ਚਿੱਤ 'ਚ ਆਈ ਕਿ ਕਹੇ, 'ਡਰਾਈਵਰਾਂ ਦਾ ਹੱਕ ਮਾਰ ਕੇ ਤੇ ਐੱਲ ਐੱਮ ਆਈ ਏਆਂ ਵੇਚ ਕੇ ਦੇਖਦੇ ਦੇਖਦੇ ਹੀ ਏਨ੍ਹਾਂ ਦੋ ਕੁ ਸਾਲਾਂ ਚ ਹੀ ਤਿੰਨਾਂ ਤੋਂ ਸੱਤਾਂ ਟਰੱਕਾਂ ਦਾ ਮਾਲਕ ਬਣ ਗਿਐਂ', ਪਰ ਉਸ ਨੇ ਇਹ ਕਿਹਾ ਨਹੀਂ। ਉਹ ਚੁੱਪ ਕਰ ਕੇ ਸ਼ਮਿੰਦਰ ਦੇ ਦਫ਼ਤਰ 'ਚੋਂ ਬਾਹਰ ਆ ਗਿਆ। ***(ਚੱਲਦਾ)***

ਕਹਾਣੀ

# ਜੋ ਚਮਕਦਾ ਸਭ ਸੋਨਾ ਨਹੀਂ ਹੁੰਦਾ

ਕੀ ਹਾਲ ਏ ਚੰਦਾ ਮਾਮਾ! ਮੇਰੇ ਪਰਮ ਮਿੱਤਰ! ਅੱਜ ਏਨਾ ਉਦਾਸ ਅਵਾਜ਼ਾਰ ਜਾਪਦਾ ਹੈਂ! ਤੇਰੇ ਚਿਹਰੇ 'ਤੇ ਧੱਬੇ ਸਿਆਹੀਆਂ ਏਨੇ ਗੂੜ੍ਹੇ ਕਿਉਂ ਹੋ ਗਏ ਨੇ! ਅੱਜ ਦਾ ਬਲੂ ਮੂਨ ਦਿਨ ਅਸੀਂ ਬੜਾ ਸ਼ੁੱਭ ਤੇ ਸੁਖਾਵੇਂ ਮਹੂਰਤ ਵਾਲਾ ਸਮਝਦੇ ਕਈ ਕਈ ਸ਼ਗਨ ਸੁਕਾਰਥ ਕਰਦੇ ਹਾਂ ਪਰ ਤੂੰ ਉੱਧੀ ਪਾਈ ਬੱਦਲਾਂ ਦੀ ਚਾਦਰ ਓਹਲੇ ਘਟਾਵਾਂ ਦੀਆਂ ਜ਼ੁਲਫਾਂ ਥੱਲੇ ਆਪਣਾ ਮੂੰਹ ਮੱਥਾ ਲੁਕਾਈ ਬੈਠਾ ਹੈਂ।



ਆਖ਼ਰ ਕੀ ਉਲਝਣ ਹੈ! ਅਜਿਹੀ। ਮੈਨੂੰ ਦੱਸ। ਕੀ ਮੈਂ ਤੇਰਾ ਦੁੱਖ ਵੰਡਾ ਸਕਦਾ ਹਾਂ।'

ਉਹ ਨੀਵੀਂ ਪਾਈ ਸ਼ਰਮਿੰਦਿਆਂ ਵਾਂਗ ਗੋਡਿਆਂ 'ਚ ਸਿਰ ਦੇਈ ਬੈਠਾ ਮੇਰੀ ਗੱਲ ਅਣਸੁਣੀ ਕਰ ਕੇ ਹੰਝੂ ਕੇਰ ਰਿਹਾ ਸੀ।

**ਚਰਨਜੀਤ ਸਿੰਘ ਪੰਨੂੰ**
**ਫੋਨ: 408-608-4961**

'ਸਾਡੇ ਕੋਲੋਂ ਕੀ ਗ਼ਲਤੀ ਹੋ ਗਈ? ਦੇਵਤਾ ਜੀ ਮੁਆਫ਼ ਕਰੋ। ਇਤਨੀ ਕਰੋਪੀ ਕੀ ਆ ਗਈ? ਜੇ ਤੂੰ ਹੀ ਏਨਾ ਸ਼ਰਮਸਾਰ ਹੋ ਕੇ ਦੁਨੀਆ ਤੋਂ ਅੱਡ ਹੋ ਬੈਠਾ ਤਾਂ ਸਾਡਾ ਕੀ ਹਾਲ? ਮਿਹਰ ਕਰੋ ਚਿਹਰੇ 'ਤੇ ਖੇੜਾ ਲਿਆਓ ਤੇ ਦੁਨੀਆ 'ਤੇ ਠੰਢ ਵਰਤਾਓ। ਮੇਰੇ ਆਕਾ।'

ਪਰ ਉਹ ਅੱਜ ਡੁੰਨ ਵੱਟਾ ਪੱਥਰ ਹੀ ਬਣ ਬੈਠਾ ਸੀ। ਉਸ 'ਤੇ ਮੇਰੀ ਅਰਜੋਈ ਜਾਂ ਤੁੱਖਣਾ ਦਾ ਵੀ ਜ਼ਰਾ ਜਿੰਨਾ ਅਸਰ ਨਾ ਹੋਇਆ। ਉਸ ਦੀ ਨਿਮੋਝੂਣਤਾ ਵਿਚੋਂ ਉਸ ਦੀ ਹਾਰ ਦਾ ਸ਼ੱਕ ਸ਼ਾਖਸ਼ਾਤ ਦਿਖਾਈ ਦਿੰਦਾ ਸੀ। ਉਸ ਦੀ ਮਾਨਸਿਕ ਹਾਲਤ ਅਜਿਹੇ ਅਖੌਤੀ ਧਰਮਾਤਮਾ ਵਰਗੀ ਸੀ ਜਿਸ ਦੀ ਸ਼ਖ਼ਸੀਅਤ ਅਤੇ ਗਿਆਨ ਦੇ ਪ੍ਰਭਾਵ ਹੇਠ ਲੱਖਾਂ ਅਨੁਆਈ ਭਗਤ ਬਣ ਗਏ। ਉਹ ਲੋਕਾਂ ਵਾਸਤੇ ਰੂਹਾਨੀ ਪਰਮਾਰਥਿਕ ਸਵਰਗ ਪਹੁੰਚਾਊ ਰਹਿਬਰ ਬਣ ਗਿਆ। ਸ਼ਰਧਾਲੂ ਉਸ ਦੇ ਨਾਂ ਦੀ ਮਾਲਾ ਜਪਦੇ, ਪੂਜਾ ਨਮਸਕਾਰ ਕਰਦੇ ਵੇਲੇ ਕੁਵੇਲੇ ਉਸ ਦੀ ਓਟ ਆਸਰਾ ਤੱਕਣ ਲੱਗੇ। ਭਗਤਾਂ ਦੀ ਹੈਰਾਨੀ ਦਾ ਹੱਦ ਬੰਨ੍ਹਾ ਟੁੱਟ ਗਿਆ ਜਦ ਪੁਲਿਸ ਨੇ ਉਸ ਦਾ ਡੇਰਾ ਘੇਰ ਕੇ ਛਾਪਾ ਮਾਰਿਆ। ਕਰੋੜਾਂ ਰੁਪਏ ਦਾ ਸੋਨਾ ਚਾਂਦੀ, ਨਾਜਾਇਜ਼ ਬਲੈਕ ਦਾ ਮਾਲ, ਗੈਂਗਸਟਰਾਂ ਦੇ ਸੰਬੰਧਿਤ ਜੁਗਾੜ, ਸਮਾਜਿਕ ਕੁਰੀਤੀਆਂ ਦੀ ਜੜ ਚਿੱਟਾ, ਬਰਾਊਨ ਸ਼ੂਗਰ ਤੇ ਹੋਰ ਵੰਨ-ਸੁਵੰਨੀਆਂ ਨਸ਼ੀਲੀਆਂ ਦਵਾਈਆਂ ਫੜੀਆਂ ਗਈਆਂ। ਉਹ ਖ਼ਬਰ ਅੰਨ੍ਹੇ ਭਗਤਾਂ ਦੇ ਕੰਨ ਸੁਣਨ ਜਾਂ ਮੰਨਣ ਤੋਂ ਇਨਕਾਰੀ ਹੋਣ ਲੱਗੇ।

ਵੇਖਿਆ ਤੌਬਾ ਰੱਬ ਦੀ! 'ਮੂੰਹ ਮੇਂ ਰਾਮ ਰਾਮ ਬਗ਼ਲ ਮੇਂ ਛੁਰੀ!' ਸਮਾਜਿਕ ਕਸ਼ਮਕਸ਼ ਲਹਿਰ ਬਣ ਉੱਭਰੀ।

'ਤੂੰ ਇਕ ਵੇਰਾਂ ਏਨਾ ਹੌਸਲਾ ਹਾਰ ਬੈਠਾ। ਅਜੇ ਤਾਂ ਬਹੁਤ ਕੁੱਝ ਹੋਰ ਕਰਨਾ ਬਾਕੀ ਹੈ ਤੇਰੇ ਨਾਲ। ਅਜੇ ਤਾਂ ਤੇਰੇ ਹੋਰ ਪਰਖੜੇ ਉਧੇੜਨੇ ਨੇ ਇਸ ਧਾੜਵੀ ਆਦਮ ਜਾਤ ਨੇ। ਮੈਂ ਤੈਨੂੰ ਨਾਰਾਜ਼ ਨਹੀਂ ਹੋਣ ਦਿਆਂਗਾ, ਤੈਨੂੰ ਅਵਾਜ਼ਾਰ ਨਹੀਂ ਹੋਣਾ ਚਾਹੀਦਾ, ਤੈਨੂੰ ਨਿਰਾਸ਼ ਵੀ ਨਹੀਂ ਹੋਣਾ ਚਾਹੀਦਾ। ਮੈਂ ਤੈਨੂੰ ਜ਼ਰੂਰ ਮਨਾਵਾਂਗਾ। ਤੂੰ ਮੇਰਾ ਮਾਮਾ ਹੈਂ। ਮੇਰੇ ਬੱਚਿਆਂ ਦਾ ਮਾਮਾ ਹੈ ਸਾਰੀ ਦੁਨੀਆ ਦਾ ਮਾਮਾ ਹੈ ਤੇ ਮੇਰਾ ਤੇਰਾ ਅਟੁੱਟ ਰਿਸ਼ਤਾ ਹੈ। ਕਦੇ ਨਹੀਂ ਟੁੱਟਣ ਦਿਆਂਗਾ। ਮੈਂ ਤੇਰਾ ਦਿਲ ਫੋਲਾਂਗਾ ਜ਼ਰੂਰ। ਹੋਰ ਵੀ ਕੋਈ ਉਲਝਣ ਹੈ ਤਾਂ ਦੱਸ ਨਿਸ਼ੰਗ। ਕੀ ਤੇਰੀ ਚਾਂਦਨੀ ਹੁਸਨ ਪਰੀ ਨੇ ਤੇਰੀ ਹਿੱਕ ਨਹੀਂ ਠਾਰੀ? ਵਪਾਰ ਵਿਚ ਹਾਰਿਆ ਵਪਾਰੀ! ਜਾਂ ਹਰਿਆ ਨੁਮਾਇੰਦਾ! ਕੁਰਸੀ ਦੀ ਭੁੱਖ ਨੇ ਤੇਰੀ ਭੁਗਤ ਸਵਾਰੀ? ਜਾਂ ਤੇਰੇ ਦੋਸਤ ਸਾਥੀ ਨੇ ਕੀਤੀ ਗ਼ੱਦਾਰੀ? ਤੇਰੇ 'ਤੇ ਦੁੱਖਾਂ ਦੇ ਪਹਾੜ ਟੁੱਟੇ ਨੇ ਮੇਰੇ ਵਾਂਗ! ਜਾਂ ਤੇਰਾ ਕਿਸੇ ਪਿਆਰ ਖੋਹ ਲਿਆ? ਪਰਵਾਨੇ ਤਾਂ ਸ਼ਮ੍ਹਾ 'ਤੇ ਜਲ ਮਰਦੇ ਨੇ ਪਰ ਤੂੰ ਡਰ ਕੇ ਕਮਲਿਆ ਦੁਨੀਆ ਤੋਂ ਹੀ ਪਰੇ ਹੋ ਗਿਆ।

ਅਸਫ਼ਲਤਾ ਕਿਸੇ ਕਿਸਮ ਦੀ ਖ਼ਾਸ ਕਰਕੇ ਪਿਆਰ ਦੀ ਹਾਰ, ਨਵੇਂ ਨਵੇਂ ਜਜ਼ਬਾਤਾਂ ਨੂੰ ਜਨਮ ਦਿੰਦੀ ਹੈ। ਜਜ਼ਬਾਤਾਂ ਦੀਆਂ ਡੂੰਘੀਆਂ ਖਾਣਾ ਵਿਚੋਂ ਕਵਿਤਾ ਉਮਡ ਪੈਂਦੀ ਹੈ। ਕਵਿਤਾ ਨਾਲ ਜੁੜਿਆ ਮਨ ਕਵੀ ਬਣ ਜਾਂਦਾ ਹੈ, ਫਿਰ ਲਿਖਾਰੀ ਗ਼ਜ਼ਲਗੋ ਤੇ ਆਖ਼ਿਰ ਸਾਹਿਤਕਾਰ। ਫਿਰ ਉਹੀ ਨਾਕਾਮਯਾਬੀਆਂ ਤੇ ਨਿਰਾਸ਼ਤਾਵਾਂ ਸਫਲਤਾਵਾਂ ਬਣ ਕੇ ਉਸ ਦੇ ਪੈਰ ਚੁੰਮਦੀਆਂ ਹਨ।

'ਹਾਅ। ਹਾਅ। ਹਾਅ। ਹਾਂ, ਤੂੰ ਹੌਸਲਾ ਨਾ ਹਾਰ। ਤੇਰੀ ਨਿਰਾਸ਼ਾ ਤੈਨੂੰ ਜ਼ਰੂਰ ਕੋਈ ਸੁਖ਼ਨਮਈ ਫ਼ਲ ਦੇ ਜਾਏਗੀ। ਤੂੰ ਵੀ ਕਵੀ ਬਣ ਜਾਈਂ ਜਾਂ ਕਹਾਣੀਕਾਰ ਮੇਰੇ ਵਾਂਗ। ਹਾਅ। ਹਾਅ। '

ਮੇਰੇ ਹਾਸੇ ਨਾਲ ਉਸ ਦਾ ਵੀ ਹਾਸਾ ਫੁੱਟ ਆਇਆ। ਉਸ ਦਾ ਅੰਦਰਲਾ ਭਰਮ-ਭੁਲੇਖਾ ਮੇਰੇ ਸਾਹਮਣੇ ਉਜਾਗਰ ਹੋ ਉੱਠਿਆ।

'ਤੇਰੀਆਂ ਖੋਜੀ ਨਜ਼ਰਾਂ ਨੇ ਮੇਰੀ ਸਾਰੀ ਹਾਲਤ ਦਾ ਸਰਵੇਖਣ ਕਰ ਲਿਆ ਕਹਾਣੀਕਾਰ! ਮੈਂ ਤੇਰੀਆਂ ਲੱਭਤਾਂ ਤੋਂ ਖ਼ੁਸ਼ ਹਾਂ, ਸੋਲ੍ਹਾਂ ਆਨੇ ਰਾਜ਼ੀ ਹਾਂ ਪਰ ਮੈਂ ਸ਼ਰਮਿੰਦਾ ਹਾਂ। ਕਿੱਥੇ ਮੂੰਹ ਲੁਕਾਵਾਂ? ਕਿੱਥੇ ਜਾਵਾਂ? ਮੈਂ ਉਹ ਨਹੀਂ ਜੋ ਮੇਰੇ ਸ਼ਰਧਾਲੂ ਸੱਜਣ ਪ੍ਰੇਮੀ ਸਮਝਦੇ ਰਹੇ ਹਨ। ਤੂੰ ਮੇਰੇ ਨਾਲ ਹਮਦਰਦੀ ਕੀਤੀ ਹੈ ਸ਼ੁਕਰੀਆ।

ਮੇਰੇ ਸਿਰ ਤਾਂ ਪਹਿਲੇ ਹੀ ਬਹੁਤ ਭਾਰਾ ਕਲੰਕ ਲੱਗ ਚੁੱਕਾ ਹੈ, ਜਿਸ ਦਾ ਮਾਰਿਆ ਮੈਂ ਕਿੰਨੇ ਯੁੱਗ ਦਰ-ਬਦਰ ਭਟਕਦਾ ਰਿਹਾ ਹਾਂ, ਤੇ ਪਤਾ ਨਹੀਂ ਇਹ ਤੁਹਮਤ ਮੈਨੂੰ ਕਿੰਨਾ ਚਿਰ ਹੋਰ ਤੜਫਾਏਗੀ ਕਲਪਾਏਗੀ। ਮੈਂ ਸ਼ਰਮਿੰਦਾ ਹਾਂ ਕਿਤੇ ਮੂੰਹ ਦਿਖਾਉਣ ਜੋਗਾ ਨਹੀਂ। ਮੈਂ ਉਸ ਬਦਮਾਸ਼ ਦੀਆਂ ਚਾਪਲੂਸ ਗੱਲਾਂ 'ਚ ਆ ਗਿਆ, ਇੰਦਰ ਜੋ ਆਪਣੇ ਆਪ ਨੂੰ ਦੇਵਤਾ ਕਹਿੰਦਾ ਸੀ, ਤੌਬਾ! ਉਸ ਦੇ ਦੱਸੇ ਕੁਰਾਹੇ ਪੈ ਕੇ ਮੈਂ ਇੱਕ ਸ਼ਰੀਫ਼ ਖ਼ਾਨਦਾਨੀ ਮਹਾਂ ਪੁਰਖ ਨਾਲ ਏਨਾ ਵੱਡਾ ਬੱਜਰ ਪਾਪ, ਛੱਲ, ਧੋਖਾ ਕਰ ਗਿਆ। ਮੈਨੂੰ ਜ਼ਰਾ ਜਿੰਨਾ ਵੀ ਸ਼ੱਕ ਸੁਬ੍ਹਾ ਨਹੀਂ ਸੀ ਉਸ ਇੰਦਰ ਵਰਗੇ ਵੱਡੇ ਦੇਵਤੇ 'ਤੇ। ਉਸ ਦੇ ਕਹਿਣ 'ਤੇ ਮੈਂ ਅਹਿਲਿਆ ਨੂੰ ਛਲਨ ਲਈ ਅੱਧੀ ਰਾਤ ਕੁੱਕੜ ਬਣ ਬਾਂਗ ਦੇ ਬੈਠਾ। ਗੌਤਮ ਵਿਚਾਰਾ, ਗੌਤਮ ਰਿਸ਼ੀ ਆਪਣੇ ਨੇਮ ਦਾ ਪੱਕਾ ਕੁੱਕੜ ਬਾਂਗ ਸੁਣ ਉੱਠਿਆ, ਮੋਢੇ 'ਤੇ ਪਰਨਾ ਸੁੱਟ ਨਦੀ ਨਹਾਉਣ ਤੁਰ ਗਿਆ। ਅੱਧੀ ਰਾਤ ਘੂਕ ਸੁੱਤੀ ਨਿਰਵਸਤਰ ਨਦੀ ਗੌਤਮ ਦੀਆਂ ਪੈੜਾਂ ਨਾਲ ਕੁਰਲਾ ਉੱਠੀ।

'ਅਜੇ ਵੇਲਾ ਨਹੀਂ ਹੋਇਆ ਰਿਸ਼ੀ! ਤੇਰੇ ਨਾਲ ਛਲ ਹੋਇਆ ਹੈ। ਕਪਟ ਹੋਇਆ ਹੈ ਤੇਰੇ ਨਾਲ ਰਿਸ਼ੀ! ਤੇਰੇ ਘਰ ਸੰਨ੍ਹ ਲੱਗ ਰਹੀ ਹੈ ਤੇ ਤੂੰ ਹੋਰਾਂ ਦੀ ਨੀਂਦ ਹਰਾਮ ਕਰਨ ਲੱਗੋਂ। ਅਜੇ ਸਮਾਂ ਨਹੀਂ ਹੋਇਆ ਪ੍ਰਭਾਤ ਦਾ। ਜਾਹ ਆਪਣੀ ਅਹਿੱਲਿਆ ਦਾ ਸੁਰ ਪਤਾ ਲੈ। ਉਹ ਵੀ ਠੱਗੀ ਗਈ ਹੈ ਵਿਚਾਰੀ ਆਪਣੇ ਪਤੀ ਪਰਮੇਸ਼ਰ ਦੀ ਪਿਆਰੀ।' ਰਿਸ਼ੀ ਦੇ ਕਪਾਟ ਖੁੱਲ੍ਹ ਗਏ, ਅਜੇ ਸੱਚ-ਮੁੱਚ ਪ੍ਰਭਾਤ ਦਾ ਵੇਲਾ ਨਹੀਂ ਸੀ। ਉਹ ਸਰਪਟ ਵਾਪਸ ਦੌੜਾ। ਇੰਦਰ ਉਸ ਦੀ ਗ਼ੈਰ-ਹਾਜ਼ਰੀ ਦਾ ਫ਼ਾਇਦਾ ਉਠਾ ਆਪਣਾ ਪਾਪ ਕਮਾ ਚੁੱਕਾ ਸੀ। ਇਸ ਪਾਪ ਲਈ ਮੈਂ ਜ਼ਿੰਮੇਵਾਰ ਸਾਂ। ਰਿਸ਼ੀ ਦੀਆਂ ਅੱਖਾਂ ਵਿਚ ਅੰਗਾਰ ਵੇਖ ਕੇ ਮੈਂ ਦੂਰ ਉੱਡਣਾ ਚਾਹਿਆ। ਉਸ ਨੇ ਸਰਾਪ ਵਜੋਂ ਮੇਰੇ ਵੱਲ ਪਰਨਾ ਵਗਾਹ ਮਾਰਿਆ। ਪਰਨੇ ਦੀ ਸੱਟ ਮੇਰਾ ਮੱਥਾ ਵਿੰਨ੍ਹ ਗਈ। ਪਰਨੇ ਦਾ ਲੱਗਾ ਦਾਗ਼ ਅਜੇ ਵੀ ਮੈਨੂੰ ਬਦਸੂਰਤ ਬਣਾਉਂਦਾ ਪਰਾਈ ਇਸਤਰੀ ਨਾਲ ਕੀਤਾ ਛ਼ਲ ਕਪਟ, ਬੱਜਰ ਪਾਪ ਯਾਦ ਕਰਾਉਂਦਾ ਹੈ। ਮੈਂ ਕਈ ਜਨਮ ਲੈ ਕੇ ਵੀ ਇਹ ਕਲੰਕ ਨਹੀਂ ਧੋ ਸਕਦਾ। ਅਹਿੱਲਿਆ ਨੂੰ ਮਿਲਿਆ ਪੱਥਰ ਹੋਣ ਦਾ ਸਰਾਪ ਤਾਂ ਉਸ ਨੂੰ ਬੇਕਸੂਰ ਸਮਝ ਕੇ ਸਮੇਂ ਦੇ ਪੈੜਾਂ ਨੇ ਧੋ ਦਿੱਤਾ। ਉਹ ਪੱਥਰ ਤਾਂ ਫਿਰ ਜਾਨਦਾਰ ਜੀਵਤ ਹੋ ਗਿਆ। ਪਰ ਮੇਰੀ ਇਹ ਕਾਲਖ ਧੁੱਪ ਨਹੀਂ ਸਕਦੀ। ਲੱਥ ਨਹੀਂ ਸਕਦੀ।

'ਮੈਂ ਤਾਂ ਇਕ ਖਿੱਦੋ ਸਾਂ ਖ਼ੂਬਸੂਰਤ। ਬਹੁਤ ਖ਼ੂਬ। ਸਿਲਮੇ ਸਿਤਾਰਿਆਂ ਨਾਲ ਜੜਿਆ। ਜਿਸ ਨੂੰ ਨਿਆਣਿਆਂ ਨੇ ਉਧੇੜ ਕੇ ਉਸ ਦੀਆਂ ਟਾਕੀਆਂ ਖਿੰਡਾ ਦਿੱਤੀਆਂ। ਮੇਰੇ ਪੁਜਾਰੀਆਂ ਨੇ ਜਦ ਮੇਰੀਆਂ ਅੰਦਰਲੀਆਂ ਲੀਰਾਂ ਵੇਖੀਆਂ ਹੋਣਗੀਆਂ ਤਾਂ ਮੇਰੇ ਲਈ ਕੀ ਸੋਚਦੇ ਹੋਣਗੇ? ਮੈਂ ਪਾਪੀ ਹਾਂ। ਲੋਕਾਂ ਨੂੰ ਗੁਮਰਾਹ ਕਰਦਾ ਰਿਹਾ ਸਾਂ। ਮੈਨੂੰ ਹੁਣ ਆਪਣੀ ਹੋਂਦ ਦਾ ਜ਼ਰਾ ਜਿੰਨਾ ਵੀ ਅਧਿਕਾਰ ਨਹੀਂ। ਮੈਂ ਆਤਮ-ਸਮਰਪਣ ਕਰਨਾ ਚਾਹੁੰਦਾ ਹਾਂ।' ਉਹ ਅਜਿਹਾ ਸ਼ੁਰੂ ਹੋਇਆ। ਹੁਣ ਚੁੱਪ ਕਰਨ ਵਿਚ ਹੀ ਨਹੀਂ ਸੀ ਆਉਂਦਾ।

'ਵੱਡੇ ਵੱਡੇ ਨਜੂਮੀ ਜੋਤਸ਼ੀ ਪੀਰ ਫ਼ਕੀਰ ਜਿਹੜੇ ਇਨ੍ਹਾਂ ਗੱਲਾਂ ਤੋਂ ਅਣਜਾਣ ਸਨ। ਕੀ ਕਹਿਣਗੇ? ਜਦ ਕਦੇ ਕੁੱਝ ਦਿਨ ਮੈਂ ਮਾਸਕ ਸਿਲਾ ਕੱਟਣ ਲਈ ਦੂਰ ਹੋ ਜਾਂਦਾ ਤਾਂ ਇਹ ਲੋਕ ਕਈ ਦਿਨ ਕਲਵਲ ਹੋ ਕੇ ਮੇਰਾ ਇੰਤਜ਼ਾਰ ਕਰਦੇ। ਮੇਰੇ ਵਾਪਸ ਆਉਣ ਵਾਲੇ ਦਿਨ ਫੁੱਲਾਂ ਦੀ ਵਰਖਾ ਕਰਦੇ, ਕੱਚੀ ਲੱਸੀ ਦੇ ਛਿੱਟੇ ਮਾਰ ਮੇਰਾ ਮੁਖੜਾ ਧੋਂਦੇ। ਵੈਦ ਹਕੀਮ ਮੇਰੀ ਪਹਿਲੀ ਕਿਰਨ ਛੂਹ ਨਾਲ ਅਸਾਧ ਰੋਗੀਆਂ ਲਈ ਦਵਾਈਆਂ ਬਣਾਉਂਦੇ। ਪਹਿਲਵਾਨ ਚਾਂਦੀ ਦੇ ਰੁਪਏ ਮੱਥਾ ਟੇਕਦੇ ਟਣਕਾਉਂਦੇ ਮੇਰੇ ਵੱਲ ਹਵਾ ਵਿਚ ਉਛਾਲਦੇ ਮੱਥੇ ਨਾਲ ਛੁਹਾ ਕੇ ਖੀਸੇ ਪਾਉਂਦੇ। ਇਸ ਨਾਲ ਉਨ੍ਹਾਂ ਦੇ ਭਵਿੱਖਤ ਜਿੱਤ ਦੀ ਤਸੱਲੀ ਹੋ ਜਾਂਦੀ। ਗਰਭਵਤੀ ਔਰਤਾਂ ਮੇਰੇ ਮੱਥੇ ਲੱਗਣਾ ਸ਼ੁੱਭ ਸਮਝਦੀਆਂ ਮੈਥੋਂ



ਅਸ਼ੀਰਵਾਦ ਮੰਗਦੀਆਂ ਕਿ ਉਨ੍ਹਾਂ ਦੇ ਵੀ ਮੇਰੇ ਜਿਹਾ ਸੁੰਦਰ ਚੰਦ ਵਰਗਾ ਬੱਚਾ ਹੋਵੇ। ਮੇਰੇ ਹਸਮੁਖ ਸ਼ਾਂਤ ਸੁਭਾਅ ਨਾਲ ਸਭ ਨੂੰ ਸ਼ਾਂਤੀ ਮਿਲਦੀ, ਮੈਂ ਕਿਸੇ ਨੂੰ ਖ਼ਾਲੀ ਨਾ ਮੋੜਿਆ, ਹਰੇਕ ਨੂੰ ਮੇਰੇ 'ਤੇ ਅੰਨ੍ਹੀ ਸ਼ਰਧਾ ਸੀ। ਪੂਰਨਮਾਸ਼ੀ ਵਾਲੇ ਦਿਨ ਤਾਂ ਮੇਰੀਆਂ ਪੌਂ ਬਾਰਾਂ ਹੋ ਜਾਂਦੀਆਂ ਤੇ ਮੇਰੇ ਨਾਮ 'ਤੇ ਮੇਰੇ ਲੱਖਾਂ ਸੇਵਕ ਚੇਲੇ ਲੋਕਾਂ ਨੂੰ ਦੋਹੀਂ ਹੱਥੀਂ ਲੁੱਟਦੇ। ਦੁਨਿਆਵੀ ਤੂਫ਼ਾਨ ਤੋਂ ਉਪਰੰਤ ਸਮੁੰਦਰੀ ਲਹਿਰਾਂ ਠਾਠਾਂ ਮਾਰਦਾ ਤੂਫ਼ਾਨ ਬਣ ਕੇ ਉਛਾਲ਼ਾਂ ਮਾਰਦਾ ਮੇਰੀ ਚਰਨ ਛੂਹ ਲਈ ਤਰਸਦਾ। ਪ੍ਰੇਮੀ ਆਪਣੀਆਂ ਪ੍ਰੇਮਿਕਾਵਾਂ ਦੀ ਤੁਲਨਾ ਮੇਰੀ ਸੁੰਦਰਤਾ ਨਾਲ ਕਰਦੇ। ਕਵੀਆਂ ਦੀ ਲਿਖਤ ਦੀ ਜਾਨ ਸਾਂ ਮੈਂ, ਸਾਰੀ ਦੁਨੀਆ ਦਾ ਮਾਣ ਸਾਂ ਮੈਂ।

ਹੁਣ ਅਮਰੀਕਾ, ਰੂਸ, ਚੀਨ ਤੇ ਭਾਰਤ ਦੀਆਂ ਪੁਲਾੜ ਗੱਡੀਆਂ ਨੇ ਮੇਰੇ ਸਰੀਰ 'ਤੇ ਲੀਹਾਂ ਘਾਸੀਆਂ ਪਾ ਕੇ ਮੈਨੂੰ ਅਵੇਸਲੇ ਸੁੱਤੇ ਨੂੰ ਜਗਾਇਆ ਤੇ ਨਵੇਂ ਰੂਪ ਵਿਚ ਉਜਾਗਰ ਕੀਤਾ ਹੈ। ਮੈਂ ਆਦਮ ਜਾਤ ਦੇ ਪੈਰਾਂ ਹੇਠ ਮਿੱਧਿਆ ਮਧੋਲਿਆ ਲਿਤਾੜਿਆ ਭ੍ਰਿਸ਼ਟ ਹੋ ਚੁੱਕਾ ਹਾਂ ਕਹਾਣੀਕਾਰ! ਜਣੀ-ਖਣੀ ਮੇਰੇ ਵੱਲ ਤੰਗੜ-ਤੱਪੜ ਚੁੱਕ ਕੇ ਨਿਕਲ ਪੈਂਦਾ ਹੈ। ਮੈਂ ਹੋਰ ਜ਼ਿਆਦਾ ਦੇਰ ਆਪਣੇ ਉਪਾਸ਼ਕਾਂ ਦੇ ਅੱਖੀਂ ਘੱਟਾ ਨਹੀਂ ਪਾ ਸਕਦਾ।'

'ਹੌਸਲਾ ਨਹੀਂ ਹਾਰੀਦਾ ਮੇਰੇ ਦੋਸਤ!! ਤੂੰ ਆਪਣਾ ਅਸਲੀ ਆਪਾ ਦੁਨੀਆ ਸਾਹਮਣੇ ਖੋਲ੍ਹ ਕੇ ਰੱਖ ਦੇਹ। ਲੋਕ ਫਿਰ ਵੀ ਤੈਨੂੰ ਪੂਜਣਗੇ। ਤੇਰੀ ਅਗੰਮੀ ਅਹਿਮੀਅਤ ਵਿਚ ਕੋਈ ਘਾਟਾ ਨਹੀਂ ਪਵੇਗਾ। ਵੇਖ ਤੇਰੇ ਦੂਜੇ ਦੋ ਭਾਈਆਂ ਵਿਚੋਂ ਇਕ ਸੂਰਜ ਤਾਂ ਕਿੰਨੇ ਯੁੱਗਾਂ ਦਾ ਸੜਦਾ-ਬਲਦਾ ਭਟਕਦਾ ਫਿਰ ਰਿਹਾ ਹੈ ਤੇ ਤੇਰਾ ਦੂਸਰਾ ਭਾਈ ਵੀ ਜਿਸ ਨੂੰ ਲੋਕ ਕੰਡਿਆਲਾ ਕਹਿੰਦੇ ਨੇ ਮਾਤਾ ਨਾਲ ਕੀਤੀ ਹੁਕਮ-ਅਦੂਲੀ ਅਵੱਗਿਆ ਕਾਰਨ ਆਪਣੀ ਮਾੜੀ ਕਰਨੀ ਦਾ ਫਲ ਭੋਗ ਰਿਹਾ ਮਲ਼ੇ ਝਾੜੀਆਂ ਵਿਚ ਵਿਅਰਥ ਸਿਰ ਤੁੰਨਦਾ ਫਿਰਦਾ ਹੈ। ਤੂੰ ਆਪਣੀ ਮਾਤਾ ਦਾ ਹੁਕਮ ਮੰਨਿਆ, ਉਸ ਦੀ ਸੇਵਾ ਕੀਤੀ ਤੇ ਤੈਨੂੰ ਉਸੇ ਦੇ ਵਰ ਨਾਲ ਇਹ ਸ਼ਾਂਤ ਸੁਭਾਅ ਨਸੀਬ ਹੋਇਆ। ਇਹ ਤੈਥੋਂ ਕੋਈ ਨਹੀਂ ਖੋਹ ਸਕਦਾ। ਤੂੰ ਬਾਹਰੋਂ ਸ਼ਾਂਤ ਠੰਢਾ ਹੈਂ ਤੇ ਅੰਦਰੋਂ ਮਨਫ਼ੀ 280 ਡਿਗਰੀ ਤੱਕ ਯਖ਼ ਬਰਫ਼ ਵਾਂਗ ਠਰਿਆ। ਇਹ ਵੀ ਮੰਨਿਆ ਜਾਂਦਾ ਹੈ ਕਿ ਸਤਜੁਗ ਦੇ ਜ਼ਮਾਨੇ ਵਿਚ ਤੇਰੇ ਸਮੇਤ ਸਾਰਾ ਅਸਮਾਨ ਪੁਲਾੜ ਸਾਡੇ ਯਾਨੀ ਕਿ ਧਰਤੀ ਦੇ ਬਹੁਤ ਨੇੜੇ ਸੀ, ਤਾਂ ਕਿਸੇ ਔਰਤ ਨੇ ਤਾਰਾ ਤੋੜ ਕੇ ਆਪਣੇ ਬੱਚੇ ਦਾ ਪਿੱਛਾ ਪੂੰਝਣ ਦੀ ਕੋਸ਼ਿਸ਼ ਕੀਤੀ। ਕਿਸੇ ਬੱਚੇ ਨੇ ਚੰਦ ਦੀ ਮੰਗ ਕਰ ਦਿੱਤੀ। ਇਸ ਮਮਤਾ ਨੇ ਬੱਚੇ ਦੀ ਅੜੀ 'ਤੇ ਤੈਨੂੰ ਖਿਡੌਣਾ ਜਾਣ ਕੇ ਬੱਚੇ ਨੂੰ ਵਰਚਾਉਣ ਵਾਸਤੇ ਉੱਪਰ ਝਪਟਣ ਦੀ ਕੋਸ਼ਿਸ਼ ਚਾਹਤ ਕੀਤੀ ਤਾਂ ਸਾਰਾ ਆਕਾਸ਼ ਮਨੁੱਖ ਜਾਤੀ ਤੋਂ ਦੂਰ ਚਲੇ ਗਿਆ। ਨਹੀਂ ਤਾਂ ਹੁਣ ਤੱਕ ਸਾਰੇ ਤਾਰੇ ਤੇ ਚੰਦ ਲੱਭਿਆਂ ਵੀ ਸਨ ਮਿਲਣੇ।'

ਨਹੀਂ ਕਹਾਣੀਕਾਰ! ਨਹੀਂ! ਇਹ ਸਭ ਭਰਮ ਹੈ, ਗ਼ਲਤ ਹੈ। ਇਹ ਕੁੱਝ ਦੁਨਿਆਵੀ ਧਰਮਾਂ ਦੇ ਸਮਾਜਿਕ ਠੇਕੇਦਾਰਾਂ ਦੇ ਬਣਾਏ ਹੋਏ ਖੋਖਲੇ ਵਹਿਮ ਹਨ। ਮੇਰਾ ਕੋਈ ਅਜੇਹਾ ਭਾਈ ਨਹੀਂ, ਨਾ ਕੋਈ ਮਾਂ ਨਾ ਬਾਪ। ਮੈਂ ਤਾਂ ਕੁਦਰਤ ਦੇ ਅਟੱਲ ਨੇਮ ਦੀ ਇਕ ਉਪਜ ਹਾਂ। ਕਈ ਲੋਟੂ ਸੰਸਥਾਵਾਂ ਨੇ ਧਰਮ ਦੀ ਆੜ ਵਿਚ ਮੈਨੂੰ ਆਪਣੇ ਅਕੀਦੇ ਅਨੁਸਾਰ ਵੱਖਰਾ ਰੂਪ ਦੇ ਕੇ, ਵੱਖਰਾ ਦਰਸਾ ਕੇ, ਮੇਰਾ ਨਾਮ ਵਰਤ ਕੇ ਬੱਦੂ ਕੀਤਾ ਤੇ ਪਾਪ ਦੇ ਭਾਗੀ ਬਣਾਇਆ। ਹੁਣ ਮੈਨੂੰ ਨਿਰਾਸ਼ਾ ਤੇ ਚਿੰਤਾ ਸਿਰਫ਼ ਇਸ ਗੱਲ ਦੀ ਹੈ ਕਿ ਮੇਰੇ ਪਰਮ ਪ੍ਰੇਮੀ ਜੋ ਮੇਰੇ ਖ਼ਿਲਾਫ਼ ਇਕ ਸ਼ਬਦ ਸੁਣ ਕੇ ਵੀ ਮਰਨ ਮਾਰਨ ਲਈ ਤਿਆਰ ਹੋ ਜਾਂਦੇ ਹਨ ਉਨ੍ਹਾਂ ਦਾ ਕੀ ਹਾਲ ਹੋਵੇਗਾ। ਉਹ ਕਿੱਥੇ ਮੂੰਹ ਲੁਕਾਉਣਗੇ? ਪਰ ਨਾਲ ਮੈਨੂੰ ਆਤਮਿਕ ਤੇ ਮਾਨਸਿਕ ਤਸੱਲੀ ਵੀ ਹੈ ਕਿ ਮੈਂ ਹੁਣ ਅਸਲੀ ਰੂਪ ਵਿਚ ਦੁਨੀਆ ਦੇ ਸਾਹਮਣੇ ਵਿਚਰ ਸਕਾਂਗਾ।

ਜਦ ਅਮਰੀਕਾ ਦੇ ਪੁਲਾੜ ਵਿਗਿਆਨੀਆਂ ਨੇ ਪਹਿਲੀ ਵਾਰ ਮੇਰੀ ਹਿੱਕ 'ਤੇ ਪੈਰ ਰੱਖਿਆ ਤਾਂ ਮੈਂ ਉਨ੍ਹਾਂ ਦਾ ਬੜੀ ਗਰਮਜੋਸ਼ੀ ਨਾਲ ਜੀ ਆਇਆਂ ਕਹਿ ਕੇ ਸਵਾਗਤ ਕੀਤਾ। ਪਰ ਜਦ ਉਨ੍ਹਾਂ ਨੇ ਆਪਹੁਦਰੇ ਹੋ ਕੇ ਮੇਰੀਆਂ ਆਂਦਰਾਂ ਨੂੰ ਹੱਥ ਪਾਉਣ ਦੀ ਕੋਸ਼ਿਸ਼ ਕੀਤੀ ਤਾਂ ਮੈਂ ਉਸ ਨੂੰ ਵਾਪਸ ਮੁੜਨ ਜੋਗਾ ਨਹੀਂ ਛੱਡਿਆ। ਆਰਮ ਸਟਰੌਂਗ ਨਾਂ ਦਾ ਵਿਗਿਆਨੀ ਹਮੇਸ਼ਾ ਲਈ ਮੇਰਾ ਹੋ ਗਿਆ। ਮੈਂ ਸਾਂਭ ਰੱਖਿਆ ਹੈ ਉਸ ਨੂੰ ਆਪਣੇ ਕੋਲ।

ਹੁਣ ਵੀ ਮੇਰਾ ਦੁਆਰ ਖੁੱਲ੍ਹਾ ਹੈ ਮਨੁੱਖ ਜਾਤੀ ਲਈ। ਜਦ ਕੋਈ ਮਰਜ਼ੀ ਆਵੇ ਮੇਰੇ ਵਿਹੜੇ ਪੈਰ ਪਾਵੇ। ਮੇਰੀਆਂ ਸੁੱਤੀਆਂ ਕਲਾਂ ਜਗਾਵੇ। ਰਾਤ ਆਵੇ ਦਿਨੇ ਆਵੇ। ਪਰ ਸੁਚਾਰੂ ਉਸਾਰੂ ਚੰਗੇ ਮਨਸੂਬੇ ਨਾਲ ਆਵੇ, ਇੱਥੇ ਬਸਤੀਆਂ ਵਸਾਵੇ ਰੌਣਕ ਵਧਾਵੇ। ਮੈਂ ਕਿਹੜਾ ਕੋਈ ਓਪਰਾ ਹਾਂ! ਮੈਂ ਤਾਂ ਧਰਤੀ ਦਾ ਹੀ ਟੁੱਟਿਆ ਹੋਇਆ ਇਕ ਟੋਟਾ ਹਾਂ... ਭਰਾ ਭਾਈ। ਇਕੋ ਪਿਛੋਕੜ ਹੈ ਸਾਡਾ। ਸਾਡੀ ਜਿੰਦ ਜਾਨ ਇਕ ਹੀ ਤਾਂ ਸੀ ਤੇ ਇਕ ਜਾਨ ਹੋ ਕੇ ਪੁਲਾੜ ਦੇ ਅਣਗਿਣਤ ਪਾਂਧੀਆਂ ਵਾਂਗ ਭਟਕ ਰਹੇ ਸਾਂ। ਅਸੀਂ ਦੋ ਨਹੀਂ ਇਕ ਸਾਂ। ਇਕ ਹੀ ਸਾਡਾ ਵਜੂਦ ਸੀ। ਸਮੇਂ ਦੇ ਥਪੇੜਿਆਂ ਨੇ ਢੁੱਡਾਂ ਮਾਰ-ਮਾਰ ਕੇ ਸਾਨੂੰ ਟੋਟੇ ਟੋਟੇ ਕਰ ਕੇ ਨਿਖੇੜ ਦਿੱਤਾ। ਅਸੀਂ ਨਾ ਚਾਹੁੰਦੇ ਹੋਏ ਵੀ ਮਜਬੂਰਨ ਅਲੱਗ ਅਲੱਗ ਹੋ ਗਏ। ਡਾਢੇ ਅੱਗੇ ਕੀਹਦਾ ਜ਼ੋਰ!

ਹੁਣ ਭਾਰਤੀ ਇਸਰੋ ਦੇ ਚੰਦਰਯਾਨ ਨੇ ਮੇਰੇ ਘਰ ਵੜ ਕੇ ਪੋਤੜੇ ਫੋਲਣੇ ਸ਼ੁਰੂ ਕਰ ਦਿੱਤੇ ਹਨ। ਮੈਨੂੰ ਪਤਾ ਹੈ, ਉਸ ਅਮੋੜ ਨੇ ਨਹੀਂ ਟਲਣਾ ਤੇ ਮੇਰੇ ਕਾਲਜੇ ਤੱਕ ਹੱਥ ਪਾ ਕੇ ਅੰਦਰਲੀ ਥਾਹ ਪਾਉਣ ਤੱਕ ਜਾਣਾ ਹੈ। ਇਹ ਕੁੱਛੜ ਬਹਿ ਕੇ ਦਾੜ੍ਹੀ ਪੁੱਟਣ ਵਾਲੀ ਗੱਲ ਹੈ। ਮੈਂ ਕਿਸੇ ਨੂੰ ਇੱਥੇ ਆਉਣੋਂ ਰੋਕਦਾ ਨਹੀਂ। ਬਹੁਮੁੱਲੀਆਂ ਧਾਤਾਂ, ਗੈਸਾਂ, ਸੋਨੇ ਦੇ ਭੰਡਾਰ ਮਨੁੱਖ ਮਾਤਰ ਲਈ ਹਾਜ਼ਰ ਹਨ। ਮੇਰੇ ਅੰਦਰ ਖਣਿਜ ਪਦਾਰਥਾਂ ਦਾ ਅਮੁੱਕ ਭੰਡਾਰ ਮੇਰਾ ਅੰਦਰ ਪੇਟਾ ਹੈ। ਸ਼ੇਸ਼ਨਾਗ ਤੋਂ ਵਧੇਰੇ ਮੇਰੇ ਸ਼ਕਤੀਸ਼ਾਲੀ ਏਲੀਅਨ ਇਸ ਖ਼ਜ਼ਾਨੇ ਦੇ ਰਖਵਾਲੇ ਮੌਲਿਕ ਅਸਲੀ ਹੱਕਦਾਰ ਹਨ।

ਮੈਂ ਦੁਨੀਆ ਦਾ ਸ਼ੁੱਭਚਿੰਤਕ ਹਾਂ ਤੇ ਰਹਾਂਗਾ। ਆਪ ਭਾਵੇਂ ਹਨੇਰੇ ਵਿਚ ਰਹਾਂ, ਪਰ ਸ਼ਾਂਤ ਸੁਹਾਵਣੀ ਠੰਢਕ ਭਰਪੂਰ ਰੌਸ਼ਨੀ ਵੰਡਦਾ ਹਾਂ, ਵੰਡਦਾ ਰਹਾਂਗਾ ਤੇ ਚਾਹੁੰਦਾ ਹਾਂ ਕਿ ਮੈਨੂੰ ਬ੍ਰਹਿਮੰਡ ਦੀ ਇਸ ਸੇਵਾ ਜੋਗੇ ਰਹਿਣ ਦਿੱਤਾ ਜਾਵੇ। ਮਨੁੱਖ ਨੇ ਛੇੜ-ਛਾੜ ਕਰ ਕੇ ਧਰਤੀ ਦੇ ਜੰਗਲ ਬੇਲੇ, ਬਰਫ਼ਾਨੀ ਤੋਦੇ, ਰਮਣੀਕ ਪਹਾੜ ਤੇ ਹੋਰ ਬਹੁਤ ਪ੍ਰਕਿਰਤਿਕ ਸਾਧਨ ਆਪਣੀ ਹਵਸ ਲਲ਼ਕ ਹਉਮੈ ਦਾ ਸ਼ਿਕਾਰ ਬਣਾ ਕੇ ਮੇਰੀ ਭੈਣ ਸੁੰਦਰ ਧਰਤੀ ਨੂੰ ਅਤਿਅੰਤ ਪ੍ਰਦੂਸ਼ਿਤ ਕਰ ਦਿੱਤਾ ਹੈ ਤੇ ਹੁਣ ਮੇਰੀ ਹਿੱਕ 'ਤੇ ਬਸਤੀਆਂ ਉਸਾਰਨ ਦੇ ਪ੍ਰਯੋਜਨ ਨਾਲ ਉੱਡਣ ਖਟੋਲੇ ਭਰ ਕੇ ਮੇਰੇ ਵੱਲ ਵਹੀਰਾਂ ਘੱਤ ਤੁਰੇ ਹਨ। ਮੇਰੀ ਦਿਲੀ ਇੱਛਾ ਹੈ ਕਿ ਮੈਂ ਮਨੁੱਖ ਜਾਤੀ ਦੇ ਉਸਾਰੂ ਸੁਚਾਰੂ ਕੰਮ ਆ ਸਕਾਂ ਪਰ ਨਹੀਂ ਚਾਹੁੰਦਾ ਕਿ ਕੋਈ ਮੇਰੇ ਨਾਲ ਅਜਿਹਾ ਭੰਨ-ਤੋੜ ਵਾਲਾ ਬਦਸਲੂਕ ਵਰਤਾਰਾ ਕਰੇ।

ਸਮਝਾ ਸਕਦੋਂ ਤੇ ਸਮਝਾ ਆਪਣੀ ਆਦਮ ਜਾਤ ਨੂੰ। ਮਨੁੱਖਤਾ ਦੀ ਬਿਹਤਰੀ ਵਾਸਤੇ ਧਰਤੀ 'ਤੇ ਬਹੁਤ ਅਧੂਰੇ ਯੋਜਨ ਪਏ ਨੇ ਕਰਨ ਵਾਲੇ। ਅੱਗਾ ਦੌੜ ਤੇ ਪਿੱਛਾ ਚੌੜ! ਆਪਣਾ ਘਰ ਭੁੱਖ ਨੰਗ ਗ਼ੁਰਬਤ ਨਾਲ ਭਰਿਆ ਭਾਂ-ਭਾਂ ਕਰਦਾ ਵਿਲਕਦਾ ਸਾਂਭਿਆ ਨਹੀਂ ਜਾਂਦਾ ਤੇ ਉੱਡਣ ਲੱਗੇ ਨੇ ਨਵੇਂ ਆਕਾਸ਼ ਪਾਤਾਲ ਗਾਹੁਣ, ਨਵੇਂ ਦਿਸਹੱਦੇ ਢੂੰਡਣ! ਇੱਧਰ ਹਜ਼ਾਰਾਂ ਲੱਖਾਂ ਮੀਲ ਪੈਂਡਾ ਗਾਹ ਕੇ ਮਿਲੀਅਨ ਬਿਲੀਅਨ ਟਰਿਲੀਅਨ ਡਾਲਰ ਖ਼ਰਚਣ ਦੀ ਬਜਾਏ ਆਪਣੇ ਲੋਕਾਂ ਦੀ ਬਿਹਤਰ ਭਲਾਈ ਵਾਸਤੇ ਇਸਤੇਮਾਲ ਕਰੋ। ਬਿਗਾਨੇ ਘਰ ਡਾਕਾ ਮਾਰਨ ਦੀ ਇਹ ਨਵੀਂ ਭਾਜੀ ਨਾ ਪਾਓ। ਚੰਦ ਦੇ ਕਬਜ਼ੇ ਦੀ ਹੋੜ ਵਿਚ ਬਹੁਤ ਧਰਤੀ ਦੇ ਦੇਸ਼ਾਂ ਨੇ ਆਪ ਹੀ ਸੰਸਾਰ ਜੰਗ ਛੇੜ ਲੈਣੀ ਹੈ।

ਮੈਨੂੰ ਭੈਮਸਾ ਹੈ, ਜੇ ਤੁਸੀਂ ਇੱਧਰ ਝਾਕਣੋਂ ਨਾ ਰੁਕੇ ਤਾਂ ਮੇਰੇ ਏਲੀਅਨ ਪਿਆਰੇ ਵੀ ਤੁਹਾਡੇ ਵੱਲ ਉਡਾਰੀਆਂ ਭਰਨ ਨੂੰ ਤਿਆਰ ਬੈਠੇ ਹਨ। ਕਈ ਉੱਡਣ ਤਸ਼ਤਰੀਆਂ ਤਾਂ ਤੁਸੀਂ ਆਪ ਪਹਿਲਾਂ ਵੀ ਵੇਖ ਚੁੱਕੇ ਹੋ। ਤੁਸੀਂ ਜਿਵੇਂ ਦਾਅਵਾ ਕਰਦੇ ਹੋ ਕਿ ਹਜ਼ਾਰਾਂ ਸਾਲ ਪਹਿਲਾਂ ਸਾਡਾ ਏਲੀਅਨ ਫੜ ਕੇ ਤੁਸੀਂ ਮਾਰ ਦਿੱਤਾ ਜਿਸ ਦੀ ਲਾਸ਼ ਮੈਕਸੀਕੋ ਵਿਚ ਸਾਂਭੀ ਪਈ ਹੈ! ਜੇ ਉਹ ਵੀ ਤਸ਼ਤਰੀਆਂ ਭਰ ਕੇ ਧਰਤੀ ਉਪਗ੍ਰਹਿ ਵੱਲ ਨਿਕਲ ਤੁਰੇ ਤਾਂ ਅਣਕਿਆਸੀ ਕਹਿਰ ਵਾਪਰ ਜਾਵੇਗਾ। ਅੱਧ ਅਸਮਾਨੇ ਇਹ ਉਪਗ੍ਰਹਿ ਆਪੋ ਵਿਚ ਭਿੜਨਗੇ ਤੇ ਜਾਨਦਾਰ ਸਭਿਅਤਾ ਦਾ ਅੰਤ ਕਰ ਦੇਣਗੇ। ਮੈਨੂੰ ਖ਼ਦਸ਼ਾ ਹੈ, ਇਨ੍ਹਾਂ ਖੋਜਾਰਥੀਆਂ ਨਾਲ ਧਰਤੀ, ਚੰਦ ਤੇ ਪੁਲਾੜ ਦੇ ਹੋਰ ਗ੍ਰਹਿਆਂ ਵਿਚਕਾਰ ਭਿਆਨਕ ਮੁੱਠਭੇੜ ਹੋ ਜਾਵੇਗਾ।

ਤੁਸੀਂ ਕਰੋ! ਜੋ ਆਪਣੀ ਮਨਮਰਜ਼ੀ ਕਰਦੇ ਰਹੋ, ਇਹ ਤੁਹਾਡੀ ਖ਼ੁਸ਼ੀ ਹੈ। ਸੌ ਹੱਥ ਰੱਸਾ ਸਿਰੇ 'ਤੇ ਗੰਢ! ਮੈਨੂੰ ਮਾਨਸਿਕ ਸਕੂਨ ਪ੍ਰਾਪਤ ਹੋਇਆ ਹੈ ਕਿ ਮੈਂ ਆਪਣੇ ਸ਼ਰਧਾਲੂਆਂ ਸਾਹਮਣੇ ਹੁਣ ਇਕ ਗੁਪਤ ਪੂਜਣਯੋਗ ਰਹੱਸ ਨਾ ਰਹਿ ਕੇ ਯੂਨੀਵਰਸ ਦਾ ਇਕ ਹਿੱਸਾ ਬਣ ਕੇ ਪ੍ਰਤੱਖ ਹੋਇਆ ਹਾਂ। ਮੈਨੂੰ ਯਕੀਨ ਹੈ ਕਿ ਉਨ੍ਹਾਂ ਦੀ ਮੇਰੇ ਪ੍ਰਤੀ ਸ਼ਰਧਾ ਖ਼ਤਮ ਨਹੀਂ ਹੋਣੀ ਤੇ ਉਨ੍ਹਾਂ ਆਪਣੇ ਪੂਜਣ ਵਾਲੇ ਸੰਸਕਾਰ ਨਿਭਾਈ ਜਾਣੇ ਹਨ। ਫਿਰ ਵੀ ਮੈਂ ਨੰਗੇ ਧੜ ਇਕਬਾਲ ਕਰਦਾ ਹਾਂ ਕਿ ਮੈਂ ਉਹ ਕਠਪੁਤਲੀ ਨਹੀਂ ਜੋ ਮੈਨੂੰ ਧਰਮਾਂ ਦੇ ਪੰਡਤਾਂ ਪੁਰੋਹਿਤਾਂ ਨੇ ਭੋਲੇ-ਭਾਲੇ ਮਾਨਸਿਕ ਊਣੇ ਲੋਕਾਂ ਨੂੰ ਵਰਗਲਾਉਣ ਲਈ ਪ੍ਰਚਾਰਿਆ ਤੇ ਬਣਾ ਦਿੱਤਾ ਹੈ।

'ਤਾਂ ਫਿਰ ਤੇਰੇ ਕਹਿਣ ਦਾ ਮਤਲਬ, ਕਿਸੇ ਚੀਜ਼ 'ਤੇ ਬਿਨ ਦੇਖੇ, ਸੋਚੇ ਸਮਝੇ ਅੰਧ ਵਿਸ਼ਵਾਸ ਕਰਨਾ ਵਿਅਰਥ ਹੈ, ਗ਼ਲਤ ਹੈ। !' ਮੈਂ ਹੱਸਦਾ ਹਾਂ।

'ਹਾਂ ਬਿਲਕੁਲ ਠੀਕ! ਤੂੰ ਠੀਕ ਸਮਝਿਆ ਮੇਰੇ ਆਰ! ਇਹ ਸਭ ਜੋ ਚਮਕਦਾ ਹੈ ਸੋਨਾ ਨਹੀਂ। ਦੂਰ ਬਰੇਤੇ ਵਿਚ ਦਿਸਣ ਵਾਲਾ ਪਾਣੀ ਪਾਣੀ ਨਹੀਂ ਹੁੰਦਾ ਤੇ ਪਿਆਸਾ ਹਿਰਨ ਵਿਚਾਰਾ ਆਪਣੀ ਪਿਆਸ ਮਿਟਾਉਣ ਖ਼ਾਤਰ ਦੌੜਿਆ ਜਾਂਦਾ ਹੈ। ਤੁਸੀਂ ਹਿਰਨ ਨੂੰ ਜਿੰਨਾ ਮਰਜ਼ੀ ਸਮਝਾਓ ਰੋਕੋ ਕਿ ਅੱਗੇ ਜੋ ਦਿਸਦਾ ਉਹ ਪਾਣੀ ਨਹੀਂ ਪਰ ਉਸ ਨੇ ਆਪਣੀ ਵਾਹ ਲਾਈ ਦੌੜੇ ਜਾਣਾ ਹੈ।'

'ਆਲ ਦੈਟ ਗਲਿਟਰਜ਼ ਇਜ਼ ਨਾਟ ਗੋਲਡ। ਜੋ ਚਮਕਦਾ ਸਭ ਸੋਨਾ ਨਹੀਂ ਹੁੰਦਾ। ਧੰਨਵਾਦ ਮੇਰੇ ਦੋਸਤ। ਬਾਈ ਗੁੱਡ।

# ਖਡੂਰ ਸਾਹਿਬ ਦੀ ਅਦੁੱਤੀ ਮਹਿਮਾ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਗੁਰੂ ਅੰਗਦ ਦੇਵ ਜੀ ਵਲੋਂ ਗੁਰਮੁਖੀ ਲਿਪੀ ਦੇ ਮਾਨਵੀਕਰਣ ਅਤੇ ਉਨ੍ਹਾਂ ਦੀ ਸੁਪਤਨੀ ਮਾਤਾ ਖੀਵੀ ਵਲੋਂ ਲੰਗਰ ਦੀ ਅਪਰ ਅਪਾਰ ਪ੍ਰੰਪਰਾ ਸਥਾਪਤ ਕਰਨ ਬਾਰੇ ਬੜੇ ਵਿਦਵਾਨਾਂ ਨੇ ਵਿਸਥਾਰ ਨਾਲ ਲਿਖਿਆ ਹੈ। ਇਨ੍ਹਾਂ ਲੇਖਕਾਂ ਵਿਚ ਭਾਈ ਗੁਰਦਾਸ, ਭਾਈ ਕਾਹਨ ਸਿੰਘ ਨਾਭਾ, ਭਾਈ ਸੰਤੋਖ ਸਿੰਘ, ਭਾਈ ਵੀਰ ਸਿੰਘ, ਗਿਆਨੀ ਗਿਆਨ ਸਿੰਘ, ਡਾ. ਮਹੀਪ ਸਿੰਘ, ਪਿਆਰਾ ਸਿੰਘ ਪਦਮ, ਡਾ. ਸੁਰਿੰਦਰ ਸਿੰਘ ਕੋਹਲੀ ਤੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸੱਤੇ-ਬਲਵੰਡ ਦੀ ਵਾਰ ਤੇ ਭੱਟਾਂ ਦੀ ਬਾਣੀ ਹੀ ਨਹੀਂ ਮੈਥਿਲੀ ਸ਼ਰਨ ਗੁਪਤ ਤੇ ਗੋਲਕ ਚੰਦ ਨਾਰੰਗ ਵੀ ਸ਼ਾਮਲ ਹਨ। ਸਾਰੇ ਮਹਾਰਥੀਆਂ ਨੇ ਗੁਰੂ ਅੰਗਦ ਦੇਵ ਜੀ ਦੇ ਜੀਵਨ ਤੇ ਬਾਣੀ ਉੱਤੇ ਵੀ ਖੂਬ ਚਾਨਣਾ ਪਾਇਆ ਹੈ। ਇਸ ਯੋਗਦਾਨ ਦਾ ਸਾਰ-ਅੰਸ਼ ਜਾਨਣਾ ਹੋਵੇ ਤਾਂ ਨਵਯੁਗ ਵੱਲੋਂ ਪ੍ਰਕਾਸ਼ਤ ਡਾ. ਜਸਪਾਲ ਸਿੰਘ ਦੀ ਪੁਸਤਕ 'ਗੁਰੂ ਅੰਗਦ ਦੇਵ ਜੀ: ਜੀਵਨ ਤੇ ਬਾਣੀ' ਦਾ ਅਧਿਐਨ ਜ਼ਰੂਰੀ ਹੈ।


ਜਸਪਾਲ ਸਿੰਘ ਦੀ ਵੱਡਿਤਣ ਇਸ ਵਿਚ ਹੈ ਕਿ ਉਸ ਨੇ ਇਸਦਾ ਮੁੱਖ ਸ਼ਰੇਅ ਤਰਨਤਾਰਨ ਨੇੜਲੇ ਗੁਰੂਧਾਮ ਖਡੂਰ ਸਾਹਿਬ ਨੂੰ ਦਿੱਤਾ ਹੈ ਜਿੱਥੇ ਰਹਿ ਕੇ ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੀਆਂ ਭਾਵਨਾਵਾਂ ਦਾ ਪ੍ਰਚਾਰ-ਪਾਸਾਰ ਕੀਤਾ। ਇਸ ਵਿਚ ਗੁਰਮੁਖੀ ਲਿੱਪੀ ਦਾ ਮਾਨਵੀਕਰਣ ਤੇ ਲੰਗਰ ਦੀ ਸਥਾਪਨਾ ਪ੍ਰਮੁੱਖ ਹਨ। ਇਹ ਵੀ ਕਿ ਗੁਰੂ ਅੰਗਦ ਦੇਵ ਉਰਫ ਭਾਈ ਲਹਿਣਾ ਜੀ 48 ਵਰ੍ਹੇ ਦੀ ਆਯੂ ਭੋਗ ਕੇ ਜੋਤੀ ਜੋਤਿ ਸਮਾ ਗਏ ਪਰ ਉਨ੍ਹਾਂ ਦੀ ਸੁਪਤਨੀ ਮਾਤਾ ਖੀਵੀ ਜੀ ਨੇ ਇਸ ਪ੍ਰਥਾ ਨੂੰ ਆਪਣੇ ਅੰਤਮ ਸਾਹਾਂ ਤੱਕ ਨਿਭਾਇਆ।

ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਭਾਈ ਲਹਿਣਾ ਜੀ ਦੇ ਪਿਤਾ ਫੇਰੂ ਮੱਲ ਜਵਾਲਾਮੁਖੀ ਦੇ ਉਪਾਸ਼ਕ ਸਨ ਤੇ ਅਕਸਰ ਉਥੇ ਜਾਂਦੇ ਰਹਿੰਦੇ ਸਨ। ਕਈ ਵਾਰੀ ਭਾਈ ਲਹਿਣਾ ਵੀ ਉਨ੍ਹਾਂ ਨਾਲ ਚੱਲ ਪੈਂਦੇ। ਆਪਣੇ ਪਿਤਾ ਦੇ ਦੇਹਾਂਤ ਉਪਰੰਤ ਭਾਈ ਲਹਿਣਾ ਆਪਣੇ ਸੰਗੀ ਸਾਥੀਆਂ ਨੂੰ ਨਾਲ ਲੈ ਕੇ ਜਵਲਾਮੁਖੀ ਜਾ ਰਹੇ ਸਨ ਕਿ ਆਪਣੇ ਸੰਗੀਆਂ ਨੂੰ ਛੱਡ ਕੇ ਕਰਤਾਰਪੁਰ ਸਾਹਿਬ ਚਲੇ ਗਏ ਜਿੱਥੇ ਗੁਰੂ ਨਾਨਕ ਦੇਵ ਜੀ ਆਪਣੇ ਹੱਥੀਂ ਖੇਤੀ ਕਰ ਕੇ ਆਮ ਲੋਕਾਂ ਨੂੰ ਲੰਗਰ ਵਰਤਾਉਂਦੇ ਅਤੇ ਪ੍ਰਮਾਤਮਾ ਦੀ ਉਸਤਤ ਕਰਦੇ ਸਨ। ਭਾਈ ਲਹਿਣਾ ਜੀ ਗੁਰੂ ਨਾਨਕ ਦੇਵ ਦੀ ਵਲੋਂ ਪ੍ਰਚਾਰੀ ਖੇਤੀ ਦਾ ਉਪਕਾਰ ਅਤੇ ਉਨ੍ਹਾਂ ਵਲੋਂ ਪ੍ਰਚਾਰੀ ਜਾ ਰਹੀ ਪ੍ਰਮਾਤਮਾ ਦੀ ਉਸਤਤ ਤੋਂ ਏਨੇ ਪ੍ਰਭਾਵਿਤ ਹੋਏ ਕਿ ਉਥੋਂ ਦੇ ਹੋ ਕੇ ਰਹਿ ਗਏ। ਉਨ੍ਹਾਂ ਨੇ ਜਵਾਲਾਮੁਖੀ ਦੇ ਦਰਸ਼ਨ ਹੀ ਨਹੀਂ ਤਿਆਗੇ ਸਗੋਂ ਖਡੂਰ ਸਾਹਿਬ ਵਿਚ ਬਿਰਾਜਮਾਨ ਮਾਤਾ ਖੀਵੀ ਤੇ ਆਪਣੇ ਬਾਲ ਪਰਿਵਾਰ ਨੂੰ ਵੀ ਵਿਸਾਰ ਦਿੱਤਾ।

ਮਾਤਾ ਜੀ ਸੱਤ ਸਾਲ ਇਕੱਲੇ ਰਹੇ ਤੇ ਉਨ੍ਹਾਂ ਨੂੰ ਲੋਕਾਂ ਦੇ ਤਾਅਨੇ ਮਿਹਣਿਆਂ ਦਾ ਸ਼ਿਕਾਰ ਵੀ ਹੋਣਾ ਪਿਆ। ਏਥੋਂ ਤੱਕ ਕਿ ਆਪਣੇ ਬਾਲ ਪਰਿਵਾਰ ਕੋਲ ਪਰਤਣ ਦੀ ਗੁਰੂ ਨਾਨਕ ਦੇਵ ਜੀ ਦੀ ਪ੍ਰੇਰਨਾ ਦਾ ਵੀ ਕੋਈ ਅਸਰ ਨਾ ਹੋਇਆ। ਉਨ੍ਹਾਂ ਦੀ ਭਾਵਨਾ ਤੇ ਨਿਸ਼ਠਾ ਹੀ ਸੀ ਜਿਸ ਨੂੰ ਵੇਖਦਿਆਂ ਬਾਬਾ ਨਾਨਕ ਦੇਵ ਜੀ ਨੇ ਉਨ੍ਹਾਂ ਨੂੰ ਅੰਗੀ ਸੰਗੀ ਤੇ ਉਤਰਅਧਿਕਾਰੀ ਸਥਾਪਤ ਕੀਤਾ। ਇਸਦੇ ਫ਼ਲਸਰੂਪ ਉਹ ਸਦਾ ਲਈ ਭਾਈ ਲਹਿਣਾ ਤੋਂ ਅੰਗਦ ਹੋ ਗਏ ਤੇ ਬਹੁਤ ਥੋੜ੍ਹੀ ਆਯੂ ਭੋਗਣ ਦੇ ਬਾਵਜੂਦ ਸ੍ਰੀ ਗੁਰੂ ਅੰਗਦ ਦੇਵ ਜੀ ਵਜੋਂ ਪ੍ਰਵਾਨ ਹੋਏ।

ਇਹ ਗੱਲ ਵੱਖਰੀ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਥੋੜ੍ਹਾ ਪਹਿਲਾਂ ਗੁਰੂ ਅੰਗਦ ਦੇਵ ਜੀ ਨੇ ਆਪਣਾ ਨਿਵਾਸ ਖਡੂਰ ਸਾਹਿਬ ਕਰ ਲਿਆ ਸੀ। ਜਿਸ ਵਿਚ ਗੁਰੂ ਨਾਨਕ ਦੇਵ ਜੀ ਦੀ ਭਾਵਨਾ ਵੀ ਸ਼ਾਮਲ ਸੀ। ਏਥੋਂ ਤੱਕ ਕਿ ਗੁਰੂ ਅੰਗਦ ਦੇਵ ਜੀ ਦੇ ਛੋਟੇ ਸਾਹਿਬਜ਼ਾਦੇ ਡਾ. ਜਸਪਾਲ ਸਿੰਘ ਦੀ ਪੁਸਤਕ ਇਸ ਤੱਥ ਉੱਤੇ ਵੀ ਚਾਨਣਾ ਪਾਉਂਦੀ ਹੈ ਜੋ 2004 ਵਿਚ ਗੁਰੂ ਅੰਗਦ ਦੇਵ ਜੀ ਦੇ 500ਵੇਂ ਪ੍ਰਕਾਸ਼ ਪੁਰਬ ਸਮੇਂ ਧਾਰਮਿਕ ਤੇ ਸਿੱਖਿਆ ਦੇ ਖੇਤਰ ਨਾਲ ਜੁੜੀਆਂ ਬਹੁਤ ਸਾਰੀਆਂ ਯੋਜਨਾਵਾਂ ਦੀ ਰੂਪ-ਰੇਖਾ ਤਿਆਰ ਕੀਤੀ ਸੀ।

ਇਨ੍ਹਾਂ ਨੂੰ ਅਮਲੀ ਰੂਪ ਦੇਣ ਲਈ ਬਾਬਾ ਸੇਵਾ ਸਿੰਘ ਦੀ ਸਰਪ੍ਰਸਤੀ ਹੇਠ 'ਨਿਸ਼ਾਨ-ਏ-ਸਿੱਖੀ' ਚੈਰੀਟੇਬਲ ਟਰੱਸਟ ਸਥਾਪਤ ਕੀਤਾ ਗਿਆ। ਏਸੇ ਵੇਲੇ ਏਥੇ 'ਵਿਦਿਆ ਵੀਚਾਰੀ ਤਾਂ ਪਰਉਪਕਾਰੀ' ਦੇ ਸੰਦੇਸ਼ ਨੂੰ ਦਰਸਾਉਣ ਲਈ ਅੱਧੀ ਦਰਜਨ ਵਿਦਿਅਕ ਸੰਸਥਾਵਾਂ ਦੀ ਸਥਾਪਨਾ ਕੀਤੀ ਜਾ ਚੁੱਕੀ ਹੈ। ਇਨ੍ਹਾਂ ਵਿਚ ਸਿੱਖ ਧਰਮ ਦੇ ਅਧਿਐਨ, ਖੋਜ, ਤੇ ਪ੍ਰਚਾਰ-ਪ੍ਰਸਾਰ ਲਈ (1) ਸ੍ਰੀ ਗੁਰੂ ਅੰਗਦ ਦੇਵ ਇੰਸਟੀਚਿਊਟ ਆਫ ਰਿਲੀਜੀਅਸ ਸਟੱਡੀਜ਼ ਲੋੜਵੰਦ ਬੱਚਿਆਂ ਦੀ ਚਾਹਨਾ ਤ੍ਰਿਪਤ ਕਰਨ ਲਈ (2) ਨਿਸ਼ਾਨ-ਏ-ਸਿੱਖੀ ਇੰਸਟੀਚਿਊਟ ਆਫ ਸਾਇੰਸ ਐਂਡ ਆਈ.ਆਈ.ਟੀ ਦਾ ਨੀਟ ਵਿੰਗ, ਪੰਜਾਬ ਦੀਆਂ ਲੜਕੀਆਂ ਤੇ ਲੜਕਿਆਂ ਨੂੰ ਆਪਣੇ ਪੈਰਾਂ ਉੱਤੇ ਖੜ੍ਹੇ ਕਰਨ ਹਿੱਤ (3) ਸ੍ਰੀ ਗੁਰੂ ਅੰਗਦ ਦੇਵ ਇੰਸਟੀਚਿਊਟ ਆਫ ਕੈਰੀਅਰ ਐਂਡ ਕੋਰਸਿਜ਼,




ਨੈਸ਼ਨਲ ਡਿਫੈਂਸ ਅਕੈਡਮੀ ਵਾਸਤੇ ਲਿਖਤੀ ਟੈਸਟ ਤੇ ਐਸ.ਐਸ.ਬੀ. ਇੰਟਰਵਿਊ ਦੀ ਤਿਆਰੀ ਲਈ (4) ਸੁਤੰਤਰ ਤੇ ਵੱਖਰੀ ਅਕੈਡਮੀ ਤੇ ਸਿਵਲ ਸਰਵਿਸਿਜ਼ ਦੇ ਇਮਿਤਿਹਾਨਾਂ ਦੀ ਤਿਆਰੀ ਕਰਾਉਣ ਦੀ ਭਾਵਨਾ ਵਾਲੀ (5) ਨਿਸ਼ਾਨ-ਏ-ਸਿੱਖੀ ਪ੍ਰੈਪਰੇਟਰੀ ਇੰਸਟੀਚਿਊਟ ਫਾਰ ਸਰਵਿਸਿਜ਼' ਸਥਾਪਤ ਕੀਤੀ ਗਈ ਹੈ, ਜਿੱਥੇ ਹੋਣਹਾਰ ਵਿਦਿਆਰਥੀ ਫੌਓ ਤੱਕ ਦੀ ਤਿਆਰੀ ਕਰਦੇ ਹਨ। ਏਥੇ ਉਮੀਦਵਾਰਾਂ ਤੋਂ ਕਿਸੇ ਪ੍ਰਕਾਰ ਦੀ ਫੀਸ ਤਾਂ ਕੀ ਲੈਣੀ ਹੈ ਅਧਿਆਪਕਾਂ ਦਾ ਮਾਣ-ਭੱਤਾ, ਲਾਇਬਰੇਰੀ ਦੀ ਸੁਵਿਧਾ ਤੇ ਪੁਸਤਕਾਂ ਦਾ ਖਰਚਾ ਵੀ ਨਹੀਂ ਲਿਆ ਜਾਂਦਾ। ਇਹ ਵੀ ਨਿਸ਼ਾਨ-ਏ-ਸਿੱਖੀ ਚੈਰੀਟੇਬਲ ਟਰੱਸਟ ਪੂਰਾ ਕਰਦਾ ਹੈ। ਚੇਤੇ ਰਹੇ ਕਿ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਗੁਰਪੁਰਬ ਨੂੰ ਮੁੱਖ ਰਖਦਿਆਂ 'ਗੁਰੂ ਨਾਨਕ ਯਾਦਗਾਰੀ ਜੰਗਲ' ਲਗਾਉਣ ਦਾ ਕਾਰਜ ਵੀ ਆਰੰਭਿਆ ਜਾ ਚੁੱਕਾ ਹੈ।

ਏਸ ਤਰ੍ਹਾਂ ਗੁਰੂ ਅੰਗਦ ਦੇਵ ਜੀ ਨੇ ਲੋਕਾਂ ਦੇ ਅੰਧਕਾਰ ਨੂੰ ਹੀ ਦੂਰ ਨਹੀਂ ਕੀਤਾ ਸਿੱਖ ਪੈਰੋਕਾਰਾਂ ਨੂੰ ਸਿਖ ਪੰਥ ਦੇ ਰੂਪ ਵਿਚ ਜਥੇਬੰਦ ਵੀ ਕੀਤਾ। ਨਿਸ਼ਚੇ ਹੀ ਗੁਰੂ ਨਾਨਕ ਦੇਵ ਜੀ ਦੇ ਪਹਿਲੇ ਉਤਰਾਧਿਕਾਰੀ ਦੇ ਰੂਪ ਵਿਚ ਅੰਗਦ ਦੇਵ ਜੀ ਦੀ ਭੂਮਿਕਾ ਬਹੁਤ ਹੀ ਮਹੱਤਵਪੂਰਨ ਹੈ। ਐਵੇਂ ਤਾਂ ਨਹੀਂ ਖਡੂਰ ਸਾਹਿਬ ਨੂੰ ਅੱਠ ਗੁਰੂ ਸਾਹਿਬਾਨ ਦੀ ਚਰਨ-ਛੋਹ ਪ੍ਰਾਪਤ ਹੋਈ। ਇਹ ਪੁਸਤਕ ਗੁਰੂ ਅੰਗਦ ਦੇਵ ਜੀ ਦੀ ਜੀਵਨ-ਜਾਂਚ ਤੇ ਸਿੱਖਿਆ ਅਤੇ ਮਾਤਾ ਖੀਵੀ ਜੀ ਵਲੋਂ ਖਡੂਰ ਸਾਹਬ ਦੀ ਮਹਿਮਾ ਉਜਾਗਰ ਕਰਨ ਵਿਚ ਪਾਏ ਯੋਗਦਾਨ ਨੂੰ ਬਾਖੂਬੀ ਅੰਕਿਤ ਕਰਦੀ ਹੈ।

ਨਿਸ਼ਚੇ ਹੀ ਖਡੂਰ ਸਾਹਬ ਦੀ ਨਿਰੰਜਨੀ ਛੱਤ ਰਹਿੰਦੀ ਦੁਨੀਆਂ ਤੱਕ ਝੂਲਦੀ ਰਹੇਗੀ ਤੇ ਮਾਤਾ ਖੀਵੀ ਵਾਲਾ 'ਅੰਨ-ਦੇਗ ਦਾ ਕੜਛਾ' ਸਰਬ ਵਿਆਪਕ ਰਹੇਗਾ। ਚੇਤੇ ਰਹੇ ਕਿ ਮਾਤਾ ਖੀਵੀ ਜੀ ਦੇ ਜੀਵਨ ਕਾਲ ਵਿਚ ਉਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਅੰਗਦ ਦੇਵ ਜੀ ਤੱਕ ਪੰਜ ਗੁਰੂ ਸਾਹਿਬਾਨ ਦੀ ਸੰਗਤ ਪ੍ਰਾਪਤ ਸੀ।

### ਹੁਸ਼ਿਆਰਪੁਰ ਦੇ ਪਿੰਡ ਹੂਕੜਾ ਦੇ ਕੀ ਕਹਿਣੇ

ਹੁਸ਼ਿਆਰਪੁਰ-ਫਗਵਾੜਾ ਸੜਕ ਤੋਂ 4 ਕਿਲੋਮੀਟਰ ਹਟਵੇਂ ਇਕ ਹਜ਼ਾਰ ਦੀ ਅਬਾਦੀ ਵਾਲੇ ਪਿੰਡ ਹੂਕੜਾ ਦਾ ਮਹੱਤਵ ਆਮ ਪਿੰਡਾਂ ਨਾਲੋਂ ਵਖਰਾ ਹੈ। 'ਪੰਜਾਬ ਦੇ ਪਿੰਡ ਸ਼ਹਿਰ ਤੇ ਕਸਬੇ' ਨਾਂ ਦੀ ਅਮਰਜੀਤ ਡਾਇਰੈਕਟਰੀ ਅਨੁਸਾਰ ਸ਼੍ਰੋਮਣੀ ਪੱਤਰਕਾਰ ਤਾਰਾ ਸਿੰਘ ਕਾਮਲ ਦਾ ਜਨਮ ਇਸ ਪਿੰਡ ਵਿਚ 15 ਮਾਰਚ, 1929 ਨੂੰ ਹੋਇਆ ਸੀ। ਜਿਹੜਾ ਬਾਲ ਵਰੇਸੇ ਦਿੱਲੀ ਚਲਾ ਗਿਆ ਤੇ 2 ਫਰਵਰੀ, 1993 ਨੂੰ ਉਥੇ ਹੀ ਚਲਾਣਾ ਕਰ ਗਿਆ। ਏਸ ਪਿੰਡ ਦੇ ਰਾਮ ਦਿਆਲ, ਰਾਮਜੀਤ ਤੇ ਮੋਹਨ ਲਾਲ ਚੰਡੀਗੜ੍ਹ ਪੁਲਿਸ ਤੇ ਬਾਰਡਰ ਸਕਿਉਰਿਟੀ ਫੋਰਸ ਵਿਚ ਚੰਗੇ ਅਹੁਦਿਆਂ 'ਤੇ ਹੁੰਦੇ ਹੋਏ ਹਰ ਸਾਲ ਆਪਣੇ ਮਿਸ਼ਨ ਐਵੇਅਰਨੈੱਸ ਰਾਹੀਂ ਪ੍ਰਾਇਮਰੀ ਸਕੂਲਾਂ 'ਚ ਪੰਜਵੀਂ ਸ਼੍ਰੇਣੀ ਵਿਚ ਪੜ੍ਹ ਰਹੇ ਹੋਣਹਾਰ ਵਿਦਿਆਰਥੀਆਂ ਨੂੰ ਨਵੋਦਿਆ ਵਿਚ ਦਾਖ਼ਲੇ ਦੀ ਤਿਆਰੀ ਕਰਵਾਉਂਦੇ ਹਨ। ਅਗਲੇ ਵਰ੍ਹੇ ਦੀ ਪ੍ਰੀਖਿਆ ਮਿਤੀ 20 ਜਨਵਰੀ, 2024 ਹੈ ਜਿਸ ਲਈ ਹੁਸ਼ਿਆਰਪੁਰ, ਪਠਾਨਕੋਟ, ਨਵਾਂ ਸ਼ਹਿਰ, ਰੂਪਨਗਰ, ਮੋਹਾਲੀ, ਕਪੂਰਥਲਾ, ਜਲੰਧਰ, ਫਤਿਹਗੜ੍ਹ ਸਾਹਿਬ ਤੇ ਪਟਿਆਲਾ ਨੌਂ ਜ਼ਿਲ੍ਹਿਆਂ ਦੇ ਵਿਦਿਆਰਥੀ ਨਿਸ਼ਚਿਤ ਕੇਂਦਰਾਂ ਵਿਚ ਮੁਫਤ ਕੋਚਿੰਗ ਪ੍ਰਾਪਤ ਕਰ ਸਕਦੇ ਹਨ। ਇਹ ਯੋਜਨਾ ਜੁਲਾਈ ਮਹੀਨੇ ਤੋਂ ਆਰੰਭ ਹੈ ਤੇ 20 ਜਨਵਰੀ, 2024 ਤੱਕ ਜਾਰੀ ਰਹੇਗੀ।

ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਏਸੇ ਅਕਤੂਬਰ ਮਹੀਨੇ ਹੂਰੜਾ ਪਿੰਡ ਵਿਚ ਇਕ ਜਨਤਕ ਇਕੱਠ ਕਰ ਕੇ ਤਾਰਾ ਸਿੰਘ ਕਾਮਲ ਯਾਦਗਾਰੀ ਲਾਇਬਰੇਰੀ ਦਾ ਵੀ ਉਦਘਾਟਨ ਕੀਤਾ ਜਾਣਾ ਹੈ ਜਿਸ ਲਈ ਇੰਸਪੈਕਟਰ ਰਾਮ ਦਿਆਲ ਹੁਣੇ ਤੋਂ ਭੱਜ-ਦੌੜ ਕਰ ਰਿਹਾ ਹੈ। ਲਾਇਬਰੇਰੀ ਵਿਚ ਸਜਾਉਣ ਵਾਲੀਆਂ ਤਸਵੀਰਾਂ ਚੁਣੀਆਂ ਜਾ ਰਹੀਆਂ ਹਨ ਤੇ ਤਾਰਾ ਸਿੰਘ ਦਾ ਬੁੱਤ ਬਣਵਾਇਆ ਜਾ ਚੁੱਕਾ ਹੈ।

ਏਸ ਵਰ੍ਹੇ ਹੂਕੜਾ ਭਰਾਵਾਂ ਦੇ ਵਿਹੜੇ ਇੱਕ ਮੋੜ ਹੋਰ ਆਇਆ ਹੈ। ਉਹ ਇਹ ਕਿ ਰਾਮ ਦਿਆਲ ਦੀ ਬੇਟੀ ਪ੍ਰਭਜੋਤ, ਜੋ ਗੌਰਮਿੰਟ ਕਾਲਜ ਫਾਰ ਗਰਲਜ਼ ਵਿਚ ਰਾਜਨੀਤੀ ਵਿਦਿਆ ਪ੍ਰਾਪਤ ਕਰ ਰਹੀ ਹੈ, ਨੇ ਵਿਦਿਆਰਥੀ ਚੋਣਾਂ ਲੜੀਆਂ ਤੇ ਯੂਨੀਵਰਸਟੀ ਦੇ ਰਾਜਨੀਤੀ ਵਿਭਾਗਾਂ ਦੀ ਪ੍ਰਤੀਨਿਧਤਾ ਕਰਨ ਲਈ ਚੁਣੀ ਗਈ। ਚੇਤੇ ਰਹੇ ਕਿ ਮੇਰਾ ਇਸ ਪਰਿਵਾਰ ਨਾਲ ਨਾਤਾ ਉਦੋਂ ਜੁੜਿਆ ਜਦੋਂ ਰਾਮ ਦਿਆਲ 36 ਸੈਕਟਰ, ਚੰਡੀਗੜ੍ਹ ਦੇ ਥਾਣੇ ਵਿਚ ਤਾਇਨਾਤ ਸੀ। ਤਾਰਾ ਸਿੰਘ ਕਾਮਲ ਤੇ ਹੂਕੜਾ ਭਰਾਵਾਂ ਦਾ ਇਹ ਪਿੰਡ ਜ਼ਿੰਦਾਬਾਦ।

**ਅੰਤਿਕਾ**

**—ਗੁਰੂ ਅੰਗਦ ਦੇਵ ਜੀ—**

**ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥**

**ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥**

# ਕਾਮਰੇਡ ਠਾਣਾ ਸਿੰਘ ਨੂੰ ਯਾਦ ਕਰਦਿਆਂ

ਸ਼ਰਧਾਂਜਲੀ

ਪਰਮਿੰਦਰ ਸਿੰਘ
ਫੋਨ: 95010-25030

ਹੁਣ ਦੇ ਜ਼ਿਲ੍ਹਾ ਮੁਕਤਸਰ ਦੇ ਪਿੰਡ ਭਲਾਈਆਣਾ ਵਿਖੇ 1942 ਵਿਚ ਜਨਮੇ ਠਾਣਾ ਸਿੰਘ ਦਾ ਬਚਪਨ ਆਮ ਕਿਸਾਨਾਂ ਦੇ ਬੱਚਿਆਂ ਵਾਂਗ ਸਭ ਤੰਗੀਆਂ-ਤੁਰਸ਼ੀਆਂ ਵਿਚੋਂ ਲੰਘਦਿਆਂ ਸਾਧਾਰਨਤਾ ਦੇ ਪੱਧਰ 'ਤੇ ਗੁਜ਼ਰਿਆ। ਮੁੱਢਲੀ ਵਿੱਦਿਆ ਆਪਣੇ ਪਿੰਡੋਂ ਅਤੇ ਫਿਰ ਨਾਲ ਦੇ ਪਿੰਡ ਛੱਤੇਆਣਾ ਤੋਂ ਹਾਸਲ ਕਰ ਕੇ ਅਧਿਆਪਨ ਲਈ ਬੇਸਿਕ ਟੀਚਰ ਟ੍ਰੇਨਿੰਗ ਕੋਰਸ ਫ਼ਰੀਦਕੋਟ ਤੋਂ ਕੀਤਾ। ਫ਼ਰਕ ਸਿਰਫ਼ ਇੰਨਾ ਸੀ ਕਿ ਦਸਵੀਂ ਪਾਸ ਕਰਨ ਤੱਕ ਉਸ ਦੀ ਅੰਗਰੇਜ਼ੀ ਅਤੇ ਪੰਜਾਬੀ 'ਤੇ ਪਕੜ ਕਾਫ਼ੀ ਮਜ਼ਬੂਤ ਹੋ ਗਈ ਸੀ। ਇਸ ਵਿਚੋਂ ਹੀ ਉਸ ਨੂੰ ਪ੍ਰੀਤਲੜੀ ਵਰਗੇ ਸਾਹਿਤਕ ਰਸਾਲੇ ਅਤੇ ਹੋਰ ਸਾਹਿਤ ਪੜ੍ਹਨ ਦੀ ਚੇਟਕ ਲੱਗ ਗਈ। ਇਸੇ ਕਰਕੇ ਉਸ ਦੇ ਬੁਨਿਆਦੀ ਸੁਭਾਅ ਅਤੇ ਨਜ਼ਰੀਏ ਦੀਆਂ ਨੀਹਾਂ ਮਨੁੱਖਤਾ ਪ੍ਰਤੀ ਸਨੇਹ, ਖਿੱਚ ਅਤੇ ਜਮਹੂਰੀਅਤ ਨਾਲ ਲਬਰੇਜ਼ ਹੋ ਗਈਆਂ।

ਜ਼ਿੰਦਗੀ ਵਿਚ ਕੁਝ ਨਵਾਂ ਨਰੋਆ ਕਰ ਗੁਜ਼ਰਨ ਨੂੰ ਫ਼ਲ ਉਸ ਵਕਤ ਪੈਣਾ ਸ਼ੁਰੂ ਹੋਇਆ ਜਦੋਂ ਠਾਣਾ ਸਿੰਘ ਸੰਨ 1961-62 ਵਿਚ ਮੁਕਤਸਰ ਜ਼ਿਲ੍ਹੇ ਦੇ ਛੋਟੇ ਜਿਹੇ ਪਿੰਡ ਖਿਓਵਾਲੀ ਦੇ ਪ੍ਰਾਇਮਰੀ ਸਕੂਲ ਵਿਚ ਅਧਿਆਪਕ ਤਾਇਨਾਤ ਹੋਇਆ। ਇਸ ਵੇਲੇ ਉਸ ਦੀਆਂ ਅਧਿਆਪਕ ਯੂਨੀਅਨ ਵਿਚ ਗਤੀਵਿਧੀਆਂ ਨੇ ਜ਼ੋਰ ਫੜਿਆ ਹੀ, ਪਰ ਨਾਲ ਹੀ ਉਸ ਦਾ ਸਕੂਲ ਦੇ ਮਾਹੌਲ ਅਤੇ ਆਪਣੇ ਵਿਦਿਆਰਥੀਆਂ ਦੀ ਜ਼ਿੰਦਗੀ ਦੀ ਸਮੁੱਚਤਾ 'ਤੇ ਡੂੰਘਾ ਅਸਰ ਪੈਣ ਲੱਗਾ। ਉਸ ਦੇ ਇਕ ਵਿਦਿਆਰਥੀ ਫੁਲੇਲ ਸਿੰਘ ਦੇ ਦੱਸਣ ਮੁਤਾਬਿਕ ਸਕੂਲ ਵਿਚ ਉਸ ਵੇਲੇ ਤੱਕ ਉੱਥੇ ਬਣੀ ਪਾਣੀ ਦੀ ਡਿੱਗੀ ਵਿਚੋਂ ਅਖੌਤੀ ਦਲਿਤ ਭਾਈਚਾਰਿਆਂ ਦੇ ਵਿਦਿਆਰਥੀਆਂ ਨੂੰ ਡੋਲ ਰਾਹੀਂ ਆਪ ਪਾਣੀ ਕੱਢਣ ਦੀ ਇਜਾਜ਼ਤ ਨਹੀਂ ਸੀ। ਉਨ੍ਹਾਂ ਨੂੰ ਪਾਣੀ ਡਿੱਗੀ ਤੋਂ ਦੂਰ ਬਿਠਾ ਕੇ ਪਿਆਇਆ ਜਾਂਦਾ ਸੀ। ਇਸ ਦੇ ਨਾਲ ਹੀ ਦਲਿਤ ਅਤੇ ਗ਼ੈਰ-ਦਲਿਤ ਵਿਦਿਆਰਥੀਆਂ ਲਈ ਦੋ ਵੱਖ-ਵੱਖ ਟੂਟੀਆਂ ਸਨ। ਉਸ ਨੇ ਦੱਸਿਆ ਕਿ ਮਾਸਟਰ ਠਾਣਾ ਸਿੰਘ ਨੇ ਇਕ ਟੂਟੀ ਬੰਦ ਹੀ ਕਰਵਾ ਦਿੱਤੀ ਤਾਂ ਕਿ ਸਾਰੇ ਬੱਚੇ ਇਕ ਹੀ ਟੂਟੀ ਤੋਂ ਪਾਣੀ ਪੀਣ। ਇਸ ਦੇ ਨਾਲ ਹੀ ਦਲਿਤ ਭਾਈਚਾਰੇ ਦੇ ਬੱਚਿਆਂ ਨੂੰ ਡਿੱਗੀ ਵਿਚੋਂ ਵੀ ਆਪ ਹੀ ਪਾਣੀ ਭਰਨ ਲਗਾ ਦਿੱਤਾ। ਆਪਣੀ ਪੂਰੀ ਜ਼ਿੰਦਗੀ ਉਹ ਜਾਤ-ਪਾਤ ਦੇ ਕੋਹੜ ਨੂੰ ਜੜ੍ਹੋਂ ਪੁੱਟਣ ਲਈ ਸੰਜੀਦਾ ਰਿਹਾ। ਹਿੰਦੋਸਤਾਨ ਦੇ ਇਨਕਲਾਬ ਦੇ ਰਾਹ ਵਿਚ ਜਾਤ-ਪਾਤ ਦੇ ਸਵਾਲ ਨੂੰ ਹਮੇਸ਼ਾ ਹੀ ਉਸ ਨੇ ਕੇਂਦਰੀ ਅਹਿਮੀਅਤ ਵਾਲਾ ਪ੍ਰਸ਼ਨ ਸਮਝਿਆ।1964 ਦੇ ਅਖੀਰ ਤੱਕ ਖਿਓਵਾਲੀ ਤੋਂ ਤਬਾਦਲਾ ਕਰਵਾ ਕੇ ਉਹ ਆਪਣੇ ਪਿੰਡ ਭਲਾਈਆਣੇ ਕੋਲ ਧੂੜਕੋਟ ਚਲਿਆ ਗਿਆ। ਸਾਹਿਤ ਅਤੇ ਭਾਸ਼ਾ ਨਾਲ ਲੱਗੀ ਚੇਟਕ ਕਰਕੇ ਹੀ ਉਸ ਨੇ ਇਨ੍ਹਾਂ ਸਾਲਾਂ ਦੌਰਾਨ ਪ੍ਰਾਈਵੇਟ ਵਿਦਿਆਰਥੀ ਦੇ ਤੌਰ 'ਤੇ ਬੀ.ਏ. ਪਾਸ ਕਰ ਕੇ ਸਕੂਲ ਵਿਚੋਂ ਛੁੱਟੀ ਲੈ ਕੇ ਪੰਜਾਬ ਯੂਨੀਵਰਸਿਟੀ ਦੇ ਈਵਨਿੰਗ ਕਾਲਜ ਵਿਚ ਅੰਗਰੇਜ਼ੀ ਦੀ ਐਮ.ਏ. ਵਿਚ ਦਾਖਲਾ ਲੈ ਲਿਆ। ਇੱਥੇ ਹੀ ਉਸ ਨਾਲ ਤਰਸੇਮ ਬਾਹੀਆ ਅਤੇ ਰਾਮਪੁਰਾ ਫੂਲ ਵਾਲੇ ਮੇਘ ਰਾਜ ਵੀ ਪੜ੍ਹਦੇ ਸਨ। ਇਸੇ ਵਕਤ ਹੀ ਉਸ ਦਾ ਵਿਚਾਰਧਾਰਕ ਵਿਕਾਸ ਮਨੁੱਖਵਾਦ ਦੇ ਸੰਕਲਪਾਤਮਕ ਢਾਂਚੇ ਤੋਂ ਪਾਰ ਜਾ ਕੇ ਮਨੁੱਖੀ ਸਮਾਜ, ਸੱਭਿਆਚਾਰ ਅਤੇ ਆਰਥਿਕ ਤੇ ਰਾਜਸੀ ਢਾਂਚੇ ਦੇ ਜਮਾਤੀ ਵਿਰੋਧਾਂ ਅਤੇ ਸੰਘਰਸ਼ਾਂ ਦੇ ਚੌਖਟੇ ਨੂੰ ਸਮਝਣ ਵੱਲ ਵਧਿਆ। ਇਸੇ ਵੇਲੇ ਹੀ ਮਜ਼ਦੂਰਾਂ ਅਤੇ ਕਿਸਾਨਾਂ ਦੀ ਆਜ਼ਾਦੀ ਦਾ ਹੋਕਾ ਦਿੰਦੀ ਇਨਕਲਾਬੀ ਲਹਿਰ ਪੱਛਮੀ ਬੰਗਾਲ ਦੇ ਨਕਸਲਬਾੜੀ ਨਾਂ ਦੇ ਛੋਟੇ ਜਿਹੇ ਪਿੰਡ ਵਿਚੋਂ ਉੱਠੀ



ਜਿਸ ਨੇ ਮੁਲਕ ਭਰ ਦੇ ਨੌਜਵਾਨਾਂ ਨੂੰ ਝੰਜੋੜ ਕੇ ਰੱਖ ਦਿੱਤਾ। ਆਪਣੀ ਰਾਜਸੀ ਚੇਤਨਾ ਨੂੰ ਚਮਕਾਉਣ ਦੇ ਰਾਹ ਪਿਆ ਠਾਣਾ ਸਿੰਘ ਵੀ ਇਸ ਤੋਂ ਅਭਿੱਜ ਨਾ ਰਹਿ ਸਕਿਆ। ਐਮ.ਏ. ਅੰਗਰੇਜ਼ੀ ਪਾਸ ਕਰਨ ਮਗਰੋਂ ਆਪਣੇ ਸਕੂਲ ਅਧਿਆਪਕ ਦੇ ਪੇਸ਼ੇਵਰ ਜੀਵਨ ਨੂੰ ਵਿਚੇ ਹੀ ਛੱਡ ਉਹ ਇਨਕਲਾਬ ਦੇ ਰਾਹਾਂ ਦਾ ਪਾਂਧੀ ਬਣ ਗਿਆ। ਉਸ ਰਾਹ 'ਤੇ ਚੱਲਣ ਵੇਲੇ ਤੋਂ ਹੀ ਉਹ ਇਨਕਲਾਬੀ ਭਾਵਨਾ ਅਤੇ ਜੋਸ਼ ਨਾਲ ਭਰਪੂਰ ਸੀ। ਉਸ ਨੇ ਆਪਣੀ ਲਹਿਰ, ਇਸ ਦੀ ਇਤਿਹਾਸਕਤਾ ਅਤੇ ਭਵਿੱਖ ਬਾਰੇ ਸੋਚਣ ਤੇ ਤਰਕ ਆਧਾਰਿਤ ਸਮਝ ਬਣਾਉਣ ਦੀ ਬੌਧਿਕ ਪ੍ਰਕਿਰਿਆ ਤੋਂ ਕਦੇ ਵੀ ਪਾਸਾ ਨਾ ਵੱਟਿਆ। ਲਹਿਰ ਦਾ ਪ੍ਰਤੀਬੱਧ ਹਿੱਸਾ ਰਹਿੰਦਿਆਂ ਵੀ ਇਸ ਵਿਚਲੇ ਪ੍ਰਚਲਿਤ, ਭਾਰੂ ਅਤੇ ਬਹੁਤ ਵਾਰੀ ਉਲਾਰ ਵਹਾਅ ਨੂੰ ਆਪਣੀ ਤਿੱਖੀ ਸੋਚ 'ਤੇ ਪਰਖਣ ਤੋਂ ਪਾਸਾ ਨਾ ਵੱਟਿਆ। ਆਪਣੇ ਸੰਸਾਰ ਪ੍ਰਸਿੱਧ ਨਾਵਲ 'ਆਗ ਕਾ ਦਰਿਆ' ਵਿਚ 1942-43 ਦੌਰਾਨ ਸੱਚੀ-ਸੁੱਚੀ ਲੋਕ ਸੇਵਾ ਦੀ ਭਾਵਨਾ ਵਿਚ ਨਿਕਲੇ ਨੌਜਵਾਨ ਕਮਿਊਨਿਸਟ ਮੁੰਡੇ ਕੁੜੀਆਂ ਬਾਰੇ ਹਲਕੇ ਤਨਜ਼ੀਆ ਲਹਿਜੇ ਵਿਚ ਕੁਰੱਤਲੈਨ ਹੈਦਰ ਕਹਿੰਦੀ ਹੈ ਕਿ ਉਹ ਸੁਹਿਰਦ ਭਾਵਨਾ ਵਾਲੇ ਨੌਜਵਾਨ ਤਾਂ ਸਨ, ਪਰ ਉਨ੍ਹਾਂ ਦੀ ਜ਼ਿੰਦਗੀ ਦਾ ਧੁਰਾ ਆਮ ਲੋਕਾਈ ਵਿਚ ਨਾ ਹੋ ਕੇ ਕੁਲੀਨ ਵਰਗ ਵਿਚ ਹੀ ਸੀ। ਇਹੀ ਕਾਰਨ ਹੈ ਕਿ ਉਹ ਸਮੇਂ ਦੇ ਫੇਰ ਨਾਲ ਰਾਜ ਕਰਦੇ ਸਿਸਟਮ ਦੇ ਉੱਚੇ ਗਲਿਆਰਿਆਂ ਦਾ ਹੀ ਹਿੱਸਾ ਬਣ ਗਏ। 1967-68 ਤੋਂ ਬਾਅਦ ਇਨਕਲਾਬੀ ਸਾਹਿਤ ਅਤੇ ਸਿਆਸਤ ਵਿਚ ਠਾਣਾ ਸਿੰਘ ਵਰਗੇ ਨੌਜਵਾਨ ਨਾ ਸਿਰਫ਼ ਉਮਰ ਭਰ ਕਮਿਊਨਿਸਟ ਇਨਕਲਾਬੀਆਂ ਦੀ ਜੋਖ਼ਮ ਭਰੀ ਜ਼ਿੰਦਗੀ ਜਿਉਂਦੇ ਰਹੇ ਸਗੋਂ ਲਹਿਰ ਦੀ ਉਸਾਰੀ ਲਈ ਬੌਧਿਕਤਾ ਦੇ ਪੱਧਰ 'ਤੇ ਨਿੱਗਰ ਯੋਗਦਾਨ ਪਾਉਂਦੇ ਰਹੇ। ਇਹ ਨੌਜਵਾਨ ਮੁੱਖ ਤੌਰ 'ਤੇ ਕਿਸਾਨੀ ਅਤੇ ਮੱਧਵਰਗ ਦੇ ਆਮ ਪਰਿਵਾਰਾਂ ਦੇ ਜੰਮਪਲ ਸਨ। ਇਸੇ ਤਰ੍ਹਾਂ ਦੇ ਮਾਹੌਲ ਸਦਕਾ ਲਹਿਰ ਦੇ ਮੁੱਢਲੇ ਪੜਾਅ ਵਿਚ ਹਿੰਸਾ 'ਤੇ ਬੇਲੋੜੀ ਟੇਕ ਅਤੇ 1970ਵਿਆਂ ਦੇ ਦਹਾਕੇ ਨੂੰ ਇਨਕਲਾਬ ਦੀ ਅੰਤਿਮ ਕਾਮਯਾਬੀ ਦਾ ਦਹਾਕਾ ਐਲਾਨਣ ਦੇ ਮਾਅਰਕੇਬਾਜ਼ ਨਾਅਰੇ ਦੀ ਅਸਲੀਅਤ ਪਛਾਣ ਕੇ ਠਾਣਾ ਸਿੰਘ ਦਾ ਜੁਟ ਪ੍ਰੋਫੈਸਰ ਹਰਭਜਨ ਸੋਹੀ ਅਤੇ ਉਸ ਦੇ ਸਾਥੀਆਂ ਨਾਲ ਹੋਇਆ। ਉਨ੍ਹਾਂ ਨੇ ਤਿੱਖੇ ਅੰਦਰੂਨੀ ਵਿਰੋਧਾਂ ਨੂੰ ਝੱਲਦਿਆਂ ਜਮਹੂਰੀ ਅਤੇ ਇਨਕਲਾਬੀ ਲੋਕ ਲਹਿਰਾਂ ਦੀ ਉਸਾਰੀ ਨੂੰ ਕੇਂਦਰੀ ਬਿੰਦੂ ਦੇ ਤੌਰ 'ਤੇ ਉਭਾਰਿਆ। ਆਪਣੇ ਲਗਪਗ ਪਚਵੰਜਾ ਸਾਲ ਦੇ ਸਿਆਸੀ ਜੀਵਨ ਦੌਰਾਨ ਠਾਣਾ ਸਿੰਘ ਨੇ ਕਮਿਊਨਿਸਟ ਇਨਕਲਾਬੀ ਸਿਆਸਤ ਦੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮਸਲਿਆਂ 'ਤੇ ਅਨੇਕਾਂ ਲਿਖਤਾਂ ਲਿਖੀਆਂ। ਇਹ ਮਹੱਤਵਪੂਰਨ ਤੱਥ ਹੈ ਕਿ ਉਸ ਦੇ ਸਿਆਸੀ ਕੰਮ ਦੀਆਂ ਲੋੜਾਂ ਅਤੇ ਰਵਾਇਤਾਂ ਅਨੁਸਾਰ ਉਸ ਦਾ ਨਾਂ ਅਤੇ ਨਿੱਜਤਾ ਕਦੇ ਵੀ ਅੱਗੇ ਨਹੀਂ ਆਏ। ਇਸ ਸਾਰੇ ਸਮੇਂ ਦੌਰਾਨ ਉਸ ਦਾ ਅੰਗਰੇਜ਼ੀ ਅਤੇ ਪੰਜਾਬੀ ਜ਼ੁਬਾਨ ਨਾਲ ਜਿਉਂਦਾ ਜਾਗਦਾ ਰਿਸ਼ਤਾ ਕਾਇਮ ਰਿਹਾ। ਆਪਣੇ ਨਿੱਜੀ ਪੇਸ਼ੇਵਰ ਜੀਵਨ ਵਾਸਤੇ ਉਸ ਨੇ ਅੰਗਰੇਜ਼ੀ ਸਾਹਿਤ ਦੀ ਉੱਚ ਵਿੱਦਿਆ ਨੂੰ ਅੱਗੇ ਨਹੀਂ ਵਧਾਇਆ, ਪਰ ਅਨੁਵਾਦ ਦੇ ਖੇਤਰ ਵਿਚ ਉਸ ਦਾ ਵਿਸ਼ੇਸ਼ ਯੋਗਦਾਨ ਰਿਹਾ। ਉਸ ਵਾਸਤੇ ਅਨੁਵਾਦ ਕਿਸੇ ਵੀ ਲਿਖਤ ਦੇ ਵਿਚਾਰਧਾਰਕ ਤੱਤ ਦਾ ਦੂਜੀ ਜ਼ੁਬਾਨ ਵਿਚ ਉਲੱਥਾ ਤਾਂ ਹੁੰਦਾ ਹੀ ਸੀ, ਪਰ ਇਸ ਵਾਸਤੇ ਪੰਜਾਬੀ ਵਿਚ ਪੰਜਾਬ ਦੀ ਧਰਾਤਲ ਨਾਲ ਜੁੜਵੇਂ ਲਫ਼ਜ਼ਾਂ ਦੀ ਚੋਣ ਵਿਚ ਉਸ ਦੀ ਖ਼ਾਸ ਮੁਹਾਰਤ ਸੀ।

ਪੰਜਾਬ ਦੇ ਲੋਕਾਂ ਖ਼ਾਸ ਤੌਰ 'ਤੇ ਕਿਸਾਨਾਂ ਵਿਚ ਵਿਗਸੀ ਜਮਹੂਰੀ ਲਹਿਰ ਦੀ ਨੀਂਹ ਵਿਚੋਂ 1960ਵਿਆਂ ਵਿਚ ਵਿਕਸਿਤ ਹੋਈ ਵਿਦਿਆਰਥੀ/ ਨੌਜਵਾਨਾਂ ਦੀ ਲਹਿਰ ਅਤੇ ਹੋਰ ਜਮਹੂਰੀ ਲਹਿਰਾਂ ਦੀ ਸਿਫ਼ਤੀ ਦੇਣ ਨੂੰ ਖਾਰਜ ਨਹੀਂ ਕੀਤਾ ਜਾ ਸਕਦਾ। ਇਸ ਲਹਿਰ ਦੀ ਧਰਾਤਲ ਤਿਆਰ ਕਰਨ ਅਤੇ ਇਮਾਰਤ ਉਸਾਰਨ ਵਿਚ ਠਾਣਾ ਸਿੰਘ ਵਰਗੇ ਅਨੇਕ ਇਨਕਲਾਬੀਆਂ ਦਾ ਯੋਗਦਾਨ ਹੈ। ਉਹ ਇਸ ਸੰਸਾਰ ਨੂੰ ਅਲਵਿਦਾ ਕਹਿ ਗਿਆ ਹੈ, ਪਰ ਉਸ ਦੀ ਘਾਲਣਾ ਸਦਾ ਦਿਲ ਵਿਚ ਵਸਦੀ ਰਹੇਗੀ।

# ਬਿਜਲੀ ਦਾ ਮਸਲਾ ਅਤੇ ਸਰਕਾਰਾਂ ਦੀ ਪਹੁੰਚ

***ਪੰਜਾਬ ਵਿਚ ਬਿਜਲੀ ਦਾ ਮਸਲਾ ਬੜੇ ਚਿਰਾਂ ਤੋਂ ਚੱਲ ਰਿਹਾ ਹੈ। ਹਾਲ ਇਹ ਹੈ ਕਿ ਸਿਆਸਤਦਾਨਾਂ ਨੇ ਦੁਨੀਆ ਭਰ ਵਿਚ ਅਸਲ ਮਾਹਿਰਾਂ ਦੀ ਗੱਲ ਕਦੇ ਵੀ ਨਹੀਂ ਮੰਨੀ। ਸੰਸਾਰੀਕਰਨ, ਉਦਾਰੀਕਰਨ ਅਤੇ ਬਾਜ਼ਾਰੀਕਰਨ ਦਾ ਦੌਰ ਸ਼ੁਰੂ ਹੋਣ ਤੋਂ ਹੁਣ ਤੱਕ ਆਰਥਿਕ 'ਹਕੀਮਾਂ' ਦੀ ਹੀ ਮੰਨੀ ਗਈ। ਇੰਜ. ਦਰਸ਼ਨ ਸਿੰਘ ਭੁੱਲਰ ਨੇ ਆਪਣੇ ਇਸ ਲੇਖ ਵਿਚ ਬਿਜਲੀ ਬਾਰੇ ਕੁਝ ਨੁਕਤੇ ਸਾਂਝੇ ਕੀਤੇ ਹਨ।***



**ਇੰਜ. ਦਰਸ਼ਨ ਸਿੰਘ ਭੁੱਲਰ**
**ਫੋਨ: +91-94714-28643**

1940 ਅਤੇ 50ਵਿਆਂ ਦਾ ਦਹਾਕਾ ਚੱਕਬੰਦੀ (ਏਕੀਕਰਨ ਕਰਨ ਦੀ ਵਿਧੀ; ਦੋ ਜਾਂ ਦੋ ਤੋਂ ਵੱਧ ਕੰਪਨੀਆਂ ਨੂੰ ਜੋੜ ਕੇ ਨਵੀਂ ਕੰਪਨੀ ਬਣਾਉਣ ਦੀ ਪ੍ਰਕਿਰਿਆ) ਦੇ ਦੌਰ ਦਾ ਸੀ। ਸੰਸਾਰ ਦੇ ਬਹੁਤ ਸਾਰੇ ਮੁਲਕਾਂ, ਖਾਸ ਕਰ ਕੇ ਭਾਰਤ ਵਿਚ ਸਰਕਾਰ ਨੇ ਆਜ਼ਾਦੀ ਦੀ ਲੋਅ ਅਤੇ ਵਿਸ਼ਵ ਵਿਚਲੇ ਚੱਕਬੰਦੀ ਦੇ ਨਵੇਂ ਰੁਝਾਨ ਤਹਿਤ ਤਰੱਕੀ ਦੀ ਰਫਤਾਰ ਤੇਜ਼ ਕਰਨ ਅਤੇ ਅਧੁਨਿਕ ਸੁੱਖ ਸਹੂਲਤਾਂ ਨੂੰ ਹਰ ਨਾਗਰਿਕ ਤੱਕ ਪਹੁੰਚਦਾ ਕਰਨ ਦੀ ਨੇਕ ਮਨਸ਼ਾ ਹਿੱਤ ਮਿਲੀ-ਜੁਲੀ ਆਰਥਿਕ ਨੀਤੀ ਅਪਣਾਈ ਅਤੇ ਵੱਖ ਵੱਖ ਨਿਗਮਾਂ, ਨਿੱਜੀ ਅਦਾਰਿਆਂ ਦੀ ਚੱਕਬੰਦੀ ਅਤੇ ਕੌਮੀਕਰਨ ਦਾ ਰਾਹ ਅਖ਼ਤਿਆਰ ਕੀਤਾ। ਇਸੇ ਪਹੁੰਚ ਤਹਿਤ ਬਿਜਲੀ ਕਾਨੂੰਨ-1948 ਲਾਗੂ ਕਰਨ ਵੇਲੇ ਇਸ ਦੇ ਮੁੱਖ ਬੰਦ ਵਿਚ ਇਸ ਦੇ ਉਦੇਸ਼ ਅਤੇ ਵਾਜਬੀਅਤ ਨੂੰ ਇਉਂ ਕਲਮਬੰਦ ਕੀਤਾ ਗਿਆ ਸੀ: "ਜੰਗ (ਦੂਸਰੀ ਸੰਸਾਰ ਜੰਗ) ਤੋਂ ਬਾਅਦ ਪੁਨਰ ਨਿਰਮਾਣ ਅਤੇ ਉੱਨਤੀ ਲਈ ਖੇਤਰੀ ਪੱਧਰ 'ਤੇ ਬਿਜਲੀ ਦੇ ਕ੍ਰਮਬੱਧ ਵਿਕਾਸ ਦੀ ਤੁਰੰਤ ਸਖ਼ਤ ਜ਼ਰੂਰਤ ਹੈ। ਕ੍ਰਮਬੱਧ ਪ੍ਰਬੰਧ ਦੀ ਅਣਹੋਂਦ ਜਿਸ ਵਿਚ ਬਿਜਲੀ ਉਤਪਾਦਨ ਸਭ ਤੋਂ ਕੁਸ਼ਲ ਇਕਾਈਆਂ ਵਿਚ ਕੇਂਦਰਤ ਹੁੰਦੀ ਹੈ ਅਤੇ ਥੋਕ ਬਿਜਲੀ ਸਪਲਾਈ ਕਿਸੇ ਇੱਕ ਦੇ ਅਖ਼ਤਿਆਰ ਅਧੀਨ ਹੁੰਦੀ ਹੈ, ਬਿਜਲੀ ਖੇਤਰ ਦੀ ਸਿਹਤਮੰਦ ਅਤੇ ਕਫ਼ਾਇਤੀ ਪ੍ਰਗਤੀ ਵਿਚ ਅੜਿੱਕਾ ਹੈ।... ਅਜਿਹੇ ਪ੍ਰਬੰਧ ਦੀ ਸਥਾਪਤੀ ਨੂੰ ਸੁਖਾਲਾ ਕਰਨ ਲਈ ਪਹਿਲੀ ਜ਼ਰੂਰੀ ਸ਼ਰਤ ਹੈ ਕਿ ਲੋੜੀਦੀ ਵਿਧਾਨਕ ਸ਼ਕਤੀ ਅਖ਼ਤਿਆਰ ਕਰ ਕੇ ਨਾ ਕੇਵਲ ਨਵੇਂ ਲਾਇਸੰਸਦਾਰਾਂ ਬਲਕਿ ਮੌਜੂਦਾ ਲਾਇਸੰਸਦਾਰਾਂ ਦੇ ਸੰਚਾਲਨ ਨੂੰ ਵੀ ਕੰਟਰੋਲ ਕੀਤਾ ਜਾਵੇ ਤਾਂ ਕਿ ਬਿਜਲੀ ਖੇਤਰ ਦੀ ਪੂਰੀ ਤਰ੍ਹਾਂ ਕ੍ਰਮਬੱਧ ਤਰੱਕੀ ਹੋ ਸਕੇ।" ਸੌਖੀ ਭਾਸ਼ਾ 'ਚ ਬਿਜਲੀ ਖੇਤਰ ਦੇ ਉਤਪਾਦਨ ਤੇ ਵੰਡ ਸਿਸਟਮ ਦੇ ਖਿੰਡੇ ਭਾਗਾਂ ਨੂੰ ਖੇਤਰ ਦੀ ਕਫ਼ਾਇਤੀ ਤਰੱਕੀ 'ਚ ਰੁਕਾਵਟ ਮੰਨਦੇ ਹੋਏ ਇਨ੍ਹਾਂ ਦੇ ਏਕੀਕਰਨ ਤੇ ਆਪਸੀ ਸਹਿਯੋਗ ਹਿੱਤ ਬਿਜਲੀ ਕਾਨੂੰਨ-1948 ਪਾਸ ਕੀਤਾ ਗਿਆ। ਇਸ ਤਹਿਤ ਰਾਜਾਂ ਦੇ ਬਿਜਲੀ ਬੋਰਡ ਅਤੇ ਬਿਜਲੀ ਪ੍ਰਣਾਲੀ ਦੀ ਲੰਬਕਾਰੀ ਏਕੀਕ੍ਰਿਤ ਬਣਤਰ ਹੋਂਦ ਵਿਚ ਆਈ।

ਦਸੰਬਰ 1947 ਤੱਕ ਭਾਰਤ ਵਿਚ ਸਿਰਫ 1362 ਮੈਗਾਵਾਟ ਬਿਜਲੀ ਪੈਦਾ ਕਰਨ ਦੀ ਸਮਰੱਥਾ ਸੀ ਅਤੇ 22 ਸਾਲਾਂ ਬਾਅਦ (31-03-1969 ਤੱਕ) ਇਸ ਵਿਚ 851% (12957 ਮੈਗਾਵਾਟ) ਵਾਧਾ ਹੋਇਆ। ਇਸੇ ਸਮੇਂ ਵਿਚ ਪ੍ਰਤੀ ਜੀਅ ਬਿਜਲੀ ਦੀ ਖਪਤ ਵਿਚ 501% ਦਾ ਵਧਾ ਦਰਜ ਹੋਇਆ। ਇਸ ਤੋਂ ਅਗਲੇ ਦੋ ਦਹਾਕੇ ਬਿਜਲੀ ਤਰੱਕੀ ਦੀ ਰਫ਼ਤਾਰ ਮੱਠੀ ਹੋ ਗਈ। 1990 ਤੱਕ ਬਿਜਲੀ ਦੀ ਉਤਪਾਦਨ ਸਮਰੱਥਾ ਸਿਰਫ 63636 ਮੈਗਾਵਾਟ ਹੀ ਹੋਈ। ਪ੍ਰਤੀ ਜੀਅ ਖਪਤ ਆਜ਼ਾਦੀ ਦੇ ਪਹਿਲੇ ਦੋ ਦਹਾਕਿਆਂ ਦੇ ਵਾਧੇ 501% ਨਾਲੋਂ 265% ਘੱਟ ਸੀ। ਇਸ ਮੱਠੀ ਰਫ਼ਤਾਰ ਦਾ ਮੁੱਖ ਕਾਰਨ ਰਾਜਨੀਤੀ ਵਿਚ ਕਿਸੇ ਦੂਰ ਦ੍ਰਿਸ਼ਟੀ ਦੀ ਅਣਹੋਂਦ, ਬਿਜਲੀ ਖੇਤਰ ਵਿਚ ਸਿਆਸੀ ਦਖ਼ਲ ਅੰਦਾਜ਼ੀ, ਬਿਜਲੀ ਦਰਾਂ ਤੈਅ ਕਰਨ ਵੇਲੇ ਸਰਕਾਰਾਂ ਦੀ ਵੋਟ-ਮੁਖੀ ਨੀਤੀ ਸੀ ਜਿਸ ਨੇ ਬਿਜਲੀ ਬੋਰਡਾਂ ਨੂੰ ਕਾਨੂੰਨ ਮੁਤਾਬਕ 3% ਮੁਨਾਫਾ ਕਮਾਉਣ ਨਹੀਂ ਦਿੱਤਾ ਸੀ। ਇਸ ਕਰ ਕੇ ਕਈ ਬਿਜਲੀ ਬੋਰਡ ਆਰਥਿਕ ਤੌਰ 'ਤੇ ਕੰਗਾਲ ਹੁੰਦੇ ਗਏ ਅਤੇ ਬਿਜਲੀ ਵਿਕਾਸ ਲਈ ਪੂੰਜੀ ਨਿਵੇਸ਼ ਮੁਸ਼ਕਿਲ ਹੋ ਗਿਆ। ਰਹਿੰਦੀ ਕਸਰ ਬਿਜਲੀ ਵਿਭਾਗ ਵਿਚ ਫੈਲੇ ਭ੍ਰਿਸ਼ਟਾਚਾਰ ਨੇ ਕੱਢ ਦਿੱਤੀ। ਬਿਜਲੀ ਦੀ ਸਪਲਾਈ ਦੀ ਭਰੋਸੇਯੋਗਤਾ ਲੋਕਾਂ ਦੇ ਮਨਾ ਵਿਚੋਂ ਖ਼ਤਮ ਹੋ ਗਈ। ਇਸ ਤਰ੍ਹਾਂ ਬਿਜਲੀ ਖੇਤਰ ਦੀ ਗੱਡੀ ਲੀਹੋਂ ਲੱਥਣ ਕਰ ਕੇ ਬਿਜਲੀ ਦੀ ਥੁੜ੍ਹ ਹਰ ਖੇਤਰ- ਕੀ ਘਰੇਲੂ ਤੇ ਕੀ ਸਨਅਤੀ, ਵਿਚ ਰੜਕਣ ਲੱਗੀ।

ਇਸ ਤਰ੍ਹਾਂ ਫੈਲੇ ਕੁਪ੍ਰਬੰਧ ਨੇ ਇੱਕ ਪਾਸੇ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਤੋਂ ਲੋਕਾਂ ਦਾ ਮੋਹ ਭੰਗ ਕੀਤਾ; ਦੂਜੇ ਪਾਸੇ ਸੰਸਾਰ ਪੱਧਰ 'ਤੇ ਵੱਡੇ ਸਨਅਤੀ ਘਰਾਣਿਆਂ ਦੀਆਂ ਦਿਓ ਕੱਦ ਵਪਾਰੀ ਕੰਪਨੀਆਂ ਨੇ ਆਪਣੇ ਕਾਰੋਬਾਰ ਫੈਲਾਉਣ ਲਈ ਕੂੜ ਪ੍ਰਚਾਰ ਰਾਹੀਂ ਲੋਕਾਂ ਨੂੰ ਵੱਖ ਵੱਖ ਸੇਵਾਵਾਂ ਵਿਚ ਦਰਪੇਸ਼ ਮੁਸ਼ਕਿਲਾਂ ਦਾ ਭਾਂਡਾ ਸੇਵਾਵਾਂ ਦੇ ਸਰਕਾਰੀ ਖੇਤਰ ਵਿਚ ਹੋਣ ਸਿਰ ਭੰਨਣਾ ਸ਼ੁਰੂ ਕਰ ਦਿੱਤਾ। ਦਰਅਸਲ ਇਹ ਸਭ ਸੰਸਾਰ ਬੈਂਕ ਦੀ ਰਹਿਨੁਮਾਈ ਹੇਠ ਦੁਨੀਆ ਵਿਚ ਕਾਰਪੋਰੇਟ ਪੱਖੀ ਅਤੇ ਮਾਰਕੀਟ ਮੁਖੀ ਬਿਜਲੀ 'ਸੁਧਾਰਾਂ' ਦੀ ਮੁਹਿੰਮ ਨੂੰ ਅਮਲੀ ਜਾਮਾ ਪਹਿਨਾਉਣ ਦਾ ਹੀ ਹਿੱਸਾ ਸੀ।

ਫਰਾਂਸ ਦੀ ਸਰਕਾਰੀ ਬਿਜਲੀ ਕੰਪਨੀ (ਈ.ਡੀ.ਐਫ.) ਦੇ ਸੰਸਾਰ ਬੈਂਕ ਨਾਲ ਹੋਏ ਵਿਚਾਰ-ਵਟਾਂਦਰੇ ਅਨੁਸਾਰ "ਨਿੱਜੀਕਰਨ ਅਤੇ ਮੁਕਬਲੇ ਦੀ ਇਹ ਸਾਰੀ ਵਾਰਤਾ ਵਿਕਾਸਸ਼ੀਲ ਦੇਸ਼ਾਂ ਦੇ ਬਿਜਲੀ ਖੇਤਰ ਨੂੰ ਵਿਦੇਸ਼ੀ ਸੰਚਾਲਕਾਂ ਅਤੇ ਪੂੰਜੀ ਲਈ ਖੋਲ੍ਹਣ ਵਾਸਤੇ ਹੈ।"

ਇਸੇ ਨੀਤੀ ਤਹਿਤ ਸੁਧਾਰਾਂ ਹਿੱਤ ਬਿਜਲੀ ਕਾਨੂੰਨ-2003 ਪਾਸ ਕੀਤਾ ਗਿਆ। ਇਸ ਕਾਨੂੰਨ ਤਹਿਤ ਬਿਨਾ ਵਜ੍ਹਾ ਬਿਜਲੀ ਬੋਰਡਾਂ ਦੇ ਢਾਂਚੇ ਨੂੰ ਤੋੜਨ ਦਾ ਰਿਵਾਜ ਸ਼ੁਰੂ ਹੋਇਆ। ਅਜਿਹੀ ਭੰਨ-ਤੋੜ ਦਾ ਮਾਹਿਰ ਇੰਜਨੀਅਰਾਂ ਨੇ ਬਾ-ਦਲੀਲ ਵਿਰੋਧ ਕਰਦੇ ਹੋਏ ਸਰਕਾਰਾਂ ਨੂੰ ਰਾਇ ਦਿੱਤੀ ਸੀ ਕਿ ਬਿਜਲੀ ਬੋਰਡਾਂ ਨੂੰ ਤੋੜਨ ਅਤੇ ਲੰਬਕਾਰੀ ਏਕੀਕ੍ਰਿਤ ਬਣਤਰ ਨੂੰ ਬਿਨਾ ਢਹਿ-ਢੇਰੀ ਕੀਤੇ ਬਿਜਲੀ ਕਾਨੂੰਨ-2003 ਦੀ ਪਾਲਣਾ ਕਰਦੇ ਹੋਏ ਵੀ ਬਿਜਲੀ ਖੇਤਰ ਵਿਚ ਸੁਧਾਰ ਕੀਤਾ ਜਾ ਸਕਦਾ ਹੈ ਪਰ ਸਰਕਾਰਾਂ ਨੇ ਨਿੱਜੀਕਰਨ ਦੀ ਨੀਤੀ ਅਤੇ ਅਫਸਰਸ਼ਾਹੀ ਨੇ ਇਸ ਖੇਤਰ ਵਿਚ ਆਪਣੀ ਸਰਦਾਰੀ ਕਾਇਮ ਕਰਨ ਦੇ ਲਾਲਚ ਹਿੱਤ ਬਿਜਲੀ ਬੋਰਡਾਂ ਦੇ ਬੇਕਿਰਕ ਟੋਟੇ ਕੀਤੇ।

ਵੇਲੇ ਦੀ ਪੰਜਾਬ ਸਰਕਾਰ ਨੇ ਵੀ ਰਿਵਾਜ਼ ਮੁਤਾਬਕ ਇੰਜਨੀਅਰਾਂ ਦੀ ਸਲਾਹ ਦੇ ਉਲਟ ਪੰਜਾਬ ਰਾਜ ਬਿਜਲੀ ਬੋਰਡ ਦੇ ਟੋਟੇ ਕਰਨ ਦਾ ਮਨ ਬਣਾ ਲਿਆ। ਪੰਜਾਬ ਰਾਜ ਬਿਜਲੀ ਬੋਰਡ ਦੇ ਇੰਜਨੀਅਰਾਂ ਦੀ ਐਸੋਸੀਏਸ਼ਨ ਨੇ ਫਿਰ ਵੀ ਅਪਣੇ ਬਾ-ਦਲੀਲ ਯਤਨਾਂ ਸਦਕਾ ਪੰਜਾਬ ਸਰਕਾਰ ਨੂੰ ਬਿਜਲੀ ਬੋਰਡ ਦੇ ਦੋ ਟੋਟੇ ਕਰਨ ਲਈ ਸਹਿਮਤ ਕਰ ਲਿਆ। ਇਸ ਤੋਂ ਬਾਅਦ 16-10-2010 ਨੂੰ ਦੋ ਕਾਰਪੋਰੇਸ਼ਨਾਂ ਪੀ.ਐੱਸ.ਪੀ.ਸੀ.ਐੱਲ. (ਜਿਸ ਨੂੰ ਬਿਜਲੀ ਉਤਪਾਦਨ ਤੇ ਵੰਡ ਦਾ ਕੰਮ ਦਿੱਤਾ ਗਿਆ) ਅਤੇ ਪੀ.ਐੱਸ.ਟੀ.ਸੀ.ਐੱਲ. (ਜਿਸ ਨੂੰ ਟ੍ਰਾਂਸਮਿਸ਼ਨ ਲਾਈਨਾਂ ਤੇ ਵੱਡੇ ਸਬ ਸਟੇਸ਼ਨਾਂ ਦਾ ਕੰਮ ਦਿੱਤਾ ਗਿਆ) ਹੋਂਦ ਵਿਚ ਆਈਆਂ। ਹੋਰਾਂ ਸੂਬਿਆਂ ਵਿਚ ਤਾਂ ਬਿਜਲੀ ਬੋਰਡਾਂ ਨੂੰ ਪੰਜ ਤੋਂ ਵੀ ਵੱਧ ਭਾਗਾਂ ਵਿਚ ਵੰਡਿਆ ਗਿਆ ਅਤੇ ਇੰਜਨੀਅਰਾਂ ਦੀ ਥਾਂ ਆਈ.ਏ.ਐੱਸ./ਆਈ.ਪੀ.ਐੱਸ. ਅਫਸਰ ਇਨ੍ਹਾਂ ਦੇ ਪ੍ਰਬੰਧਕ ਬਣ ਬੈਠੇ।

ਇੱਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਦੋ ਰਾਜਾਂ- ਕੇਰਲ ਅਤੇ ਹਿਮਾਚਲ ਪ੍ਰਦੇਸ਼, ਨੇ ਆਪਣੇ ਬਿਜਲੀ ਬੋਰਡ ਜਿਉਂ ਦੀ ਤਿਉਂ ਹੀ ਰੱਖੇ ਜੋ ਅੱਜ ਤੱਕ ਕਾਇਮ ਹਨ ਅਤੇ ਬਾਖੂਬੀ ਕੰਮ ਕਰ ਰਹੇ ਹਨ। ਇਸ ਤੋਂ ਇਲਾਵਾ ਕੋਲਕਾਤਾ ਅਤੇ ਮੁੰਬਈ ਸ਼ਹਿਰਾਂ ਵਿਚ ਆਜ਼ਾਦੀ ਤੋਂ ਪਹਿਲਾਂ ਤੋਂ ਲੈ ਕੇ ਹੁਣ ਤੱਕ ਬਿਜਲੀ ਸਪਲਾਈ ਵੀ ਉਨ੍ਹਾਂ ਕੰਪਨੀਆਂ ਵੱਲੋਂ ਦਿੱਤੀ ਜਾ ਰਹੀ ਹੈ ਜਿਨ੍ਹਾਂ ਦੀ ਬਣਤਰ ਪਹਿਲਾਂ ਰਹੇ ਬਿਜਲੀ ਬੋਰਡਾਂ ਵਰਗੀ ਹੀ ਹੈ। ਇਹ ਸਭ ਸੰਕੇਤ ਕਰਦਾ ਹੈ ਕਿ ਬਿਜਲੀ ਕਾਨੂੰਨ-2003 ਤਹਿਤ ਬਿਜਲੀ ਬੋਰਡਾਂ ਦੇ ਟੋਟੇ ਕਰਨਾ ਜ਼ਰੂਰੀ ਨਹੀਂ ਸੀ।

ਪੀ.ਐੱਸ.ਪੀ.ਸੀ.ਐੱਲ. ਤੇ ਪੀ.ਐੱਸ.ਟੀ.ਸੀ.ਐੱਲ. ਦੇ ਕੰਮ ਪਤੰਗ ਤੇ ਡੋਰ ਵਾਂਗ ਇੱਕ ਦੂਸਰੇ ਨਾਲ ਜੁੜੇ ਹੋਏ ਹਨ। ਅਜਿਹੇ ਹਾਲਾਤ ਕਰ ਕੇ ਸੂਬੇ 'ਚ ਵੱਡੇ ਉਦਯੋਗਾਂ ਦੇ ਲੱਗਣ ਵਿਚ ਬੇਲੋੜੀ ਦੇਰੀ ਹੋ ਰਹੀ ਹੈ ਜਿਸ ਕਰ ਕੇ ਸੂਬੇ ਦੀ ਆਰਥਿਕਤਾ ਅਤੇ ਰੁਜ਼ਗਾਰ 'ਤੇ ਬੁਰਾ ਅਸਰ ਪੈ ਰਿਹਾ ਹੈ। ਉਦਾਹਰਨ ਦੇ ਤੌਰ 'ਤੇ ਇਸ ਵਕਤ ਤਕਰੀਬਨ 200 ਐੱਮ.ਵੀ.ਏ. ਦੇ ਉਦਯੋਗਕ ਕੁਨੈਕਸ਼ਨ ਸਬ ਸਟੇਸ਼ਨਾਂ ਦੇ ਓਵਰਲੋਡ, ਨਵੀਆਂ ਟ੍ਰਾਂਸਮਿਸ਼ਨ ਲਾਈਨਾਂ ਅਤੇ ਸਬ ਸਟੇਸ਼ਨਾਂ ਦੀ ਉਸਾਰੀ ਨਾ ਹੋਣ ਕਰ ਕੇ ਲਮਕ ਰਹੇ ਹਨ। ਇਸ ਤੋਂ ਇਲਾਵਾ 150 ਤੋਂ ਵੱਧ ਪਾਵਰ ਟ੍ਰਾਂਸਫਰਮਰਾਂ ਉੱਪਰ 70 ਤੋਂ 100% ਲੋਡ ਚੱਲ ਰਿਹਾ ਹੈ ਜਿਨ੍ਹਾਂ ਨੂੰ ਨੇੜ ਭਵਿੱਖ ਵਿਚ ਡੀ-ਲੋਡ ਕਰਨਾ ਪੈਣਾ ਹੈ। ਇਹ ਸਭ ਕਰਨਾ ਪੀ.ਐੱਸ.ਟੀ.ਸੀ.ਐੱਲ. ਦੇ ਅਧਿਕਾਰ ਖੇਤਰ ਵਿਚ ਹੈ ਜਿਸ ਦੀ ਕਿ ਲੋਕਾਂ ਪ੍ਰਤੀ ਕੋਈ ਸਿੱਧੀ ਜੁਆਬਦੇਹੀ ਨਹੀਂ ਹੈ।

***ਮਾਹਿਰ ਇੰਜਨੀਅਰਾਂ ਨੇ ਜੋ ਖ਼ਦਸ਼ੇ ਜ਼ਾਹਿਰ ਕੀਤੇ ਸਨ, ਸਾਹਮਣੇ ਆ ਰਹੇ ਹਨ। ਇਹ ਬਿਲਕੁਲ ਬੇਤੁਕੀ ਗੱਲ ਹੈ ਕਿ ਬਿਜਲੀ ਸੇਵਾਵਾਂ ਲੰਬਕਾਰੀ ਪੜਾਵਾਂ ਤੇ ਵੱਖਰੇ ਵੱਖਰੇ ਹੋ ਕੇ ਲਾਗਤ ਕੀਮਤ ਘਟਾ ਸਕਦੀਆਂ ਹਨ। ਅੱਜ ਦੇ ਬਿਜਲੀ ਖੇਤਰ ਦੇ ਦ੍ਰਿਸ਼ ਵਿਚ ਲਾਗਤ ਘੱਟ ਸਿਰਫ ਉੱਥੇ ਹੀ ਸੰਭਵ ਹੈ ਜਿੱਥੇ ਬਿਜਲੀ ਟ੍ਰਾਂਸਮਿਸ਼ਨ ਅਤੇ ਵੰਡ ਇੱਕ ਇਕਾਈ ਵਿਚ ਹੋਣ। ਸਭ ਤੋਂ ਵੱਧ ਕੁਸ਼ਲ ਪ੍ਰਣਾਲੀ ਹੀ ਸਸਤਾ ਉਤਪਾਦ ਜਾਂ ਸੇਵਾਵਾਂ ਮੁਹੱਈਆ ਕਰਵਾ ਸਕਦੀ ਹੈ। 1980ਵਿਆਂ ਤੋਂ ਬਾਅਦ ਚਾਰ ਦਹਾਕਿਆਂ ਦੇ ਅਧਿਐਨਾਂ ਨੇ ਇਹ ਸਿੱਟਾ ਕੱਢਿਆ ਹੈ ਕਿ ਲੰਬਕਾਰੀ ਏਕੀਕ੍ਰਿਤ ਬਣਤਰ (ਸਮਝਣ ਲਈ ਕਹਿ ਸਕਦੇ ਹਾਂ ਪਹਿਲਾਂ ਵਰਗਾ ਢਾਂਚਾ) ਨੇ ਜੋ ਕੁਸ਼ਲਤਾ ਪੈਦਾ ਕੀਤੀ ਸੀ, ਉਹ ਇਸ ਵਿਵਸਥਾ ਨੂੰ ਤੋੜਨ ਤੋਂ ਬਾਅਦ ਲੁਪਤ ਹੋ ਗਈ।***

ਬਿਜਲੀ ਬੋਰਡਾਂ ਦੇ ਟੋਟੇ ਕਰਨ ਨਾਲ ਨਵੀਆਂ ਬਣੀਆਂ ਬਿਜਲੀ ਇਕਾਈਆਂ ਖਾਸ ਕਰ ਕੇ ਟ੍ਰਾਂਸਮਿਸ਼ਨ ਸਿਸਟਮ ਅਤੇ ਵੰਡ ਪ੍ਰਣਾਲੀਆਂ ਦੀ ਕਾਰਜ ਸ਼ੈਲੀ, ਕੁਸ਼ਲਤਾ, ਮਨੁੱਖੀ ਵਸੀਲਿਆਂ ਦੀ ਘੱਟ ਵਰਤੋਂ, ਲੋੜੋਂ ਵੱਧ ਖਰਚੇ, ਰੋਜ਼ਮੱਰਾ ਕੰਮਾਂ ਵਿਚ ਦਿੱਕਤਾਂ ਤੇ ਦੇਰੀ ਆਦਿ ਜਿਹੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਨ੍ਹਾਂ ਕਾਰਪੋਰੇਸ਼ਨਾਂ ਦੇ ਹੋਂਦ ਵਿਚ ਆਉਣ ਕਰ ਕੇ ਅਸਾਮੀਆਂ ਵੀ ਦੂਹਰੀਆਂ ਦੂਹਰੀਆਂ ਹੋ ਗਈਆਂ ਹਨ ਜਿਵੇਂ ਦੋ ਸੀਐੱਮਡੀ, ਦੋ ਪ੍ਰਬੰਧਕੀ ਨਿਰਦੇਸ਼ਕ, ਦੋ ਵਿੱਤ ਨਿਰਦੇਸ਼ਕ, ਦੋ ਐੱਚਆਰ ਨਿਰਦੇਸ਼ਕ, ਦੋ ਕੰਪਨੀ ਸਕੱਤਰ, ਅਨੇਕਾਂ ਹੇਠਲੇ ਪੱਧਰ ਦੀਆਂ ਅਸਾਮੀਆਂ ਆਦਿ। ਇਸੇ ਤਰ੍ਹਾਂ ਦੋਹਰਾ ਸਾਜ਼ੋ-ਸਮਾਨ ਰੱਖਣਾ ਪੈ ਰਿਹਾ ਹੈ। ਇਸ ਸਭ ਦਾ ਕੁੱਲ ਮਿਲਾ ਕੇ ਸਾਲਾਨਾ 300 ਕਰੋੜ ਰੁਪਏ ਦਾ ਬੇਲੋੜਾ ਖਰਚਾ ਦੱਸਿਆ ਜਾ ਰਿਹਾ ਹੈ ਜੋ ਬਿਜਲੀ ਦੀ ਲਾਗਤ ਕੀਮਤ ਵਿਚ ਵਾਧਾ ਕਰਦਾ ਹੈ। ਅਖੀਰ ਇਹ ਖਪਤਕਾਰਾਂ ਦੀ ਜੇਬ ਵਿਚੋਂ ਹੀ ਜਾਂਦਾ ਹੈ।

ਇਸ ਤਰ੍ਹਾਂ ਦੇ ਖਰਚੇ ਅਤੇ ਦਿੱਕਤਾਂ ਨੂੰ ਦੇਖਦਿਆਂ ਹਰਿਆਣਾ ਬਿਜਲੀ ਰੈਗੂਲੇਟਰ ਨੇ ਤਾਂ 2016 ਦੀਆਂ ਬਿਜਲੀ ਦਰਾਂ ਤੈਅ ਕਰਦੇ ਸਮੇਂ ਇਹ ਟਿੱਪਣੀ ਕੀਤੀ ਸੀ ਕਿ ਹਰਿਆਣੇ ਵਿਚ ਵੰਡ ਪ੍ਰਣਾਲੀ ਵਿਚ ਚਾਰ ਕੰਪਨੀਆਂ ਹਨ ਜਿਨ੍ਹਾਂ ਵਿਚ ਦੂਹਰੇ-ਤੀਹਰੇ ਖਰਚੇ ਹੋ ਰਹੇ ਹਨ ਅਤੇ ਕਰਮਚਾਰੀਆਂ ਦੀ ਇਕਸਾਰ ਤਾਇਨਾਤੀ ਨਹੀਂ ਹੈ। ਕਮਿਸ਼ਨ ਨੇ ਕਿਹਾ ਕਿ ਜੋ ਕੰਮ ਹਰਿਆਣਾ ਵਿਚ ਚਾਰ ਕੰਪਨੀਆਂ ਕਰ ਰਹੀਆਂ ਹਨ, ਉਹੀ ਕੰਮ ਗੁਆਂਢੀ ਰਾਜਾਂ ਵਿਚ ਕੇਵਲ ਦੋ ਕੰਪਨੀਆਂ ਕਰ ਰਹੀਆਂ ਹਨ। ਇਸ ਲਈ ਕਮਿਸ਼ਨ ਨੇ ਦਿਸ਼ਾ ਨਿਰਦੇਸ਼ ਦਿੱਤੇ ਕਿ ਕੰਪਨੀਆਂ ਦੇ ਪੁਨਰ-ਗਠਨ ਦੀ ਜ਼ਰੂਰਤ ਹੈ। ਇਸ ਕੰਮ ਲਈ ਹਰਿਆਣਾ ਸਰਕਾਰ ਨੇ ਵਿਲੀਨ ਸਕੱਤਰੇਤ ਵੀ ਬਣਾਇਆ ਸੀ ਪਰ ਪ੍ਰਕਿਰਿਆ ਨੇਪਰੇ ਚਾੜ੍ਹਨ ਲਈ ਅਫਸਰਾਂ ਦੀ ਜਿਹੜੀ ਧਿਰ ਨੇ ਕੰਮ ਕਰਨਾ ਸੀ, ਉਸੇ ਦੀ ਕੰਪਨੀਆਂ ਵਿਚੋਂ ਸਰਦਾਰੀ ਖੁੱਸਣੀ ਸੀ। ਇੱਥੇ ਛਤੀਸਗੜ੍ਹ ਸਰਕਾਰ ਦੀ ਸ਼ਲਾਘਾ ਕਰਨੀ ਬਣਦੀ ਹੈ ਜਿਸ ਨੇ ਮਈ 2022 ਵਿਚ ਚਾਰ ਕੰਪਨੀਆਂ ਨੂੰ ਮਿਲਾ ਕੇ ਦੋ ਕੰਪਨੀਆਂ ਬਣਾਉਣ ਦਾ ਫ਼ੈਸਲਾ ਕੀਤਾ।

ਮਾਹਿਰ ਇੰਜਨੀਅਰਾਂ ਨੇ ਜੋ ਖ਼ਦਸ਼ੇ ਜ਼ਾਹਿਰ ਕੀਤੇ ਸਨ, ਸਾਹਮਣੇ ਆ ਰਹੇ ਹਨ। ਇਹ ਬਿਲਕੁਲ ਬੇਤੁਕੀ ਗੱਲ ਹੈ ਕਿ ਬਿਜਲੀ ਸੇਵਾਵਾਂ ਲੰਬਕਾਰੀ ਪੜਾਵਾਂ ਤੇ ਵੱਖਰੇ ਵੱਖਰੇ ਹੋ ਕੇ ਲਾਗਤ ਕੀਮਤ ਘਟਾ ਸਕਦੀਆਂ ਹਨ। ਅੱਜ ਦੇ ਬਿਜਲੀ ਖੇਤਰ ਦੇ ਦ੍ਰਿਸ਼ ਵਿਚ ਲਾਗਤ ਘੱਟ ਸਿਰਫ ਉੱਥੇ ਹੀ ਸੰਭਵ ਹੈ ਜਿੱਥੇ ਬਿਜਲੀ ਟ੍ਰਾਂਸਮਿਸ਼ਨ ਅਤੇ ਵੰਡ ਇੱਕ ਇਕਾਈ ਵਿਚ ਹੋਣ। ਸਭ ਤੋਂ ਵੱਧ ਕੁਸ਼ਲ ਪ੍ਰਣਾਲੀ ਹੀ ਸਸਤਾ ਉਤਪਾਦ ਜਾਂ ਸੇਵਾਵਾਂ ਮੁਹੱਈਆ ਕਰਵਾ ਸਕਦੀ ਹੈ। 1980ਵਿਆਂ ਤੋਂ ਬਾਅਦ ਚਾਰ ਦਹਾਕਿਆਂ ਦੇ ਅਧਿਐਨਾਂ ਨੇ ਇਹ ਸਿੱਟਾ ਕੱਢਿਆ ਹੈ ਕਿ ਲੰਬਕਾਰੀ ਏਕੀਕ੍ਰਿਤ ਬਣਤਰ (ਸਮਝਣ ਲਈ ਕਹਿ ਸਕਦੇ ਹਾਂ ਪਹਿਲਾਂ ਵਰਗਾ ਢਾਂਚਾ) ਨੇ ਜੋ ਕੁਸ਼ਲਤਾ ਪੈਦਾ ਕੀਤੀ ਸੀ, ਉਹ ਇਸ ਵਿਵਸਥਾ ਨੂੰ ਤੋੜਨ ਤੋਂ ਬਾਅਦ ਲੁਪਤ ਹੋ ਗਈ।

ਇਸ ਪ੍ਰਸੰਗ ਵਿਚ ਵਿਸ਼ਵ ਬੈਂਕ ਨਾਲ ਫਰਾਂਸ ਦੀ ਸਰਕਾਰੀ ਬਿਜਲੀ ਕੰਪਨੀ (ਈ.ਡੇ.ਐੱਫ.) ਦਾ ਵਿਸ਼ਵ ਬੈਂਕ ਨਾਲ ਖ਼ਤੋ-ਕਿਤਾਬਤ ਬਹੁਤ ਢੁਕਵਾਂ ਹੈ- "ਆਧੁਨਿਕ ਆਰਥਿਕ ਸਿਧਾਂਤ ਸਾਨੂੰ ਦੱਸਦਾ ਹੈ ਕਿ ਦੂਜੇ ਉਦਯੋਗਾਂ ਦੇ ਮੁਕਾਬਲੇ ਨੈੱਟਵਰਕ ਬੁਨਿਆਦੀ ਢਾਂਚੇ ਵਿਚ ਮੁਕਾਬਲਾ ਕਰਨਾ ਵਧੇਰੇ ਮੁਸ਼ਕਿਲ ਹੁੰਦਾ ਹੈ ਅਤੇ ਬਿਜਲੀ ਵਿਚ ਇਹ ਹੋਰ ਨੈੱਟਵਰਕ ਦੇ ਮੁਕਾਬਲੇ ਤਾਂ ਹੋਰ ਵੀ ਵਧੇਰੇ ਮੁਸ਼ਕਿਲ ਹੈ ਜਿੱਥੇ ਉਪਜ ਅਤੇ ਇਸ ਦੀ ਵਰਤੋਂ ਇੱਕੋ ਸਮੇਂ ਹੁੰਦੀ ਹੈ।"

ਇਸ ਤੋਂ ਇਲਾਵਾ ਬਿਜਲੀ ਦੀ 75-80% ਲਾਗਤ ਕੀਮਤ ਉਤਪਾਦਨ 'ਤੇ ਹੀ ਹੁੰਦੀ ਹੈ। ਸੋ, ਜੇ ਬਿਜਲੀ ਮੰਡੀ ਵਿਚ ਕੀਮਤ ਸਬੰਧੀ ਮਾਮੂਲੀ ਮੁਕਾਬਲੇ ਦੀ ਸੰਭਾਵਨਾ ਹੈ, ਉਹ ਉਤਪਾਦਨ ਖੇਤਰ ਵਿਚ ਹੀ ਹੋ ਸਕਦੀ ਹੈ ਪਰ ਲਾਗਤ ਮੁੱਲ ਤਾਂ ਪ੍ਰਾਈਵੇਟ ਅਤੇ ਸਰਕਾਰੀ, ਦੋਵੇਂ ਅਦਾਰੇ ਵਸੂਲਣਗੇ ਹੀ। ਪ੍ਰਾਈਵੇਟ ਬਿਜਲੀ ਉਤਪਾਦਨ ਬਿਜਲੀ ਬੋਰਡਾਂ ਦੀ ਵੰਡ ਤੋਂ ਬਿਨਾ ਵੀ ਸੰਭਵ ਸੀ ਅਤੇ ਹੁਣ ਵੀ ਹੈ। ਵੰਡ ਪ੍ਰਣਾਲੀ ਵਿਚ ਨਵੀਂ ਤਕਨੀਕ ਅਤੇ ਕਾਨੂੰਨ ਵਰਤ ਕੇ ਟ੍ਰਾਂਸਮਿਸ਼ਨ ਅਤੇ ਵੰਡ ਘਾਟੇ ਹੀ ਘਟਾਏ ਜਾ ਸਕਦੇ ਹਨ ਜੋ ਇਸ ਵਕਤ ਪੰਜਾਬ ਵਿਚ ਤਕਰੀਬਨ 15% ਹਨ। ਬਹੁਤ ਹੀ ਉੱਨਤ ਦੇਸ਼ਾਂ ਵਿਚ ਇਹ ਘਾਟੇ ਤਕਰੀਬਨ 5-6% ਹਨ। ਜੇ ਪੰਜਾਬ ਇਨ੍ਹਾਂ ਘਾਟੇ 5-6% ਕਰ ਲੈਂਦਾ ਹੈ (ਜੋ ਵਰਤਮਾਨ ਬਣਤਰ ਵਿਚ ਮੁਸ਼ਕਿਲ ਹੈ) ਤਾਂ ਬਿਜਲੀ ਦੀ ਕੀਮਤ ਵਿਚ ਘਾਟੇ ਘਟਣ ਨਾਲ 5% ਕਮੀ ਹੋ ਸਕਦੀ ਹੈ। ਜੇ ਦੋਹਾਂ ਕਾਰਪੋਰੇਸ਼ਨਾਂ ਨੂੰ ਇਕੱਠਾ ਕਰ ਦਿੱਤਾ ਜਾਵੇ ਤਾਂ ਇਨ੍ਹਾਂ ਘਾਟਿਆਂ 'ਤੇ ਅਸਾਨੀ ਨਾਲ ਕਾਬੂ ਪਾਇਆ ਜਾ ਸਕਦਾ ਹੈ।

ਸਿਆਸਤਦਾਨਾਂ ਨੇ ਦੁਨੀਆ ਵਿਚ ਅਸਲ ਮਾਹਿਰਾਂ ਦੀ ਗੱਲ ਕਦੇ ਵੀ ਨਹੀਂ ਮੰਨੀ। ਸੰਸਾਰੀਕਰਨ, ਉਦਾਰੀਕਰਨ ਅਤੇ ਬਾਜ਼ਾਰੀਕਰਨ ਦਾ ਦੌਰ ਸ਼ੁਰੂ ਹੋਣ ਤੋਂ ਹੁਣ ਤੱਕ ਆਰਥਿਕ 'ਹਕੀਮਾਂ' ਦੀ ਹੀ ਮੰਨੀ ਗਈ। ਹੁਣ ਪੰਜਾਬ ਦੇ ਬਿਜਲੀ ਮਹਿਕਮੇ ਦੇ ਇੰਜਨੀਅਰਾਂ ਨੇ ਉਨ੍ਹਾਂ ਨੂੰ ਆ ਰਹੀਆਂ ਮੁਸ਼ਕਿਲਾਂ ਅਤੇ ਤਜਰਬੇ ਦੇ ਆਧਾਰ 'ਤੇ ਫਿਰ ਆਪਣੀ ਰਾਇ ਦਿੱਤੀ ਹੈ ਕਿ ਰਾਜ ਦੀਆਂ ਦੋਹਾਂ ਬਿਜਲੀ ਕਾਰਪੋਰੇਸ਼ਨਾਂ ਨੂੰ ਇੱਕ ਕੀਤਾ ਜਾਵੇ।

ਲੇਖ ਦੀ ਸਮਾਪਤੀ ਲੈਨਿਨ ਦੇ ਸ਼ਬਦਾਂ ਨਾਲ ਕਰਨਾ ਚਾਹੁੰਦਾ ਹਾਂ ਜੋ ਉਨ੍ਹਾਂ 'ਪੀਪਲਜ਼ ਕੌਮੀਸਾਰ' ਦੀ ਸਭਾ ਲਈ ਆਪਣੀ 22 ਦਸੰਬਰ 1920 ਵਾਲੀ ਰਿਪੋਰਟ ਵਿਚ ਉਚੇਚੇ ਤੌਰ 'ਤੇ ਦਰਜ ਕੀਤੇ ਸਨ; ਉਹ ਲਿਖਦੇ ਹਨ: "... ਮੈਂ ਹੁਣ ਅਖ਼ੀਰਲੀ ਮੱਦ, ਮੁਲਕ ਦੇ ਬਿਜਲੀਕਰਨ ਦੇ ਸਵਾਲ 'ਤੇ ਗੱਲ ਕਰਾਂਗਾ... ਹੁਣ ਤੋਂ ਬਾਅਦ ਸਾਰੀਆਂ ਰੂਸੀ ਬੈਠਕਾਂ ਵਿਚ ਮੰਚ ਨਾ ਸਿਰਫ ਸਿਆਸਤਦਾਨਾਂ ਅਤੇ ਪ੍ਰਸ਼ਾਸਕਾਂ ਲਈ ਹੀ ਹੋਵੇਗਾ ਸਗੋਂ ਇੰਜਨੀਅਰਾਂ ਅਤੇ ਖੇਤੀ ਵਿਗਿਆਨੀਆਂ ਲਈ ਵੀ ਹੋਇਆ ਕਰੇਗਾ। ਜਦੋਂ ਰਾਜਨੀਤੀ ਥੋੜ੍ਹਾ ਪਿੱਛੇ ਰਹੇ, ਰਾਜਨੀਤੀ ਦੀ ਚਰਚਾ ਘੱਟ ਤੇ ਸੰਖੇਪ ਹੋਵੇ ਅਤੇ ਇੰਜਨੀਅਰ ਤੇ ਖੇਤੀ ਵਿਗਿਆਨੀ ਜ਼ਿਆਦਾ ਗੱਲਾਂ ਕਰਨ ਤਾਂ ਇਹ ਖੁਸ਼ਹਾਲ ਸਮੇਂ ਦੀ ਸ਼ੁਰੂਆਤ ਦੀ ਨਿਸ਼ਾਨੀ ਹੁੰਦੀ ਹੈ। ਆਰਥਿਕ ਤਰੱਕੀ ਦੇ ਰਾਹ 'ਤੇ ਚੱਲਣ ਲਈ ਇਸ ਰਿਵਾਜ਼ ਦੀ ਹਰ ਜਗ੍ਹਾ ਉੱਪਰ ਤੋਂ ਹੇਠਾਂ ਤੱਕ ਸ਼ੁਰੂਆਤ ਕੀਤੀ ਜਾਵੇ। ਅਸੀਂ ਰਾਜਨੀਤੀ ਵਿਚ ਤਾਂ ਪਰਪੱਕ ਹਾਂ ਪਰ ਜਿਥੋਂ ਤੱਕ ਆਰਥਿਕ ਮਾਮਲਿਆਂ ਦਾ ਸਬੰਧ ਹੈ, ਸਾਡੀ ਹਾਲਤ ਬਹੁਤ ਮਾੜੀ ਹੈ। ਇਸ ਤੋਂ ਬਾਅਦ ਘੱਟ ਰਾਜਨੀਤੀ ਹੀ ਵਧੀਆ ਰਾਜਨੀਤੀ ਹੋਵੇਗੀ। ਹੋਰ ਜ਼ਿਆਦਾ ਇੰਜਨੀਅਰਾਂ ਅਤੇ ਖੇਤੀ ਵਿਗਿਆਨੀਆਂ ਨੂੰ ਅੱਗੇ ਲਿਆਓ, ਉਨ੍ਹਾਂ ਤੋਂ ਸਿੱਖੋ...।" ਜੇ ਪੰਜਾਬ ਸਰਕਾਰ ਸੱਚੀ-ਮੁੱਚੀ ਕੋਈ ਇਨਕਲਾਬੀ ਕੰਮ ਕਰਨ ਅਤੇ ਪੰਜਾਬ ਨੂੰ ਆਰਥਿਕ ਸੰਕਟ 'ਚੋਂ ਕੱਢਣ ਦੀ ਇੱਛਕ ਅਤੇ ਰੰਗਲਾ ਖੁਸ਼ਹਾਲ ਪੰਜਾਬ ਚਾਹੁੰਦੀ ਹੈ ਤਾਂ ਉਹ ਇੰਜਨੀਅਰ (ਤੇ ਖੇਤੀ ਵਿਗਿਆਨੀ) ਜੋ ਗੱਲ ਕਰਦੇ ਹਨ, ਉਸ 'ਤੇ ਅਮਲ ਕਰੇ।

# ਅਮਰੀਕਾ ਦੀ 'ਉਡਣ ਪਰੀ' ਫਲੋਰੈਂਸ ਜੋਏਨਰ

## ਵਿਸ਼ਵ ਦੇ ਮਹਾਨ ਖਿਡਾਰੀ



ਪ੍ਰਿੰ. ਸਰਵਣ ਸਿੰਘ
ਫੋਨ: 647-785-1661
principalsarwansingh@gmail.com

ਦੁਨੀਆ ਦੀ ਤੇਜ਼-ਤਰਾਰ ਦੌੜਾਕ ਫਲੋਰੈਂਸ ਗ੍ਰਿਫਿਥਜੋਏਨਰ ਨੂੰ 'ਫਲੋਅ ਜੋਅ' ਵੀ ਕਿਹਾ ਜਾਂਦਾ ਹੈ। ਉਸ ਨੇ ਓਲੰਪਿਕ ਖੇਡਾਂ 'ਚੋਂ ਤਿੰਨ ਸੋਨੇ ਤੇ ਦੋ ਚਾਂਦੀ ਦੇ ਤਗ਼ਮੇ ਜਿੱਤੇ। ਉਸ ਦੇ 100 ਤੇ 200 ਮੀਟਰ ਦੌੜਾਂ ਦੇ ਓਲੰਪਿਕ ਤੇ ਵਿਸ਼ਵ ਰਿਕਾਰਡ 1988 ਤੋਂ 2020 ਤੱਕ ਕਾਇਮ ਰਹੇ। ਜਦ ਉਹ ਦੌੜਦੀ ਸੀ ਤਾਂ ਟਰੈਕ ਨੂੰ ਅੱਗ ਲੱਗ ਉਠਦੀ ਸੀ। ਦਰਸ਼ਕ ਪੱਬਾਂ ਭਾਰ ਹੋ ਜਾਂਦੇ ਸਨ। ਉਹਦੀ ਸੁਕਦੀ ਸਪੀਡ ਸਟੇਡੀਅਮ 'ਚ ਹਨ੍ਹੇਰੀ ਲਿਆ ਦਿੰਦੀ ਸੀ। ਕੌਮਾਂਤਰੀ ਪ੍ਰੈੱਸ ਨੇ ਉਸ ਨੂੰ ਬਿਹਤਰੀਨ ਖਿਡਾਰਨ ਹੋਣ ਦੇ ਖ਼ਿਤਾਬ ਦਿੱਤੇ। 1980ਵਿਆਂ 'ਚ ਉਹ ਬੇਹੱਦ ਚਰਚਿਤ ਰਹੀ। ਆਖ਼ਰ 38 ਸਾਲ ਦੀ ਉਮਰੇ ਹੋਈ ਉਹਦੀ ਅਚਾਨਕ ਮੌਤ ਰਹੱਸ ਬਣ ਗਈ। ਪੋਸਟ ਮਾਰਟਮ ਦੀ ਰਿਪੋਰਟ ਮੁਤਾਬਿਕ ਉਹ ਮਿਰਗੀ ਦੇ ਦੌਰੇ ਕਾਰਨ ਮਰੀ।

ਉਸ ਦੇ ਪਾਪੂਲਰ ਹੋਣ ਦੇ ਕਈ ਕਾਰਨ ਸਨ। ਉਹ ਕੇਵਲ ਦੌੜਾਕ ਹੀ ਨਹੀਂ ਸੀ, ਸ਼ੌਕੀਨ ਵੀ ਲੋਹੜੇ ਦੀ ਸੀ। ਉਹਦਾ ਕੱਦ 5 ਫੁੱਟ 7 ਇੰਚ ਤੇ ਭਾਰ 126 ਪੌਂਡ ਸੀ। ਜੁੱਸਾ ਸਾਂਵਲਾ, ਸਡੌਲ ਤੇ ਦਰਸ਼ਨੀ ਸੀ। ਅੱਖਾਂ ਮਸਤ ਤੇ ਸਿਹਲੀਆਂ ਤਰਾਸ਼ੀਆਂ ਹੋਈਆਂ। ਉਹ ਨਿੱਤ ਨਵੇਂ ਫੈਸ਼ਨ ਕਰਦੀ। ਨਵੇਂ ਨਮੂਨੇ ਦੀ ਅਥਲੈਟਿਕ ਕਿੱਟ ਤੇ ਸ਼ੋਖ਼ ਰੰਗਾਂ ਦੇ ਟਰੈਕ ਸੂਟ ਪਹਿਨਦੀ। ਜਦ ਦੌੜਦੀ ਤਾਂ ਉਹਦੇ ਚਾਰ ਇੰਚ ਲੰਮੇ ਨਹੁੰ ਪਾਲਸ਼ਾਂ ਵਾਲੇ ਤਿੱਖੇ ਨਹੁੰ ਹਵਾ ਨੂੰ ਚੀਰਦੇ ਤੇ ਕਾਲੇ ਸੰਘਣੇ ਵਾਲ ਧੌਣ ਪਿੱਛੇ ਉਡਦੇ ਜਾਂਦੇ। ਉਹਦੇ ਖੁੱਲ੍ਹੇ ਵਾਲਾਂ ਨੇ ਦੁਨੀਆ ਭਰ ਦੀਆਂ ਔਰਤਾਂ ਨੂੰ ਵਾਲ ਖੁੱਲ੍ਹੇ ਰੱਖਣ ਦੇ ਫੈਸ਼ਨਾਂ 'ਚ ਪਾ ਦਿੱਤਾ। ਦੌੜਦਿਆਂ ਉਹਦੀ ਇਕ ਲੱਤ ਟਰੈਕ ਸੂਟ ਨਾਲ ਢਕੀ ਤੇ ਦੂਜੀ ਨੰਗੀ ਹੁੰਦੀ। ਬੁੱਲ੍ਹਾਂ 'ਤੇ ਲਿਪਸਟਿਕ, ਦੋਹਾਂ ਹੱਥਾਂ ਦੀਆਂ ਉਂਗਲਾਂ 'ਚ ਛਾਪਾਂ ਛੱਲੇ, ਬਾਹਾਂ 'ਚ ਚੂੜੀਆਂ ਤੇ ਕੰਨਾਂ 'ਚ ਬੁੰਦੇ ਪਾਏ ਹੁੰਦੇ। ਸਿਓਲ ਦੀਆਂ ਓਲੰਪਿਕ ਖੇਡਾਂ ਵਿਚ ਫਲੋਅ ਜੋਅ ਵਿਸ਼ਵ ਮੀਡੀਏ ਦਾ ਸ਼ਿੰਗਾਰ ਬਣੀ ਰਹੀ। ਉਹਦੀਆਂ ਤਸਵੀਰਾਂ ਵਿਸ਼ਵ ਭਰ ਦੇ ਮੈਗਜ਼ੀਨਾਂ 'ਚ ਛਪਦੀਆਂ ਰਹੀਆਂ।

ਉਸ ਦਾ ਜਨਮ ਕੈਲੇਫੋਰਨੀਆ ਦੇ ਸ਼ਹਿਰ ਲਾਸ ਏਂਜਲਸ ਦੀ ਬਸਤੀ ਲਿਟਲਲੇਕ ਵਿਚ ਬਿਜਲੀ ਮਕੈਨਿਕ ਰੌਬਰਟ ਤੇ ਫਲੋਰੈਂਸ ਗ੍ਰਿਫ਼ਥ ਦੇ ਘਰ 21 ਦਸੰਬਰ 1959 ਨੂੰ ਹੋਇਆ। ਉਹ 11 ਭੈਣ ਭਾਈਆਂ 'ਚ 7ਵੇਂ ਥਾਂ ਜੰਮੀ ਸੀ। ਉਸ ਦਾ ਨਾਂ ਫਲੋਰੈਂਸ ਡਲੋਰੇਜ਼ ਗ੍ਰਿਫ਼ਥ ਰੱਖਿਆ ਗਿਆ। ਉਹ 7ਵੇਂ ਸਾਲ ਦੀ ਉਮਰ ਵਿਚ ਦੌੜਨ ਲੱਗ ਪਈ। 14ਵੇਂ ਸਾਲ ਵਿਚ ਉਸ ਨੇ ਜੈਸੀ ਓਵੇਂਸ ਨੈਸ਼ਨਲ ਯੂਥ ਗੇਮਜ਼ ਵਿਚ ਦੌੜਾਂ ਜਿੱਤੀਆਂ। ਉਹ ਜੌਰਡਨ ਹਾਈ ਸਕੂਲ ਲਾਸ ਏਂਜਲਸ ਦੀ ਸਭ ਤੋਂ ਤਕੜੀ ਦੌੜਾਕ ਮੰਨੀ ਗਈ।

ਬਚਪਨ ਵਿਚ ਪਹਿਰਾਵੇ ਦੀ ਸ਼ੌਕੀਨ ਹੋਣ ਕਰਕੇ ਉਸ ਨੇ ਹੋਰਨਾਂ ਖਿਡਾਰਨਾਂ ਨੂੰ ਵੀ ਟਾਈਟ ਸੂਟ ਪਾਉਣ ਦੀ ਚੇਟਕ ਲਾ ਦਿੱਤੀ। 1978 ਵਿਚ ਉਹ ਕੈਲੇਫੋਰਨੀਆ ਸਟੇਟ ਮੀਟ ਵਿਚ 6ਵੇਂ ਥਾਂ ਰਹੀ। ਗ੍ਰੈਜੂਏਸ਼ਨ ਕਰਨ ਸਮੇਂ ਉਹ ਸਕੂਲ ਦੀ ਸਭ ਤੋਂ ਤੇਜ਼ ਦੌੜਾਕ ਤੇ ਲੰਮੀ ਛਾਲ ਲਾਉਣ ਵਾਲੀ ਅਥਲੀਟ ਸੀ। ਫਿਰ ਉਹ ਨੌਰਥਰਿਜ ਦੀ ਕੈਲੇਫੋਰਨੀਆ ਯੂਨੀਵਰਸਿਟੀ ਵਿਚ ਚਲੀ ਗਈ ਜਿੱਥੇ ਉਸ ਨੂੰ ਕੋਚ ਬੌਬ ਕਰਸੀ ਮਿਲ ਗਿਆ। ਕੋਚਿੰਗ ਨਾਲ ਉਹ ਯੂਨੀਵਰਸਿਟੀ ਦੀ ਟੀਮ ਵਿਚ ਆ ਗਈ ਜਿਸ ਵਿਚ ਹੋਰ ਵੀ ਤਕੜੀਆਂ ਅਥਲੀਟ ਸ਼ਾਮਲ ਸਨ। ਪਹਿਲੇ ਸਾਲ ਹੀ ਉਨ੍ਹਾਂ ਨੇ ਨੈਸ਼ਨਲ ਚੈਂਪੀਅਨਸ਼ਿਪ ਜਿੱਤ ਲਈ। ਪਿੱਛੇ ਪਰਿਵਾਰ ਦਾ ਗੁਜ਼ਾਰਾ ਤੋਰੀ ਰੱਖਣ ਲਈ ਉਸ ਨੂੰ ਕੁਝ ਸਮਾਂ ਯੂਨੀਵਰਸਿਟੀ ਛੱਡਣੀ ਪਈ ਅਤੇ ਬੈਂਕ ਦੀ ਨੌਕਰੀ ਕਰਨੀ ਪਈ। ਫਿਰ ਉਸ ਨੂੰ ਵਜ਼ੀਫ਼ਾ ਮਿਲ ਗਿਆ। ਉਹ ਯੂਨੀਵਰਸਿਟੀ ਆਫ਼ ਕੈਲੇਫੋਰਨੀਆ, ਲਾਸ ਏਂਜਲਸ ਵਿਚ ਦਾਖ਼ਲ ਹੋ ਗਈ ਜਿੱਥੇ ਕੋਚ ਬੌਬ ਕਰਸੀ ਹੀ ਕੋਚਿੰਗ ਦਿੰਦਾ ਸੀ।

ਉੱਤੋਂ 1980 ਦੀਆਂ 'ਚ ਓਲੰਪਿਕ ਖੇਡਾਂ ਲਈ ਟਰਾਇਲ ਆ ਗਏ। ਪਰ ਅਮਰੀਕਾ ਨੇ ਮਾਸਕੋ ਦੀਆਂ ਓਲੰਪਿਕ ਖੇਡਾਂ ਦਾ ਬਾਈਕਾਟ ਕਰ ਦਿੱਤਾ। 1983 ਵਿਚ ਗ੍ਰਿਫ਼ਥ ਨੇ ਮਨੋਵਿਗਿਆਨ ਦੇ ਵਿਸ਼ੇ ਵਿਚ ਬੈਚਲਰ ਦੀ ਡਿਗਰੀ ਹਾਸਲ ਕਰ ਲਈ। 1983 ਵਿਚ ਹੀ ਅਥਲੈਟਿਕਸ ਦੀ ਵਰਲਡ ਚੈਂਪੀਅਨਸ਼ਿਪ ਲਈ ਟਰਾਇਲ ਹੋਏ ਤਾਂ ਉਹ 200 ਮੀਟਰ ਦੌੜ ਵਿਚ ਚੌਥਾ ਸਥਾਨ ਲੈ ਸਕੀ। ਪਰ 1984 ਵਿਚ ਲਾਸ ਏਂਜਲਸ ਵਿਖੇ ਓਲੰਪਿਕ ਦੇ ਟਰਾਇਲਾਂ ਸਮੇਂ 200 ਮੀਟਰ ਦੌੜ ਵਿਚ ਦੂਜੇ ਥਾਂ ਆਈ ਜਿਸ ਨਾਲ ਅਮਰੀਕਾ ਦੀ ਟੀਮ ਵਿਚ ਚੁਣੀ ਗਈ। ਉਦੋਂ ਓਲੰਪਿਕ ਖੇਡਾਂ ਲਾਸ ਏਂਜਲਸ ਵਿਚ ਹੀ ਹੋਣੀਆਂ ਸਨ। ਉਥੇ ਉਸ ਨੇ 200 ਮੀਟਰ ਦੌੜ ਵਿਚ ਸਿਲਵਰ ਮੈਡਲ ਜਿੱਤ ਲਿਆ ਜਿਸ ਨਾਲ ਉਹਦੇ ਫੈਸ਼ਨਾਂ ਦੀ ਵੀ ਮਸ਼ਹੂਰੀ ਹੋਣੀ ਸ਼ੁਰੂ ਹੋ ਗਈ।

1984 ਦੀਆਂ ਓਲੰਪਿਕ ਖੇਡਾਂ ਪਿੱਛੋਂ ਉਸ ਦਾ ਧਿਆਨ ਕੁਝ ਸਮਾਂ ਸਰਗਰਮ ਦੌੜਾਂ ਵੱਲੋਂ ਹਟਿਆ ਰਿਹਾ ਜਿਸ ਕਰਕੇ 1985 ਵਿਚ ਅਮਰੀਕਾ ਦੀ ਨੈਸ਼ਨਲ ਅਥਲੈਟਿਕਸ ਚੈਂਪੀਅਨਸ਼ਿਪ 'ਚ ਭਾਗ ਹੀ ਨਾ ਲਿਆ। ਉਹ ਮੁੜ ਬੈਂਕ ਵਿਚ ਕੰਮ ਕਰਨ ਲੱਗੀ। 1987 ਵਿਚ ਉਸ ਨੇ ਅਲ ਜੋਏਨਰ ਨਾਲ ਵਿਆਹ ਕਰਵਾ ਲਿਆ। ਉਹ ਲਾਸ ਏਂਜਲਸ ਦੀਆਂ ਓਲੰਪਿਕ ਖੇਡਾਂ 'ਚ ਤੀਹਰੀ ਛਾਲ ਦਾ ਚੈਂਪੀਅਨ ਸੀ। ਫਿਰ ਉਹੀ ਉਸ ਦਾ ਕੋਚ ਬਣ ਗਿਆ। ਉਦੋਂ ਤੋਂ ਜੋਏਨਰ ਨਾਂ ਉਹਦੇ ਨਾਂ ਨਾਲ ਜੁੜ ਗਿਆ ਤੇ ਉਹ 'ਫਲੋਅ ਜੋਅ' ਕਹੀ ਜਾਣ ਲੱਗੀ। ਅਪ੍ਰੈਲ 1987 ਤੋਂ ਉਹ ਨਿੱਠ ਕੇ ਪ੍ਰੈਕਟਿਸ ਕਰਨ ਲੱਗੀ ਕਿਉਂਕਿ ਉਹਦੇ ਸਹੁਰੇ ਪਰਿਵਾਰ ਦੇ ਕੁਝ ਮੈਂਬਰ ਪਹਿਲਾਂ ਹੀ ਓਲੰਪਿਕ ਚੈਂਪੀਅਨ ਸਨ। ਚਾਰ ਮਹੀਨੇ ਬਾਅਦ 1987 ਦੀ ਵਰਲਡ ਚੈਂਪੀਅਨਸ਼ਿਪ ਰੋਮ ਵਿਚ ਹੋਈ। ਉਥੇ ਉਹ 200 ਮੀਟਰ ਦੌੜ ਦਾ ਸਿਲਵਰ ਮੈਡਲ ਜਿੱਤ ਗਈ ਜਿਸ ਨਾਲ ਟ੍ਰੈਕ ਐਂਡ ਫੀਲਡ ਨਿਊਜ਼ ਦੀ ਵਰਲਡ ਰੈਂਕਿੰਗ ਵਿਚ ਆ ਗਈ।

1988 ਦੀਆਂ ਓਲੰਪਿਕ ਖੇਡਾਂ ਦੇ ਟਰਾਇਲਾਂ ਤੋਂ ਪਹਿਲਾਂ ਗ੍ਰਿਫ਼ਥ ਜੋਏਨਰ ਨੇ ਆਪਣੇ ਪਤੀ ਅਲ ਜੋਏਨਰ ਤੇ ਨਣਦੋਈਏ ਬੌਬ ਕਰਸੀ ਦੋਹਾਂ ਤੋਂ ਕੋਚਿੰਗ ਲਈ। ਹਫ਼ਤੇ ਦੇ ਦੋ ਦਿਨ ਕਰਸੀ ਕੋਚਿੰਗ ਦਿੰਦਾ ਤੇ ਤਿੰਨ ਦਿਨ ਜੋਏਨਰ। ਨਤੀਜਾ ਇਹ ਨਿਕਲਿਆ ਕਿ ਕਲੋਗਨ ਦੀ ਟ੍ਰੈਕ ਐਂਡ ਫੀਲਡ ਮੀਟ ਵਿਚ ਫਲੋਅ ਜੋਅ 100 ਮੀਟਰ ਦੌੜ 10.96 ਸੈਕੰਡ ਵਿਚ ਦੌੜ ਗਈ। ਹੋਰ ਮਿਹਨਤ ਨਾਲ ਉਹਦੀ ਦੌੜ ਹੋਰ ਤੇਜ਼ ਹੋ ਗਈ। 25 ਜੂਨ, 1988 ਨੂੰ ਸੈਨ ਡਿਆਗੋ ਵਿਚ ਉਹ 10.89 ਸੈਕੰਡ ਦਾ ਸਮਾਂ ਕੱਢ ਗਈ। ਵੱਡੀ ਹੈਰਾਨੀ ਸਿਓਲ ਦੀਆਂ ਓਲੰਪਿਕ ਖੇਡਾਂ ਲਈ ਟਰਾਇਲਾਂ ਸਮੇਂ ਹੋਈ। ਟਰਾਇਲਾਂ ਦੀ ਕੁਆਰਟਰ ਫਾਈਨਲ ਦੌੜ ਵਿਚ ਉਸ ਨੇ 100 ਮੀਟਰ ਦੌੜ 10.49 ਸੈਕੰਡ ਵਿਚ ਲਾ ਕੇ ਦੁਨੀਆ ਦੰਗ ਕਰ ਦਿੱਤੀ। ਉਸਨੇ ਨਾ ਸਿਰਫ਼ ਓਲੰਪਿਕ



ਖੇਡਾਂ ਲਈ ਕੁਆਲੀਫਾਈ ਕੀਤਾ ਬਲਕਿ 10.76 ਸੈਕੰਡ ਦਾ ਪੁਰਾਣਾ ਵਿਸ਼ਵ ਰਿਕਾਰਡ ਤੋੜ ਕੇ ਨਵਾਂ ਵਿਸ਼ਵ ਰਿਕਾਰਡ ਸਿਰਜ ਦਿੱਤਾ! ਟਰਾਇਲ ਦੋ ਦਿਨ ਚੱਲੇ ਜਿਨ੍ਹਾਂ 'ਚ ਉਹ ਤਿੰਨ ਵਾਰ ਦੌੜੀ। ਤਿੰਨੇ ਵਾਰ ਉਸ ਨੇ ਵਿਸ਼ਵ ਰਿਕਾਰਡ ਤੋੜੇ ਤੇ 200 ਮੀਟਰ ਦੌੜ 21.77 ਸੈਕੰਡ ਵਿਚ ਲਾ ਕੇ ਨਵਾਂ ਅਮਰੀਕਨ ਰਿਕਾਰਡ ਬਣਾਇਆ।

ਟਰਾਇਲ ਦੇਣ ਉਪਰੰਤ ਉਸ ਨੂੰ ਕੁਝ ਸਮਾਂ ਕੋਚ ਕਰਸੀ ਦੀ ਕੋਚਿੰਗ ਤੋਂ ਲਾਂਭੇ ਹੋਣਾ ਪਿਆ। ਝਗੜਾ ਕੋਚ ਤੇ ਮੈਨੇਜਰ ਹੋਣ ਅਤੇ ਸਪਾਂਸਰਸ਼ਿਪ ਦਾ ਸੀ। ਉਸ ਵੇਲੇ ਵੱਡੀਆਂ ਉਮੀਦਾਂ ਸਨ ਕਿ ਫਲੋਅ ਜੋਅ ਓਲੰਪਿਕ ਖੇਡਾਂ 'ਚੋਂ 100 ਤੇ 200 ਮੀਟਰ ਦੋਵੇਂ ਦੌੜਾਂ ਜਿੱਤੇਗੀ। ਦੱਖਣੀ ਕੋਰੀਆ ਦੇ ਸ਼ਹਿਰ ਸਿਓਲ ਵਿਚ ਸਭ ਦੀਆਂ ਅੱਖਾਂ ਫਲੋਅ ਜੋਅ 'ਤੇ ਸਨ। ਉਹ ਜਿਧਰ ਜਾਂਦੀ ਫੋਟੋਗ੍ਰਾਫਰ ਉਧਰੇ ਉਲਰ ਪੈਂਦੇ। ਓਲਪਿਕ ਪਿੰਡ ਦੀ ਉਹ ਸਟਾਰ ਅਥਲੀਟ ਸੀ। ਦੌੜ ਮੁਕਾਬਲੇ ਸ਼ੁਰੂ ਹੋਏ ਤਾਂ ਉਹ ਹੀਟਾਂ, ਕੁਆਰਟਰ ਤੇ ਸੈਮੀ ਫਾਈਨਲ ਜਿੱਤ ਕੀ ਫਾਈਨਲ 'ਚ ਪਹੁੰਚ ਗਈ। 100 ਮੀਟਰ ਦੀ ਫਾਈਨਲ ਦੌੜ ਉਹ 10.54 ਸੈਕੰਡ ਵਿਚ ਲਾ ਕੇ ਪ੍ਰਥਮ ਆਈ ਜਿਸ ਨਾਲ ਨਵਾਂ ਵਿਸ਼ਵ ਰਿਕਾਰਡ ਸਥਾਪਿਤ ਹੋ ਗਿਆ। 200 ਮੀਟਰ ਦੌੜ ਵਿਚ ਵੀ ਉਸ ਨੇ ਕਮਾਲਾਂ ਕਰ ਦਿੱਤੀਆਂ। ਫਾਈਨਲ ਦੌੜ 21.56 ਸੈਕੰਡ ਵਿਚ ਲਾ ਕੇ ਇਕ ਹੋਰ ਵਿਸ਼ਵ ਰਿਕਾਰਡ ਸਥਾਪਿਤ ਕਰ ਦਿੱਤਾ।

ਉਸ ਨੇ ਦੋ ਗੋਲਡ ਮੈਡਲ ਜਿੱਤ ਕੇ ਬੱਸ ਨਹੀਂ ਕੀਤੀ। ਉਹ ਦੋ ਰਿਲੇਅ ਦੌੜਾਂ ਵਿਚ ਵੀ ਦੌੜੀ। 4+100 ਮੀਟਰ ਰਿਲੇਅ ਦੌੜ ਵਿਚ ਸੋਨ ਤਗ਼ਮਾ ਜਿੱਤਿਆ ਜਦ ਕਿ 4+200 ਮੀਟਰ ਰਿਲੇਅ ਦੌੜ 'ਚ ਚਾਂਦੀ ਦਾ ਤਗ਼ਮਾ ਉਹਦੇ ਹੱਥ ਲੱਗਾ। ਇਕੋ ਓਲੰਪਿਕਸ ਵਿਚੋਂ ਚਾਰ ਤਗ਼ਮੇ! ਉਦੋਂ ਤਕ ਹੋਈਆਂ ਓਲੰਪਿਕ ਖੇਡਾਂ ਵਿਚ ਔਰਤਾਂ ਦੀ ਅਥਲੈਟਿਕਸ ਵਿਚੋਂ ਕੇਵਲ ਫੈਨੀ ਬਲੈਂਕਰਜ਼-ਕੋਇਨ ਹੀ ਚਾਰ ਗੋਲਡ ਮੈਡਲ ਜਿੱਤ ਸਕੀ ਸੀ। ਸਿਓਲ ਵਿਚ ਭਾਵੇਂ ਕੁਝ ਹੋਰਨਾਂ ਖਿਡਾਰੀਆਂ ਨੇ ਵੀ ਕਮਾਲ ਦੇ ਜਲਵੇ ਵਿਖਾਏ ਪਰ ਵਧੇਰੇ ਚਰਚਾ ਫਲੋਅ ਜੋਅ ਦੀ ਹੀ ਹੋਈ। 1988 ਵਿਚ ਅਮਰੀਕਾ ਦਾ ਵਿਸ਼ੇਸ਼ ਜੇਮਜ਼ ਈ ਸੁਲੀਵਨ ਅਵਾਰਡ ਫਲੋਰੈਂਸ ਜੋਏਨਰ ਨੂੰ ਦਿੱਤਾ ਗਿਆ।

1988 ਦੀਆਂ ਜਿੱਤਾਂ ਨੇ ਫਲੋਅ ਜੋਅ ਲਈ ਸੰਭਾਵਨਾਵਾਂ ਦੇ ਅਨੇਕ ਦਰ ਖੋਲ੍ਹ ਦਿੱਤੇ। ਉਸ ਨੂੰ ਬਿਜ਼ਨਸ ਦੇ ਚੋਖੇ ਮੁਨਾਫੇ ਵਾਲੇ ਗੱਫੇ ਮਿਲਣ ਲੱਗੇ ਜਿਨ੍ਹਾਂ ਨਾਲ ਸਾਰੇ ਪਰਿਵਾਰ ਦੀ ਆਰਥਿਕ ਖ਼ੁਸ਼ਕੀ ਦੂਰ ਹੋ ਗਈ। ਕੁਝ ਹਫ਼ਤਿਆਂ ਵਿਚ ਹੀ ਉਹ ਮਿਲੀਅਨੇਅਰ ਬਣ ਗਈ। 1989 'ਚ ਉਸ ਨੇ ਦੌੜਾਂ ਨੂੰ ਅਲਵਿਦਾ ਆਖ ਦਿੱਤੀ। ਫਿਰ ਉਹ ਇੰਡੀਆਨਾ ਪੇਸਰਜ਼ ਐੱਨ ਬੀ ਏ ਨਾਲ ਬਾਸਕਟਬਾਲ ਖਿਡਾਰੀਆਂ ਦੀਆਂ ਕਿੱਟਾਂ ਦੇ ਡਿਜ਼ਾਈਨ ਬਣਾਉਣ ਲੱਗੀ। ਉਸ ਨੂੰ ਅਮਰੀਕਾ ਦੇ ਪ੍ਰੈਜ਼ੀਡੈਂਟ ਬਿੱਲ ਕਲਿੰਟਨ ਦੀ ਕੌਂਸਲ ਆਫ਼ ਫਿਜ਼ੀਕਲ ਫਿਟਨੈੱਸ ਦਾ ਕੋ-ਚੇਅਰਪਰਸਨ ਬਣਾ ਦਿੱਤਾ ਗਿਆ। ਉਸ ਦੀ ਇਕੋ ਧੀ ਹੈ, ਮੇਰੀ ਰੁਥ ਜੋਏਨਰ, ਜੋ 15 ਨਵੰਬਰ 1990 ਨੂੰ ਜੰਮੀ। ਮਾਂ ਬਣ ਕੇ ਉਹ ਸੋਪ ਓਪੇਰਾ 'ਸਾਂਤਾ ਬਾਰਬਰਾ' ਦੇ 227 ਐਪੀਸੋਡਾਂ 'ਚੋਂ ਚਹੁੰ ਵਿਚ ਸ਼ਰੀਕ ਹੋਈ। 1996 ਵਿਚ ਉਹ 'ਚਾਰਲੀ ਰੋਜ਼' ਵਿਚ ਆਈ। ਉਤੋਂ ਐਟਲਾਂਟਾ ਦੀਆਂ ਓਲੰਪਿਕ ਖੇਡਾਂ ਆ ਰਹੀਆਂ ਸਨ। 100 ਤੇ 200 ਮੀਟਰ ਦੌੜਾਂ ਵਿਚ ਵਿਸ਼ਵ ਰਿਕਾਰਡ ਰੱਖਣ ਪਿੱਛੋਂ ਉਹਦੇ ਮਨ ਦੀ ਰੀਝ ਸੀ ਕਿ 400 ਮੀਟਰ ਦੌੜ ਦਾ ਵੀ ਵਿਸ਼ਵ ਰਿਕਾਰਡ ਰੱਖਾਂ। ਉਹਦੇ ਲਈ ਉਹ ਤਿਆਰੀ ਕਰਨ ਲੱਗੀ ਪਰ ਜੂਨ 1996 ਵਿਚ ਅਮਰੀਕਾ ਦੇ ਟਰਾਇਲਾਂ ਤੋਂ ਪਹਿਲਾਂ ਹੀ ਉਸ ਦੀ ਲੱਤ 'ਚ ਪੱਠੇ ਦਾ ਦਰਦ ਸ਼ੁਰੂ ਹੋ ਗਿਆ। ਉਸ ਨੂੰ ਪ੍ਰੈਕਟਿਸ ਵਿਚੇ ਛੱਡਣੀ ਪਈ। ਉਦੋਂ ਉਸ ਦੀ ਉਮਰ 36 ਸਾਲ ਦੀ ਸੀ।

ਫਲੋਅ ਜੋਅ ਜਿੱਥੇ ਵਿਸ਼ਵ ਦੀ ਤੇਜ਼-ਤਰਾਰ ਦੌੜਾਕ ਵਜੋਂ ਜਾਣੀ ਜਾਂਦੀ ਹੈ ਉਥੇ ਉਸ ਦੇ ਬੋਲਡ ਫੈਸ਼ਨਾਂ ਨੇ ਵੀ ਉਸ ਨੂੰ ਫਿਲਮ ਸਟਾਰਾਂ ਵਰਗੀ ਮਸ਼ਹੂਰੀ ਬਖ਼ਸ਼ੀ। 1987 ਦੀ ਵਰਲਡ ਚੈਂਪੀਅਨਸ਼ਿਪ ਵਿਚ ਉਹ ਸਪੀਡ ਸਕੇਟਿੰਗ ਬਾਡੀ ਸੂਟ ਪਾ ਕੇ ਦੌੜੀ। ਉਹਦੇ ਸੂਟ ਸ਼ੋਖ਼ ਰੰਗਾਂ ਦੇ ਹੁੰਦੇ। ਸਿਓਲ ਦੀਆਂ ਓਲੰਪਿਕ ਖੇਡਾਂ ਸਮੇਂ ਉਸ ਨੇ ਆਪਣੇ ਛੇ ਇੰਚੀ ਨਹੁੰ ਤਰਾਸ਼ ਕੇ ਚਾਰ ਇੰਚੀ ਕਰ ਲਏ ਸਨ। ਸਿਰ ਦੇ ਵਾਲ ਕਾਲੇ ਸੰਘਣੇ ਤੇ ਭਾਰੇ ਸਨ ਜੋ ਦੌੜਦਿਆਂ ਖੁੱਲ੍ਹੇ ਰੱਖਦੀ ਸੀ। ਖੇਡ ਮਾਹਿਰਾਂ ਅਨੁਸਾਰ ਜੇਕਰ ਉਹ ਸਾਦਗੀ ਨਾਲ ਦੌੜਦੀ ਤਾਂ ਉਸ ਦੇ ਰਿਕਾਰਡ ਹੋਰ ਵੀ ਬਿਹਤਰ ਹੁੰਦੇ।

ਉਹਦੇ ਮੁਕਾਬਲੇ 'ਚ ਦੌੜਨ ਵਾਲੀਆਂ ਕੁਝ ਅਥਲੀਟਾਂ ਨੇ ਦੋਸ਼ ਲਾਏ ਸਨ ਕਿ ਉਹ ਪ੍ਰਫਾਰਮੈਂਸ ਵਧਾਉਣ ਵਾਲੇ ਸਟੀਰਾਇਡਜ਼ ਲੈਂਦੀ ਹੈ। ਉਨ੍ਹਾਂ ਨੂੰ ਵਿਸ਼ਵਾਸ ਨਹੀਂ ਸੀ ਆ ਰਿਹਾ ਕਿ ਕੁਝ ਕੁ ਮਹੀਨਿਆਂ ਵਿਚ ਹੀ ਉਹਦੀਆਂ ਦੌੜਾਂ ਦਾ ਸਮਾਂ ਐਨਾ ਕਿਵੇਂ ਆ ਗਿਆ! ਡੈਰਿਲ ਰੌਬਨਸਨ ਨੇ ਤਾਂ ਭੇਤ ਵੀ ਖੋਲ੍ਹ ਦਿੱਤਾ ਕਿ ਉਸ ਨੇ 10 ਮਿਲੀਮੀਟਰ ਦਾ ਗ੍ਰੋਥ ਹਾਰਮੋਨ ਉਸ ਨੂੰ 2000 ਡਾਲਰ ਵਿਚ ਵੇਚਿਆ ਸੀ। ਪਰ ਉਸ ਦੇ ਕੋਚ ਅਲ ਜੋਏਨਰ ਤੇ ਬੌਬ ਕਰਸੀ ਨੇ ਕਿਹਾ ਕਿ ਉਨ੍ਹਾਂ ਨੇ ਉਸ ਨੂੰ ਲੱਤਾਂ ਦੇ ਪੱਠੇ ਹੋਰ ਤਕੜੇ ਕਰਨ ਦੀ ਕੋਚਿੰਗ ਦਿੱਤੀ ਸੀ। ਫਲੋਅ ਜੋਅ ਦੇ ਇਕ ਵਾਰ ਨਹੀਂ, ਕਈ ਵਾਰ ਡੋਪ ਟੈਸਟ ਹੋਏ। ਉਹ ਕਦੇ ਵੀ ਪਾਜ਼ੇਟਿਵ ਨਹੀਂ ਆਈ ਭਾਵ ਡਰੱਗੀ ਨਹੀਂ ਸੀ ਨਿਕਲੀ।

ਉਹ ਚੰਗੀ ਭਲੀ ਸੀ ਕਿ 21 ਸਤੰਬਰ 1998 ਨੂੰ ਨੀਂਦ ਵਿਚ ਕੈਲੇਫੋਰਨੀਆ ਕੈਨੀਅਨ ਕਰੈਸਟ ਦੇ ਗੁਆਂਢ ਮਿਸ਼ਨ ਵੀਜੋ ਵਿਚ ਸਦੀਵੀ ਵਿਛੋੜਾ ਦੇ ਗਈ। ਉਸ ਦਾ ਨਾਂ ਹਾਲ ਆਫ਼ ਫੇਮ ਵਿਚ ਸ਼ਾਮਲ ਕੀਤਾ ਗਿਆ। ਜਿਸ ਸਕੂਲ ਵਿਚ ਉਹ ਪੜ੍ਹੀ ਸੀ ਉਹਦਾ ਨਾਂ 2000 ਵਿਚ ਫਲੋਰੈਂਸ ਗ੍ਰਿਫ਼ਥ ਜੋਏਨਰ ਐਲੀਮੈਂਟਰੀ ਸਕੂਲ ਰੱਖਿਆ ਗਿਆ। ਉਸ ਦੀ ਕਬਰ ਐਲ ਟੋਰੋ ਮੈਮੋਰੀਅਲ ਪਾਰਕ, ਲੇਕ ਫੋਰੈਸਟ, ਕੈਲੇਫੋਰਨੀਆ ਵਿਚ ਹੈ। ਉਸ ਨੇ ਪੰਜ ਮੈਡਲ ਓਲੰਪਿਕ ਖੇਡਾਂ 'ਚੋਂ ਜਿੱਤੇ ਤੇ ਦੋ ਵਿਸ਼ਵ ਚੈਂਪੀਅਨਸ਼ਿਪਾਂ ਵਿਚੋਂ। ਸਾਰੇ ਮੈਡਲਾਂ ਦੀ ਗਿਣਤੀ ਤਾਂ ਸੌ ਤੋਂ ਵੀ ਵੱਧ ਹੋਵੇਗੀ। ਉਸ ਦੇ ਕਥਨ ਸਨ:

'ਜਿਹੜੇ ਕਹਿੰਦੇ ਹਨ ਕਿ ਮੈਂ ਡੋਪਿੰਗ ਕਰਦੀ ਹਾਂ, ਉਹ ਹਰ ਹਫ਼ਤੇ ਮੈਨੂੰ ਚੈਕ ਕਰ ਸਕਦੇ ਹਨ। ਕਾਮਯਾਬੀ ਦੀ ਪੌੜੀ ਮਿਹਨਤ ਹੈ ਨਾ ਕਿ ਡਰੱਗ। ਜੇ ਤੁਸੀਂ ਮਰਦਾਂ ਵਾਂਗ ਦੌੜਨਾ ਹੈ ਤਾਂ ਮਰਦਾਂ ਜਿੰਨੀ ਸਖ਼ਤ ਮਿਹਨਤ ਕਰੋ। ਮੈਂ ਹਮੇਸ਼ਾਂ ਮੈਡਲ ਜਿੱਤਣ ਲਈ ਦੌੜੀ ਨਾ ਕਿ ਰਿਕਾਰਡ ਰੱਖਣ ਲਈ। ਸਖ਼ਤ ਮਿਹਨਤ ਦਾ ਕੋਈ ਸਾਨੀ ਨਹੀਂ ਹੁੰਦਾ। ਮੈਂ ਸਖ਼ਤ ਮਿਹਨਤ ਕੀਤੀ। ਵੀਹ ਸਾਲਾਂ ਤੋਂ ਵੱਧ ਟਰੈਕ ਵਿਚ ਰਹੀ। ਮੈਨੂੰ ਜਿੱਤਾਂ ਨਾਲੋਂ ਹਾਰਾਂ ਵੱਧ ਮਿਲੀਆਂ। ਦੌੜਨਾ ਮੇਰਾ ਸ਼ੁਗਲ ਰਿਹਾ। ਫਲੋਅ ਜੋਅ ਦੀਆਂ ਤੇਜ਼-ਤਰਾਰ ਦੌੜਾਂ ਤੇ ਭੜਕੀਲੇ ਫੈਸ਼ਨਾਂ ਨੇ ਜਿੱਥੇ ਉਸ ਦੇ ਉਪਾਸਕਾਂ ਨੂੰ ਖ਼ੁਸ਼ ਕੀਤਾ ਉਥੇ ਉਹਦੀ ਅਗਾਊਂ ਹੋਈ ਮੌਤ ਨੇ ਕਰੋੜਾਂ ਲੋਕਾਂ ਨੂੰ ਗ਼ਮਗੀਨ ਵੀ ਕੀਤਾ। ਉਹ ਸੱਚੀਂ 'ਉਡਣ ਪਰੀ' ਸੀ।

# ਅੱਧੀ ਸਦੀ ਦੇ ਕਬੱਡੀ ਕੁਮੈਂਟਰੀ ਦੇ ਬਦਲਦੇ ਰੰਗ

ਸੰਨ 1969-70 ਦੇ ਲਗਪਗ ਜਗਤਪੁਰ ਦੇ ਸਟੇਡੀਅਮ 'ਚ ਪਹਿਲੀ ਵਾਰ ਮੈਂ ਜ਼ਿਲ੍ਹਿਆਂ ਦੇ ਮੈਚਾਂ 'ਚ ਕਬੱਡੀ ਕੁਮੈਂਟਰੀ ਸੁਣੀ ਸੀ। ਜਗਤਪੁਰ ਤੋਂ ਬਾਅਦ ਫਿਰ ਆਰ.ਕੇ. ਆਰੀਆ ਕਾਲਜ ਨਵਾਂ ਸ਼ਹਿਰ ਦੀ ਗਰਾਊਂਡ ਵਿਚ। ਉਸ ਵੇਲੇ ਸ. ਮੁਖਤਿਆਰ ਸਿੰਘ ਜਗਤਪੁਰ ਤੇ ਸ. ਅਮਰਜੀਤ ਸਿੰਘ ਫੋਲੜੀਵਾਲ ਕਬੱਡੀ ਮੈਚਾਂ 'ਚ ਮਾਈਕ ਸੰਭਾਲਦੇ ਸਨ। ਦਰਸ਼ਕਾਂ ਨਾਲ ਉਹ ਕਬੱਡੀ ਖਿਡਾਰੀਆਂ ਦੇ ਨਾਵਾਂ ਦੀ ਸਾਂਝ ਪਾਉਂਦੇ। ਦਰਸ਼ਕ ਹੈਰਾਨ ਹੁੰਦੇ ਸਨ ਕਿ ਖਿਡਾਰੀਆਂ ਦੇ ਨਾਂ ਉਹ ਕਿਵੇਂ ਜਾਣਦੇ ਹਨ। ਦਰਸ਼ਕ ਅਨੰਦ ਮਾਣਦੇ। ਦੇਵੀ ਦਿਆਲ ਤੇ ਰਸਾਲ ਸਿੰਘ ਰਸਾਲੇ ਹੁਣਾਂ ਦੇ ਨਾਂ ਅੱਜ ਵੀ ਮੇਰੇ ਚੇਤਿਆਂ 'ਚ ਵਸੇ ਹੋਏ ਨੇ। ਉਨ੍ਹਾਂ ਤੋਂ ਬਾਅਦ ਦਾਰਾ ਸਿੰਘ ਗਰੇਵਾਲ ਕੁਮੈਂਟਰੀ 'ਚ ਰੰਗ ਭਰਨ ਲੱਗਾ। ਦਾਰਾ ਸਿੰਘ ਗਰੇਵਾਲ ਦਾ ਨਾਂ ਕਬੱਡੀ ਫਿਜ਼ਾਵਾਂ 'ਚ ਗੂੰਜਿਆ।

ਸਮੇਂ-ਸਮੇਂ ਨਾਲ ਹਰ ਚੀਜ਼ ਦਾ ਬਦਲਾਅ ਕੁਦਰਤੀ ਹੈ। ਕਾਇਦੇ-ਕਾਨੂੰਨ ਬਦਲਦੇ ਰਹਿੰਦੇ ਨੇ। ਪੰਜਾਂ ਦਹਾਕਿਆਂ ਬਾਅਦ ਕੁਮੈਂਟਰੀ ਦੇ ਰੰਗ ਵੀ ਬਦਲ ਗਏ। ਕੁਮੈਂਟਰੀ ਸਦਕਾ ਹੀ ਨਵੇਂ ਮੁੰਡਿਆਂ ਨੂੰ ਰੁਜ਼ਗਾਰ ਮਿਲ ਗਿਆ। ਜਹਾਜ਼ਾਂ ਦੇ ਝੂਟੇ ਲੈ ਰਹੇ ਨੇ ਤੇ ਬਹੁਤੇ ਵਿਦੇਸ਼ਾਂ ਵਿਚ ਸੈੱਟ ਹੋ ਗਏ ਨੇ। ਇਹ ਸਿਹਰਾ ਅੰਤਰ-ਰਾਸ਼ਟਰੀ ਕੁਮੈਂਟੇਟਰ ਪ੍ਰੋ. ਮੱਖਣ ਸਿੰਘ ਹਕੀਮਪੁਰ ਹੁਣਾਂ ਨੂੰ ਜਾਂਦਾ ਹੈ। ਪ੍ਰੋ. ਮੱਖਣ ਸਿੰਘ ਪ੍ਰਸਿੱਧ ਖੇਡ-ਲੇਖਕ ਪ੍ਰਿੰਸੀਪਲ ਸਰਵਣ ਸਿੰਘ ਨੂੰ ਆਪਣਾ ਉਸਤਾਦ ਮੰਨਦੇ ਨੇ। ਉਸਤਾਦ-ਸ਼ਾਗਿਰਦ ਜਦੋਂ 'ਕੱਠੇ ਹੋ ਕੇ ਚਲਦੇ ਨੇ ਤਾਂ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋ ਜਾਂਦੀ ਹੈ। ਦੋਵਾਂ ਨੇ ਪੰਜਾਬ ਤੋਂ ਇਲਾਵਾ ਵਿਦੇਸ਼ਾਂ ਦੀ ਧਰਤੀ 'ਤੇ ਕਬੱਡੀ ਮੈਚਾਂ ਦੀ ਸ਼ੁਰੂਆਤ ਕਰਾਈ। ਜਿਨ੍ਹਾਂ 'ਚੋਂ ਨਿਊਯਾਰਕ ਵੀ ਇਕ ਹੈ। ਪ੍ਰੋ. ਮੱਖਣ ਸਿੰਘ ਨਵੇਂ ਕੁਮੈਂਟੇਟਰਾਂ ਨੂੰ ਮਾਈਕ ਫੜਾ ਦਿੰਦੇ ਨੇ। ਲਓ ਬੋਲੋ ਕੀ ਬੋਲਣਾ। ਨਹੀਂ ਤਾਂ ਨਵਿਆਂ ਨੂੰ ਪੁਰਾਣੇ ਸਥਾਪਤ ਕਈ ਕੁਮੈਂਟੇਟਰ ਮਾਈਕ ਤਾਂ ਕੀ ਫੜਾਉਣਾ ਸਗੋਂ ਲਾਗੇ ਵੀ ਨਹੀਂ ਆਉਣ ਦਿੰਦੇ ਤਾਂ ਕਿ ਜਗ੍ਹਾ ਨਾ ਜਾਂਦੀ ਜਾਵੇ। ਨੰਬਰ ਨਾ ਕੱਟੇ ਜਾਣ। ਨਵਾਂ ਗੱਭਰੂ ਕਾਲਾ ਰਛੀਨ ਵੀ ਅੱਜ-ਕੱਲ੍ਹ ਕੁਮੈਂਟਰੀ ਦੀਆਂ ਛਾਵਾਂ ਲਾ ਰਿਹੈ। ਕਾਲਾ ਵੀ ਪ੍ਰੋ. ਮੱਖਣ ਸਿੰਘ ਦਾ ਚੰਡਿਆ ਹੋਇਐ ਪੱਠਾ।

ਖਿਡਾਰੀਆਂ ਦੇ ਨਾਨਕਿਆਂ-ਦਾਦਕਿਆਂ ਦਾ ਹਾਲ ਜੰਤਰੀ ਵਾਲਿਆਂ ਵਾਂਗ ਮਿੱਠੇ-ਮਿੱਠੀ ਬਿਆਨ ਕਰਨਾ ਕਾਬਿਲੇ-ਤਾਰੀਫ਼ ਹੈ। ਦਰਸ਼ਕ ਵੀ ਸੁਣਨਾ ਪਸੰਦ ਕਰਦੇ ਨੇ। ਕੁਮੈਂਟਰੀ ਨਾਲ ਸ਼ੇਅਰੋ-ਸ਼ਾਇਰੀ ਵੀ ਚਲਦੀ ਹੈ। ਸ਼ੇਅਰੋ-ਸ਼ਾਇਰੀ ਹਰ ਕਬੱਡੀ-ਪ੍ਰੇਮੀ ਦੇ ਸ਼ੌਕ ਦਾ ਹਿੱਸਾ ਬਣੀ ਹੋਈ ਹੈ। ਆਪਣੇ ਸਮੇਂ ਦੇ ਸਟਾਰ ਖਿਡਾਰੀ ਦੇਵੀ ਦਿਆਲ ਜੀ ਇਕ ਇੰਟਰਵਿਊ ਵਿਚ ਦੱਸ ਰਹੇ ਸਨ ਕਿ ਅੱਜ-ਕੱਲ੍ਹ ਕਬੱਡੀ ਕੁਮੈਂਟਰੀ ਨਹੀਂ, ਕਬੱਡੀ ਕਵੀਸ਼ਰੀ ਹੋ ਗਈ ਹੈ। ਦਰਸ਼ਕ ਕੁਮੈਂਟਰੀ ਵਾਲਿਆਂ ਦਾ ਡਾਲਰਾਂ/ਪੌਂਡਾਂ ਨਾਲ ਮਾਣ ਵਧਾਉਂਦੇ ਨੇ। ਮਾਇਆ ਦੇਣ ਵਾਲਿਆਂ ਦੇ ਨਾਂ ਮੁੜ ਮੁੜ ਗੂੰਜਦੇ ਨੇ। ਕਈ ਵਾਰ ਤਾਂ ਕੁਮੈਂਟਰੀ ਵਾਲਾ ਭੀੜ ਨੂੰ ਚੀਰਦਾ



ਪ੍ਰਿੰ. ਸਰਵਣ ਸਿੰਘ ਅਤੇ ਪ੍ਰੋ. ਮੱਖਣ ਸਿੰਘ ਹਕੀਮਪੁਰ ਨਾਲ ਇਕਬਾਲ ਜੱਬੋਵਾਲੀਆ।

ਡਾਲਰਾਂ/ਪੌਂਡਾਂ ਵਾਲੇ ਸੱਜਣ ਨੂੰ ਜਾ ਕੇ ਘੁੱਟ ਕੇ ਮਿਲਦਾ ਹੈ। ਪੈਸੇ ਵਾਲੇ ਕੌਣ-ਕੌਣ ਸੱਜਣ ਹੁੰਦੇ ਹਨ ਸਾਰਾ ਪਤਾ ਹੁੰਦੈ। ਜੇਬਾਂ ਗਰਮ ਕਰਨ ਵਾਲਿਆਂ ਦੇ ਨਾਂ ਰਟੇ-ਰਟਾਏ ਹੁੰਦੇ ਨੇ। ਕੁਮੈਂਟਰੀ ਵਾਲੇ ਨੂੰ ਚਾਪਲੂਸੀ ਦੇ ਸਾਜ਼ ਨਹੀਂ ਵਜਾਉਣੇ ਚਾਹੀਦੇ ਸਗੋਂ ਇਨਕਲਾਬੀ ਤਰੰਗਾਂ ਦੀਆਂ ਛਾਵਾਂ ਲਾਉਣੀਆਂ ਚਾਹੀਦੀਆਂ ਨੇ। ਅੱਜ ਦੇ ਵੱਡੇ-ਵੱਡੇ ਬੁਲਾਰੇ ਚਾਪਲੂਸੀ 'ਤੇ ਉਤਰੇ ਹੋਏ ਨੇ, ਜਿਸ ਨਾਲ ਕਬੱਡੀ ਦਾ ਵਿਕਾਸ ਨਹੀਂ, ਘਤੋਤ ਆਉਂਦੀ ਹੈ। ਦਰਸ਼ਕਾਂ 'ਚ ਮਾਯੂਸੀ ਆਉਣੀ ਸੁਭਾਵਿਕ ਹੈ।

ਮੈਂ ਕਿਸੇ ਕਬੱਡੀ-ਮੇਲੇ 'ਤੇ ਗਿਆ ਅਤੇ ਸਟੇਜ 'ਤੇ ਮਾਈਕ ਲੈ ਕੇ ਬੈਠੇ ਕਿਸੇ ਕੁਮੈਂਟਰੀ ਵਾਲੇ ਸੱਜਣ ਨੂੰ ਜਾ ਮਿਲਿਆ। ਹਾਲਾਂਕਿ ਉਹ ਮੈਨੂੰ ਜਾਣਦਾ ਵੀ ਸੀ। ਨਿਊਯਾਰਕ ਵਿਚ ਕਿੰਨੇ ਕੁ ਖੇਡ-ਲੇਖਕ ਨੇ। ਸਿਰਫ਼ ਇਕ ਹੀ ਹੈ ਉਹ ਵੀ ਇਕਬਾਲ ਜੱਬੋਵਾਲੀਆ। ਹੱਥ ਮਿਲਾ ਕੇ ਵਾਪਸ ਆ ਗਿਆ। ਮੇਰੇ ਖੇਡ ਲੇਖਕ ਪਤਾ ਹੋਣ ਦੇ ਬਾਵਜੂਦ ਵੀ ਮੇਰਾ ਜ਼ਿਕਰ ਨਾ ਕੀਤਾ ਕਿਉਂਕਿ ਮੈਂ ਜੇਬ ਗਰਮ ਨਾ ਕੀਤੀ। ਮੈਂ ਕਿਸੇ ਦੀ ਜੇਬ ਕਿਉਂ ਗਰਮ ਕਰਾਂ। ਮੇਰਾ ਆਪਣਾ ਲੈਵਲ ਹੈ। ਮੈਨੂੰ ਲਿਖਦੇ ਨੂੰ ਸੰਤਾਲੀ ਸਾਲ ਹੋ ਗਏ। ਐਸ ਐਨ ਕਾਲਜ ਬੰਗਾ ਤੋਂ ਅੱਜ ਤੱਕ ਲਿਖਦਾ ਆ ਰਿਹਾਂ, ਬਿਨਾਂ ਲਾਲਚ। ਨਿਊਯਾਰਕ ਦੇ ਖੇਡ-ਮੇਲਿਆਂ ਦੀਆਂ ਰਿਪੋਰਟਾਂ ਬਣਾ ਕੇ ਅਖ਼ਬਾਰਾਂ ਵਾਲਿਆਂ ਨੂੰ ਭੇਜਣੀਆਂ ਤੇ ਖਿਡਾਰੀਆਂ, ਪਹਿਲਵਾਨਾਂ ਬਾਰੇ ਲਿਖਣਾ ਮੇਰਾ ਸ਼ੌਕ ਹੈ, ਧੰਦਾ ਨਹੀਂ। ਸ਼ੌਕ ਹਮੇਸ਼ਾਂ ਚਲਦੇ ਰਹਿੰਦੇ ਨੇ, ਧੰਦੇ ਕਦੇ ਚੌਪਟ ਵੀ ਹੋ ਜਾਂਦੇ ਨੇ। ਬੇ-ਲਾਲਚ ਬੁਲਾਰਿਆਂ ਨੂੰ ਦਰਸ਼ਕ ਹੱਥਾਂ 'ਤੇ ਚੁੱਕ ਲੈਂਦੇ ਨੇ। ਹੱਥੀਂ ਛਾਵਾਂ ਕਰਦੇ ਨੇ।

ਇਸ ਗੱਲ ਨੂੰ ਪ੍ਰੋ. ਮੱਖਣ ਸਿੰਘ ਹਕੀਮਪੁਰ ਜੀ ਮਹਾਨ ਨੇ। ਉਨ੍ਹਾਂ ਦੀ ਸਿਫ਼ਤ ਕਰਨੀ ਬਣਦੀ ਹੈ। ਉਹ ਜਿੱਥੇ ਵੀ ਜਾਣ, ਓਥੇ ਦੇ ਨਵੇਂ ਪੁਰਾਣੇ ਖਿਡਾਰੀਆਂ, ਪਹਿਲਵਾਨਾਂ ਅਤੇ ਖੇਡ-ਕਲਮਕਾਰਾਂ ਦੀ ਜਾਣਕਾਰੀ ਜ਼ਰੂਰ ਹਾਸਲ ਕਰ ਲੈਂਦੇ ਨੇ ਤੇ ਮੌਕਾ ਮਿਲਦੇ ਹੀ ਉਨ੍ਹਾਂ ਦਾ ਜ਼ਿਕਰ ਜ਼ਰੂਰ ਕਰਦੇ ਨੇ। ਪ੍ਰੋ. ਸਾਹਿਬ ਨੇ ਕਦੇ ਪੈਸੇ ਨੂੰ ਤਰਜੀਹ ਨਹੀਂ ਦਿੱਤੀ ਸਗੋਂ ਚੰਗੇ ਬੰਦਿਆਂ ਨੂੰ ਬੁੱਕਲ ਵਿਚ ਲੈ ਲੈਂਦੇ ਨੇ। ਅੱਜ ਤਾਹੀਓਂ ਉਨ੍ਹਾਂ ਦੀਆਂ ਸਿਫ਼ਤਾਂ ਹੁੰਦੀਆਂ ਨੇ। ਘਰ ਘਰ ਗੱਲਾਂ ਚਲਦੀਆਂ ਨੇ। ਮੇਰੇ ਖੇਡ ਲੇਖਕ ਹੋਣ ਦੇ ਨਾਤੇ ਅਮਰੀਕਾ ਦੀ ਧਰਤੀ ਹੋਵੇ ਜਾਂ ਪੰਜਾਬ ਦੇ ਖੇਡ-ਮੇਲਿਆਂ 'ਚ ਇਕਬਾਲ ਜੱਬੋਵਾਲੀਏ ਬਾਰੇ ਜ਼ਰੂਰ ਦੋ ਸ਼ਬਦ ਬੋਲਦੇ ਨੇ। ਅਜਿਹੇ ਇਨਸਾਨ ਲੋਕ-ਦਿਲਾਂ 'ਤੇ ਹਮੇਸ਼ਾਂ ਰਾਜ ਕਰਦੇ ਨੇ। ਉਹਦੇ ਲਾਏ ਹੋਏ ਬੂਟੇ ਉਹਦੇ ਰਾਹਾਂ 'ਤੇ ਚਲਦੇ ਹਨ ਜਾਂ ਨਹੀਂ, ਇਹ ਤਾਂ ਵਕਤ ਹੀ ਦੱਸੇਗਾ ਜਾਂ ਫਿਰ ਮਾਇਆ ਨਗਰੀ ਦੀ ਚਕਾਚੌਂਧ ਵਿਚ ਗੁੰਮ ਹੋ ਜਾਣਗੇ। ਦੀਪਕ ਜੈਤੋਈ ਦੀਆਂ ਲਾਈਨਾਂ ਚੇਤੇ ਆ ਗਈਆਂ ਨੇ।

"ਦੋਸਤਾਂ ਤੋਂ ਫ਼ਰੇਬ ਖਾ ਕੇ ਵੀ,
ਦੋਸਤਾਂ ਦਾ ਬੁਰਾ ਨਹੀਂ ਹੁੰਦਾ।
'ਦੀਪਿਕਾ' ਇਕ ਗਰੀਬ ਸ਼ਾਇਰ ਤੋਂ,
ਪੈਸੇ ਵਾਲਾ ਬੜਾ ਨਹੀਂ ਹੁੰਦਾ।"

*-ਇਕਬਾਲ ਸਿੰਘ ਜੱਬੋਵਾਲੀਆ*

# ਮਹਿਲਾ ਰਾਖਵਾਂਕਰਨ ਬਿੱਲ ਦੀ ਹਕੀਕਤ

***ਸਹੀ ਹੋਵੇਗਾ, ਬਿਨਾ ਦੇਰੀ ਇਹ ਬਿੱਲ ਲਾਗੂ ਕਰ ਦਿੱਤਾ ਜਾਵੇ। ਸਾਨੂੰ ਗੁਆਂਢੀ ਮੁਲਕਾਂ ਤੋਂ ਸਿੱਖਣ ਦੀ ਜ਼ਰੂਰਤ ਹੈ। ਨੇਪਾਲ ਵਿਚ 29%, ਅਫ਼ਗਾਨਿਸਤਾਨ ਜਿਸ ਬਾਰੇ ਧਾਰਨਾ ਹੈ ਕਿ ਉਥੇ ਧਾਰਮਿਕ ਕੱਟੜਵਾਦ ਤਹਿਤ ਔਰਤ ਦੀ ਆਜ਼ਾਦੀ ਉਪਰ ਬੰਦਸ਼ਾਂ ਹਨ, ਵਿਚ ਔਰਤਾਂ ਦੀ ਨੁਮਾਇੰਦਗੀ 28% ਹੈ। ਪਾਕਿਸਤਾਨ ਤੇ ਬੰਗਲਾਦੇਸ਼ ਵਿਚ ਇਹ 20-20% ਹੈ। ਨਿਊਜ਼ੀਲੈਂਡ ਅਤੇ ਮੈਕਸਿਕੋ ਵਿਚ 50%, ਸਵੀਡਨ, ਨਾਰਵੇ ਤੇ ਫਿਨਲੈਂਡ ਵਿਚ ਕ੍ਰਮਵਾਰ 46.4%, 46.2% ਤੇ 46% ਨੁਮਾਇੰਦਗੀ ਹੈ। ਵਿਕਸਤ ਦੇਸ਼ਾਂ ਦੀ ਸੂਚੀ ਵਿਚ ਆਉਂਦੇ ਕੁਝ ਮੁੱਖ ਮੁਲਕ ਜਰਮਨੀ, ਯੂ.ਕੇ., ਕੈਨੇਡਾ ਤੇ ਅਮਰੀਕਾ ਵਿਚ ਔਰਤਾਂ ਦੀ ਨੁਮਾਇੰਦਗੀ ਕ੍ਰਮਵਾਰ 35%, 34.6%, 30.7% ਅਤੇ 28.8% ਹੈ। ਭਾਰਤ ਜਿਥੇ ਦਾਅਵਾ ਕੀਤਾ ਜਾਂਦਾ ਹੈ ਕਿ ਸਭ ਤੋਂ ਵੱਡਾ ਜਮਹੂਰੀ ਮੁਲਕ ਹੈ, ਉਥੇ ਮੌਜੂਦਾ ਦੌਰ ਵਿਚ ਔਰਤਾਂ ਦੀ ਨੁਮਾਇੰਦਗੀ 15% ਹੈ।***

**ਕੰਵਲਜੀਤ ਕੌਰ ਗਿੱਲ**
ਫੋਨ: +91-98551-22857

ਮਹਿਲਾ ਰਾਖਵਾਂਕਰਨ ਬਿੱਲ ਸੰਸਦ ਨੇ ਪਾਸ ਕਰ ਦਿੱਤਾ ਹੈ। ਇਹ ਬਿੱਲ 27 ਸਾਲਾਂ ਤੋਂ ਪਾਈਪ ਲਾਈਨ ਵਿਚ ਸੀ। ਚਾਰ ਵਾਰ ਪੇਸ਼ ਵੀ ਕੀਤਾ ਗਿਆ ਪਰ ਕਿਸੇ ਨਾ ਕਿਸੇ ਕਾਰਨ ਅੰਤਿਮ ਪੜਾਅ 'ਤੇ ਆ ਕੇ ਪਾਸ ਹੋਣ ਤੋਂ ਰਹਿ ਜਾਂਦਾ ਰਿਹਾ। ਇਹ ਬਿੱਲ ਮੁਲਕ ਦੀ ਅੱਧੀ ਆਬਾਦੀ ਨਾਲ ਸਬੰਧਿਤ ਹੀ ਨਹੀਂ, ਉਸ ਨੂੰ ਸੰਬੋਧਿਤ ਵੀ ਹੈ। ਜਿਸ ਮੁਲਕ ਜਾਂ ਸਮਾਜ ਵਿਚ ਔਰਤਾਂ ਨੂੰ ਮਰਦਾਂ ਬਰਾਬਰ ਦਰਜਾ ਦਿੱਤਾ ਜਾਂਦਾ ਹੈ, ਉਹੀ ਕੌਮਾਂ ਤਰੱਕੀ ਕਰਦੀਆਂ ਹਨ। ਆਰਥਿਕ ਅਤੇ ਸਮਾਜਿਕ ਵਿਕਾਸ ਵਾਸਤੇ ਮੈਨੂਫੈਕਚਰਿੰਗ ਸੈਕਟਰ ਵਿਚ ਪੂੰਜੀ ਨਿਵੇਸ਼ ਦੇ ਨਾਲ ਨਾਲ ਸਮਾਜਿਕ ਸੇਵਾਵਾਂ ਦੇ ਖੇਤਰ ਵਿਚ ਵੀ ਨਿਵੇਸ਼ ਦੀ ਜ਼ਰੂਰਤ ਹੁੰਦੀ ਹੈ। ਇਸ ਨਾਲ ਗੁਣਵੱਤਾ ਪੱਖੋਂ ਵਧੀਆ ਮਨੁੱਖੀ ਸ੍ਰੋਤ ਪੈਦਾ ਹੁੰਦੇ ਹਨ। ਸਿਹਤ, ਸਿੱਖਿਆ, ਰੁਜ਼ਗਾਰ ਅਤੇ ਸਿਆਸੀ ਫੈਸਲਿਆਂ ਵਿਚ ਜਦੋਂ ਮਰਦ ਔਰਤ ਦੀ ਬਰਾਬਰ ਹਿੱਸੇਦਾਰੀ ਹੋਵੇਗੀ ਤਾਂ ਨਿਸ਼ਚੇ ਹੀ ਸਮਾਜ ਸਹੀ ਢੰਗ ਨਾਲ ਵਿਕਾਸ ਕਰੇਗਾ। ਇਸ ਪ੍ਰਸੰਗ ਵਿਚ ਹੀ ਮਹਿਲਾ ਰਾਖਵਾਂਕਰਨ ਬਿੱਲ ਦੀ ਅਹਿਮੀਅਤ ਹੈ। ਔਰਤ ਦੀ ਚੰਗੀ ਸਿਹਤ ਅਤੇ ਮਿਆਰੀ ਸਿੱਖਿਆ ਸਿੱਧੇ ਤੌਰ 'ਤੇ ਘਰ ਪਰਿਵਾਰ ਦੀ ਬਣਤਰ ਅਤੇ ਖੁਸ਼ਹਾਲੀ ਨੂੰ ਪ੍ਰਭਾਵਿਤ ਕਰਦੀ ਹੈ। ਰੁਜ਼ਗਾਰ ਵਿਚ ਸ਼ਮੂਲੀਅਤ ਦਰ ਵਧਦੀ ਹੈ ਅਤੇ ਉਹ ਘਰ ਤੋਂ ਬਾਹਰ ਦੀ ਜ਼ਿੰਦਗੀ ਨਾਲ ਸਬੰਧਿਤ ਸਿਆਸੀ ਫੈਸਲਿਆਂ ਵਿਚ ਵੀ ਬੇਝਿਜਕ ਸ਼ਾਮਲ ਹੁੰਦੀ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਰਤ ਸਰਕਾਰ ਨੇ ਸੰਵਿਧਾਨ ਦੀ 128ਵੀਂ ਸੋਧ (2023) ਪਿੱਛੋਂ ਬਹੁਤ ਅਹਿਮ ਬਿੱਲ ਪਾਸ ਕੀਤਾ ਜਾਂ ਕਰਵਾਇਆ ਹੈ। ਜੇ ਇਸ ਬਿੱਲ ਨੂੰ ਸਹੀ ਅਰਥਾਂ ਵਿਚ ਅਤੇ ਦ੍ਰਿੜ ਇਰਾਦੇ ਨਾਲ ਤੁਰੰਤ ਲਾਗੂ ਕਰ ਦਿੱਤਾ ਜਾਂਦਾ ਹੈ ਤਾਂ ਨਿਸਚੇ ਹੀ ਇਸ ਦੇ ਹਾਂ ਪੱਖੀ ਸਮਾਜਿਕ, ਆਰਥਿਕ ਅਤੇ ਸਿਆਸੀ ਪ੍ਰਭਾਵ ਪੈਣਗੇ। ਇਹ ਬਿੱਲ ਮੁੱਖ ਰੂਪ ਵਿਚ ਸੰਸਦ ਵਿਚ ਔਰਤਾਂ ਦੀ 33% ਨੁਮਾਇੰਦਗੀ ਨਾਲ ਸਬੰਧਿਤ ਹੈ। ਕੁੱਲ ਵਸੋਂ ਵਿਚ ਜੇ ਮਰਦ ਤੇ ਔਰਤਾਂ ਕ੍ਰਮਵਾਰ 51% ਤੇ 49% ਹਨ ਤਾਂ ਸਿਆਸੀ ਅਦਾਰਿਆਂ ਵਿਚ ਜਿੱਥੇ ਉੱਚ ਪੱਧਰੀ ਫੈਸਲੇ ਹੁੰਦੇ ਹਨ, ਉਨ੍ਹਾਂ ਵਿਚ ਔਰਤਾਂ ਦੀ ਸ਼ਮੂਲੀਅਤ ਘੱਟੋ-ਘੱਟ 33% ਜ਼ਰੂਰੀ ਹੈ।

ਇਸ ਵੇਲੇ ਸੰਸਦ ਵਿਚ ਔਰਤ ਮੈਂਬਰਾਂ ਦੀ ਗਿਣਤੀ 82 ਹੈ ਜਿਹੜਾ ਕੁਲ ਮੈਂਬਰਾਂ ਦਾ ਕੇਵਲ 15% ਹੀ ਹੈ ਜੋ ਵਧ ਕੇ 181 ਹੋ ਜਾਵੇਗੀ। ਇਹ ਬਿੱਲ 1996 ਤੋਂ ਲੈ ਕੇ ਚਾਰ ਵਾਰ ਪੇਸ਼ ਕੀਤਾ ਜਾ ਚੁੱਕਿਆ ਹੈ। 2010 ਨੂੰ ਰਾਜ ਸਭਾ ਵਿਚ ਰੌਲੇ ਰੱਪੇ ਦੇ ਬਾਵਜੂਦ ਇਹ ਪਾਸ ਵੀ ਕਰ ਦਿੱਤਾ ਗਿਆ ਪਰ ਕਈ ਪਾਸਿਆਂ ਤੋਂ ਕੁਝ ਨੁਕਤਿਆਂ ਬਾਰੇ ਸਹਿਮਤੀ ਨਾ ਹੋਣ ਕਾਰਨ ਲਾਗੂ ਨਹੀਂ ਕੀਤਾ ਜਾ ਸਕਿਆ; ਭਾਵੇਂ 73ਵੀਂ ਤੇ 74ਵੀਂ ਸੋਧ ਕਰ ਕੇ ਪੰਚਾਇਤੀ ਪੱਧਰ 'ਤੇ ਅਤੇ ਸ਼ਹਿਰੀ ਲੋਕਲ ਬਾਡੀਜ਼ ਲਈ ਇਹ ਲਾਗੂ ਹੋ ਗਿਆ ਸੀ। ਐਤਕੀਂ ਬਿੱਲ ਦਾ ਬਹੁਤਾ ਵਿਰੋਧ ਨਹੀਂ ਹੋਇਆ; ਵਿਰੋਧ ਕੇਵਲ ਇਸ ਵਿਚ ਵਰਤੀ ਸ਼ਬਦਾਵਲੀ ਅਤੇ ਇਸ ਨੂੰ ਲਾਗੂ ਕਰਨ ਦੇ ਕੁਝ ਮੁੱਦਿਆਂ ਬਾਰੇ ਹੈ।



ਜੇ ਬਿੱਲ ਲਾਗੂ ਹੁੰਦਾ ਹੈ ਤਾਂ ਆਸ ਕੀਤੀ ਜਾ ਰਹੀ ਹੈ ਕਿ ਇਹ ਨਾਰੀ ਸ਼ਕਤੀ ਦਾ ਪ੍ਰਤੀਕ ਹੋਵੇਗਾ। ਇਸ ਨਾਲ ਭਾਰਤੀ ਸਮਾਜ ਲਿੰਗ ਸਮਾਨਤਾ ਵੱਲ ਤੁਰੇਗਾ। ਸਮੱਸਿਆਵਾਂ ਦਾ ਹੱਲ ਵੱਖ ਵੱਖ ਮੁੱਦਿਆਂ ਦੀ ਅਹਿਮੀਅਤ ਦੇ ਆਧਾਰ 'ਤੇ ਹੋਵੇਗਾ। ਸਿਹਤ, ਸਿੱਖਿਆ, ਰੁਜ਼ਗਾਰ ਅਤੇ ਇਨਸਾਫ਼ ਜਿਹੇ ਮਸਲਿਆਂ ਵੱਲ ਵਿਸ਼ੇਸ਼ ਤਵੱਜੋ ਦਿੱਤੀ ਜਾਵੇਗੀ। ਇਸ ਨਾਲ ਸੀਮਤ ਵਿੱਤੀ ਸਾਧਨਾਂ ਦੀ ਯੋਗ ਵਰਤੋਂ ਹੋਵੇਗੀ। ਇਸ ਤੋਂ ਇਲਾਵਾ ਪ੍ਰਦਰਸ਼ਨ ਪ੍ਰਭਾਵ ਤਹਿਤ ਬਾਕੀ ਔਰਤਾਂ ਵੀ ਉਤਸ਼ਾਹਿਤ ਹੋਣਗੀਆਂ, ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਣਗੀਆਂ ਤੇ ਘਰ ਪਰਿਵਾਰ ਤੋਂ ਬਾਹਰ ਸਿਆਸੀ ਫੈਸਲਿਆਂ ਵਿਚ ਵੀ ਸ਼ਾਮਲ ਹੋਣਗੀਆਂ।

ਸਭ ਤੋਂ ਅਹਿਮ, ਪਹਿਲਾਂ ਤੋਂ ਹੀ ਔਰਤਾਂ ਦੀ ਅਗਵਾਈ ਤਹਿਤ ਹੋ ਰਹੇ ਵਿਕਾਸ ਨੂੰ ਹੋਰ ਮਜ਼ਬੂਤੀ ਮਿਲੇਗੀ। ਕਹਿ ਸਕਦੇ ਹਾਂ ਕਿ ਔਰਤਾਂ ਦੀ ਭੂਮਿਕਾ ਸਰਕਾਰੀ ਅਦਾਰਿਆਂ ਵਿਚ ਵਧਣ ਕਾਰਨ ਕੰਮ-ਕਾਜ ਵਧੇਰੇ ਕੁਸ਼ਲਤਾ ਪੂਰਬਕ, ਸਮਾਜਿਕ ਨਿਆਂ ਤਹਿਤ, ਮਰਦ ਔਰਤ ਬਰਾਬਰੀ ਦੇ ਅਸੂਲਾਂ ਦੀ ਪਾਲਣਾ ਕਰਦੇ ਹੋਏ ਚਲਾਉਣਾ ਸੰਭਵ ਹੋਵੇਗਾ। ਸਮਾਜਿਕ ਸਮਾਨਤਾ, ਸਿਆਸੀ ਸ਼ਮੂਲੀਅਤ ਅਤੇ ਆਰਥਿਕ ਵਿਕਾਸ ਵਿਚ ਤੇਜ਼ੀ ਆਵੇਗੀ। ਇਵੇਂ ਬਰਾਬਰੀ ਅਤੇ ਸ਼ਮੂਲੀਅਤ ਵਾਲਾ ਵਿਕਾਸ ਹੋਵੇਗਾ।

ਜਿਥੋਂ ਤੱਕ ਮਹਿਲਾ ਰਾਖਵਾਂਕਰਨ ਬਿੱਲ ਨੂੰ ਲਾਗੂ ਕਰਨ ਦਾ ਸਵਾਲ ਹੈ, ਸਪੱਸ਼ਟ ਕੀਤਾ ਗਿਆ ਹੈ ਕਿ ਇਸ ਦਾ ਫੈਸਲਾ 2026 ਤੋਂ ਬਾਅਦ ਹੋਵੇਗਾ। 2021 ਵਿਚ ਕੋਵਿਡ-19 ਮਹਾਮਾਰੀ ਕਾਰਨ ਮਰਦਮਸ਼ੁਮਾਰੀ ਦਾ ਕੰਮ ਨਹੀਂ ਕੀਤਾ ਜਾ ਸਕਿਆ, ਭਾਵੇਂ ਉਸ ਤੋਂ ਬਾਅਦ ਹਾਲਾਤ ਠੀਕ ਹੋ ਜਾਣ ਮਗਰੋਂ ਵੀ ਇਸ ਅਮਲ ਨੂੰ ਅੱਗੇ ਪਾਇਆ ਜਾ ਰਿਹਾ ਹੈ ਪਰ ਇਹ ਤੈਅ ਹੈ ਕਿ ਪਹਿਲਾਂ ਮਰਦਮਸ਼ੁਮਾਰੀ ਦਾ ਕੰਮ ਨੇਪਰੇ ਚਾੜ੍ਹਿਆ ਜਾਵੇਗਾ, ਉਸ ਤੋਂ ਬਾਅਦ ਹਲਕਿਆਂ ਦੀ ਪੁਨਰ-ਹੱਦਬੰਦੀ ਕੀਤੀ ਜਾਵੇਗੀ। ਉਸ ਤਹਿਤ ਉਸ ਇਲਾਕੇ ਜਾਂ ਹਲਕੇ ਦੀਆਂ ਸੀਟਾਂ ਅਤੇ ਰਾਖਵੇਂਕਰਨ ਦਾ ਕੰਮ ਸੰਭਵ ਹੋਵੇਗਾ। ਇਉਂ ਇਹ ਸਾਰਾ ਕੁਝ 2029 ਤੋਂ ਪਹਿਲਾਂ ਆਰੰਭ ਕਰਨਾ ਸੰਭਵ ਨਹੀਂ।

ਇਥੇ ਪ੍ਰਸ਼ਨ ਉੱਠਦਾ ਹੈ ਕਿ 2014 ਵਿਚ ਕੇਂਦਰ ਵਿਚ ਭਾਜਪਾ ਸਰਕਾਰ ਪੂਰਨ ਬਹੁਮਤ ਨਾਲ ਆ ਗਈ ਸੀ, ਫਿਰ ਵੀ 9 ਸਾਲਾਂ ਤੋਂ ਵਧੇਰੇ ਸਮਾਂ ਬੀਤਣ ਬਾਅਦ ਅਚਨਚੇਤ ਇਹ ਬਿੱਲ ਲਾਗੂ ਕਰਵਾਉਣ ਦਾ ਵਿਚਾਰ ਕਿਉਂ ਆਇਆ? ਨਾਲ ਹੀ ਇਹ ਕਹਿਣਾ ਕਿ ਅਸਲ ਵਿਚ ਇਹ 2029 ਤੋਂ ਬਾਅਦ ਹੀ ਲਾਗੂ ਹੋ ਸਕੇਗਾ। ਕੇਂਦਰ ਦੇ ਇਸ ਵਿਹਾਰ ਤੋਂ ਸਪੱਸ਼ਟ ਹੈ ਕਿ ਇਹ ਬਿਲ 2024 ਦੀਆਂ ਚੋਣਾਂ ਲਈ ਵਰਤਿਆ ਜਾਣ ਵਾਲਾ ਜੁਮਲਾ ਮਾਤਰ ਹੈ। ਜੇ ਬਿੱਲ ਬਿਨਾ ਕਿਸੇ ਵਿਰੋਧੀ ਵੋਟ ਦੇ ਪਾਸ ਹੋ ਗਿਆ ਹੈ ਤਾਂ ਫਿਰ ਇਸ ਨੂੰ ਤੁਰੰਤ ਲਾਗੂ ਕਿਉਂ ਨਹੀਂ ਕੀਤਾ ਜਾਂਦਾ? ਰਾਖਵੇਂਕਰਨ ਤਹਿਤ ਤੁਸੀਂ 2011 ਦੀ ਮਰਦਮਸ਼ੁਮਾਰੀ ਅਨੁਸਾਰ ਸੀਟਾਂ ਦਾ ਬਣਦਾ ਹਿੱਸਾ ਕਿਉਂ ਨਹੀਂ ਦੇ ਸਕਦੇ? ਜੇ ਨੋਟਬੰਦੀ ਵਰਗੇ ਅਹਿਮ ਫੈਸਲੇ ਦਾ ਐਲਾਨ ਖੜ੍ਹੇ ਪੈਰ ਕਰ ਕੇ ਤੁਰੰਤ ਲਾਗੂ ਕਰਨ ਦੇ ਹੁਕਮ ਦਿੱਤੇ ਜਾ ਸਕਦੇ ਹਨ ਤਾਂ ਇਸ ਬਿੱਲ ਬਾਰੇ ਟਾਲਮਟੋਲ ਕਿਉਂ? ਬਿੱਲ ਬਾਕੀ ਅਨੁਸੂਚਿਤ ਜਾਤਾਂ, ਜਨ-ਜਾਤਾਂ ਅਤੇ ਮੁਸਲਿਮ ਭਾਈਚਾਰੇ ਦੀਆਂ ਔਰਤਾਂ ਦੀਆਂ ਰਾਖਵੀਆਂ ਸੀਟਾਂ ਬਾਰੇ ਚੁੱਪ ਹੈ। ਇਸੇ ਲਈ ਇਸ ਵਿਚ ਰਿਜ਼ਰਵ ਕੋਟੇ ਵਿਚੋਂ ਕੋਟੇ ਦੀ ਮੰਗ ਕੀਤੀ ਜਾ ਰਹੀ ਹੈ। ਕਾਂਗਰਸ ਨੇ ਜਾਤ ਆਧਾਰਿਤ ਮਰਦਮਸ਼ੁਮਾਰੀ ਕਰਵਾਉਣ ਦੀ ਮੰਗ ਦੁਹਰਾਈ ਹੈ ਤਾਂ ਕਿ ਇਸ 33% ਰਾਖਵੇਂਕਰਨ ਤਹਿਤ ਹਾਸ਼ੀਏ 'ਤੇ ਆਉਂਦੀਆਂ ਉਨ੍ਹਾਂ ਔਰਤਾਂ ਦੀ ਵੀ ਸਹੀ ਨੁਮਾਇੰਦਗੀ ਹੋ ਸਕੇ। ਰਾਜਨੀਤੀ ਵਿਚ ਬਿਰਾਜਮਾਨ ਕੁਝ ਪਤਵੰਤੇ ਸੱਜਣ ਕਹਿ ਰਹੇ ਹਨ ਕਿ ਮਹਿਲਾ ਰਾਖਵਾਂਕਰਨ ਸੰਵਿਧਾਨਿਕ ਤੌਰ 'ਤੇ ਲਿੰਗ ਬਰਾਬਰੀ ਵਾਲੇ ਨੁਕਤੇ ਦੇ ਵਿਰੁੱਧ ਹੈ ਕਿਉਂਕਿ ਇਸ ਨਾਲ ਤੁਸੀਂ ਮੈਰਿਟ ਨਾਲੋਂ ਲਿੰਗ (ਜੈਂਡਰ) ਨੂੰ ਅਹਿਮੀਅਤ ਦੇ ਰਹੇ ਹੋ। ਇਹ ਸਰਾਸਰ ਬਹਾਨਾ ਹੈ। ਵਿਦਿਅਕ ਅਦਾਰਿਆਂ ਵਿਚ ਰਿਜ਼ਰਵੇਸ਼ਨ ਦੇ ਆਧਾਰ 'ਤੇ ਹੁੰਦੇ ਦਾਖਲਿਆਂ ਵਿਚ ਸਭ ਕੁਝ ਸਪੱਸ਼ਟ ਕੀਤਾ ਜਾਂਦਾ ਹੈ ਅਤੇ ਇਹ ਪ੍ਰਕਿਰਿਆ ਕਾਫੀ ਸਮੇਂ ਤੋਂ ਚਲ ਰਹੀ ਹੈ।

ਇਸ ਬਿੱਲ ਨੂੰ 'ਨਾਰੀ ਸ਼ਕਤੀ ਵੰਦਨ ਅਧਨਿਯਿਮ' ਦਾ ਨਾਂ ਦਿੱਤਾ ਗਿਆ ਹੈ; ਭਾਵ, 'ਪ੍ਰਾਰਥਨਾ ਉਪਰੰਤ ਮਿਲੀ ਦਾਤ'। ਇਹ ਵਾਜਬਿ ਨਹੀਂ। ਇਹ ਤਾਂ ਔਰਤਾਂ ਦਾ ਹੱਕ ਹੈ, ਕੋਈ ਖ਼ੈਰਾਤ ਨਹੀਂ। ਇਸ ਲਈ ਇਸ ਦਾ ਨਾਮ ਮਹਿਲਾ ਰਾਖਵਾਂਕਰਨ ਬਿੱਲ ਹੀ ਹੋਣਾ ਚਾਹੀਦਾ ਹੈ, ਨਾਰੀ ਸ਼ਕਤੀ ਵੰਦਨ ਅਧਨਿਯਿਮ ਨਹੀਂ। ਇਸ ਵਕਤ ਜਦੋਂ ਬਿੱਲ ਲਾਗੂ ਕਰਨ ਦਾ ਕਾਰਜ ਆਰੰਭ ਹੋਣਾ ਹੈ ਤਾਂ ਬਿੱਲ ਪਾਸ ਕਰਵਾਉਣ ਵੇਲੇ ਕੀਤੇ ਦਾਅਵਿਆਂ ਵੱਲ ਵਿਸ਼ੇਸ਼ ਧਿਆਨ ਦੇਣਾ ਪਵੇਗਾ। ਸਵਾਲ ਪੁੱਛੇ ਜਾ ਰਹੇ ਹਨ ਕਿ ਔਰਤਾਂ ਦੀ ਰਿਜ਼ਰਵੇਸ਼ਨ ਨਾਲ ਨਾਰੀ ਸ਼ਕਤੀਕਰਨ ਹੋ ਜਾਵੇਗਾ? ਪਿੰਡਾਂ ਦੀਆਂ ਪੰਚਾਇਤਾਂ ਵਿਚ ਔਰਤ ਸਰਪੰਚ ਤੇ ਪੰਚਾਂ ਵਿਚ ਕਿੰਨੀਆਂ ਕੁ ਔਰਤਾਂ ਆਜ਼ਾਦੀ ਨਾਲ ਫੈਸਲੇ ਕਰ ਰਹੀਆਂ ਹਨ, ਇਹ ਕਿਸੇ ਤੋਂ ਛੁਪਿਆ ਨਹੀਂ। ਹਾਂ, ਸੀਮਤ ਤੌਰ 'ਤੇ ਭਾਵੇਂ ਫ਼ਰਕ ਪਿਆ ਹੋਵੇ। ਇਸ ਤੋਂ ਇਲਾਵਾ ਸਿਆਸਤ ਵਿਚ ਵੀ ਕਿੰਨੀਆਂ ਕੁ ਔਰਤਾਂ ਹਨ ਜੋ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੁੰਦੇ ਹੋਏ ਬੇਖੌਫ਼ ਤੇ ਬੇਝਿਜਕ ਆਪਣੀ ਆਵਾਜ਼ ਉਠਾ ਸਕਦੀਆਂ ਹਨ? ਉਨ੍ਹਾਂ ਦੇ ਘਰੇਲੂ ਕੰਮ ਨੂੰ ਤਾਂ ਅਜੇ ਤਕ ਸਹੀ ਅਰਥਾਂ ਵਿਚ ਮਾਨਤਾ ਨਹੀਂ ਦਿੱਤੀ ਗਈ। ਜੇ ਉਹ ਰੁਜ਼ਗਾਰ ਮੰਡੀ ਵਿਚ ਬਾਹਰ ਜਾ ਕੇ ਕੰਮ ਨਹੀਂ ਕਰਦੀ ਤਾਂ ਉਸ ਨੂੰ 'ਘਰੇ ਰਹਿੰਦੀ ਔਰਤ' ਜਾਂ 'ਇਹ ਕੁਝ ਨਹੀਂ ਕਰਦੀ' ਹੀ ਗਰਦਾਨਿਆ ਜਾਂਦਾ ਹੈ। ਜਦੋਂ ਤੱਕ ਮਰਦ ਪ੍ਰਧਾਨ ਸਮਾਜ ਵਿਚ ਮਰਦਾਂ ਦੀ ਔਰਤ ਵਿਰੋਧੀ ਮਾਨਸਿਕਤਾ ਵਿਚ ਤਬਦੀਲੀ ਨਹੀਂ ਹੁੰਦੀ, ਜਿੰਨੇ ਮਰਜ਼ੀ ਕਾਨੂੰਨ ਬਣਾ ਲਓ, ਹਾਲਾਤ ਵਿਚ ਜ਼ਿਕਰਯੋਗ ਸੁਧਾਰ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਔਰਤ ਵਿਰੁੱਧ ਹਿੰਸਾ, ਜਨਿਸੀ ਸੋਸ਼ਣ, ਹਰ ਖੇਤਰ ਵਿਚ ਵਿਤਕਰਾ ਉਵੇਂ ਹੀ ਜਾਰੀ ਹੈ। ਕੀ ਇਨ੍ਹਾਂ ਵਿਰੁੱਧ ਕਾਨੂੰਨ ਨਹੀਂ ਹਨ? ਇਸ ਲਈ ਕਾਨੂੰਨ ਲਾਗੂ ਕਰਨ ਲਈ ਜ਼ਮੀਨੀ ਪੱਧਰ 'ਤੇ ਸਮਾਜਿਕ ਤੇ ਆਰਥਿਕ ਸੁਧਾਰ ਓਨੇ ਹੀ ਜ਼ਰੂਰੀ ਹਨ, ਜਿੰਨੇ ਕਾਨੂੰਨ ਬਣਾਉਣੇ।

ਸਹੀ ਹੋਵੇਗਾ, ਬਿਨਾ ਦੇਰੀ ਇਹ ਬਿੱਲ ਲਾਗੂ ਕਰ ਦਿੱਤਾ ਜਾਵੇ। ਸਾਨੂੰ ਗੁਆਂਢੀ ਮੁਲਕਾਂ ਤੋਂ ਸਿੱਖਣ ਦੀ ਜ਼ਰੂਰਤ ਹੈ। ਨੇਪਾਲ ਵਿਚ 29%, ਅਫ਼ਗਾਨਿਸਤਾਨ ਜਿਸ ਬਾਰੇ ਧਾਰਨਾ ਹੈ ਕਿ ਉਥੇ ਧਾਰਮਿਕ ਕੱਟੜਵਾਦ ਤਹਿਤ ਔਰਤ ਦੀ ਆਜ਼ਾਦੀ ਉਪਰ ਬੰਦਸ਼ਾਂ ਹਨ, ਵਿਚ ਔਰਤਾਂ ਦੀ ਨੁਮਾਇੰਦਗੀ 28% ਹੈ। ਪਾਕਿਸਤਾਨ ਤੇ ਬੰਗਲਾਦੇਸ਼ ਵਿਚ ਇਹ 20-20% ਹੈ। ਨਿਊਜ਼ੀਲੈਂਡ ਅਤੇ ਮੈਕਸਿਕੋ ਵਿਚ 50%, ਸਵੀਡਨ, ਨਾਰਵੇ ਤੇ ਫਿਨਲੈਂਡ ਵਿਚ ਕ੍ਰਮਵਾਰ 46.4%, 46.2% ਤੇ 46% ਨੁਮਾਇੰਦਗੀ ਹੈ। ਵਿਕਸਤ ਦੇਸ਼ਾਂ ਦੀ ਸੂਚੀ ਵਿਚ ਆਉਂਦੇ ਕੁਝ ਮੁੱਖ ਮੁਲਕ ਜਰਮਨੀ, ਯੂ.ਕੇ., ਕੈਨੇਡਾ ਤੇ ਅਮਰੀਕਾ ਵਿਚ ਔਰਤਾਂ ਦੀ ਨੁਮਾਇੰਦਗੀ ਕ੍ਰਮਵਾਰ 35%, 34.6%, 30.7% ਅਤੇ 28.8% ਹੈ। ਭਾਰਤ ਜਿਥੇ ਦਾਅਵਾ ਕੀਤਾ ਜਾਂਦਾ ਹੈ ਕਿ ਸਭ ਤੋਂ ਵੱਡਾ ਜਮਹੂਰੀ ਮੁਲਕ ਹੈ, ਉਥੇ ਮੌਜੂਦਾ ਦੌਰ ਵਿਚ ਔਰਤਾਂ ਦੀ ਨੁਮਾਇੰਦਗੀ 15% ਹੈ। ਔਰਤਾਂ ਦੀ ਅਗਵਾਈ ਹੇਠ ਇਹ ਕਿਹੋ ਜਿਹਾ ਆਰਥਿਕ ਵਿਕਾਸ ਹੈ? ਮਹਿਲਾ ਸ਼ਕਤੀਕਰਨ ਦਾ ਆਉਣ ਵਾਲੀ ਪੀੜ੍ਹੀ ਉਪਰ ਚਿਰ ਸਦੀਵੀ ਪ੍ਰਭਾਵ ਦੇਖਣ ਲਈ ਅਸਲੀਅਤ ਅਤੇ ਦਾਅਵਿਆਂ ਵਿਚਲਾ ਅੰਤਰ ਖ਼ਤਮ ਕਰਨਾ ਮੌਜੂਦਾ ਸਰਕਾਰਾਂ ਦੀ ਜ਼ਿੰਮੇਵਾਰੀ ਹੈ ਤਾਂ ਹੀ ਇਸ ਬਿੱਲ ਦਾ ਕੋਈ ਅਰਥ ਹੋਵੇਗਾ। ਲੋਕ ਪੱਖੀ ਜਮਹੂਰੀ ਲਹਿਰਾਂ ਤੇ ਔਰਤ ਜਥੇਬੰਦੀਆਂ ਨੂੰ ਵੀ ਬਿਲ ਨੂੰ ਸਹੀ ਅਰਥਾਂ ਵਿਚ ਲਾਗੂ ਕਰਵਾਉਣ ਲਈ ਕਿਰਿਆਸ਼ੀਲ ਹੋਣ ਦੀ ਜ਼ਰੂਰਤ ਹੈ।

# ਅੱਜ ਦੇ ਵਕਤਾਂ ਵਿਚ ਔਰਤਾਂ ਦੀ ਨੁਮਾਇੰਦਗੀ ਦੇ ਮਸਲੇ

**ਸੰਗੀਤ ਤੂਰ**
ਫੋਨ: +91-82849-80760

2015 ਵਿਚ ਮੇਰੀ ਇਕ ਸਹੇਲੀ ਨੇ ਵਿਆਹ ਤੋਂ ਥੋੜ੍ਹਾ ਚਿਰ ਬਾਅਦ ਵਿਮੈਨ ਵਿੰਗ ਥਾਣੇ ਵਿਚ ਆਪਣੇ ਪਰਦੇਸੀ ਘਰਵਾਲੇ ਖਿਲਾਫ਼ ਜਾਅਲਸਾਜ਼ੀ ਦੀ ਦਰਖ਼ਾਸਤ ਦੇ ਦਿੱਤੀ; ਉਸ ਬੰਦੇ ਦਾ ਬਾਹਰਲੇ ਮੁਲਕ ਵਿਚ ਪਹਿਲਾਂ ਹੀ ਵਿਆਹ ਹੋ ਚੁੱਕਿਆ ਸੀ। ਮਸ਼ਹੂਰ ਔਰਤ ਡੀ.ਐੱਸ.ਪੀ. ਜਿਸ ਨੂੰ ਪੁਲੀਸ ਵਿਚ ਆਹਲਾ ਔਰਤ ਅਧਿਕਾਰੀ ਹੋਣ ਦਾ ਮਾਣ ਹਾਸਿਲ ਸੀ, ਨੇ ਸਾਡੀ ਗੱਲ ਧਿਆਨ ਨਾਲ ਸੁਣੀ ਅਤੇ ਐਕਸ਼ਨ ਦਾ ਭਰੋਸਾ ਦਿੱਤਾ ਪਰ ਦੋ ਦਿਨ ਬਾਅਦ ਇਸ ਮਾਮਲੇ ਦੀ ਰਿਪੋਰਟ ਫਾਈਲ ਕਰਨ ਤੋਂ ਮਨ੍ਹਾ ਕਰ ਦਿੱਤਾ। ਜਦੋਂ ਅਸੀਂ ਦੁਬਾਰਾ ਮਿਲਣ ਗਏ ਤਾਂ ਪਹਿਲਾਂ ਤਾਂ ਸਾਨੂੰ ਦੋ ਤਿੰਨ ਘੰਟੇ ਉਡੀਕਣਾ ਪਿਆ, ਜਦੋਂ ਮਿਲੇ ਤਾਂ ਉਸ ਦੀਆਂ ਤਲਖ ਫਿਟਕਾਰਾਂ ਸੁਣ ਕੇ ਵਾਪਸ ਆ ਗਏ। ਅਖ਼ੀਰ ਅਸੀਂ ਇਲਾਕੇ ਦੇ ਮਰਦ ਐੱਮ.ਐੱਲ.ਏ. ਨੂੰ ਮਿਲੇ ਅਤੇ ਉਸ ਨੂੰ ਮਦਦ ਲਈ ਕਿਹਾ। ਇਸ ਘਟਨਾ ਤੋਂ ਬਾਅਦ ਮੈਨੂੰ ਅਹੁਦੇ ਦੀ ਤਾਕਤ ਵਾਲੀਆਂ ਥਾਵਾਂ 'ਤੇ ਔਰਤਾਂ ਦੀ ਨੁਮਾਇੰਦਗੀ ਕਾਰਨ ਆਮ ਔਰਤਾਂ ਨੂੰ ਇਨਸਾਫ਼ ਮਿਲਣ ਦੇ ਦਾਅਵੇ ਖੋਖਲੇ ਲੱਗਣ ਲੱਗ ਪਏ।

ਇਸੇ ਕਰ ਕੇ ਔਰਤ ਰਿਜ਼ਰਵੇਸ਼ਨ ਬਿੱਲ ਜਿਹੜਾ ਹੁਣ ਕਾਨੂੰਨ ਬਣ ਜਾਵੇਗਾ, ਦੀ ਮੈਨੂੰ ਕੋਈ ਬਹੁਤ ਖੁਸ਼ੀ ਨਹੀਂ ਹੋਈ। ਆਮ ਲੋਕਾਂ ਵਾਸਤੇ ਕਿਸੇ ਔਰਤ ਦੇ ਲੋਕ ਸਭਾ ਵਿਚ ਮੈਂਬਰ ਬਣਨ ਦਾ ਕੀ ਮਤਲਬ ਹੈ? ਔਰਤ ਹੋਣ ਦੇ ਨਾਤੇ ਮੈਂ ਔਰਤ ਐੱਮ.ਪੀ. ਤੋਂ ਇਹ ਉਮੀਦ ਕਰਦੀ ਹਾਂ ਕਿ ਉਹ ਔਰਤਾਂ ਦੇ ਮਸਲਿਆਂ ਬਾਰੇ ਜਾਗਰੂਕ ਹੋਵੇ ਅਤੇ ਔਰਤਾਂ ਦੀ ਜ਼ਿੰਦਗੀ ਬਿਹਤਰ ਬਣਾਉਣ ਦੀ ਇੱਛਾ ਰੱਖਦੀ ਹੋਵੇ। ਹਾਲੀਆ ਲੋਕ ਸਭਾ ਵਿਚ ਭਾਵੇਂ ਔਰਤਾਂ ਦੀਆਂ ਸੀਟਾਂ ਰਾਖਵੀਆਂ ਨਹੀਂ, ਉੱਥੇ ਜਿਹੜੀਆਂ ਔਰਤਾਂ ਹਨ, ਉਨ੍ਹਾਂ ਦੀ ਕਾਰਗੁਜ਼ਾਰੀ ਕਿਹੋ ਜਿਹੀ ਹੈ? ਇਕ ਪਾਸੇ ਸੱਤਾਧਾਰੀ ਪਾਰਟੀ ਦੀਆਂ ਔਰਤ ਮੰਤਰੀ ਅਤੇ ਐੱਮ.ਪੀ. ਹਨ ਜਿਨ੍ਹਾਂ ਨੇ ਆਪਣੀ ਪਾਰਟੀ ਦੇ ਬ੍ਰਿਜ ਭੂਸ਼ਨ ਸ਼ਰਨ ਸਿੰਘ 'ਤੇ ਲੱਗੇ ਸਰੀਰਕ ਸ਼ੋਸ਼ਣ ਦੇ ਦੋਸ਼ਾਂ ਨੂੰ ਅੱਖੋਂ ਪਰੋਖੇ ਕੀਤਾ ਅਤੇ ਪੀੜਤ ਪਹਿਲਵਾਨ ਕੁੜੀਆਂ ਨੂੰ ਧਰਨੇ ਮੁਜ਼ਾਹਰੇ ਕਰ ਕੇ ਇਨਸਾਫ਼ ਮੰਗਣਾ ਪਿਆ। ਸੱਤਾਧਾਰੀ ਪਾਰਟੀ ਦੀਆਂ ਔਰਤ ਐੱਮ.ਪੀ. ਉਨ੍ਹਾਂ ਪਹਿਲਵਾਨ ਕੁੜੀਆਂ ਦੀ ਹਮਾਇਤ ਕਰਨ ਲਈ ਵੀ ਨਹੀਂ ਪਹੁੰਚੀਆਂ। ਔਰਤ ਲੋਕ ਸਭਾ ਮੈਂਬਰਾਂ ਵਿਚ ਇਕ ਵਰਗ ਅਦਾਕਾਰਾ ਔਰਤਾਂ ਦਾ ਵੀ ਹੈ, ਇਹ ਮੈਂਬਰਸ਼ਿਪ ਉਨ੍ਹਾਂ ਦੀ ਆਪਣੇ ਅਦਾਕਾਰੀ ਪੇਸ਼ੇ ਦੀ ਸ਼ੋਹਰਤ ਕਾਰਨ ਮਿਲਦੀ ਹੈ; ਉਨ੍ਹਾਂ ਦਾ ਉੱਥੇ ਹੋਣਾ ਨਾਕਾਰਾਤਮਕ ਤਕ ਨਹੀਂ ਪਰ ਇਹ ਸਵਾਲ ਜ਼ਰੂਰ ਖੜ੍ਹੇ ਕਰਦਾ ਹੈ ਕਿ ਕੀ ਉਹ ਔਰਤ ਵਰਗ ਦੀ ਸਹੀ ਨੁਮਾਇੰਦਗੀ ਕਰਦੀਆਂ ਹਨ ਜਾਂ ਨਹੀਂ। ਲੋਕ ਸਭਾ ਵਿਚ ਤ੍ਰਿਣਮੂਲ ਕਾਂਗਰਸ ਦੀ ਮਹੂਆ ਮਿਤਰਾ ਵਰਗੀਆਂ ਔਰਤ ਮੈਂਬਰ ਵੀ ਹਨ ਜਿਨ੍ਹਾਂ ਦੇ ਭਾਸ਼ਣਾਂ ਅਤੇ ਵਿਚਾਰਾਂ ਤੋਂ ਪਤਾ ਲੱਗਦਾ ਹੈ ਕਿ ਇਕ ਸੁਡੌਲ ਸਿਆਸੀ ਸੂਝ-ਬੂਝ ਵਾਲੀ ਔਰਤ ਦਾ ਲੋਕ ਸਭਾ 'ਚ ਹੋਣਾ ਕਿੰਨਾ ਸ਼ਕਤੀਵਰਧਕ ਹੈ। ਇਹ ਤੋਂ ਇਹ ਸਾਬਤ ਹੁੰਦਾ ਹੈ ਕਿ ਸੂਝਵਾਨ ਔਰਤਾਂ ਦਾ ਲੋਕ ਸਭਾ ਵਿਚ ਪਹੁੰਚਣਾ ਜ਼ਿਆਦਾ ਮਹੱਤਵਪੂਰਨ ਹੈ।

ਹੁਣ ਜਦੋਂ ਔਰਤ ਰਾਖਵਾਂਕਰਨ ਕਾਨੂੰਨ ਲਾਗੂ ਹੋ ਜਾਵੇਗਾ ਤਾਂ ਬਹੁਤੇ ਆਸਾਰ ਇਹ ਹਨ ਕਿ ਸਿਆਸੀ ਪਾਰਟੀਆਂ ਉਨ੍ਹਾਂ ਔਰਤ ਉਮੀਦਵਾਰਾਂ ਨੂੰ ਹੀ ਟਿਕਟ ਦੇਣਗੀਆਂ ਜਿਹੜੀਆਂ ਜਿੱਤ ਸਕਦੀਆਂ ਹੋਣ। ਜਿੱਤ ਸਕਣ ਵਾਲੀਆਂ ਜ਼ਿਆਦਾਤਰ ਔਰਤਾਂ ਸਿਆਸੀ ਘਰਾਣਿਆਂ 'ਚੋਂ ਆਉਣਗੀਆਂ। ਸਥਾਪਿਤ ਸਿਆਸੀ ਘਰਾਣਿਆਂ ਦੇ ਪੁੱਤਰਾਂ ਜਾਂ ਭਰਾਵਾਂ ਦੀ ਥਾਂ 'ਤੇ ਪਤਨੀਆਂ, ਧੀਆਂ ਅਤੇ ਭੈਣਾਂ ਲੋਕ ਸਭਾ ਦੀਆਂ ਰਾਖਵੀਆਂ 181 ਸੀਟਾਂ 'ਚੋਂ ਜ਼ਿਆਦਾ ਨੂੰ ਭਰ ਦੇਣਗੀਆਂ। ਪਰਨਾਲਾ ਉੱਥੇ ਦਾ ਉੱਥੇ। ਜੇ ਪਾਰਟੀਆਂ ਟਿਕਟ ਦੇਣ ਵੇਲੇ ਸਿਆਸੀ ਘਰਾਣਿਆਂ ਦੀ ਤਾਕਤ, ਜਾਤ ਤੇ ਜਿੱਤਣ ਸ਼ਕਤੀ ਵਰਗੇ ਸਮੀਕਰਨਾਂ ਨੂੰ ਹੀ ਮੰਨਦੀਆਂ ਰਹਿਣਗੀਆਂ ਤਾਂ ਸਿਆਸੀ ਸੂਝ-ਬੂਝ ਵਾਲੀਆਂ ਔਰਤਾਂ ਜਿਨ੍ਹਾਂ ਨੂੰ ਸਮਾਜਿਕ ਤੇ ਆਰਥਿਕ ਮਸਲਿਆਂ ਦੀ ਸਮਝ ਹੈ, ਦੇ ਲੋਕ ਸਭਾ ਦੀਆਂ 181 ਰਾਖਵੀਆਂ ਮੈਂਬਰਸ਼ਿਪਾਂ ਵਿਚ ਨੁਮਾਇੰਦਗੀ ਦੇ ਆਸਾਰ ਬਹੁਤ ਘੱਟ ਹਨ।

ਔਰਤਾਂ ਜਦੋਂ ਸੱਤਾ ਵਿਚ ਹੁੰਦੀਆਂ ਹਨ ਤਾਂ ਉਨ੍ਹਾਂ ਵਿਚ ਸਮਰੱਥਾ ਹੁੰਦੀ ਹੈ ਕਿ ਉਹ ਤਬਦੀਲੀ ਲੈ ਆਉਣ ਜਾਂ ਉਹੀ ਕਰਦੀਆਂ ਰਹਿਣ ਜੋ ਉਸ ਤੋਂ ਪਹਿਲਾਂ ਮਰਦ ਅਹੁਦੇਦਾਰਾਂ ਨੇ ਕੀਤਾ। ਸੰਜੀਦਾ ਅਤੇ ਸੰਵੇਦਨਸ਼ੀਲ ਔਰਤ ਆਗੂ ਪਾਰਲੀਮੈਂਟ ਵਿਚ ਆ ਕੇ ਬਹੁਤ ਸੁਚੱਜੀ ਤਬਦੀਲੀ ਲਿਆ ਸਕਦੀ ਹੈ; ਇਹ ਧਾਰਨਾ ਸਿਰਫ਼ ਸਿਆਸਤ ਵਿਚ ਹੀ ਨਹੀਂ, ਸਰਕਾਰੀ ਜਾਂ ਕਾਰਪੋਰੇਟ ਦਫਤਰਾਂ, ਖੇਡ ਪ੍ਰਬੰਧ ਜਾਂ ਹੋਰ ਅਜਿਹੇ ਖੇਤਰਾਂ 'ਚ ਵੀ ਲਾਗੂ ਹੁੰਦੀ ਹੈ ਜਿੱਥੇ ਔਰਤਾਂ ਦੀ ਲੀਡਰਸ਼ਿਪ ਪੁਜ਼ੀਸ਼ਨ ਜਾਂ ਫ਼ੈਸਲਾਕੁਨ ਥਾਵਾਂ 'ਤੇ ਨੁਮਾਇੰਦਗੀ ਥੋੜ੍ਹੀ ਹੈ।

ਕੁਰਸੀ ਜਾਂ ਅਹੁਦੇ ਦੀ ਸੱਤਾ ਲਿੰਗਭੇਦ ਨਹੀਂ ਕਰਦੀ। ਸਿਆਸਤ ਵਿਚ ਕਈ ਤਾਕਤਵਾਰ ਮਹਿਲਾ ਨੇਤਾਵਾਂ ਹਨ ਜਵਿੰ ਮਮਤਾ ਬੈਨਰਜੀ; ਉਨ੍ਹਾਂ ਨੂੰ ਮਰਦ ਜਾਂ ਔਰਤ ਨੇਤਾ ਦੀ ਸ਼੍ਰੇਣੀ ਵਿਚ ਬੰਨ੍ਹਣਾ ਔਖਾ ਹੈ। ਉਹ ਸਿਰਫ਼ ਸੱਤਾਧਾਰੀ ਨੇਤਾ ਨੇ ਅਤੇ ਮਰਦ ਆਗੂਆਂ ਵਾਂਗ ਹੀ ਕਾਰਜ ਕਰਦੀਆਂ ਹਨ। ਅਹੁਦੇ ਜਾਂ ਸੱਤਾ ਦੀ ਦੁਰਵਰਤੋਂ ਕਰਨ ਦੀ ਇੱਛਾ ਮਰਦਾਂ ਅਤੇ ਔਰਤਾਂ ਵਿਚ ਇਕੋ ਜਿਹੀ ਹੈ। ਇਸ ਲਈ ਔਰਤਾਂ ਦੇ ਰਾਖਵੇਂਕਰਨ ਦਾ ਮਤਲਬ ਹੈ ਕਿ ਕੁਝ ਨਵੇਂ ਅਤੇ ਮਹਿਲਾ ਚਿਹਰੇ ਉਸ ਤੰਤਰ ਵਿਚ ਉਹੀ ਕੰਮ ਕਰਨਗੇ ਜਿਹੜਾ ਬਹੁਤ ਦੇਰ ਆਮ ਲੋਕਾਂ ਦੀਆਂ ਉਮੀਦਾਂ 'ਤੇ ਪੂਰਾ ਨਹੀਂ ਉਤਰ ਰਿਹਾ। ਹਾਂ, ਸੰਸਦ 'ਚ ਔਰਤ ਚਿਹਰਿਆਂ ਦਾ ਹੋਣਾ ਨੌਜਵਾਨ ਕੁੜੀਆਂ ਲਈ ਇਹ ਆਸ ਜ਼ਰੂਰ ਲਿਆ ਸਕਦਾ ਹੈ ਕਿ ਉਹ ਵੀ ਸਿਆਸਤ ਵਿਚ ਸ਼ਾਮਿਲ ਹੋਣ ਅਤੇ ਉਮਰਦਰਾਜ਼ ਮਰਦ ਪ੍ਰਧਾਨ ਪਾਰਲੀਮੈਂਟ ਵਿਚ ਤਰੋ-ਤਾਜ਼ਗੀ ਦੀ ਹਵਾ ਲੈ ਆਉਣ। ਇਸ ਨਾਲ ਸਾਡੇ ਭਵਿੱਖ ਦੇ ਸਮਾਜ ਵਿਚ ਸਿਫਤੀ ਤਬਦੀਲੀ ਆਉਣ ਦੀਆਂ ਸੰਭਾਵਨਾਵਾਂ ਵਧਣਗੀਆਂ। ਮੇਰੀ ਬੀਅਰਡ ਨੇ 'ਵਿਮੈਨ ਐਂਡ ਪਾਵਰ: ਏ ਮੈਨੀਫੈਸਟੋ' ਕਿਤਾਬ ਵਿਚ ਕਿਹਾ ਹੈ, "ਤੁਸੀਂ ਕਿਸੇ ਔਰਤ ਨੂੰ ਅਜਿਹੇ ਢਾਂਚੇ 'ਚ ਆਸਾਨੀ ਨਾਲ ਨਹੀਂ ਫਿੱਟ ਕਰ ਸਕਦੇ ਜਿਸ ਦੀ ਬਣਤਰ ਹੀ ਮਰਦਾਵੀਂ ਹੈ; ਤੁਹਾਨੂੰ ਉਹ ਢਾਂਚਾ ਬਦਲਣਾ ਪਵੇਗਾ।"

# ਅਦਾਕਾਰਾ ਵਹੀਦਾ ਰਹਿਮਾਨ ਦਾ ਤੋਹਫ਼ਾ



ਅਦਾਕਾਰਾ ਵਹੀਦਾ ਰਹਿਮਾਨ

ਲਗਭਗ 68 ਵਰ੍ਹੇ ਪਹਿਲਾਂ ਫਿਲਮ ਜਗਤ ਨਾਲ ਜੁੜੀ ਅਤੇ 'ਪਿਆਸਾ', 'ਗਾਈਡ' ਵਰਗੀਆਂ ਲ ਫਿਲਮਾਂ ਵਿਚ ਆਪਣੀ ਅਦਾਕਾਰੀ ਦੇ ਜੌਹਰ ਦਿਖਾਉਣ ਵਾਲੀ ਅਭਿਨੇਤਰੀ ਵਹੀਦਾ ਰਹਿਮਾਨ ਨੂੰ 'ਦਾਦਾਸਾਹਿਬ ਫਾਲਕੇ ਪੁਰਸਕਾਰ' ਦੇਣ ਦਾ ਫ਼ੈਸਲਾ ਕੀਤਾ ਗਿਆ ਹੈ। ਭਾਰਤ ਸਰਕਾਰ ਵੱਲੋਂ ਸਿਨੇਮਾ ਦੇ ਖੇਤਰ ਵਿਚ ਦਿੱਤਾ ਜਾਣ ਵਾਲਾ ਇਹ ਸਭ ਤੋਂ ਵੱਡਾ ਸਨਮਾਨ ਹੈ।

ਅਦਾਕਾਰਾ ਵਹੀਦਾ ਰਹਿਮਾਨ ਨੇ ਪੁਰਸਕਾਰ ਦਾ ਐਲਾਨ ਹੋਣ 'ਤੇ ਕਿਹਾ, "ਮੈਨੂੰ ਦੁੱਗਣੀ ਖ਼ੁਸ਼ੀ ਹੈ ਕਿਉਂਕਿ ਦੇਵ ਆਨੰਦ ਦੇ ਜਨਮ ਦਿਨ ਮੌਕੇ ਉਸ ਨੂੰ ਇਹ ਇਨਾਮ ਮਿਲਿਆ ਹੈ। ਮੈਂ ਸੋਚਦੀ ਹਾਂ ਕਿ ਤੋਹਫ਼ਾ ਉਨ੍ਹਾਂ ਨੂੰ ਮਿਲਣਾ ਸੀ, ਮੈਨੂੰ ਮਿਲ ਗਿਆ।" ਵਹੀਦਾ ਰਹਿਮਾਨ ਨੂੰ ਇਹ ਸਨਮਾਨ 69ਵੇਂ ਕੌਮੀ ਫਿਲਮ ਐਵਾਰਡ ਸਮਾਰੋਹ ਦੌਰਾਨ ਦਿੱਤਾ ਜਾਵੇਗਾ। ਐਵਾਰਡ ਉਤੇ ਫ਼ੈਸਲਾ ਲੈਣ ਵਾਲੀ ਪੰਜ ਮੈਂਬਰੀ ਜਿਊਰੀ ਵਿਚ ਰਹਿਮਾਨ ਦੀ ਕਰੀਬੀ ਦੋਸਤ ਤੇ ਪਿਛਲੇ ਸਾਲ ਦੀ ਜੇਤੂ ਆਸ਼ਾ ਪਾਰਿਖ, ਅਭਿਨੇਤਾ ਚਿਰੰਜੀਵੀ, ਪਰੇਸ਼ ਰਾਵਲ, ਪ੍ਰਸੇਨਜੀਤ ਚੈਟਰਜੀ ਅਤੇ ਨਿਰਮਾਤਾ-ਨਿਰਦੇਸ਼ਕ ਸ਼ੇਖਰ ਕਪੂਰ ਸ਼ਾਮਲ ਸਨ।

ਵਹੀਦਾ ਰਹਿਮਾਨ ਨੇ ਦੇਵ ਆਨੰਦ ਨਾਲ ਗੁਰੂ ਦੱਤ ਦੀ ਫਿਲਮ 'ਸੀ.ਆਈ.ਡੀ.' ਤੋਂ ਹਿੰਦੀ ਫਿਲਮਾਂ ਦੀ ਦੁਨੀਆ ਵਿਚ ਪੈਰ ਧਰਿਆ ਸੀ। ਇਸ ਸ਼ਾਨਦਾਰ ਸ਼ੁਰੂਆਤ ਤੋਂ ਬਾਅਦ ਵਹੀਦਾ ਨੇ ਕਈ ਗੰਭੀਰ ਤੇ ਮੁੱਖ ਧਾਰਾ ਦੀਆਂ ਫਿਲਮਾਂ ਕੀਤੀਆਂ ਜਿਨ੍ਹਾਂ ਵਿਚ 'ਕਾਗਜ਼ ਕੇ ਫੂਲ' ਤੇ 'ਰਾਮ ਔਰ ਸ਼ਿਆਮ' ਜਿਹੀਆਂ ਫਿਲਮਾਂ ਸ਼ਾਮਲ ਹਨ। ਵਹੀਦਾ ਰਹਿਮਾਨ ਦਾ ਛੇ ਦਹਾਕਿਆਂ ਦਾ ਕਰੀਅਰ ਵੱਖ-ਵੱਖ ਭਾਸ਼ਾਵਾਂ ਦੀਆਂ

**ਆਮਨਾ ਕੌਰ**

90 ਫਿਲਮਾਂ ਤੱਕ ਫੈਲਿਆ ਹੋਇਆ ਹੈ। ਉਨ੍ਹਾਂ 'ਬਲੈਕ ਐਂਡ ਵਾਈਟ' ਸਿਨੇਮਾ ਤੋਂ ਰੰਗੀਨ ਫਿਲਮਾਂ ਤੱਕ ਅਤੇ ਮੁੱਖ ਭੂਮਿਕਾਵਾਂ ਤੋਂ ਕੈਮਿਓ ਰੋਲਾਂ ਤੱਕ ਦਾ ਸਫ਼ਰ ਮਾਣਿਆ ਹੈ। ਉਨ੍ਹਾਂ ਦੀਆਂ ਕੁਝ ਸਭ ਤੋਂ ਯਾਦਗਾਰੀ ਭੂਮਿਕਾਵਾਂ ਗੁਰੂ ਦੱਤ ਦੀਆਂ ਫਿਲਮਾਂ ਵਿਚ ਰਹੀਆਂ ਜਿਨ੍ਹਾਂ 'ਚ 'ਪਿਆਸਾ', 'ਕਾਗਜ਼ ਕੇ ਫੂਲ' ਸ਼ਾਮਲ ਹਨ। ਦੇਵ ਆਨੰਦ ਨਾਲ ਉਨ੍ਹਾਂ 'ਗਾਈਡ', 'ਪ੍ਰੇਮ ਪੁਜਾਰੀ' ਵਿਚ ਕੰਮ ਕੀਤਾ।

ਹਿੰਦੀ ਫਿਲਮਾਂ ਦੇ ਕੁਝ ਸਭ ਤੋਂ ਹਰਮਨ ਪਿਆਰੇ ਗੀਤ ਵਹੀਦਾ ਰਹਿਮਾਨ ਉਤੇ ਫਿਲਮਾਏ ਗਏ ਜਿਨ੍ਹਾਂ ਵਿਚ 'ਕਹੀਂ ਪੇ ਨਿਗਾਹੇਂ, ਕਹੀਂ ਪੇ ਨਿਸ਼ਾਨਾ' (ਸੀ.ਆਈ.ਡੀ.), 'ਆਜ ਫਿਰ ਜੀਨੇ ਕੀ ਤਮੰਨਾ ਹੈ', 'ਪੀਆ ਤੋਸੇ ਨੈਨਾ ਲਾਗੇ ਰੇ' (ਗਾਈਡ), 'ਲੁਕਾ ਛੁਪੀ' (ਰੰਗ ਦੇ ਬਸੰਤੀ) ਤੇ 'ਗੇਂਦਾ ਫੂਲ' (ਦਿੱਲੀ-6) ਸ਼ਾਮਲ ਹਨ।

ਆਪਣੇ ਵੇਲੇ ਦੀ ਮਹਾਨ ਅਦਾਕਾਰਾ ਵਹੀਦਾ ਰਹਿਮਾਨ ਨੂੰ ਜੀਵਨ ਭਰ ਦੀਆਂ ਪ੍ਰਾਪਤੀਆਂ ਲਈ ਦਾਦਾ ਸਾਹਿਬ ਫਾਲਕੇ ਐਵਾਰਡ ਦੇਣ ਬਾਰੇ ਐਲਾਨ ਕੇਂਦਰੀ ਸੂਚਨਾ ਅਤੇ ਪ੍ਰਸਾਰਨ ਮੰਤਰੀ ਅਨੁਰਾਗ ਠਾਕੁਰ ਨੇ ਆਪ ਕੀਤਾ ਸੀ।

ਯਾਦ ਰਹੇ ਕਿ 85 ਸਾਲਾ ਅਦਾਕਾਰਾ ਵਹੀਦਾ ਰਹਿਮਾਨ ਨੇ 1955 ਵਿਚ ਤੇਲਗੂ ਫਿਲਮਾਂ 'ਰੋਜੁਲੂ ਮਰਾਏ' ਅਤੇ 'ਜੈਸਿਮਹਾ' ਨਾਲ ਆਪਣੀ ਅਦਾਕਾਰੀ ਦੀ ਸ਼ੁਰੂਆਤ ਕੀਤੀ ਸੀ। ਪੰਜ ਦਹਾਕਿਆਂ ਤੋਂ ਵੱਧ ਸਮੇਂ ਦੇ ਕਰੀਅਰ ਵਿਚ ਉਨ੍ਹਾਂ ਨੇ ਕਈ ਭਾਸ਼ਾਵਾਂ ਵਿਚ 90 ਤੋਂ ਵੱਧ ਫਿਲਮਾਂ ਵਿਚ ਕੰਮ ਕੀਤਾ ਹੈ। ਉਨ੍ਹਾਂ ਨੂੰ 'ਰੇਸ਼ਮਾ ਅਤੇ ਸ਼ੇਰਾ' (1971) ਵਿਚ ਕੌਮੀ ਫਿਲਮ ਪੁਰਸਕਾਰ ਮਿਲਿਆ। ਉਹ ਪਦਮਸ੍ਰੀ ਅਤੇ ਪਦਮ ਭੂਸ਼ਨ ਪ੍ਰਾਪਤ ਕਰ ਚੁੱਕੀ ਹੈ।







ਜਵਾਨੀ ਵੇਲੇ ਵਹੀਦਾ ਰਹਿਮਾਨ ਦੀਆਂ ਦੋ ਤਸਵੀਰਾਂ, (ਵਿਚਕਾਰ) ਮਸ਼ਹੂਰ ਅਦਾਕਾਰ ਦੇਵ ਆਨੰਦ ਨਾਲ ਅਤੇ (ਐਨ ਸੱਜੇ) ਸੂਟ ਵਿਚ ਸਜੀ ਵਹੀਦਾ ਰਹਿਮਾਨ।

# ਸਿਨੇਮਾ ਸਾਡੇ ਸਮਾਜ ਦੀ ਨੁਮਾਇੰਦਗੀ ਕਰਦਾ ਹੈ: ਜਾਵੇਦ ਅਖਤਰ

ਉੱਘੇ ਲੇਖਕ ਅਤੇ ਗੀਤਕਾਰ ਜਾਵੇਦ ਅਖਤਰ ਨੇ ਆਖਿਆ ਕਿ ਭਾਰਤੀ ਫਿਲਮਾਂ ਸਮਾਜ ਦੀਆਂ ਭਾਵਨਾਵਾਂ ਨੂੰ ਸਹੀ ਢੰਗ ਨਾਲ ਦਰਸਾਉਂਦੀਆਂ ਹਨ। ਉਨ੍ਹਾਂ ਕਿਹਾ, "ਭਾਰਤੀ ਫਿਲਮਾਂ ਨੇ ਹਮੇਸ਼ਾ ਸਾਡੇ ਸਮਾਜ ਵਿਚ ਜੋ ਕੁਝ ਵਾਪਰ ਰਿਹਾ ਹੈ, ਉਸ ਨੂੰ ਹੀ ਦਿਖਾਇਆ ਹੈ ਕਿਉਂਕਿ ਸਿਨੇਮਾ ਸਮਾਜ ਦੀ ਨੁਮਾਇੰਦਗੀ ਕਰਦਾ ਹੈ। ਇਹ ਸੁਫਨਿਆਂ ਵਾਂਗ ਹੀ ਹੁੰਦਾ ਹੈ। ਸਾਡੇ ਚੇਤਨ ਅਤੇ ਅਵਚੇਤਨ ਮਨ ਵਿਚ ਜੋ ਹੁੰਦਾ ਹੈ, ਉਸੇ ਤਰ੍ਹਾਂ ਦੇ ਸਾਨੂੰ ਸੁਫਨੇ ਆਉਂਦੇ ਹਨ।'

ਆਪਣੀ ਕਿਤਾਬ 'ਟਾਕਿੰਗ ਲਾਈਫ: ਜਾਵੇਦ ਅਖਤਰ ਇਨ ਕਨਵਰਸੇਸ਼ਨ ਵਿਦ ਨਸਰੀਨ ਮੁੰਨੀ ਕਬੀਰ' ਜਾਰੀ ਕਰਦਿਆਂ ਅਖਤਰ ਨੇ ਕਿਹਾ ਕਿ 1930-1940 ਦੇ ਦਹਾਕੇ ਵਿਚ ਜਦੋਂ ਕੇ.ਐਲ. ਸਹਿਗਲ ਨੇ ਦੇਵਦਾਸ ਦੀ ਭੂਮਿਕਾ ਨਿਭਾਈ ਸੀ ਤਾਂ 'ਖੰਘਣਾ' ਰਿਵਾਜ ਬਣ ਗਿਆ ਸੀ। ਹਾਲਾਂਕਿ ਜਿਵੇਂ ਜਿਵੇਂ ਸਮਾਜ ਵਿਕਾਸ ਕਰਦਾ ਗਿਆ, ਇਹ ਸਵੈ-ਵਿਨਾਸ਼ਕਾਰੀ ਗੁਣ ਵੀ ਲੋਪ ਹੋ ਗਿਆ। ਇਸ ਤੋਂ ਬਾਅਦ ਸਮਾਜ ਵਿਚ ਕਈ ਬਦਲਾਅ ਆਉਂਦੇ ਗਏ ਜੋ ਸਿਨੇਮਾ ਨੇ ਸਾਨੂੰ ਵੱਖ-ਵੱਖ ਰੂਪ ਵਿਚ ਦਿਖਾਏ।



ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ 'ਪ੍ਰੋਫੈਸਰ ਗੁਰਦਿਆਲ ਸਿੰਘ ਚੇਅਰ' ਵੱਲੋਂ ਪੰਜਾਬੀ ਵਿਭਾਗ ਅਤੇ ਈ.ਐਮ.ਆਰ.ਸੀ. ਦੇ ਸਹਿਯੋਗ ਨਾਲ 'ਸਮਕਾਲ ਵਿਚ ਸਿਰਜਣਾਤਮਕ ਲੇਖਣ: ਚੁਣੌਤੀਆਂ ਅਤੇ ਸੰਭਾਵਨਾਵਾਂ' ਵਿਸ਼ੇ 'ਤੇ ਕਰਵਾਏ ਵਿਸ਼ੇਸ਼ ਭਾਸ਼ਣ ਦੌਰਾਨ ਜਾਵੇਦ ਅਖਤਰ ਨੇ ਕਿਹਾ ਕਿ ਸਿਰਜਣਾਤਮਕ ਲੇਖਣ ਮੂਲ ਰੂਪ ਵਿਚ ਸਿਰਜਣਾਤਮਕ ਹੋਵੇ, ਤਾਂ ਹੀ ਮੌਲਿਕ ਹੋ ਸਕਦਾ ਹੈ। ਆਮ ਇਨਸਾਨ ਦੀ ਜ਼ਿੰਦਗੀ ਦਾ ਇਤਿਹਾਸ ਕੇਵਲ ਸਾਹਿਤ ਹੁੰਦਾ ਹੈ। ਨਿਰੋਲ ਤੁਕ-ਤੁਕਾਂਤ ਜਾਂ ਮਸਨੂਈ ਬੰਧਨਾਂ ਵਿਚ ਬੱਝੀ ਸ਼ਾਇਰੀ ਕਦੇ ਵੀ ਅਸਲ ਮੁੱਦੇ ਤੱਕ ਨਹੀਂ ਪਹੁੰਚਦੀ ਅਤੇ ਲੋਕਾਂ ਦੀ ਸ਼ਾਇਰੀ ਨਹੀਂ ਬਣਦੀ। ਸ਼ਿਲਪ ਅਤੇ ਕਲਪਨਾ ਮਿਲ ਕੇ ਹੀ ਸ਼ਾਇਰੀ ਘੜਦੇ ਹਨ। ਕਵਿਤਾ ਵਿਚ ਪ੍ਰਗਟਾਵੇ ਦੀ ਅਜ਼ਾਦੀ ਵਧੇਰੇ ਹੈ।

ਉਨ੍ਹਾਂ ਕਿਹਾ ਕਿ ਤਕਨਾਲੋਜੀ ਨੇ ਸਿਰਜਣਾ ਅਤੇ ਮਹਿਸੂਸ ਕਰਨ ਦੇ ਦਰਜੇ ਨੂੰ ਬਿਨਾ ਸ਼ੱਕ ਪ੍ਰਭਾਵਿਤ ਕੀਤਾ ਹੈ। ਹੁਣ ਦੀ ਪੀੜ੍ਹੀ ਕੋਲ ਠਹਿਰਾਅ ਦਾ ਘੱਟ ਹੋਣਾ ਅਤੇ ਜ਼ਮੀਨੀ ਹਕੀਕਤਾਂ ਨਾਲ ਸਬੰਧ ਘੱਟ ਹੋਣਾ ਵੀ ਸਿਰਜਣਾਤਮਕਤਾ ਨੂੰ ਖੋਰਾ ਲਾਉਂਦਾ ਹੈ। ਉਹ ਮਸ਼ੀਨੀ ਯੁੱਗ ਦੇ ਬਾਸ਼ਿੰਦੇ ਹਨ ਅਤੇ ਮਸ਼ੀਨਾਂ ਦੀ ਜੜ੍ਹ ਨਹੀਂ ਹੁੰਦੀ, ਜੜ੍ਹ ਕੇਵਲ ਅਹਿਸਾਸਾਂ ਵਾਲਿਆਂ ਦੀ ਜਿਊਂਦੇ-ਥੀਂਦੇ ਖ਼ਿਆਲਾਂ ਵਾਲਿਆਂ ਦੀ ਹੁੰਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਘਰਾਂ ਵਿਚ ਪਈਆਂ ਸਾਹਿਤਕ ਅਤੇ ਗਿਆਨ ਨਾਲ ਸਬੰਧਿਤ ਕਿਤਾਬਾਂ ਨੁਮਾਇਸ਼ੀ ਵਸਤਾਂ ਬਣ ਕੇ ਰਹਿ ਗਈਆਂ ਹਨ। ਸਾਹਿਤ ਜਾਂ ਕਵਿਤਾ ਕਿਸੇ ਸਮਾਜ ਦੀ ਬੁਲੰਦ ਆਵਾਜ਼ ਹੁੰਦੀ ਹੈ। ਇਸ ਮੌਕੇ ਉੱਘੇ ਉਰਦੂ ਸ਼ਾਇਰ ਪ੍ਰੋਫੈਸਰ ਨਾਸ਼ਿਰ ਨਕਵੀ ਨੇ ਪ੍ਰਗਤੀਵਾਦੀ ਸਾਹਿਤ ਲਹਿਰ ਵਿਚ ਜਾਵੇਦ ਅਖਤਰ ਦੇ ਪਰਿਵਾਰਕ ਯੋਗਦਾਨ ਬਾਰੇ ਚਰਚਾ ਕੀਤੀ। ਵਿਸ਼ੇਸ਼ ਮਹਿਮਾਨ ਸ਼ਾਇਰ ਸੁਰਜੀਤ ਪਾਤਰ ਨੇ ਕਿਹਾ ਕਿ ਸਾਹਿਤਕਾਰ, ਸ਼ਾਇਰ ਸਾਡੀਆਂ ਖਾਮੋਸ਼ੀਆਂ ਨੂੰ ਫੜਦੇ ਅਤੇ ਚਿਤਰਦੇ ਹਨ।

# ਆਸਕਰ ਇਨਾਮ ਲਈ ਮਲਿਆਲਮ ਫਿਲਮ





ਫਿਲਮ '2018-ਐਵਰੀਵਨ ਇਜ਼ ਏ ਹੀਰੋ' ਦਾ ਪੋਸਟਰ ਅਤੇ (ਸੱਜੇ) ਫਿਲਮ ਦਾ ਡਾਇਰੈਕਟਰ ਜੂਡ ਐਂਥਨੀ ਜੋਸਫ।

ਫਿਲਮ ਫੈਡਰੇਸ਼ਨ ਆਫ ਇੰਡੀਆ ਨੇ ਆਖਿਆ ਕਿ ਕੇਰਲ ਵਿਚ ਆਏ ਹੜ੍ਹਾਂ 'ਤੇ ਆਧਾਰਿਤ ਮਲਿਆਲਮ ਫਿਲਮ '2018-ਐਵਰੀਵਨ ਇਜ਼ ਏ ਹੀਰੋ' ਭਾਰਤ ਵੱਲੋਂ ਆਸਕਰ ਐਵਾਰਡ 2024 ਲਈ ਚੁਣੀ ਗਈ ਹੈ। ਚੋਣ ਕਮੇਟੀ ਦੇ ਚੇਅਰਮੈਨ ਅਤੇ ਫਿਲਮ ਨਿਰਮਾਤਾ ਗਿਰੀਸ਼ ਕਸਰਾਵਲੀ ਨੇ ਦੱਸਿਆ ਕਿ 16 ਮੈਂਬਰੀ ਕਮੇਟੀ ਨੇ ਮਲਿਆਲਮ ਫਿਲਮ ਦੀ ਚੋਣ ਕੀਤੀ ਹੈ। ਕਸਰਾਵਲੀ ਕੰਨੜ ਸਿਨੇਮਾ ਵਿਚ ਵੱਡਾ ਨਾਮ ਹੈ।

ਉਨ੍ਹਾਂ ਕਿਹਾ ਕਿ ਲੰਮੀ ਵਿਚਾਰ-ਚਰਚਾ ਮਗਰੋਂ ਆਸਕਰ ਐਵਾਰਡ ਲਈ ਇਹ ਫਿਲਮ ਭੇਜਣ ਦਾ ਫੈਸਲਾ ਕੀਤਾ ਗਿਆ ਹੈ। ਇਸ ਚੋਣ ਲਈ ਪੂਰੇ ਮੁਲਕ ਵਿਚੋਂ ਫਿਲਮਾਂ ਭੇਜੀਆਂ ਜਾਂਦੀਆਂ ਹਨ। ਇਸ ਚੋਣ ਲਈ ਟੀਮ ਦੇ ਮੈਂਬਰਾਂ ਨੇ ਇੱਕ ਹਫ਼ਤੇ ਵਿਚ 22 ਫਿਲਮਾਂ ਦੇਖੀਆਂ। ਇਨ੍ਹਾਂ ਵਿਚੋਂ ਕਿਸੇ ਇੱਕ ਦੀ ਚੋਣ ਕਰਨਾ ਔਖਾ ਸੀ ਕਿਉਂਕਿ ਸਾਰੀਆਂ ਹੀ ਫਿਲਮਾਂ ਚੰਗੀਆਂ ਸਨ। ਇਸ ਵਿਚ ਫਿਲਮ ਵਿਚ ਹਾਲਾਤ ਭਾਵੇਂ ਭਾਰਤ ਦੇ ਦਿਖਾਏ ਗਏ ਹਨ ਪਰ ਇਸ਼ਾਰਾ ਆਲਮੀ ਪੱਧਰ 'ਤੇ ਹੋਰ ਰਹੇ ਵਰਤਾਰੇ ਵੱਲ ਕੀਤਾ ਗਿਆ ਹੈ।

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 36 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2023*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
REALTOR
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner/Notary



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 728 City walk pl Unit 6 Hayward CA, 94544
2. 4294 Comet Cir Union city, CA , 94587
3. 7383 Sedgefield ave San Ramon, CA, 94583
4. 2793 San Minete Dr Livermore, CA, 94550
5. 4153 Settlers Ridge Way Roseville, CA, 95747
6. 2373 Tallahassee St Hayward, CA, 94545
7. 7045 Inclined Pl Dublin, CA, 94568
8. 48 Terra Vista Ave Apt D San Francisco CA, 94115
9. 2411 Bentley Lane Tracy CA 95376
10. 150 Yolo Ct San Bruno CA 94066
11. 5079 Brett Court CA, 94538
12. 1379 Michael Dr Tracy, CA, 95337
13. 3055 Bernard Ave San Ramon, CA, 94583
14. 380 cardona Cir Pleasanton CA 94583
15. 5788 Arlene way Livermore CA 94550
16. 2569 Bennett ct Tracy CA 95377

## Purchase Loan and Refinance

Call Sukhveer (Sukhi) Gill Ph: 510-207-9067
DHMS, Loan Broker

CA BRE Lic.#01180969
NMLS# 352095